# ਸਿਰਜਣਾ

ਜਨਵਰੀ-ਮਾਰਚ 2020 (ਅੰਕ 195)

**January- March 2020**

**ਸੰਪਾਦਕ: ਰਘਬੀਰ ਸਿੰਘ**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਨਿੱਜੀ ਲਾਇਬ੍ਰੇਰੀ ਵਿੱਚੋਂ।

# ਇਜਾਜ਼ਤ
# Permission

ਮੈਂ ਰਘਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖ਼ਤ –Sign: ______________

ਪਤਾ –Address: ______________
1728, ਸੈਕਟਰ 43-ਬੀ, ਚੰਡੀਗੜ੍ਹ - 160022

1728, Sector 43-B, Chandigarh - 160022 India

ਤਾਰੀਕ –Date: 25-10-2014

# ਸਿਰਜਣਾ

**195**

**ਜਨਵਰੀ-ਮਾਰਚ 2020**

**ਸੰਪਾਦਕ : ਰਘਬੀਰ ਸਿੰਘ**
**Editor : Raghbir Singh**



**1728, ਸੈਕਟਰ 43-ਬੀ,**
**ਚੰਡੀਗੜ੍ਹ-160 043**
**ਫੋਨ : +91-172-2601693**

***SIRJANA***
***1728, Sector 43-B,***
***Chandigarh-160 043***
***INDIA***
***Phone : +91-172-2601693***
***E-mail :***
***raghbirssirjana@yahoo.com***



**Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966**

Account Name
**SIRJANA**
Account Number:
**Current Account**
**00321100082130**
Bank-Branch
**Punjab & Sind Bank**
**17-C, Chandigarh**
IFSC Code:
**PSIB 0000032**


## ਇਸ ਅੰਕ ਵਿਚ


ਸੰਪਾਦਕੀ/ਮੋੜਾ ਅਤੇ ਮੁਹਾਣ/1
ਦੇਵ ਦੀਆਂ ਨਵੀਆਂ ਕਵਿਤਾਵਾਂ/3
ਜਗਦੀਪ ਸਿੱਧੂ/ਪੰਜ ਕਵਿਤਾਵਾਂ/9
ਪ੍ਰੇਮ ਗੋਰਖੀ/ਕਹਾਣੀ/ਰੇਸ਼ੂ ਨੰਬਰ ਵੰਨ/11
ਗੁਰਮੀਤ ਕੜਿਆਲਵੀ/ਕਹਾਣੀ/ਦਰੋਣਾਚਾਰੀਆ/16
ਹਰਜਿੰਦਰ ਸਿੰਘ ਸੂਰੇਵਾਲੀਆ/ਕਹਾਣੀ/ਸੁਪਨਾ/30
ਰਾਕੇਸ਼ ਰਮਨ/ਕਹਾਣੀ/ਰੰਗ ਮਜੀਠੀ/34
ਸਤਨਾਮ ਸਿੰਘ ਢਾਅ/ਮੁਲਾਕਾਤ/ਗੁਰਨਾਮ ਢਿੱਲੋਂ ਨਾਲ/40
ਸੁਰਜੀਤ ਹਾਂਸ/ਲੇਖ/ਸਿੱਖ ਸਿਆਸਤ ਦੀ ਵੰਗਾਰ/53
ਹਰਭਜਨ ਸਿੰਘ ਭਾਟੀਆ/ਲੇਖ/ਪਿਆਰਾ ਸਿੰਘ ਪਦਮ: ਇਤਿਹਾਸ ਦ੍ਰਿਸ਼ਟੀ/61
ਸੰਦੀਪ ਕੌਰ/ਲੇਖ/ਬਾਜ਼ੀਗਰ ਕਬੀਲੇ ਦੀਆਂ ਔਰਤਾਂ ਦਾ ਗਿੱਧਾ/73
ਗੁਲਜ਼ਾਰ ਸਿੰਘ ਸੰਧੂ/ਰੀਵਿਊ/ਜ਼ਿੰਦਗੀ ਦੇ ਆਰ-ਪਾਰ/79
ਜਸਬੀਰ/ਰੀਵਿਊ/ਆਦਮ ਗ੍ਰਹਿਣ/81
ਹਰਵਿੰਦਰ ਸਿੰਘ/ਰੀਵਿਊ/ਨੂਰੀ/83
ਹਰਿੰਦਰ ਸਿੰਘ/ਰੀਵਿਊ/ਵਿਰਲਾਂ ਵਿਚੋਂ ਝਾਕਦੀ ਜ਼ਿੰਦਗੀ/86/ਸੰਤਾਪ 1947/88/ਕਾਲੀ ਮਿੱਟੀ ਲਾਲ ਲਹੂ/91
ਪੁਸ਼ਪਿੰਦਰ ਕੌਰ/ਰੀਵਿਊ/ਪਾਰਲੇ ਪੁਲ/92
ਰਘਬੀਰ ਸਿੰਘ/ਰੀਵਿਊ/ਅੰਬਰ ਪਰੀਆਂ/94



**ਟਾਈਟਲ ਚਿੱਤਰ : ਦੇਵ**

**ਚੰਦਾ-ਦਸ ਅੰਕ : ਦੇਸ : 500 ਰੁਪਏ, ਪੰਜ ਸਾਲ : 1000 ਰੁਪਏ**
**ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 40 ਪੌਂਡ, 50 ਡਾਲਰ, ਪੰਜ ਸਾਲ : 80 ਪੌਂਡ, 100 ਡਾਲ**




# ਮੋੜਾ ਅਤੇ ਮੁਹਾਣ

*ਬੋਲ ਕਿ ਲਬ ਆਜ਼ਾਦ ਹੈਂ ਤੇਰੇ...*
*ਬੋਲ ਜੋ ਕੁਛ ਕਹਿਨਾ ਹੈ ਕਹਿ ਲੇ।* —ਫ਼ੈਜ਼ ਅਹਿਮਦ ਫ਼ੈਜ਼

**ਸੱਚਮੁੱਚ ਹੁਣ ਬੋਲਣ ਦਾ ਵਕਤ ਹੈ...**

ਭਾਰਤ ਸਰਕਾਰ ਨੇ ਨਾਗਰਿਕਤਾ ਦੀ ਪਰਿਭਾਸ਼ਾ ਬਦਲਣ ਦਾ 'ਇਤਿਹਾਸਕ' ਕਾਰਜ ਨੇਪਰੇ ਚਾੜ੍ਹ ਲਿਆ ਹੈ। ਇਹ ਹਿੰਦੂ ਰਾਸ਼ਟਰ ਦੀ ਕਾਇਮੀ ਵੱਲ ਪੁੱਟਿਆ ਪਹਿਲਾ ਵੱਡਾ ਕਦਮ ਹੈ। 1947 ਵਿਚ ਧਰਮ ਦੇ ਆਧਾਰ 'ਤੇ ਪਾਕਿਸਤਾਨ ਦੀ ਕਾਇਮੀ ਤੋਂ ਬਾਅਦ ਭਾਰਤ ਦੇ ਸੰਵਿਧਾਨ-ਘਾੜਿਆਂ ਨੇ ਦੋ ਵਰ੍ਹਿਆਂ ਦੀ ਮੁਸ਼ੱਕਤ ਮਗਰੋਂ ਭਾਰਤ ਦੀ ਨਾਗਰਿਕਤਾ ਨੂੰ ਜੁਗਰਾਫ਼ੀਏ ਨਾਲ ਜੋੜਿਆ ਸੀ। ਹੋਰ ਸਭ ਪਛਾਣਾਂ ਪਿਛਾਂਹ ਛੱਡ ਕੇ ਭਾਰਤ ਵਿਚ ਜਨਮ ਲੈਣ ਵਾਲਾ ਭਾਰਤੀ ਮੰਨਿਆ ਗਿਆ। ਸੰਵਿਧਾਨ-ਘਾੜਿਆਂ ਦੀ ਇਹ ਗਹਿਗੱਚ ਬਹਿਸ ਨਾਗਰਿਕਤਾ ਐਕਟ-1955 ਦਾ ਆਧਾਰ ਬਣੀ। ਇਸ ਕਾਨੂੰਨ ਵਿਚ ਗਾਹੇ-ਬਗਾਹੇ ਸੋਧਾਂ ਹੋਈਆਂ ਪਰ 2004 ਵਿਚ ਵਾਜਪਈ ਸਰਕਾਰ ਵੇਲ਼ੇ ਹੋਈ ਸੋਧ ਬੜੀ ਅਹਿਮ ਸੀ ਜੋ ਹੁਣ ਕੀਤੀ ਸੋਧ ਦਾ ਆਧਾਰ ਬਣੀ ਹੈ। ਉਸ ਵਕਤ ਕਿਸੇ ਨੇ ਉਸ ਸੋਧ ਨੂੰ ਬਹੁਤਾ ਗੌਲ਼ਿਆ ਨਹੀਂ ਸੀ ਜਿਸ ਦਾ ਖਮਿਆਜ਼ਾ ਹੁਣ ਭੁਗਤਣ ਦੀ ਵਾਰੀ ਹੈ। ਉਦੋਂ ਆਸਾਮ ਵਿਚ ਦਸਤਾਵੇਜ਼ਾਂ ਤੋਂ ਵਾਂਝੇ ਪਰਵਾਸੀਆਂ ਨੂੰ ਨਾਗਰਿਕਤਾ ਤੋਂ ਨਾਂਹ ਕੀਤੀ ਗਈ ਸੀ ਪਰ ਪਾਕਿਸਤਾਨੀ ਹਿੰਦੂਆਂ ਨੂੰ ਗ਼ੈਰ-ਕਾਨੂੰਨੀ ਮੰਨਣ ਤੋਂ ਛੋਟ ਦੇ ਦਿੱਤੀ ਗਈ। ਛੋਟ ਦਾ ਆਧਾਰ ਵੀ ਹੁਣ ਵਾਲੀ ਸੋਧ ਵਾਲਾ ਹੀ ਸੀ: 'ਪਾਕਿਸਤਾਨ ਵਿਚ ਹਿੰਦੂਆਂ ਨਾਲ ਜ਼ਿਆਦਤੀ'। ਸਿੱਟੇ ਵਜੋਂ ਨਾਗਰਿਕਤਾ ਲਈ ਧਰਮ ਦੇ ਆਧਾਰ ਦਾ ਰਾਹ ਖੁੱਲ੍ਹ ਗਿਆ। ਹੁਣ ਵਾਲੇ ਨਾਗਰਿਕਤਾ ਐਕਟ ਦਾ ਆਧਾਰ ਇਹੀ ਸੋਧ ਹੈ। ਹੁਣ ਪਾਕਿਸਤਾਨ, ਬੰਗਲਾਦੇਸ਼ ਅਤੇ ਅਫ਼ਗ਼ਾਨਿਸਤਾਨ ਦੇ ਹਿੰਦੂ, ਸਿੱਖ, ਜੈਨੀ, ਬੋਧੀ, ਇਸਾਈ ਤੇ ਪਾਰਸੀ ਭਾਰਤ ਵਿਚ ਸ਼ਰਨਾਰਥੀ ਬਣ ਸਕਣਗੇ ਅਤੇ ਫਿਰ ਨਾਗਰਿਕਤਾ ਮਿਲ ਜਾਵੇਗੀ ਪਰ ਮੁਸਲਮਾਨ, ਹੋਰ ਘੱਟ-ਗਿਣਤੀਆਂ ਦੇ ਲੋਕ ਅਤੇ ਨਾਸਤਿਕ ਗ਼ੈਰ-ਕਾਨੂੰਨੀ ਰਹਿਣਗੇ। ਜ਼ਾਹਿਰ ਹੈ ਕਿ ਭਾਰਤ ਦਾ ਖ਼ਾਸਾ ਬਹੁ-ਸੰਖਿਆਵਾਦ ਵੱਲ ਵਧ ਰਿਹਾ ਹੈ।

ਨਾਗਰਿਕਤਾ ਐਕਟ ਦੇ ਪੂਰਕ ਵਜੋਂ ਲਿਆਂਦਾ ਜਾ ਰਿਹਾ ਕੌਮੀ ਨਾਗਰਿਕਤਾ ਰਜਿਸਟਰ (ਐੱਨ.ਆਰ.ਸੀ.-National Register of Citizens) ਹੈ ਜਿਹੜਾ ਫ਼ਿਲਹਾਲ ਆਸਾਮ ਵਿਚ ਲਾਗੂ ਕੀਤਾ ਜਾ ਰਿਹਾ ਹੈ ਪਰ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਮੁਤਾਬਕ, ਅਗਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ-ਪਹਿਲਾਂ ਇਹ ਸਮੁੱਚੇ ਮੁਲਕ ਵਿਚ ਬਾਕਾਇਦਾ ਲਾਗੂ ਕਰ ਦਿੱਤਾ ਜਾਵੇਗਾ। ਅਸਾਮ ਦੇ 19 ਲੱਖ ਲੋਕ ਕੌਮੀ ਨਾਗਰਿਕਤਾ ਰਜਿਸਟਰ ਦੇ ਨੇਮਾਂ ਮੁਤਾਬਕ ਖਰੇ ਨਹੀਂ ਉਤਰਦੇ। ਇਨ੍ਹਾਂ ਵਿਚੋਂ ਇਕ-ਤਿਹਾਈ ਲੋਕ ਗ਼ੈਰ-ਮੁਸਲਿਮ ਹਨ ਪਰ ਨਵੇਂ ਨਾਗਰਿਕਤਾ ਐਕਟ ਤਹਿਤ ਸਾਰੇ ਗ਼ੈਰ-ਮੁਸਲਿਮ ਲੋਕ ਪਹਿਲਾਂ ਸ਼ਰਨਾਰਥੀ ਅਤੇ ਫਿਰ ਭਾਰਤ ਦੇ ਨਾਗਰਿਕ ਬਣ ਜਾਣਗੇ। ਸਪਸ਼ਟ ਹੈ ਕਿ ਨਵਾਂ ਨਾਗਰਿਕਤਾ ਐਕਟ ਅਤੇ ਕੌਮੀ ਨਾਗਰਿਕਤਾ ਰਜਿਸਟਰ ਭਾਰਤ ਨੂੰ ਹਿੰਦੂਆਂ ਦੇ ਸੁਭਾਵਕ ਵਸੇਬੇ ਨਾਲ ਸਿੱਧਾ ਜੋੜਦਾ ਹੈ। ਕਹਿਣ ਦੀ ਲੋੜ ਨਹੀਂ ਕਿ ਇਉਂ ਭਾਰਤ ਕਾਨੂੰਨੀ ਤੌਰ 'ਤੇ ਭਾਵੇਂ (de jure) ਨਾ ਸਹੀ, ਹਕੀਕੀ ਰੂਪ ਵਿਚ (de facto) ਹਿੰਦੂ ਰਾਸ਼ਟਰ ਬਣ ਜਾਵੇਗਾ।

ਇਸ ਪ੍ਰਸੰਗ ਵਿਚ ਵਿਰੋਧੀ ਧਿਰ ਅਤੇ ਮੀਡੀਆ ਦੀਆਂ ਇਹ ਦਲੀਲਾਂ-ਅਪੀਲਾਂ ਜੰਗਲ ਵਿਚ ਮਾਰੀਆਂ ਕੂਕਾਂ ਹੀ ਸਾਬਤ ਹੋਈਆਂ ਹਨ ਕਿ ਸਰਕਾਰ ਦੀ ਇਹ ਸਮੁੱਚੀ ਕਾਰਵਾਈ ਗ਼ੈਰ-ਸੰਵਿਧਾਨਕ ਹੈ। ਕੱਲ੍ਹ ਤਕ ਇਹ ਦੋਵੇਂ ਧਿਰਾਂ ਕੱਟੜਪੰਥੀਆਂ ਵੱਲੋਂ ਸੰਵਿਧਾਨ ਬਦਲੇ ਜਾਣ ਦੇ ਖ਼ਦਸ਼ੇ ਜ਼ਾਹਰ ਕਰ ਰਹੀਆਂ ਸਨ। ਹੁਣ ਹਕੀਕਤ ਇਹ ਹੈ ਕਿ ਅਗਲਿਆਂ ਨੇ ਸੰਵਿਧਾਨ ਬਦਲੇ ਬਗ਼ੈਰ ਇਸ ਉੱਤੇ ਟੈਂਕ ਚੜ੍ਹਾ ਦਿੱਤਾ ਹੈ। ਨਿਸ਼ਾਨਾ ਸਿੱਧਾ ਹੀ ਮੁਸਲਮਾਨ ਹਨ। ਇਸ ਤੋਂ ਪਹਿਲਾਂ ਮੁਸਲਮਾਨ ਬਹੁਲਤਾ ਵਾਲੇ, ਮੁਲਕ ਦੇ ਇਕੋ-ਇਕ ਸੂਬੇ ਜੰਮੂ ਕਸ਼ਮੀਰ ਵਿਚ ਧਾਰਾ 370 ਹੀ ਖ਼ਤਮ ਨਹੀਂ ਕੀਤੀ, ਇਸ ਤੋਂ ਸੂਬੇ ਦਾ ਦਰਜਾ ਤਕ ਖੋਹ ਲਿਆ ਹੈ। ਉਨ੍ਹਾਂ ਨੂੰ ਆਪਣੀ ਰਾਏ ਰੱਖਣ ਦਾ ਵੀ ਮੌਕਾ ਨਹੀਂ ਦਿੱਤਾ ਜਾ ਰਿਹਾ। ਸਿਆਸੀ ਬੇਵਸੀ ਦਾ ਇਹ ਆਲਮ ਬੇਹੱਦ ਤੰਗ ਕਰਨ ਵਾਲਾ ਹੈ।

ਹੁਣ ਨਾਗਰਿਕਤਾ ਐਕਟ ਨਾਲ ਤਾਂ ਸਿਆਸੀ ਬੇਵਸੀ ਸਭ ਹੱਦਾਂ-ਬੰਨੇ ਪਾਰ ਕਰ ਗਈ ਜਾਪਦੀ ਹੈ; ਸੰਸਦ ਦੇ ਅੰਦਰ ਵੀ ਅਤੇ ਬਾਹਰ ਵੀ ਇਹ ਸਿਆਸੀ ਬੇਵਸੀ ਸਾਫ਼ ਪੜ੍ਹੀ ਜਾ ਸਕਦੀ ਹੈ। ... ਤੇ ਸ਼ਾਇਦ ਇਕ ਵਾਰ ਫਿਰ, ਹੁਣ ਇਸ ਮਸਲੇ ਬਾਰੇ ਸਭ ਦੀਆਂ ਨਜ਼ਰਾਂ ਸੁਪਰੀਮ ਕੋਰਟ ਵੱਲ ਲੱਗ ਗਈਆਂ ਹਨ। ਪਿਛਲੇ ਸਮੇਂ ਦੌਰਾਨ ਕੁਝ ਮਸਲਿਆਂ ਵਿਚ ਅਦਾਲਤ ਨੇ ਸੰਵਿਧਾਨ ਦੀ ਵਿਆਖਿਆ ਕਰਦਿਆਂ ਕੁਝ ਕੁ ਰਾਹਤ ਜ਼ਰੂਰ ਦਿੱਤੀ ਹੈ ਪਰ ਸੁਪਰੀਮ ਕੋਰਟ ਦੇ ਹਾਲੀਆ ਫ਼ੈਸਲਿਆਂ ਨੇ ਵੀ ਸਭ ਕੁਝ ਤਕਰੀਬਨ ਸਪਸ਼ਟ ਹੀ ਕਰ ਦਿੱਤਾ ਹੈ। ਰਾਮ ਮੰਦਿਰ ਬਾਰੇ ਫ਼ੈਸਲਾ ਇਸ ਦੀ ਤਾਜ਼ਾ ਮਿਸਾਲ ਹੈ ਅਤੇ ਸਬਰੀਮਾਲਾ ਮੰਦਿਰ ਬਾਰੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਦਾ ਹਾਲੀਆ ਬਿਆਨ ਸੱਚਮੁੱਚ ਅੱਖਾਂ ਖੋਲ੍ਹਣ ਵਾਲਾ ਹੈ। ਇਸ ਵਿਚ ਕਿਹਾ ਗਿਆ ਹੈ ਕਿ ਮੰਦਿਰ ਬਾਰੇ ਸੁਪਰੀਮ ਕੋਰਟ ਦਾ ਪਹਿਲਾਂ ਦਿੱਤਾ ਫ਼ੈਸਲਾ ਕੋਈ ਅੰਤਿਮ ਫ਼ੈਸਲਾ ਨਹੀਂ ਹੈ, ਭਾਵ ਪਹਿਲੇ ਫ਼ੈਸਲੇ ਵਿਚ ਤਬਦੀਲੀ ਦੀ ਗੁੰਜਾਇਸ਼ ਹੈ। ਇਸ ਮਸਲੇ ਬਾਬਤ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਅਦਾਲਤਾਂ ਨੂੰ ਉਹੀ ਫ਼ੈਸਲੇ ਕਰਨੇ ਚਾਹੀਦੇ ਹਨ ਜਿਹੜੇ ਲਾਗੂ ਕੀਤੇ ਜਾ ਸਕਣ। ਯਾਦ ਰਹੇ, ਆਪਣੇ ਫ਼ੈਸਲੇ ਵਿਚ ਸੁਪਰੀਮ ਕੋਰਟ ਨੇ ਸਬਰੀਮਾਲਾ ਮੰਦਿਰ ਵਿਚ ਔਰਤਾਂ ਨੂੰ ਜਾਣ ਦੀ ਆਗਿਆ ਦਿੱਤੀ ਸੀ ਜਿਸ ਦਾ ਭਾਰਤੀ ਜਨਤਾ ਪਾਰਟੀ ਸਮੇਤ ਸਭ ਰਵਾਇਤੀ ਧਾਰਮਿਕ ਧਿਰਾਂ ਮਹਿਜ਼ ਆਸਥਾ ਦੇ ਨਾਂ ਉੱਤੇ ਵਿਰੋਧ ਕਰ ਰਹੀਆਂ ਹਨ।

ਪਿਛਲੇ ਛੇ ਵਰ੍ਹਿਆਂ ਦੀ ਕਵਾਇਦ ਦੱਸਦੀ ਹੈ ਕਿ ਸਰਕਾਰ ਅਤੇ ਸਟੇਟ ਦਾ ਹਰ ਅੰਗ ਕੱਟੜਪੰਥੀਆਂ ਅੱਗੇ ਹੌਲੀ-ਹੌਲੀ ਨਤਮਸਤਕ ਹੋ ਰਿਹਾ ਹੈ। ਸਿਆਸੀ ਧਿਰਾਂ ਬੇਵੱਸ ਹਨ ਅਤੇ ਜਾਪਦਾ ਹੈ ਕਿ ਮੀਚੀ ਹੋਈ ਮੁੱਠੀ ਉਗਰਨ ਦਾ ਤਾਣ ਗੁਆ ਚੁੱਕੀਆਂ ਹਨ। ਹੁਣ ਸਵਾਲਾਂ ਦਾ ਸਵਾਲ ਇਹ ਹੈ: ਅਜਿਹੇ ਬੇਵੱਸ ਅਤੇ ਨਿਸੱਤੇ ਮਾਹੌਲ ਵਿਚ ਸਭਿਆਚਾਰ, ਸਾਹਿਤ ਅਤੇ ਕਲਾ ਨਾਲ ਜੁੜੇ ਕਾਮੇ ਕੋਈ ਸਾਰਥਕ ਭੂਮਿਕਾ ਨਿਭਾ ਸਕਦੇ ਹਨ? ਕੁਝ ਸਮਾਂ ਪਹਿਲਾਂ ਜਦੋਂ ਮੁਸਲਮਾਨਾਂ ਦੀਆਂ ਹਜੂਮੀ ਹੱਤਿਆਵਾਂ ਖ਼ਿਲਾਫ਼ ਰੋਹ ਉੱਠਿਆ ਸੀ ਤਾਂ ਸਾਹਿਤਕਾਰਾਂ ਨੇ ਇਨਾਮ ਵਾਪਸੀ ਦੀ ਤਿੱਖੀ ਮੁਹਿੰਮ ਛੇੜ ਕੇ ਸਰਕਾਰ ਦੇ ਨਾਸੀਂ ਧੂੰਆਂ ਲਿਆ ਦਿੱਤਾ ਸੀ। ਉਸ ਵਕਤ ਇਹ ਮੁਹਿੰਮ ਵਿਅਕਤੀਗਤ ਕਾਰਵਾਈ ਤੋਂ ਆਰੰਭ ਹੋਈ ਸੀ ਪਰ ਹੁਣ ਮੁਲਕ ਦਾ ਮਾਹੌਲ ਜਿਸ ਮੁਕਾਮ ‘ਤੇ ਪਹੁੰਚ ਗਿਆ ਹੈ ਅਤੇ ਜਿਸ ਤਰ੍ਹਾਂ ਮੁਲਕ ਦੇ ਧਰਮ ਨਿਰਪੱਖਤਾ ਦੇ ਮੁਹਾਣ ਨੂੰ ਮੋੜਾ ਦਿੱਤਾ ਜਾ ਰਿਹਾ ਹੈ, ਵਿਅਕਤੀਗਤ ਕਾਰਵਾਈ ਦੀ ਥਾਂ ਸਮੂਹਕ ਕਾਰਵਾਈ ਦਰਕਾਰ ਹੈ। ਹੁਣ ਫ਼ੈਜ਼ ਅਹਿਮਦ ਫ਼ੈਜ਼ ਅਤੇ ਉਸ ਵਰਗੇ ਅਨੇਕਾਂ ਸਭਿਆਚਾਰਕ-ਸਾਹਿਤ-ਕਲਾ ਕਾਮਿਆਂ ਦੀਆਂ ਪਾਈਆਂ ਪੈੜਾਂ ਪਛਾਣਨ ਅਤੇ ਇਨ੍ਹਾਂ ਲੀਹਾਂ ਉੱਤੇ ਤੁਰਨ ਦਾ ਵੇਲਾ ਹੈ। ਫ਼ੈਜ਼ ਨੇ ਆਖਿਆ ਹੈ: *ਬੋਲ ਯੇ ਥੋੜਾ ਵਕਤ ਬਹੁਤ ਹੈ/ਜਿਸਮ ਓ ਜ਼ਬਾਂ ਕੀ ਮੌਤ ਸੇ ਪਹਿਲੇ...*। 000



# ਦੇਵ ਦੀਆਂ ਨਵੀਆਂ ਕਵਿਤਾਵਾਂ

## ਪਰਮ ਬਾਬਾ

ਤੇਰੀ ਉਦਾਸੀ
ਖਾਮੋਸ਼ੀ
ਸ਼ਬਦ ਅਨੰਤ ਅਰਥਾਂ ਦੇ
ਅਮੂਰਤਾਂ ਅਸੂਰਤਾਂ ਦੀ ਖੱਡੀ ‘ਤੇ
ਅੱਜ ਦਿਨ ਰਾਤ ਬੁਣੀਆਂ ਜਾ ਰਹੀਆਂ ਨੇ
ਗਿਣਤੀਆਂ ਮਿਣਤੀਆਂ ਤੇਰੇ ਨਾਂ ‘ਤੇ
ਤੇਰਾ 13 ਹੀ 13 ਉਹਨਾਂ ਨੂੰ ਵਿਸਰ ਗਿਆ
22 ਮੰਜੀਆਂ ‘ਤੇ ਸਵੈ ਸਜੇ
ਝੂਠੇ ਸ਼ਰਧਾਲੂ ਪਖੰਡੀ
ਸੇਠ ਭਾਗੋਆਂ ਦੇ ਪਿੱਠੂ
ਕਿਸ ਤਰ੍ਹਾਂ ਦੀ ਆਰਤੀ ਉਤਾਰ ਰਹੇ ਨੇ ਤੇਰੀ
ਹੱਥਾਂ ‘ਚ ਮਾਲ਼ਾ: ਖੀਸਿਆਂ ਅੰਦਰ ਰਿਸ਼ਵਤਾਂ ਦੀ ਮਮਿਆਈ
ਤੂੰ ਬੀਜ ਰਿਹਾ ਸੀ ਬੰਜਰ ਧਰਤੀ ਲਈ
ਹਰੇ ਸੁਪਨਿਆਂ ਦਾ ਰਾਗ
ਪਤਾਲਾਂ ਦੇ ਪਤਾਲ਼
ਤੇਰੀ ਯਾਤਰਾ ਦੀ ਤਲਾਸ਼
ਧਰਤੀ ਹੀ ਤੇਰੀ ਪਰਿਕਰਮਾ ਸੀ
ਥੱਕ ਰਹੇ ਬੰਦੇ ਲਈ ਤੁਰਦੇ ਰਹਿਣ ਦੀ
ਅਰਦਾਸ
ਆਪਣੇ ਖਾਲੀ ਹੱਥਾਂ ਦੀ ਰੇਹਲ ‘ਤੇ ਰੱਖ ਕੇ ਤੇਰਾ ਸ਼ਬਦ
ਤੇਰੇ ਜਨਮ ਦਿਨ ‘ਤੇ ਨਿੱਕਾ ਜਿਹਾ ਦੀਵਾ ਜਗਾ ਰਿਹਾ ਹਾਂ
ਤੇਰੀਆਂ ਬਹੁਤ ਸਾਖੀਆਂ
ਸੁਣੀਆਂ ਤੇ ਸੁਣਾਈਆਂ ਜਾ ਰਹੀਆਂ ਨੇ
ਅਸਲ ਸਾਖੀ ਤੇਰਾ ਚਲਾਇਆ ਹਲ ਸੀ
ਤੇ ਤੇਰੇ ਹੱਥਾਂ ਵਿਚ ਫੜਿਆ ਰੰਬਾ
ਮਸਤਕ ‘ਤੇ ਤੁਪਕੇ ਪਸੀਨੇ ਦੇ
ਸ਼ਬਦ ਹੀ ਤੇਰੇ ਨਕਸ਼ਾਂ ਦਾ ਪ੍ਰਕਾਸ਼
ਪਰਮ ਬਾਬੇ ਨੇ ਕਿਹਾ
ਗਿਆਨ ਹੀ ਧਿਆਨ ਏ
ਤੂੰ ਸੁੱਤੀਆਂ ਸੂਰਤਾਂ ਅੰਦਰ ਮਸ਼ਾਲ ਜਗਾਈ
ਪਰ ਮੇਰੇ ਪਰਮ ਬਾਬਾ
ਅੱਜ ਵੀ ਹਨੇਰਾ ਉਥੇ ਦਾ ਉਥੇ ਹੀ ਏ

ਜਿੱਥੋਂ ਤੁਰਿਆ ਸੀ ਤੂੰ ਕਦੇ
ਉਦਾਸੀਆਂ ਲਈ
ਤੁਰ ਪਏ ਨੇ ਕਰਤਾਰਪੁਰ ਨੂੰ
ਸੇਠ ਭਾਗੋਆਂ ਦੇ ਬ੍ਰਹਮ ਭੋਜ ਹਜਮ ਕਰ ਕੇ
ਪਹਿਨ ਤਰ੍ਹਾਂ ਤਰ੍ਹਾਂ ਦੇ
ਪਰਪੰਚੀ ਧਰਮੀ ਪਹਿਰਾਵੇ
ਤੁਰ ਪਏ ਨੇ ਭੀੜਾਂ ਵਹੀਰਾਂ ਦੇ
ਟੋਲੇ ਹੀ ਟੋਲੇ
ਤੇਰੇ ਜਨਮ ਦਿਨ 'ਤੇ
ਖਾਮੋਸ਼ੀ ਦੀ ਥਾਂ ਰੌਲਿਆਂ ਦੇ ਜੈ:ਕਾਰੇ ਲਾਉਂਦੇ
ਰਬਾਬ ਪਰੇ ਪਈ ਸੁੰਨੀ ਇਕੱਲੀ
ਤਲਿਸਮੀ 'ਹੱਥ' ਉਡੀਕਦੀ
ਤੂੰ ਚੁੱਪ ਗੜੁੱਪ
ਭੀੜਾਂ ਕਿਸਦਾ ਜਨਮ ਦਿਨ ਮਨਾ ਰਹੀਆਂ ਨੇ
ਮੈਂ ਉਦਾਸ ਹਾਂ ਬਾਬਾ:
ਇਹਨਾਂ ਤੈਨੂੰ ਕੀ ਦਾ ਕੀ ਬਣਾਤਾ 00

## ਪਿਆਰ

ਰਿਸ਼ਤੇ ਰੌਲ਼ਾ ਨੇ
ਪਿਆਰ ਖਾਮੋਸ਼ੀ
ਰਿਸ਼ਤੇ ਭੜਕੀਲੇ ਭੜਕਦੇ ਭਮਕੜਦੇ
ਤਮਾਸ਼ਦੇ
ਵਿਖਾਵਿਆਂ ਦੀ ਪਲ ਕੁ ਭਰ ਦੀ
ਖੋਟੀ ਚਮਕ
ਮੁਹੱਬਤ ਲੋਅ ਤੇ ਲੈਅ
ਮਲੁਕ ਮਲੁਕ ਮਹਿਕਦੀ ਮਘਦੀ ਜਗਦੀ
ਚੁੱਪ ਚੁਪੀਤੇ ਧੁਖਦੀ
ਰਿਸ਼ਤੇ ਕਾਲ਼ ਦੇ ਕੈਦੀ
ਮੁਹੱਬਤ ਦੋ ਦੇਹਾਂ ਨੂੰ ਇਕ ਦੇਹ ਬਣਾਉਂਦੀ
ਰਿਸ਼ਤੇ ਅਰਥ ਨੇ
ਥਾਂ ਥਾਂ ਪਏ ਅਰਥ
ਪਿਆਰ ਸ਼ਬਦ ਏ
ਤਲਾਸ਼ ਬੱਸ ਤੁਰਦੇ ਹੀ ਤੁਰਦੇ ਰਹਿਣ ਦੀ
ਰਿਸ਼ਤੇ ਨਿਸ਼ਚਤ ਨੇ
ਪਿਆਰ ਦੀ ਕੋਈ ਮੰਜ਼ਲ ਨਹੀਂ ਹੁੰਦੀ
ਅੰਤਾਂ ਦੀ ਅਨੰਤ ਉਡੀਕ
ਚੁੱਪਾਂ ਦਾ ਉਪਹਾਰ



ਪਿਆਰ ਦਾ 'ਹੋਣਾ'
ਮੇਰੇ ਤੇਰੇ 'ਇਕ' ਦੀ ਤਲਿਸਮੀ ਆਇਤ
ਰਿਸ਼ਤੇ ਡੋਬਦੇ ਨੇ
ਪਿਆਰ ਡੁੱਬਿਆਂ ਡਿੱਗਿਆਂ ਨੂੰ ਜਗਾਉਣ ਦੀ
------ਅਰਦਾਸ------00

## ਇਕ ਦਿਨ

ਅੰਦਰ ਬੰਦਰਗਾਹਾਂ
ਮੇਰੀਆਂ 'ਉਦਾਸੀਆਂ' ਉਤਰਾਵਾਂ-ਚੜ੍ਹਾਵਾਂ ਦੇ
ਭੁੱਲੇ ਵਿਸਰੇ ਅਤੇ-ਪਤੇ
ਦੂਸਰੇ ਕਿਨਾਰੇ ਦੀ ਤਲਾਸ਼
ਦਿਸਦੀ ਧੁਮੇਲ
ਪਰ ਪਹੁੰਚ ਹੀ ਨਹੀਂ ਪਾਉਂਦਾ
ਮ੍ਰਿਗ ਤ੍ਰਿਸ਼ਨਾ ਆਦਿ ਆਰੰਭੀ
ਜਿਨ੍ਹਾਂ ਜਹਾਜ਼ਾਂ ਨੇ ਲੈ ਜਾਣਾ ਸੀ
ਕਿਤੇ ਦਾ ਕਿਤੇ
ਪਾਰ ਪਰੇਰੇ
ਸੁੰਨ ਸਰਾਵਾਂ
ਅੱਥਰੇ ਵਾਵਰੋਲੇ
ਮੁੜ ਪਰਤਣ ਦੀ ਉਡੀਕ ਨਾਲ
ਬਿਰਧ ਹੋ ਰਹੇ ਮਲਾਹ
ਪਰਤ ਰਿਹਾ 'ਵਣ' ਯਾਤਰੀ
ਪੁਰਖਿਆਂ ਦੇ ਪ੍ਰਾਂਤੀਂ
ਜਿੱਥੇ ਚੈਨ
ਚੇਤਿਆਂ ਦਾ ਮੁਕਟ ਪਹਿਨ
ਉਡੀਕੇ ਉਸਨੂੰ ਆਦਿ ਕਾਲ ਤੋਂ
ਤਰ੍ਹਾਂ ਤਰ੍ਹਾਂ ਦੀਆਂ ਲਹਿਰਾਂ 'ਤੇ ਤਰਦੇ
ਪਰਾਂ ਵਾਲੇ ਵਾਵਰੋਲੇ
ਧੁਰ ਤਲ ਥੱਲੇ
ਜਮ੍ਹਾਂ ਹੋ ਰਹੀਆਂ ਸਿਮਰਤੀਆਂ
ਯਵਨ ਪੁੱਤਰ ਘਰ ਲਈ ਨਹੀਂ
ਘਰ ਦੇ 'ਚੇਤੇ' ਲਈ ਭਟਕ ਰਿਹਾ
ਦਰ ਦਰ ਬੰਦਰਗਾਹਾਂ
ਉਸਦੀਆਂ ਝਪਕ ਝਾਕਦੀਆਂ ਅੱਖਾਂ ਅੰਦਰ
ਘਰ ਪ੍ਰੇਤ ਬਣ:
ਖਿੰਡਰ ਖਿੱਲਰ ਗਈਆਂ ਯਾਦਾਂ
ਥੇਹਾਂ ਦੇ ਹੇਰਵੇ ਮਰਸੀਏ ਹਉਕੇ

ਜਗਰਾਵਾਂ ਇਕ ਦਿਨ ਮੈਂ ਵੀ ਪਰਤਾਂਗਾ
ਸਭ ਸਰਾਵੇਆਂ ਤੋਂ ਮੁਕਤ ਹੋ
ਦੇਬੀ ਨੂੰ ਲੱਭਣ
ਦੱਬਣ ਲਈ 00

## "ਹੈ" "ਸੀ"

ਅਦਿਸਦਾ ਹਾਂ
ਹੋਰ ਹੋਰ ਤਰ੍ਹਾਂ ਦਾ
ਪ੍ਰੇਤੀ ਨਜ਼ਰਾਂ ਨਾਲ ਝਾਕਦੇ ਮੈਨੂੰ
'ਤੱਕਣਾ' ਕਦੋਂ ਸਿੱਖੋਂਗੇ
ਪੁਰਾਣੀ ਕੰਨ-ਰਸੀ ਦੇ 'ਰਾਮ ਰੌਲ਼ਿਆਂ' ਨਾਲ
ਜੋ ਸੁਣਨ ਦੇ ਆਦੀ
ਸਮਝ ਨਹੀਂ ਆ ਰਹੀ ਉਨ੍ਹਾਂ ਨੂੰ
ਮੇਰੀ ਚੁੱਪ ਦੀ
"ਹੈ" ਨੂੰ
ਅਦਿਸਦਾ ਨਹੀਂ ਕਰ ਸਕੇ
ਆਪਣੀ "ਸੀ" ਦੇ ਨਾਲ
ਲਗਾਤਾਰ ਗੁੰਮ ਸੁੰਮ
ਮੇਰੇ ਵੱਲ ਝਾਕੀ ਹੀ ਜਾ ਰਹੇ ਨੇ
ਅ-ਨਾਮੀ ਭੈਅ ਨਾਲ
ਕਿ ਮੈਂ ਕਿਤੇ ਸੱਚੀਂ ਮੁਚੀਂ ਦਾ
'ਦੱਦਾ' ਤਾਂ ਨਹੀਂ
ਭਰਮ ਨਾਲ ਉਨ੍ਹਾਂ ਨੂੰ
ਡਾਢਾ 'ਮੋਹ' ਹੈ
ਉਪਰ ਸਰਾਪੇ ਚੁਬਾਰੇ ਅੰਦਰ
ਪੁੱਠੇ ਪੈਰੀ ਪਰਛਾਵਿਆਂ ਦਾ ਘੜਮੱਸ
ਬੌਣੀਆਂ ਇੱਛਾਵਾਂ ਸੁਰਾਖਾਂ 'ਚ ਛੁਪੀਆਂ
"ਮੈਂ" ਦੇ ਪ੍ਰੇਤੀ ਮਹਿਲ ਅੰਦਰ
ਜਿੱਥੇ ਭੂਤਨੀ "ਖੇਡ" ਰਕਸ ਰਹੀ
ਜਿਵੇਂ ਮਰਜ਼ੀ ਦਸਤਪੰਜਾ ਲਵੋ:
ਮੈਂ ਤਿਆਰ ਹਾਂ
ਦਰ ਨੂੰ ਜ਼ਿੱਦ ਨਾਲ ਨਾ ਨੱਥੀ ਕਰੋ
ਸਰਦਲ
ਕਿਸੇ 'ਜੀਅ ਆਇਆਂ' ਦੀ
ਦਸਤਕ ਉਡੀਕ ਰਹੀ ਏ
ਹੈਰਾਨੀ ਭਰੀ
ਖੁਸ਼ੀ ਦੇ ਜਸ਼ਨਾਂ ਨਾਲ 00



## ਜ਼ਿੱਦੀ

ਵੱਡੇ ਵੱਡੇ ਹਰਫਾਂ ਦੀਆਂ ਜ਼ਰਬਾਂ ਤੋਂ
ਡਰਨ ਲਗਦਾ ਹਾਂ
ਨਿੱਕੇ ਨਿੱਕੇ ਨੰਨ੍ਹੇ ਮੁੰਨ੍ਹੇ ਅੱਖਰਾਂ ਨਾਲ
ਤੁਰਨਾ ਸਿੱਖਣ ਲਗਦਾ ਹਾਂ
ਪੈਰ ਪੈਰ
ਕਈ ਦਿਸ਼ਾਵਾਂ ਨੇ
ਇਕੋ ਵਾਰੀ
ਕਿੰਨਾ ਜਮ੍ਹਾਂ ਤਕਸੀਮ ਕਰਤੈ
ਮੈਂ ਵੀ ਕਿੰਨਾ ਜ਼ਿੱਦੀ ਹਾਂ
ਉਹਨਾਂ ਭੁੱਲੇ ਵਿਸਰੇ ਰਾਹਾਂ ਲਈ
ਉਦਾਸ ਪੱਤੇ ਤਕਦੇ ਮੈਨੂੰ
ਪੱਤਝੜ ਹੁੰਦਿਆਂ
ਦੂਰ ਸੂਰਜ ਦੀ ਲਾਲੀ ਹੇਠ
ਧੂਣੀ ਧੁਖ ਰਹੀ
ਨੰਗੇ ਪੈਰਾਂ ਦਾ ਤੁਰਦੇ ਰਹਿਣਾ
ਬੱਸ ਤੁਰਦੇ ਹੀ ਰਹਿਣਾ
ਕੀ ਇਸਨੂੰ ਹੀ ਕਹਿੰਦੇ ਨੇ
ਇਸ਼ਕ 00

## ਹੱਥ

ਹੱਥ ਜੁੜਦੇ ਜਦੋਂ
ਬਣ ਜਾਂਦੇ ਅਰਦਾਸ
ਹੱਥ ਖੁਲ੍ਹਦੇ
ਕਰਦੇ ਦਸ ਉਂਗਲਾਂ ਦੀ ਕਿਰਤ ਕਮਾਈ
ਪੋਟਾ ਪੋਟਾ ਸਰਕਦੇ 'ਰੇਹਲ' 'ਤੇ
ਨੈਣਾਂ ਦੀ ਪਵਿੱਤਰ ਲੋਅ
ਹੱਥ ਕਿੰਨਾ ਕੁਝ ਨੇ
ਹਰਫਾਂ ਤੋਂ ਅਰਥਾਂ ਤਕ
ਸਾਡੇ 'ਜਾਗਣ' ਦੀ ਉਡੀਕ ਉਮੀਦ ਅੰਦਰ
ਰੋਸ਼ਨੀ ਹੋ ਟਿਮਟਿਮਾ ਰਹੇ ਨੇ
ਸ਼ਬਦ ਰੌਲ਼ਾ ਨਹੀਂ ਚੁੱਪ ਦਾ ਨਾਂ ਏ
ਰੱਬ ਤੇ ਹੱਥ ਦਾ ਕੋਈ ਅੰਤਰ ਨਹੀਂ
ਹੱਥ ਹਰਫਾਂ ਦਾ ਸਤਰੰਗੀ ਨਾਚ
ਤਿਤਲੀਆਂ ਦੇ
ਫੁੱਲਾਂ ਨੂੰ ਚੁੰਮਣ ਦੀ ਆਰਤੀ
ਮੇਰੇ ਪੋਟਿਆਂ ਦੀ ਕੋਰ 'ਤੇ ਝਰਨਾਹਟ

ਉਠ
ਕਵਿਤਾ ਦਸਤਕ ਦੇ ਰਹੀ
ਖਿੜਦੇ ਹੱਥਾਂ ਨੇ ਕਿਹਾ 00

**ਤੁਰਦਿਆਂ**

ਤੁਰਨ ਨੂੰ
ਬੇਸਬਰੀ ਨਾਲ ਉਡੀਕਦੇ
ਅਜੀਬੋ ਗ਼ਰੀਬ ਰਾਹ
ਸੁੱਤੇ ਪੈਰਾਂ ਨੂੰ ਜਗਾਉਣ ਲਈ
ਵਹਿਣਾਂ 'ਚ ਤੁਰਦੇ
ਚੇਤਿਆਂ ਦੇ
ਆਕਾਰ
ਰੇਲ ਦੀਆਂ ਲੀਹਾਂ 'ਤੇ
ਬਾਹਾਂ ਖੋਲ੍ਹ ਕੇ ਤੁਰਨ ਦਾ ਚਾਅ
ਸਰੋਵਰ ਦੇ ਸ਼ੀਸ਼ੇ 'ਚ
ਆਪਣਾ ਹੀ ਮੂੰਹ ਤੱਕਣ ਲਈ
ਕਿੰਨਾ ਝੱਲਾ ਹੁੰਦਾ ਸੀ ਮੈਂ ਉਦੋਂ
ਤੇ ਅੱਜ......?
ਪਹਾੜ ਚੁੱਕ
ਉਪਰ ਵੱਲ ਤੁਰਨ ਦਾ ਪਾਗਲ ਸੁਪਨਾ
ਤੇ......ਅਚਾਨਕ
ਪੌੜੀਆਂ ਤੋਂ ਘੜੰਮ ਡਿਗ ਜਾਣਾ
ਪਿੱਛੇ ਮੁੜ ਫਿਰ ਉੱਕਾ ਹੀ ਨਾ ਝਾਕਣਾ
ਕਿਤੇ ਵੀ ਨਾ ਕੋਈ ਭਰਮ
ਨਾ ਕੋਈ ਮਿਰਾਜ
ਉਦੋਂ ਝੱਲੀ ਹੋ ਜਾਂਦੀ ਏ ਮੇਰੀ ਨਜ਼ਰ
ਪ੍ਰਸ਼ਨ? ਦੇ ਪੜਦਿਆਂ ਪਿੱਛੇ
ਤੱਕਣ ਤੇ ਤੁਰਨ ਦੇ ਵਿਚਕਾਰ
ਅੰਤਾਂ ਦੇ ਅੰਤਰਾਲ
ਤੁਰਦੇ ਤੁਰਦੇ ਮੋਹ ਦੀ ਮਹਿਕ
ਭਟਕਦੀਆਂ ਅੱਖਾਂ
ਆਰੀ 'ਤੇ ਤੁਰਦਿਆਂ
ਆਪਣੀ ਹੀ ਰੱਤ ਚੱਖਣ ਲਈ
ਸਰਾਪੇ ਚੰਦਰਿਆ!
ਦਿਲ 'ਚ ਡੁੱਬੀ ਦਾ ਨਹੀਂ
ਉਸ 'ਚੋਂ ਉਠੀ ਦਾ। 000

*(Schulhausgasse 12, CH 3113 Rubigen, SWITZERLAND*
*Email: devspace@gmx.ch )*



# ਪੰਜ ਕਵਿਤਾਵਾਂ: ਜਗਦੀਪ ਸਿੱਧੂ

**ਹੈਂ!**

ਭੀੜ ਹੱਥਾਂ ਵਿਚ ਇੱਟਾਂ ਰੋੜੇ
ਕੱਚ ਦੇ ਟੁਕੜੇ, ਸਰੀਏ ਲੈ
ਹੁੜਦੰਗ ਮਚਾਉਂਦੀ
ਵਧ ਰਹੀ ਸੀ ਘਰਾਂ ਵੱਲ

ਹੈਂ!
ਇਹ ਸਾਰਾ ਸਮਾਨ ਤਾਂ
ਘਰ ਉਸਾਰਨ ਦੇ ਕੰਮ ਆਉਂਦਾ

**ਗੁਜਰਾਤ**

ਗੁਜਰਾਤ 'ਚ ਹੋਇਆ ਸੀ ਜਦ ਨ੍ਹੇਰਾ
ਗੁਜਰਾਤ ਦੀ ਇਹ ਰਾਤ
ਤਦ ਤੋਂ
ਪਿੱਛੇ ਨਹੀਂ ਅੱਗੇ ਦਿਸਦੀ

ਸਾਗਰ ਨੂੰ ਕਿੰਨੀ ਸ਼ਰਮ ਆਈ ਹੋਵੇਗੀ
ਨੇੜੇ ਹੋ ਕੇ ਵੀ, ਕੁਝ ਨਾ ਕਰ ਸਕਿਆ

ਬੱਚੇ ਵੀ ਨਾ ਛੱਡੇ
ਭਵਿੱਖ 'ਚ
ਸਿਰ ਜਿਨ੍ਹਾਂ ਦੇ ਭਾਰ ਸੀ ਦੇਸ਼ ਦਾ
ਸਿਰ ਉਹਨਾਂ ਦੇ 'ਕੱਲੀ ਟੋਪੀ ਦੇਖੀ

ਅੱਗ ਲੱਗੀ ਗੱਡੀ ਤੋਂ
ਥੋੜ੍ਹੀ-ਥੋੜ੍ਹੀ ਅੱਗ ਇਹਨਾਂ
ਆਪਣੀਆਂ ਗੱਡੀਆਂ ਲਈ ਲੈ ਲਈ
ਛੱਤ 'ਤੇ ਲਾਉਣ ਲਈ

**ਸੱਟ**

ਧੀ ਮੇਰੀ
ਬਹੁਤ ਸੋਹਣੀ ਪੰਜਾਬੀ ਬੋਲਦੀ
ਜਦ ਕਹਿੰਦੀ: ਮੈਂ ਗੁੱਡੀ ਲੈਣੀ ਆ
ਅਸੀਂ ਸਾਰੀ ਹੱਟੀ ਲਿਆ ਕੇ

ਉਸ ਦੇ ਅੱਗੇ ਰੱਖ ਦਿੰਦੇ
ਸਕੂਲ ਜਾਣ ਲੱਗੀ
ਉੱਥੇ ਪੰਜਾਬੀ ਮਾਪਿਆਂ ਦੇ
ਸਭ ਬੱਚੇ ਹਿੰਦੀ ਅੰਗਰੇਜ਼ੀ ਬੋਲਣ

ਡੌਰ-ਭੌਰ ਘਰ ਆਈ
ਜਿਵੇਂ ਧੋਖਾ ਹੋਇਆ ਹੋਵੇ
ਬੋਲੀ: ਪਾਪਾ ਮੈਨੂੰ ਕੋਈ ਚੀਜ਼ੀ ਨਹੀਂ ਦਿੰਦਾ
ਤ੍ਰਭਕ ਗਿਆ
ਸਮੱਸਿਆ ਸਮਕਾਲ ਤਕ ਫੈਲ ਗਈ

ਇਕ ਦਿਨ ਕਿਸੇ ਦੇ ਬੈਠੇ
ਉਹਦੀ 'ਖਾਂਸੀ' ਮੈਂ 'ਖੰਘ' ਨਾਲ ਦਬਾਈ

ਕੁਝ ਦਿਨਾਂ ਬਾਅਦ ਸਕੂਲੋਂ ਆਈ ਕਹਿੰਦੀ:
'ਮੁਝੇ ਚੋਟ ਲਗੀ ਹੈ'

ਉਸ ਦਿਨ
ਮੇਰੇ ਦਿਲ 'ਤੇ ਡੂੰਘੀ ਸੱਟ ਲੱਗੀ

## ਬੰਬ

ਨੇੜੇ ਹੀ ਬੰਬ ਫਟਿਆ
ਕੰਬ ਗਏ ਘਰ ਦੇ ਭਾਂਡੇ

ਅੱਜ ਫੇਰ ਖਾਲੀ ਰਹਿਣਾ ਪਵੇਗਾ

## ਮਾਸੂਮ

ਮੇਰੀ ਢਾਈ ਸਾਲਾਂ ਦੀ ਬੇਟੀ
ਅਕਸਰ ਲਫ਼ਜ਼ਾਂ ਨੂੰ ਇੰਝ ਵਰਤਦੀ ਹੈ

ਪਾਪਾ: ਮੇਰੇ ਵਾਲ਼ ਜੋੜ ਦਿਓ
ਪਾਪਾ: ਮੈਨੂੰ ਕੇਲਾ ਖੋਲ੍ਹ ਕੇ ਦੇ ਦਿਓ

ਮੈਂ ਉਸ ਵਰਗਾ
ਮਾਸੂਮ, ਸੱਚਾ ਨਹੀਂ ਬਣ ਸਕਦਾ
ਮੈਂ ਵਾਲਾਂ ਨੂੰ ਬੰਨ੍ਹ ਦਿੰਨਾਂ ਹਾਂ
ਤੇ ਕੇਲਾ ਛਿੱਲ ਦਿੰਦਾ ਹਾਂ 000

***(181 ਮਾਡਰਨ ਵੈਲੀ, ਲੁਧਿਆਣਾ ਰੋਡ, ਖਰੜ, ਜ਼ਿਲ੍ਹਾ ਮੁਹਾਲੀ***
***ਫੋਨ: 82838-26876, 9876222868)***



# ਰੇਸ਼ੂ ਨੰਬਰ ਵਨ: ਕਹਾਣੀ: ਪ੍ਰੇਮ ਗੋਰਖੀ

ਜ਼ਿੰਮੀਦਾਰਾਂ ਦੇ ਘਰਾਂ 'ਚੋਂ ਸੀ ਰੇਸ਼ਮ ਸਿੰਹੁ ਜਿਹਨੂੰ ਪਿੰਡ ਵਿਚ ਬਹੁਤਾ ਕਰਕੇ ਰੇਸ਼ੂ ਹੀ ਕਿਹਾ ਜਾਂਦਾ ਸੀ। ਉਹਦਾ ਪਿਓ ਹੋਰ ਵੀ ਅੱਗੇ ਜਾ ਕੇ ਉਹਨੂੰ 'ਰੇਸ਼ੂ ਨੰਬਰ ਵਨ' ਕਹਿ ਕੇ ਬੁਲਾਉਂਦਾ, ਉਹ ਇਸ ਕਰਕੇ ਕਿਉਂਕਿ ਮਿਸਤਰੀਆਂ ਦੇ ਇਕ ਮੁੰਡੇ ਦਾ ਨਾਂ ਵੀ ਰੇਸ਼ੂ ਸੀ ਜਿਹੜਾ ਕਬੱਡੀ ਦਾ ਬੜਾ ਤੇਜ਼ ਤਰਾਰ ਖਿਡਾਰੀ ਸੀ ਤੇ ਉਹਨੇ ਖਾਲਸਾ ਕਾਲਿਜ ਦੀ ਟੀਮ ਵਿਚ ਖੇਡਦਿਆਂ ਇਕ ਤਾਂ ਪੂਰੇ ਭਾਰਤ ਵਿਚ ਬੱਲੇ-ਬੱਲੇ ਕਰਾਈ, ਫਿਰ ਉਹ ਕੈਨੇਡਾ ਪੂਰਾ ਘੁੰਮ ਕੇ ਖੇਡਿਆ। ਪਿੰਡਾਂ ਵਿਚ ਉਹਦੀਆਂ ਬੜੀਆਂ ਧੁੰਮਾਂ ਪਈਆਂ ਹੋਈਆਂ ਸਨ ਪਰ ਤਖਤ ਸਿਹੁੰ ਐਦਾਂ ਦੀਆਂ ਗੱਲਾਂ ਵੱਲ ਨਹੀਂ ਸੀ ਦੇਖਦਾ, ਉਹਨੇ ਤਾਂ ਸਗੋਂ ਆਪਣੇ ਪੁੱਤ ਬਾਰੇ ਕਹਿਣਾ ਸ਼ੁਰੂ ਕਰ ਦਿੱਤਾ, "ਇਹ ਤਾਂ ਰੇਸ਼ੂ ਨੰਬਰ ਵਨ ਆ ਬਈ, ਕਾਹਲੋਂਆਂ ਦਾ ਰੇਸ਼ੂ ਨੰਬਰ ਵੰਨ।"

ਰੇਸ਼ੂ ਯਾਣੀ ਰੇਸ਼ਮ ਸਿੰਹੁ ਆਪਣੀ ਮਰ ਗਈ ਮਹਿੰ ਦਾ ਮਸਲਾ ਅਖੀਰ ਪੰਚਾਇਤ ਕੋਲ਼ ਲੈ ਪਹੁੰਚਾ। ਪਿੰਡ ਦੇ ਬਹੁਤੇ ਲੋਕਾਂ ਨੂੰ ਪਤਾ ਹੀ ਸੀ ਕਿ ਇਹ ਬੰਦਾ ਨਹੀਂ ਰੁਕਣ ਵਾਲਾ। ਜੇ ਇਹ ਰੁਕ ਈ ਗਿਆ, ਫਿਰ ਇਹਨੂੰ 'ਤਖਤੇ ਦਾ ਅਸਲਾ' ਕੌਣ ਕਹੂ। ਤਖਤ ਸਿੰਹੁ ਇਹੋ ਜਿਹੇ ਨਿੱਕੇ-ਨਿੱਕੇ ਮਸਲੇ, ਛੋਟੀ-ਮੋਟੀ ਗੱਲ ਨੂੰ ਇਧਰ-ਉਧਰ ਲਿਜਾ ਕੇ ਐਸਾ ਉਲਝਾ ਦਿੰਦਾ ਕਿ ਉਨ੍ਹਾਂ ਨੂੰ ਸੁਲਝਾਉਣ ਲੱਗੀ ਪੰਚਾਇਤ ਵੀ ਗਧੀਗੇੜ ਵਿਚ ਪੈ ਜਾਂਦੀ ਸੀ। ਉਹਦੀ ਉਹ ਗੱਲ ਹੀ ਲੈ ਲਓ, ਕਹੱਤਰ ਦੀ ਲੜਾਈ ਵੇਲ਼ੇ ਦੀ... ਭਾਰਤ ਦੀ ਫੌਜ ਪਾਕਿਸਤਾਨ ਦੀ ਫੌਜ ਨਾਲ ਫਸੀ ਹੋਈ ਸੀ...। ਇਕ ਦਿਨ ਛਾਉਣੀ ਤੋਂ ਫੌਜੀਆਂ ਦੀ ਜੀਪ ਆ ਗਈ... ਉਹ ਕਹਿੰਦੇ ਪਿੰਡੋਂ ਬਾਹਰ ਖੇਤਾਂ ਵਿਚ ਬਹਿ ਕੇ ਕੋਈ ਰਾਤ ਨੂੰ ਉਪਰ ਟਾਰਚਾਂ ਮਾਰਦਾ... ਲੱਭੋ ਬੰਦਾ ਕੌਣ ਆ। ਪੰਚਾਇਤ ਦੇ ਬੰਦੇ ਜਦੋਂ ਲੱਭਣ ਲੱਗੇ ਤਾਂ ਚੌਕੀਦਾਰ ਨੇ ਤਖਤੇ ਨੂੰ ਜਾ ਫੜਿਆ, ਨਾਲ ਹੀ ਇਹਦਾ ਪੁੱਤ ਰੇਸ਼ੂ ਵੀ। ਦੋਨੋਂ ਖੇਤਾਂ ਵਿਚ ਲੁਕ ਕੇ ਸ਼ਰਾਬ ਕੱਢੀ ਜਾਣ, ਭੱਠੀ ਲਾ ਕੇ। ਜੇ ਉਦੋਂ ਕੈਪਟਨ ਜੀਤ ਸਿੰਹੁ ਸਰਪੰਚ ਨਾ ਹੁੰਦਾ, ਪਤਾ ਨਹੀਂ ਇਹ ਪੇ-ਪੁੱਤ ਕਿੰਨੇ ਮਹੀਨੇ-ਸਾਲ ਫੌਜ ਦੇ ਢਹੇ ਚੜ੍ਹੇ ਰਹਿੰਦੇ... ਫਿਰ ਸੜਕ ਬਣਨ ਵੇਲੇ ਦੇਖੋ ਤਾਂ ਕੀ ਹਾਲ ਕੀਤਾ ਸੀ ਏਸ ਤਖਤੇ ਨੇ ਪਿੰਡ ਵਾਲਿਆਂ ਦਾ। ਉਦੋਂ ਸ਼ਹਿਰੋਂ ਪਿੰਡ ਤਕ ਸੜਕ ਬਣਾਉਣ ਦਾ ਫੈਸਲਾ ਹੋਇਆ। ਬੜੀ ਸੋਹਣੀ ਸੜਕ ਪਿੰਡ ਮੰਡਾਂ ਤਕ ਬਣ ਕੇ ਆ ਗਈ ਸੀ, ਉਧਰੋਂ ਪੱਥਰ ਵੀ ਮੁੱਕ ਗਿਆ ਤੇ ਲੁੱਕ ਵੀ ਨਾ ਆਈ। ਪਿੰਡ ਦੇ ਮੋਹਤਬਰ ਹੈਰਾਨ ਪ੍ਰੇਸ਼ਾਨ। ਕਿਸੇ ਨੇ ਗੱਲੀਂ-ਬਾਤੀਂ ਕਹਿ ਦਿੱਤਾ ਕਿ ਏਸ ਇਲਾਕੇ ਦੇ ਮੰਤਰੀ ਨੂੰ ਢੰਗ ਨਾਲ ਦਬਕਾ ਮਾਰਿਆ ਜਾਵੇ, ਕਿਸੇ ਨੂੰ ਟੈਂਕੀ 'ਤੇ ਚਾੜ੍ਹੀਏ! ਜਾਂ ਸਕੂਲ ਬੰਦ ਰੱਖੀਏ। ਪਿੰਡ ਦੇ ਮੋਹਤਬਰ ਤਾਂ ਅਜੇ ਸਲਾਹਾਂ ਈ ਕਰ ਰਹੇ ਸੀ ਪਰ ਤਖਤ ਸਿੰਹੁ ਤੜਕੇ ਈ ਬਣ-ਸੰਵਰ ਕੇ, ਚਿੱਟਾ ਕੁੜਤਾ-ਪਜਾਮਾ ਪਾ ਕੇ, ਤੋਤੇ ਰੰਗੀ ਪੱਗ ਬੰਨ੍ਹ ਕੇ ਟੈਂਕੀ 'ਤੇ ਜਾ ਬੈਠਾ ਤੇ ਕਹਿਣ ਲੱਗਾ- ਮੈਂ ਤਾਂ ਮੰਤਰੀ ਦੇ ਖਿਲਾਫ਼ ਉਪਰੋਂ ਛਾਲ਼ ਮਾਰੂੰ। ਮੋਹਤਬਰਾਂ ਨੇ ਬੜੇ ਮਿੰਨਤਾਂ-ਤਰਲੇ ਕੀਤੇ ਤਾਂ ਕਿਤੇ ਜਾ ਕੇ ਤਖਤ ਸਿੰਹੁ ਹੇਠਾਂ ਉਤਰਿਆ।

ਅੱਜ ਏਸ ਰੇਸ਼ੂ ਯਾਣੀ ਰੇਸ਼ਮ ਸਿੰਹੁ ਦਾ ਹਾਲ ਦੇਖ ਲਓ, ਗੱਲ ਵਿਚੋਂ ਸੀ ਵੀ ਕਾਹਦੀ? ਰੇਸ਼ੂ ਨੇ ਤਾਂ ਬਾਤ ਦਾ ਬਤੰਗੜ ਹੀ ਬਣਾ ਦਿੱਤਾ ਸੀ, "ਸਾਲਿਓ ਹੁਣ ਅਸੀਂ ਮਰਿਓ ਪਸ਼ੂ ਚੁੱਕਦੇ ਫਿਰੀਏ... ਜਿਹਨਾਂ ਦਾ ਇਹ ਕੰਮ ਆ, ਉਹ ਕਰਨ... ਕਰੇ ਪੰਚੈਤ ਆਪੇ ਫੈਸਲਾ... ਆਪਾਂ ਕਾਹਨੂੰ ਲੜਾਈਆਂ ਝਗੜੇ ਕਰਦੇ ਫਿਰੀਏ...।"

"ਚਾਚਾ! ਐਵੇਂ ਗੱਲ ਨੂੰ ਵਧਾਓ ਨਾ... ਜਿਹੜਾ ਬੰਦਾ ਇਹ ਕੰਮ ਸਾਂਭਦਾ ਸੀ, ਉਹ ਹੁਣ ਪਿੰਡ ਈ ਛੱਡ ਕੇ ਚਲਾ ਗਿਆ... ਉਹ ਘਰ ਈ ਵੇਚ ਗਿਆ... ਆਪਾਂ ਹੁਣ ਕਿਹਨੂੰ ਕਹੀਏ... ਜ਼ੋਰ ਨਾਲ ਕਰਾ ਵੀ ਨਹੀਂ ਸਕਦੇ...।" ਪੰਚਾਇਤ ਮੈਂਬਰ ਬੀਬੀ ਹਰਕੋ ਰਤਾ ਕੁ ਉੱਚੀ ਆਵਾਜ਼ ਵਿਚ ਬੋਲੀ।

"ਬੀਬੀ ਆਹੀ ਤਾਂ ਗ਼ਲਤ ਗੱਲ ਆ... ਭਾਈ ਇਹ ਤਾਂ ਸਦੀਆਂ ਤੋਂ ਕੰਮਾਂ ਦੀ ਵੰਡ ਕਰ ਗਏ ਸਾਡੇ ਮਹਾਂਪੁਰਸ਼...।" ਪੰਡਤ ਰਾਮ ਪ੍ਰਕਾਸ਼ ਵੀ ਥੋੜ੍ਹਾ ਉੱਚੀ ਆਵਾਜ਼ ਵਿਚ ਬੋਲਿਆ।

ਬੱਸ ਇਹੀ ਗੱਲ ਸੀ ਜਿਹਨੇ ਰੇਸ਼ਮ ਸਿੰਘ ਨੂੰ ਸ਼ਹਿ ਦਿੱਤੀ। ਏਸ ਸ਼ਹਿ ਮਗਰੋਂ ਤਾਂ ਰੇਸ਼ੂ ਭੜਕ ਈ ਪਿਆ, "ਇਹ ਸਾਲ਼ੇ ਮੇਰੇ... ਮੇਰੇ ਘਰ 'ਚ ਕੀੜੇ ਚਲਦੇ ਦੇਖਣਾ ਚਾਹੁੰਦੇ ਆ... ਉੱਥੇ ਮੁਸ਼ਕ ਫੈਲੂ... ਜਨੌਰ ਪਸੂ ਨੂੰ ਖਾਂਦੇ ਫਿਰਨਗੇ... ਸਾਲ਼ੇ ਕੁੱਤੇ ਮਾਸ ਚੁੱਕੀ ਫਿਰਨਗੇ... ਆਲ਼ੇ-ਦੁਆਲੇ ਭੈਂਅ-ਭੈਂਅ ਹੁੰਦੀ ਫਿਰੂ... ਮੱਖੀ-ਮੱਛਰ ਨਾਲ ਫਿਰਨੀ ਤ੍ਰਾਅ-ਤ੍ਰਾਅ ਕਰੂ, ਫੇਰ ਈ ਕੋਈ ਅੱਗੇ ਆਊ... ਨਾਲੇ ਪੈਂਚਾਂ ਦਾ ਮਗਜ਼ ਖੁੱਲੂ... ਬਈ ਹੱਦ ਈ ਹੋਗੀ ਆਹ ਤਾਂ...।"

"ਓਏ ਭਾਈ ਅਕਲ ਨਾ' ਬੋਲ... ਗਾਲ੍ਹਾਂ ਕਾਹਨੂੰ ਕੱਢੀ ਜਾਂਦਾਂ... ਤੂੰ ਨਿਆਣਾ ਤਾਂ ਹੈ ਨੀ... ਅੱਠ ਦਸ ਪੜ੍ਹਿਆ ਵੀ ਹੈਗਾ...।" ਮਿਸਤਰੀ ਕਰਮ ਸਿੰਹੁ ਨੇ ਟੋਕਿਆ।

"ਮੈਂ ਤਾਂ ਚਾਚਾ ਬਹੁਤ ਉਖੜਿਆ ਫਿਰਦਾਂ... ਯਾਰੋ ਮਰੀਓ ਮਹਿੰ ਦਾ ਬਣੇਗਾ ਕੀ?... ਬਈ ਮਹਿੰ ਦੇ ਕੀੜੇ ਨਾ ਚਲਣ ਤਾਂ ਮੇਰਾ ਨਾਂ ਵਟਾ ਦਿਓ... ਭਾਅ ਜੀ ਕੱਲ੍ਹ ਤਕਾਲ਼ਾਂ ਦੀ ਮਹਿੰ ਮਰੀ ਪਈ ਆ... ਐਨੀ ਗਰਮੀ ਵਿਚ ਤਾਂ ਓਦਾਂ ਹੀ ਜਰਮ ਪੈ ਨਿਕਲਦੇ ਆ... ਯਾਰੋ ਐਥੇ ਤਾਂ ਕੋਈ ਸਾਲਾ ਗੱਲ ਈ ਨਈਂ ਸੁਣਦਾ... ਹੱਦ ਈ ਹੋ ਗਈ ਆ...।" ਰੇਸ਼ੂ ਅਜੇ ਵੀ ਤਾਅ ਵਿਚ ਈ ਬੋਲ ਰਿਹਾ ਸੀ। ਤੈਸ਼ ਵਿਚ ਹੀ ਉਹ ਅੱਗੇ ਬੋਲਿਆ, "ਪਸ਼ੂਆਂ ਦਾ ਇਹ ਹਾਲ ਹੁੰਦਾ ਤਾਂ ਮੈਂ ਅੱਖੀਂ ਦੇਖਿਆ... ਓਏ ਕੀ ਹਾਲ ਹੋਇਆ ਸੀ ਕੋਟਲੀ ਵਾਲੇ ਚੱਠਿਆਂ ਦੇ ਬੌਲ਼ਦ ਦਾ... ਕਿੱਦਾਂ ਜਰਮ ਚੱਲ ਪਏ ਸੀ ਵਿਚਾਰੇ ਦੇ... ਫੇ ਜਰਮ ਵੀ ਐਨੇ ਕਿ ਉਰੇ ਬੀਹੀ ਤਕ ਹਰਲ-ਹਰਲ ਕਰਦੇ ਫਿਰਨ... ਕਿੱਦਾਂ ਬੋਅ ਮਾਰਦੀ ਸੀ ਚਾਰੇ ਪਾਸੇ... ਰੱਬ ਬਚਾਵੇ ਇਹੋ ਜਿਹੀ ਹਾਲਤ ਤੋਂ... ਫੇ ਬੌਲ਼ਦ ਨੂੰ ਕੋਈ ਹੱਥ ਨਾ ਲਾਵੇ...।"

"ਓਏ ਬੱਸ ਕਰ ਯਾਰ... ਕਿਉਂ ਬੋਲੀ ਜਾਂਦਾ ਰੇਸ਼ੂ ਤੂੰ... ਉਹਨੀਂ ਚੱਠਿਆਂ ਨੇ ਤਾਂ ਬੌਲ਼ਦ ਨੂੰ ਬੰਨ੍ਹਿਆ ਈ ਗ਼ਲਤ ਥਾਂ ਸੀ... ਬਈ ਅਹਿਮਕੋ, ਜੇ ਡੰਗਰ ਬਿਮਾਰ-ਠਮਾਰ ਆ, ਉਹਨੂੰ ਅੰਦਰ ਤਾਂ ਨਾ ਹੋੜੋ... ਬਾਕੀ ਪਸ਼ੂ ਹਵੇਲੀ ਵਿਚ ਬਾਹਰ ਹਵਾ ਹਾਰੇ ਬੰਨ੍ਹੇ ਸੀ ਤੇ ਉਹਨੂੰ ਬਿਮਾਰ ਨੂੰ ਅੰਦਰ ਹੋੜ ਗਏ... ਫੇ ਸਾਰਾ ਲਾਣਾ ਵਿਆਹ 'ਤੇ ਨਿਕਲ ਗਿਆ... ਉਹ ਵੀ ਬਾਡਰ 'ਤੇ...।" ਲਾਲ ਸਿੰਘ ਕਾਹਲੋਂ ਨੇ ਵਿਚਲੀ ਗੱਲ ਕਰਕੇ ਰੌਲਾ ਬੰਦ ਕਰਨਾ ਚਾਹਿਆ ਪਰ ਰੇਸ਼ੂ ਨਈਂ ਚੁੱਪ ਕੀਤਾ। ਉਹ ਤਾਂ ਉਦੋਂ ਹੀ ਬੋਲਣੋਂ ਵੈਲਾ ਹੋਇਆ ਜਦੋਂ ਦੂਰ ਲਗਦੇ ਗੁਸਲਖਾਨੇ 'ਚੋਂ ਨਿਕਲ ਕੇ ਸਰਪੰਚ ਅੰਦਰ ਵੱਲ ਆਇਆ।

ਇਕ ਪਾਸੇ ਬੈਠਾ ਪੂਰਨ ਚੰਦ ਬੜੀ ਸਹਿਜਤਾ ਨਾਲ ਬੋਲਿਆ, "ਬਈ ਮੈਨੂੰ ਏਸ ਗੱਲ 'ਤੇ ਬੜਾ ਅਤਰਾਜ਼ ਆ ਜਿਹੜੀ ਪੰਡਤ ਹੁਣਾਂ ਨੇ ਕੀਤੀ ਆ, ਅਖੇ ਇਹ ਤਾਂ ਸਦੀਆਂ ਤੋਂ ਕੰਮਾਂ ਦੀ ਵੰਡ ਕਰ ਗਏ ਸਾਡੇ ਮਹਾਂਪੁਰਸ਼... ਬਈ ਮਰ ਗਏ ਪਸ਼ੂ ਚੁੱਕਣ ਦਾ ਹੁਕਮ ਕਿਹੜੇ ਮਹਾਂਪੁਰਸ਼ ਕਰ ਗਏ ਸੀ... ਪਈ ਇਹ ਕੰਮ ਫਲਾਣੀ ਜਾਤ ਬਰਾਦਰੀ ਦੇ ਬੰਦਿਆਂ ਨੇ ਈ ਕਰਨਾ... ਹੈ ਤੁਹਾਡੇ ਪਾਸ ਕੋਈ ਬਹੀ ਖਾਤਾ?"

ਜਵਾਬ ਵਿਚ ਪੰਡਤ ਰਾਮ ਪ੍ਰਕਾਸ਼ ਭੜਕ ਕੇ ਬੋਲਿਆ, "ਪੂਰਨ ਚੰਦਾ ਜੇ ਆਪਾਂ ਨੇ ਏਸ ਪਿੰਡ ਵਿਚ ਰਹਿਣਾ ਤਾਂ ਇਹ ਕੰਮ ਕਰਨਾ ਈ ਪਏਗਾ।" ਇਹ ਗੱਲ ਕਹਿ ਕੇ ਪੰਡਤ ਰਾਮ



ਪ੍ਰਕਾਸ਼ ਨੇ ਸੱਜੇ-ਖੱਬੇ ਰਤਾ ਕੁ ਗਹੁ ਨਾਲ ਦੇਖਿਆ।

"ਐਵੇਂ ਗ਼ਲਤ ਗੱਲ ਨਾ ਕਰੋ ਭਰਾ ਜੀ... ਹੈ ਕੋਈ ਮਾਈ ਦਾ ਲਾਲ ਐਦਾਂ ਕਿਸੇ ਨੂੰ ਪਿੰਡ 'ਚੋਂ ਹਿਲਾਉਣ ਵਾਲਾ... ਤੁਸੀਂ ਕਦੋਂ ਦੇ ਐਡੇ ਖੱਬੀਖਾਂ ਬਣ ਗਏ ਬਈ... ਵਾਹ ਜੀ ਵਾਹ!" ਕਹਿੰਦੇ ਹੋਏ ਪੂਰਨ ਚੰਦ ਨੇ ਬਾਕੀ ਬੰਦਿਆਂ ਵੱਲ ਦੇਖਿਆ।

ਇਸੇ ਘੜੀ ਬੀਬੀ ਹਰਕੋ ਨੇ ਕੁਰਸੀ ਘੁੰਮਾਈ ਤੇ ਗੁੱਸੇ ਵਿਚ ਬੋਲੀ, "ਪੰਡਤ ਜੀ, ਅਸੀਂ ਨੀ ਮੰਨਦੇ ਤੁਹਾਡੇ ਮਹਾਂਪੁਰਸ਼ਾਂ ਦੀ ਗੱਲ... ਕਾਹਨੂੰ ਸਦੀਆਂ ਪੁਰਾਣੀ ਗੱਲ ਤੁਸੀਂ ਅੱਜ ਲਾਗੂ ਕਰੀ ਜਾਂਦੇ ਆਂ... ਭਰਾਵੋ ਜ਼ਮਾਨੇ ਵੱਲ ਝਾਤੀ ਮਾਰ ਕੇ ਚੱਲੋ...।" ਬੋਲਦੀ ਹੋਈ ਹਰਕੋ ਇਕ ਦਮ ਤਲਖੀ ਵਿਚ ਆ ਗਈ ਤੇ ਸਿਰ ਦਾ ਲੀੜਾ ਸੁਆਰ ਕੇ ਸਿੱਧਾ ਕੈਪਟਨ ਨੂੰ ਕਹਿਣ ਲੱਗੀ, "ਚਾਚਾ ਜੀ, ਆਹ ਦੇਖ ਲਓ... ਦੇਖੋ ਇਹ ਬੰਦੇ ਕੀ ਗੱਲਾਂ ਕਰਦੇ ਆ...।"

"ਬੀਬੀ... ਬਈ ਰੇਸ਼ਮ ਸਿੰਹੁ ਠੀਕ ਈ ਕਲਪ ਰਿਹਾ... ਮਰੇ ਪਏ ਡੰਗਰ ਨੂੰ ਚੁੱਕਾਂਗੇ ਨਈਂ ਤਾਂ ਇਹੀ ਹਾਲ ਹਊ... ਮੌਸਮ ਤਾਂ ਦੇਖੋ ਉਪਰੋਂ... ਐਨੀ ਗਰਮੀ ਪੈਂਦੀ ਆ।" ਗੱਲ ਕਰਦਾ ਰਾਮ ਪ੍ਰਕਾਸ਼ ਫਿਰ ਬੋਲਿਆ, "ਬਾਕੀ ਸਦੀਆਂ ਤੋਂ ਕੰਮ ਕਰਨ ਵਾਲੀ ਗੱਲ ਮੈਂ ਕਰਤੀ ਆ।"

ਇਕ ਗੱਲ ਹੋਰ ਵੀ ਇੱਥੇ ਦੱਸਣ ਵਾਲੀ ਆ। ਇਹ ਤਾਂ ਸਭ ਨੂੰ ਪਤਾ ਈ ਸੀ ਕਿ ਪੰਡਤ ਰਾਮ ਪ੍ਰਕਾਸ਼ ਦੀ ਈ ਨਹੀਂ, ਉਹਦੇ ਬਾਪ ਖਰੈਤੀ ਲਾਲ ਦੀ ਸਾਂਝ ਵੀ ਤਖਤ ਸਿੰਹੁ ਨਾਲ ਮਰਦੇ ਦਮ ਤਕ ਰਹੀ ਸੀ ਤੇ ਇਸੇ ਕਰਕੇ ਹੁਣ ਪੰਡਤ ਨੇ ਰੇਸ਼ਮ ਸਿੰਹੁ ਦੀ ਹਾਂ ਵਿਚ ਹਾਂ ਮਿਲਾਉਣੀ ਹੀ ਸੀ। ਨਾਲੇ ਰੇਸ਼ਮ ਸਿੰਹੁ ਦਾ ਕਾਲਿਜ ਪੜ੍ਹਦਾ ਤੇਜ਼ ਤਰਾਰ ਮੁੰਡਾ ਰਾਮ ਪ੍ਰਕਾਸ਼ ਦੇ ਬਹੀ ਖਾਤੇ ਦਾ ਕੰਮ ਦੇਖਦਾ ਸੀ।... ਨਾਲ ਹੀ ਇਕ ਹੋਰ ਸਾਂਝ ਦੀ ਗੱਲ ਸੀ ਜਿਹਨੂੰ ਪਿੰਡ ਦੇ ਵਸਨੀਕ ਕਦੇ ਵੀ ਭੁੱਲ ਨਈਂ ਸਕਦੇ... ਉਦੋਂ ਰੇਸ਼ਮ ਸਿੰਹੁ ਦੀ ਧੀ ਨੂੰ ਵਿਆਹੁਣ ਆਏ ਮੁੰਡੇ ਨੇ ਵੱਡੀ ਕਾਰ ਦੀ ਮੰਗ ਰੱਖ ਦਿੱਤੀ।

"ਸਾਲਿਓ ਮੈਂ ਤਾਂ ਧੀ ਦਾ ਵਿਆਹ ਈ ਮਸੀਂ ਕਰ ਰਿਹਾਂ... ਓਏ ਲੋਕੋ! ਮੈਂ ਤਾਂ ਸੈਕਲ ਵੀ ਨਈਂ ਦੇ ਸਕਦਾ... ਇਨ੍ਹਾਂ ਨੂੰ ਕਹਿ ਦਿਓ, ਇਹ ਬਰਾਤ ਮੋੜ ਕੇ ਲੈ ਜਾਣ।" ਰੇਸ਼ਮ ਸਿੰਹੁ ਨੇ ਅੰਦਰ ਬਹਿ ਕੇ ਵਚੋਲੇ ਨੂੰ ਇਹ ਗੱਲ ਸਾਫ਼ ਕਹਿ ਦਿੱਤੀ ਸੀ। ਉਸ ਸਮੇਂ ਰੇਸ਼ਮ ਸਿੰਹੁ ਦੇ ਦੋਨੋਂ ਸਾਲੇ ਤੇ ਨਾਲ ਈ ਤਾਏ ਦਾ ਪੁੱਤ ਭਰਾ ਸੁਣ ਕੇ ਹੈਰਾਨ ਤਾਂ ਜ਼ਰੂਰ ਹੋ ਗਏ ਸਨ ਪਰ ਜੇਬ ਕਿਸੇ ਦੀ ਨਈਂ ਸੀ ਖੁੱਲ੍ਹੀ। ਉਦੋਂ ਪੰਡਤ ਰਾਮ ਪ੍ਰਕਾਸ਼ ਨੇ ਹੀ ਉਠ ਕੇ ਕਿਹਾ ਸੀ,

"ਬਈ ਲਾੜੇ ਨੂੰ ਸੱਦ ਕੇ ਕਹਿ ਦਿਓ ਅਸੀਂ ਉਹਨੂੰ ਮਾਰੂਤੀ ਕਾਰ ਤਾਂ ਦੇ ਦਿੰਦੇ ਆਂ... ਵੱਡੀ ਕਾਰ ਨਈਂ...।"

"ਦੇਖ ਲਓ ਬਈ... ਆਹ ਹੁੰਦਾ ਧਰਮਿੱਕਾ! ਲਾਜ ਰੱਖ ਲਈ ਸੀ ਪੰਡਤ ਨੇ... ਸ਼ਾਬਾਸ਼ੇ ਬਈ! ਨਹੀਂ ਰੀਸਾਂ ਪੰਡਤਾਂ ਦੇ ਟੱਬਰ ਦੀਆਂ...।" ਉਦੋਂ ਸਾਰੇ ਪਿੰਡ ਨੇ ਈ ਪੰਡਤਾਂ ਦੇ ਸੋਹਲੇ ਗਾਏ ਸੀ।

ਹੁਣ ਜਦੋਂ ਪੰਡਤ ਰਾਮ ਪ੍ਰਕਾਸ਼ ਰੇਸ਼ੂ ਦੇ ਪੱਖ ਵਿਚ ਬੋਲਿਆ ਤਾਂ ਕਿਸੇ ਨੂੰ ਵੀ ਹੈਰਾਨੀ ਨਈਂ ਸੀ ਹੋਈ।

ਪੰਡਤ ਦੀ ਗੱਲ ਮੁੱਕੀ ਤਾਂ ਕੈਪਟਨ ਨੇ ਹੌਲੀ ਜਿਹੀ ਖੰਘੂਰਾ ਮਾਰਿਆ ਤੇ ਬੋਲਿਆ, "ਕਿਉਂ ਬਈ ਬਖ਼ਸ਼ੀ ਰਾਮ ਤੇ ਪੂਰਨ ਚੰਦ, ਤੁਸੀਂ ਦੱਸੋ ਰੇਸ਼ਮ ਸਿੰਹੁ ਗਿਆ ਸੀ ਆਪਣੀ ਮਰੀ ਪਈ ਮਹਿੰ ਨੂੰ ਚੁੱਕਣ ਵਾਸਤੇ ਮਿਲਖੀ ਨੂੰ ਕਹਿਣ... ਪਤਾ ਲੱਗਾ, ਉਹ ਮਕਾਨ ਵੇਚ ਕੇ ਪਿੰਡ 'ਚੋਂ ਚਲਾ ਗਿਆ... ਹੁਣ ਮਸਲਾ ਇਹ ਆ, ਬਈ ਮਰੇ ਪਏ ਡੰਗਰ ਨੂੰ ਤਾਂ ਚੁੱਕਣਾ ਈ ਆ... ਰੇਸ਼ਮ ਸਿੰਹੁ ਨੇ ਇਹ ਕੰਮ ਕਰਨ ਲਈ ਤੁਹਾਨੂੰ ਕਹਿ ਦਿੱਤਾ... ਏਸ ਗੱਲ 'ਤੇ ਤੁਸੀਂ

ਰੇਸ਼ਮ ਸਿੰਘ ਨਾਲ ਈ ਭਗੜ ਪਏ... ਬਈ ਉਹਨੇ ਕੋਈ ਮਾੜੀ ਗੱਲ ਤਾਂ ਕਹੀ ਨਈਂ... ਤੁਹਾਡੇ ਵੱਡੇ-ਵਡੇਰੇ ਸਾਰੇ ਈ ਅੱਜ ਤਕ ਇਹ ਕੰਮ ਕਰਦੇ ਆਏ ਆ...।" ਕੈਪਟਨ ਜੋ ਸਰਪੰਚ ਸੀ, ਗੱਲ ਕਰਦਾ-ਕਰਦਾ ਕੁਝ ਗਰਮਾਈ ਵਿਚ ਵੀ ਆ ਗਿਆ।

"ਕੈਪਟਨ ਸਾਹਬ... ਵੱਡੇ-ਵਡੇਰਿਆਂ ਵਾਲੀ ਗੱਲ ਉੱਤੇ ਪਾਓ ਮਿੱਟੀ... ਹੁਣ ਬੀਤੇ ਦੀਆਂ ਬਾਤਾਂ ਨਾ ਛੇੜੋ... ਇਹ ਕੰਮ ਤਾਂ ਉਹੀ ਬੰਦੇ ਕਰਦੇ ਸੀ ਜਿਨ੍ਹਾਂ ਨੂੰ ਇਹ ਮਾਫਕ ਬਹਿੰਦਾ ਸੀ... ਅੱਜ ਵੀ ਜੇ ਕੋਈ ਕਰਦਾ ਤਾਂ ਸਾਨੂੰ ਕੋਈ ਰੰਜ ਨਈਂ... ਪਰ ਮੈਂ ਜਾਂ ਬਖ਼ਸ਼ੀ ਬਿਲਕੁਲ ਨਈਂ ਕਰਾਂਗੇ... ਕਿਉਂ ਬਈ ਠੇਕੇਦਾਰਾ?" ਬੜੀ ਤਲਖੀ ਨਾਲ ਪੂਰਨ ਚੰਦ ਨੇ ਗੱਲ ਮੁਕਾ ਕੇ ਪਰ੍ਹਾਂ ਬੈਠੇ ਬਖ਼ਸ਼ੀ ਵੱਲ ਮੂੰਹ ਘੁੰਮਾਇਆ।

"ਦੇਖੋ ਭਰਾਵੋ... ਸਾਫ਼ ਗੱਲ ਆ... ਇਹ ਕੰਮ ਮੇਰਾ ਕਰਦਾ ਛਿੱਤਰ... ਖ਼ਬਰਦਾਰ ਮੈਨੂੰ ਕੋਈ ਕਹੇ ਵੀ ਨਾ।" ਬੋਲਦੇ ਹੋਏ ਬਖ਼ਸ਼ੀ ਨੇ ਸਿਰ ਦਾ ਸਾਫ਼ਾ ਖੋਲ੍ਹਿਆ ਤੇ ਮੁੜ ਸਿਰ ਦੁਆਲੇ ਵਲ੍ਹੇਟਦਿਆਂ ਸਰਪੰਚ ਵੱਲ ਦੇਖਦਿਆਂ ਕਿਹਾ, "ਮੇਰੀ ਗੱਲ ਸੁਣੋ ਕੈਪਟਨ ਸਾਹਬ... ਰੇਸ਼ੂ ਨੇ ਗੱਲ ਈ ਅਟੱਡੀ ਕੀਤੀ ਸੀ... ਮੈਂ ਤਾਹੀਂ ਗੁੱਸੇ ਵਿਚ ਬੋਲਿਆ ਸੀ... ਫੇ ਗੱਲ ਕਰਕੇ ਇਹ ਰੁਕਿਆ ਨਈਂ... ਨਈਂ ਜਵਾਬ ਤਾਂ ਮੈਂ ਦਿੰਦਾ ਇਹਨੂੰ...।"

"ਬੱਸ ਬਈ ਬੱਸ... ਅਗਲੀ ਗੱਲ ਕਰੋ।" ਬੀਬੀ ਹਰਕੋ ਨੇ ਕਹਿ ਕੇ ਹੱਥ ਉਪਰ ਨੂੰ ਚੁੱਕਿਆ।

ਸਵੇਰੇ ਸਾਝਰੇ ਰੇਸ਼ੂ ਨਾਲ ਗੱਲ ਵਾਪਰੀ ਸੀ ਜਦੋਂ ਉਹ ਮਿਲਖੀ ਨੂੰ ਕਹਿਣ ਗਿਆ ਸੀ ਕਿ ਉਹ ਆਵੇ ਤੇ ਮਹਿੰ ਨੂੰ ਚੁੱਕੇ ਪਰ ਜਦੋਂ ਮਿਲਖੀ ਨਈਂ ਮਿਲਿਆ ਤਾਂ ਗਲੀ ਵਿਚ ਖੜ੍ਹੇ ਬਖ਼ਸ਼ੀ ਵੱਲ ਦੇਖ ਕੇ ਉਹ ਬੋਲਿਆ,

"ਓ ਬਖ਼ਸ਼ੀ ਭਾਅ... ਆਹ ਕਿੱਥੇ ਨਿਕਲ ਗਿਆ ਮਿਲਖੀ? ਉਹਦਾ ਤਾਂ ਕੋਠਾ ਵੀ ਢਾਹਿਆ ਪਿਆ ਯਾਰ...।"

"ਉਹ ਤਾਂ ਢਾਈ ਮਹੀਨੇ ਹੋਣ ਲੱਗੇ ਆ ਫਗਵਾੜੇ ਚਲਾ ਗਿਆ।"

"ਬਈ ਹੁਣ ਉਹਦੇ ਵਾਲਾ ਕੰਮ ਕੌਣ ਕਰੂ?" ਥੋੜ੍ਹਾ ਜਿਹਾ ਹੈਰਾਨ ਹੋ ਕੇ ਰੇਸ਼ੂ ਬੋਲਿਆ।

"ਇਹਦੇ ਬਾਰੇ ਤਾਂ ਮੈਂ ਕੀ ਕਹਾਂ...।"

"ਆਹ ਨਾਲ ਆਪਣੇ ਭਤੀਜੇ ਨੂੰ ਲੈ ਲਾ... ਕਰੋ ਤਾਂ ਹਿੰਮਤ... ਦੋ ਜਣੇ ਤੁਸੀਂ ਹੈਗੇ ਆਂ... ਨਾਲ ਮੈਂ ਹੈਗਾ... ਰੇਹੜੀ ਉੱਥੇ ਖੜ੍ਹੀ ਈ ਆ ਆਪਣੀ।"

"ਨਈਂ ਰੇਸ਼ਮਾ... ਐਦਾਂ ਨਹੀਂ ਕੋਈ ਜਾਣ ਲੱਗਾ... ਜਿਹੜਾ ਕੋਈ ਇਹ ਕੰਮ ਕਰਦਾ, ਉਹੀ ਕਰੂ...।" ਬਖ਼ਸ਼ੀ ਹੁਣ ਥੋੜ੍ਹਾ ਆਕੜ ਕੇ ਤੜ ਨਾਲ ਬੋਲਿਆ।

"ਲੈ ਹੱਦ ਹੋ ਗਈ... ਕਰਨ ਨੂੰ ਕੀ ਆ... ਤੁਹਾਡੇ ਵਿਹੜੇ ਦਾ ਬੰਦਾ ਈ ਕਰਦਾ ਸੀ... ਭਰਾਵਾ ਇਹ ਤਾਂ ਗ਼ਲਤ ਗੱਲ ਆ... ਚੱਲ ਆ ਯਾਰ।" ਰੇਸ਼ਮ ਸਿੰਹੁ ਨੇ ਜਿਵੇਂ ਤਰਲਾ ਮਾਰਿਆ।

"ਨਾ ਬਈ ਨਾ... ਹੋਰ ਨਈਂ ਕਿਸੇ ਦੇ ਵੱਸ ਦੀ ਗੱਲ... ਸਾਡੇ ਦਸਾਂ ਬਾਰਾਂ ਘਰਾਂ 'ਚੋਂ ਨਈਂ ਕੋਈ ਵੀ ਜਾਊ... ਤੂੰ ਹਿੰਮਤ ਕਰ ਤਾਂ ਆਪਣੀ ਕਾਰ ਚੁੱਕ ਕੇ ਫਗਵਾੜੇ ਨੂੰ ਹੋ।"

ਬਖ਼ਸ਼ੀ ਦੀ ਨਾਂਹ ਸੁਣ ਕੇ ਰੇਸ਼ਮ ਸਿੰਹੁ ਤੈਸ਼ ਵਿਚ ਆ ਗਿਆ ਤੇ ਤੁਰਦਾ ਤੁਰਦਾ ਬੋਲਿਆ, "ਇਹ ਤਾਂ ਗੱਲ ਠੀਕ ਨਈਂ... ਅੱਜ ਈ ਕਰਦੇ ਆਂ ਕਿਸੇ ਬੰਦੇ ਦਾ ਬੰਦੋਬਸਤ...।" ਕਹਿੰਦਾ ਹੋਇਆ ਰੇਸ਼ਮ ਸਿੰਹੁ ਚਮਕ ਪਿਆ ਤੇ ਚੀਕ ਕੇ ਬੋਲਿਆ, "ਤੁਹਾਨੂੰ ਯਾਰ ਫੂਕਣਾ ਆਂ... ਤੁਸੀਂ ਹੁਣ ਬਾਹਮਣ ਬਣ ਗਏ ਆਂ... ਤੁਹਾਡਾ ਤਾਂ ਵਸੇਬਾ ਈ ਪਿੰਡ ਵਿਚ ਏਸ ਕੰਮ ਕਰਕੇ ਕੀਤਾ...।"



"ਓਏ ਵੱਡਿਆ ਰਜਵਾੜਿਆ... ਐਵੇਂ ਨਾ ਗੱਲ ਨੂੰ ਵਧਾਈ ਜਾ, ਫੂਕਣ ਦਾ ਕੀ ਮਤਲਬ ਆ?" ਕਹਿੰਦਿਆਂ ਬਖ਼ਸ਼ੀ ਦਾ ਲਹਿਜਾ ਈ ਬਦਲ ਗਿਆ। ਉਹਦੇ ਤੇਵਰ ਦੇਖ ਕੇ ਰੇਸ਼ਮ ਸਿੰਹੁ ਨੇ ਖਿਸਕਣਾ ਹੀ ਬਿਹਤਰ ਸਮਝਿਆ ਸੀ।

ਪੰਡਤ ਰਾਮ ਪ੍ਰਕਾਸ਼ ਭੜਕ ਕੇ ਫਿਰ ਬੋਲ ਪਿਆ, "ਪੂਰਨ ਚੰਦ ਜੀ, ਸਾਰੇ ਭਰਾ ਸੁਣ ਲਓ... ਆਪਾਂ ਜੇ ਇਸ ਪਿੰਡ ਵਿਚ ਵਸਣਾ ਆਂ ਤਾਂ ਇਹ ਕੰਮ ਕਰਨਾ ਈ ਪਏਗਾ...।"

"ਐਵੇਂ ਗ਼ਲਤ ਗੱਲ ਨਾ ਕਰੋ ਭਰਾ ਜੀ... ਹੈ ਕੋਈ ਮਾਂ ਦਾ ਜੰਮਿਆ ਜਿਹੜਾ ਕਿਸੇ ਨੂੰ ਇਹ ਗੱਲ ਲੈ ਕੇ ਹਿਲਾਉਣ ਵਾਲਾ...।"

ਕੈਪਟਨ ਨੇ ਫਿਰ ਮੌਕਾ ਸੰਭਾਲਿਆ ਤੇ ਹੱਥ ਚੁੱਕ ਕੇ ਕਹਿੰਦਾ, "ਬਈ ਭਰਾਵੋ, ਹੁਣ ਮਸਲਾ ਤਾਂ ਹੈ ਡੈੱਡ ਪਈ ਮੱਝ ਦਾ... ਇਸ ਬਾਰੇ ਵਿਚਾਰੋ...।"

"ਇਹ ਉਹ ਵਿਚਾਰੇ ਜਿਹਦੀ ਮਹਿੰ ਮਰੀ ਪਈ ਆ... ਜਾਂ ਫੇ ਪੰਚੈਤ ਵਿਚਾਰੇ...।" ਹੁਣ ਬਖ਼ਸ਼ੀ ਬੜੇ ਕਰੋਧ ਜਾਂ ਕਹਿ ਲਓ ਬੜੀ ਤਿੱਖੀ ਆਵਾਜ਼ 'ਚ ਬੋਲਿਆ ਤੇ ਸਿਰ ਦਾ ਸਾਫਾ ਲਾਹ ਕੇ ਦੁਬਾਰਾ ਸਿਰ ਨਾਲ ਲਪੇਟਿਆ।

ਇਸੇ ਸਮੇਂ ਰੇਸ਼ਮ ਸਿੰਹੁ ਨੇ ਬੜੇ ਟੇਢੇ ਜਿਹੇ ਬੋਲ ਆਖੇ, "ਚਾਚਾ ਜੀ ਕੈਪਟਨ ਸਾਹਬ... ਪਿੰਡ ਦੇ ਕਈ ਬੰਦਿਆਂ ਨੇ ਤਾਂ ਅਕਲ-ਮਾਂ ਨੂੰ ਬੋਝੇ ਵਿਚ ਤੁੰਨਿਆ ਹੁੰਦਾ... ਬਾਹਰ ਤਾਂ ਕੱਢਦੇ ਈ ਨਈਂ...।"

"ਓਏ ਤੂੰ ਤਾਂ ਅਕਲ ਨੂੰ ਹੱਥ 'ਤੇ ਰੱਖੀ ਫਿਰਦਾਂ ਰੇਸ਼ਮ ਸਿਆਂ... ਤੂੰ ਉਠ ਤੇ ਰੱਖੇ ਨਾਲ ਸਭ ਨੂੰ ਚਾਹ ਤੇ ਬਿਸਕੁਟ ਵਰਤਾ... ਕਦੇ-ਕਦੇ ਕੋਈ ਚੱਜ ਦਾ ਕਾਰਜ ਵੀ ਕਰ ਲਿਆ ਕਰ ਆਪਣੇ ਫਾਦਰ ਵਾਂਗ।" ਕਹਿ ਕੇ ਕੈਪਟਨ ਨੇ ਸਾਰੇ ਹੱਸਣ ਲਾ ਦਿੱਤੇ।

ਇਸੇ ਸਮੇਂ ਰੇਸ਼ਮ ਸਿੰਹੁ ਦਾ ਮੁੰਡਾ ਚਾਰ ਪੰਜ ਜੋਟੀਦਾਰਾਂ ਨੂੰ ਨਾਲ ਲਈ ਪੰਚਾਇਤ ਘਰ ਦੇ ਅੰਦਰ ਰੇਸ਼ਮ ਸਿੰਹੁ ਕੋਲ ਆਇਆ ਤੇ ਕਹਿੰਦਾ, "ਡੈਡੀ... ਆ ਚਾਬੀ ਦਿਓ ਤਾਂ ਟਰੈਕਟਰ ਦੀ... ਅਸੀਂ ਮਹਿੰ ਦੀ ਬਾਡੀ ਲਾਹ ਆਈਏ ਰਾਮਪੁਰ ਤਕ...।"

ਸਾਰੇ ਬੈਠਿਆਂ ਨੇ ਇਕ ਦਮ ਹੈਰਾਨ ਹੋ ਕੇ ਮੁੰਡਿਆਂ ਵੱਲ ਦੇਖਿਆ ਤੇ ਚੁੱਪ ਈ ਕਰ ਗਏ।000

*( 201-ਏ, ਸ਼ਿਵਾਲਿਕ ਵਿਹਾਰ, ਜ਼ੀਰਕਪੁਰ,*
*ਜ਼ਿਲ੍ਹਾ ਐੱਸ.ਏ.ਐੱਸ.ਨਗਰ-ਮੁਹਾਲੀ -140 601*
*ਫੋਨ: 98555-91762 )*

# ਦਰੋਣਾਚਾਰੀਆ: ਕਹਾਣੀ: ਗੁਰਮੀਤ ਕੜਿਆਲਵੀ

ਮਾਸਟਰ ਕੁਲਵੰਤ ਸਿੰਘ ਅੱਜ ਫੇਰ ਵਕਤ ਸਿਰ ਸਕੂਲ ਨਹੀਂ ਆਇਆ। ਲੇਟ ਆਉਣ ਦੀ ਤਾਂ ਉਸਨੇ ਆਦਤ ਹੀ ਬਣਾ ਲਈ ਹੈ। ਲੇਟ ਵੀ ਦਸ ਪੰਦਰਾਂ ਮਿੰਟ ਜਾਂ ਅੱਧਾ ਘੰਟਾ ਨਹੀਂ, ਪੂਰੇ ਦੋ ਘੰਟੇ। ਇਸਨੂੰ ਲੇਟ ਨਹੀਂ ਫਰਲੋ ਕਿਹਾ ਜਾਂਦਾ ਹੈ। ਫਰਲੋ ਕਹਿ ਲਵੋ ਜਾਂ ਢੀਠਪੁਣਾ, ਇਕੋ ਗੱਲ ਹੈ।ਕਈ ਵਾਰ ਤਾਂ ਅੱਧੀ ਛੁੱਟੀ ਦੀ ਘੰਟੀ ਵੱਜਣ ਵਾਲੀ ਹੁੰਦੀ ਹੈ ਜਦੋਂ ਕਿਸੇ ਪਾਸਿਓਂ ਆ ਸਿਰ ਕੱਢਦਾ ਹੈ। ਇਹ ਵੀ ਹੈਰਾਨੀ ਵਾਲੀ ਗੱਲ ਹੈ ਕਿ ਲੇਟ ਆਉਣ ਦੇ ਬਾਵਜੂਦ ਕਿਸੇ ਤਰ੍ਹਾਂ ਦੀ ਸੰਗ ਸ਼ਰਮ ਜਾਂ ਅਫਸੋਸ ਦਾ ਕੋਈ ਨਾਂ-ਨਿਸ਼ਾਨ ਵੀ ਚਿਹਰੇ 'ਤੇ ਨਹੀਂ ਆਉਣ ਦਿੰਦਾ। ਉਲਟਾ ਲੇਟ ਆਉਣ ਨੂੰ ਤਾਂ ਆਪਣੇ ਜਾਤੀ ਗੌਰਵ ਨਾਲ ਜੋੜ ਦਿੰਦਾ ਹੈ।

"ਗਰੇਵਾਲ ਸਾਹਿਬ! ਨੌਕਰੀ ਆਪਾਂ ਕਰਦੇ ਹਾਂ ਸ਼ੌਂਕ ਨਾਲ। ਕਿਸੇ ਕਿਸਮ ਦੀ ਮਜਬੂਰੀ ਕੋਈ ਨ੍ਹੀ। ਆਪਾਂ ਤਾਂ ਸੋਚਿਆ ਹੋਇਆ, ਜਿੰਨਾ ਚਿਰ ਨੌਕਰੀ ਕਰਨੀ ਐ, ਟੌਹਰ ਨਾਲ ਕਰਨੀ।" ਹਾਜ਼ਰੀ ਰਜਿਸਟਰ 'ਤੇ ਹਾਜ਼ਰੀ ਵਾਲੇ ਖਾਨੇ 'ਚ ਕੇ ਐੱਸ ਭਰਦਿਆਂ ਉਹ ਹਿੜ ਹਿੜ ਕਰਨ ਲੱਗਦਾ ਹੈ।

ਮੈਂ ਮਨ ਹੀ ਮਨ ਉਸਨੂੰ ਮੋਟੀਆਂ ਸਾਰੀਆਂ ਗਾਹਲ਼ਾਂ ਕੱਢਦਾ ਹਾਂ। ਜੀਅ ਤਾਂ ਕਰਦਾ ਹੈ ਉਸਨੂੰ ਆਖਾਂ, "ਸਰਦਾਰ ਬਹਾਦਰ ਸਰਦਾਰ ਕੁਲਵੰਤ ਸਿੰਘ ਜੀ ਮਜਬੂਰੀ ਦਾ ਨਾਂ ਹੀ ਨੌਕਰੀ ਹੈ। ਗ਼ੁਲਾਮੀ ਦਾ ਦੂਜਾ ਨਾਂ ਹੈ ਨੌਕਰੀ। ਨੌਕਰੀ ਕੀ ਤੇ ਨਖਰਾ ਕੀ? ਜੇ ਜਨਾਬ ਹੁਣਾਂ ਨੂੰ ਕੋਈ ਮਜਬੂਰੀ ਨ੍ਹੀ ਤਾਂ ਕੀ ਕਰਨਾ ਗ਼ੁਲਾਮੀ ਕਰ ਕੇ ? ਦਿਓ ਅਸਤੀਫ਼ਾ ਤੇ ਹੋ ਜਾਓ ਆਜ਼ਾਦ। ਤੋੜ ਦਿਓ ਗ਼ੁਲਾਮੀ ਵਾਲੇ ਪਿੰਜਰੇ। ਨੌਕਰੀ ਕਰਨਾ ਕੋਈ ਸ਼ੌਂਕ ਨਹੀਂ। ਸ਼ੌਂਕ ਹੁੰਦਾ ਹੈ ਕਿਤਾਬਾਂ ਪੜ੍ਹਨੀਆਂ, ਫਿਲਮਾਂ ਦੇਖਣੀਆਂ, ਕੁਸ਼ਤੀਆਂ ਕਰਨੀਆਂ, ਖੇਡਾਂ ਖੇਡਣੀਆਂ, ਤਾਸ਼ ਕੁੱਟਣੀ, ਸੈਰ ਸਪਾਟੇ ਕਰਨੇ, ਕਬੂਤਰ ਪਾਲਣੇ, ਕੁੱਕੜ ਲੜਾਉਣੇ ਜਾਂ ਰਾਜਿਆਂ ਮਹਾਂਰਾਜਿਆਂ ਵਾਂਗ ਬੰਦੇ ਲੜਾਉਣੇ। ਮਾਸਟਰੀ ਕਰਨੀ ਤੇ ਉਹ ਵੀ ਪ੍ਰਾਇਮਰੀ ਸਕੂਲ ਦੀ, ਇਹ ਭਲਾ ਕਿੱਧਰਲਾ ਸ਼ਾਹੀ ਸ਼ੌਂਕ ਹੋਇਆ ?"

ਮੈਂ ਚੁੱਪ ਹੀ ਰਹਿੰਦਾ ਹਾਂ। ਉਸਨੂੰ ਆਖਦਾ ਨਹੀਂ। ਐਹੋ ਜਿਹੇ ਬੰਦਿਆ ਦੇ ਮੂੰਹ ਲੱਗਣਾ ਹੀ ਨਹੀਂ ਚਾਹੁੰਦਾ। ਅਜਿਹੇ ਜਾਤ ਅਭਿਮਾਨੀ ਬੰਦੇ ਮੈਨੂੰ ਕਦੇ ਵੀ ਪਸੰਦ ਨਹੀਂ ਆਏ। ਖਾਹ ਮਖਾਹ ਦੀਆਂ ਡੀਂਗਾਂ ਮਾਰਨ ਵਾਲੇ। ਫੁਕਰੇ ਤੇ ਫਰੌਡੀ।

ਉਸਦੀ ਫਰੌਡ ਸੁਣਕੇ ਤਾਂ ਕੱਛਾਂ ਵਿਚ ਦੀ ਹਾਸਾ ਨਿਕਲਣ ਲੱਗ ਜਾਂਦਾ ਹੈ। ਉਹ ਕੋਈ ਵੀ ਗੱਲ ਕਰੋੜਾਂ ਤੋਂ ਘੱਟ ਦੀ ਨਹੀਂ ਕਰਦਾ।

"ਗਰੇਵਾਲ ਸਾਹਿਬ! ਇਕ ਪਲਾਟ ਬਣਦਾ ਸ਼ਹਿਰ ਦੇ ਐਨ ਗੱਭੇ। ਢਾਈ ਕਰੋੜ ਦੀ ਪਰੌਪਰਟੀ ਹੋਊ। ਆਪਾਂ ਨੂੰ ਪਤਾ ਕਿੰਨੇ 'ਚ ਬਣਦੀ ਐ?" ਆਪਣੀ ਗੱਲ 'ਚ ਹੁੰਗਾਰਾ ਭਰਾਉਣ ਦਾ ਉਸਦਾ ਇਹ ਵੀ ਇਕ ਢੰਗ ਹੈ।

"ਮੈਨੂੰ ਕੀ ਪਤਾ ਕਿੰਨੇ ਦੀ ਬਣਦੀ ਹੈ?"

"ਅੰਦਾਜ਼ਾ ਤਾਂ ਲਾਓ।"

"ਮੈਂ ਕਿਹੜਾ ਜੋਤਸ਼ੀ ਆਂ। ਤੂੰ ਆਪ ਈ ਦੱਸਦੇ।" ਮੈਂ ਮਗਰੋਂ ਲਾਹੁੰਦਾ ਹਾਂ।

"ਤੁਸੀਂ ਸੋਚ ਵੀ ਨਹੀਂ ਸਕਦੇ। ਸਿਰਫ਼ ਪੈਂਤੀ ਲੱਖ ਦੀ ਬਣਦੀ ਐ। ਮਾੜਾ ਜਿਹਾ ਰੌਲ਼ਾ ਐ। ਰੌਲ਼ਾ ਵੀ ਕਾਹਦਾ, ਐਵੇਂ ਮਾਮੂਲੀ ਜ੍ਹੀ ਮਰੋੜੀ ਐ।" ਉਹ ਵੱਡੀ ਭੂਮਿਕਾ ਬੰਨ੍ਹਦਾ।

"ਐੱਮ ਐੱਲ ਏ ਦੇ ਪੀ ਏ ਨੂੰ ਪਾਰਟਨਰ ਰੱਖਣਾ। ਪਲਾਟ 'ਤੇ ਖਰਚਾ ਸਾਰਾ ਮੈਂ ਕਰਨਾ,



ਮਰੋੜੀ ਸਾਰੀ ਉਹਨੇ ਕੱਢਣੀ ਐ। ਐਂ ਸਮਝਲੋ ਵੀ ਨੋਟ ਈ ਨੋਟ ਬਣਨੇ। ਸੁੱਕਾ ਦੋ ਕਰੋੜ ਬਚਣਾ ਸੌਦੇ 'ਚੋਂ। ਮੈਂ ਪੀ ਏ ਨਾਲ ਗੱਲ ਕੀਤੀ ਸੀ ਥੋੜੇ ਬਾਰੇ। ਵੇਖ ਲਿਓ ਜੇ ਇਰਾਦਾ ਬਣਦਾ ਹੋਵੇ। ਤੀਜੇ ਹਿੱਸੇ 'ਚ ਸ਼ਾਮਲ ਹੋਣਾ ਹੋਵੇ ਤਾਂ। ਪੈਸੇ ਨ੍ਹੀ ਮਰਦੇ, ਏਸ ਗੱਲ ਦੀ ਮੇਰੀ ਗਰੰਟੀ ਐ।" ਉਹ ਬਗਲੇ ਦੇ ਸਿਰ 'ਤੇ ਮੋਮ ਢਾਲ਼ ਕੇ ਰੱਖਣ ਦਾ ਯਤਨ ਕਰਦਾ ਹੈ। ਮੈਂ ਆਪਣੀ ਕੋਈ ਮਜਬੂਰੀ ਦੱਸਦਾ ਹੋਇਆ ਇਸ 'ਲਾਭਕਾਰੀ' ਸੌਦੇ 'ਚ ਸ਼ਾਮਲ ਹੋਣੋ ਇਨਕਾਰ ਕਰ ਦਿੰਦਾ ਹਾਂ।

ਕਰੋੜਾਂ ਦੀਆਂ ਗੱਲਾਂ ਕਰਨ ਵਾਲਾ ਇਹ ਮਾਸਟਰ ਰੇਹੜੀ ਤੋਂ ਕੇਲੇ ਲੈਣ ਲੱਗਿਆਂ ਅੱਧਾ ਘੰਟਾ ਭਾਅ ਕਰਨ 'ਤੇ ਹੀ ਲਾ ਦਿੰਦਾ ਹੈ।

"ਗਰੇਵਾਲ ਸਾਹਿਬ! ਆਪਾਂ ਤਾਂ ਸਬਜ਼ੀ ਆਥਣੇ ਲਿਜਾਈਦੀ ਖਰੀਦ ਕੇ। ਸਸਤੀ ਬਣ ਜਾਂਦੀ। ਸਵੇਰੇ ਸਵੇਰੇ ਤਾਂ ਪਿਉ ਦਾ ਪਿਉ ਮੰਗ ਬਹਿੰਦੇ ਆ।" ਉਸਨੂੰ ਇਕੱਲੀ ਸ਼ਬਜੀ ਦਾ ਹੀ ਨਹੀਂ ਲੋੜ ਦੀ ਹਰ ਇਕ ਚੀਜ਼ ਦਾ ਪਤਾ ਹੈ ਕਿ ਕਿੱਥੋਂ ਸਸਤੀ ਮਿਲਦੀ ਹੈ।

ਮੈਨੂੰ ਕੁਲਵੰਤ ਸਿੰਘ ਦੀਆਂ ਅਜਿਹੀਆਂ ਨੀਚ ਹਰਕਤਾਂ 'ਤੇ ਗੁੱਸਾ ਤਾਂ ਆ ਜਾਂਦਾ ਹੈ ਪਰ ਸਕੂਲ ਦਾ ਮਾਹੌਲ ਖਰਾਬ ਹੋ ਜਾਣ ਦੇ ਡਰੋਂ ਚੁੱਪ ਹੀ ਕਰਿਆ ਰਹਿੰਦਾ ਹਾਂ। ਲੇਟ ਆ ਕੇ ਵੀ ਉਹ ਡੱਕਾ ਨਹੀਂ ਤੋੜਦਾ। ਮੇਰੇ ਸਾਹਮਣੇ ਕੁਰਸੀ 'ਤੇ ਬੈਠ ਟੇਬਲ 'ਤੇ ਪਏ ਪੇਪਰ ਵੇਟ ਨਾਲ ਖੇਡਦਾ ਨਵੀਆਂ ਫੈਲਸੂਫੀਆਂ ਸੁਣਾਈ ਜਾਂਦਾ ਹੈ। ਆਪਣੇ ਲੇਟ ਹੋ ਜਾਣ ਬਾਰੇ ਉਸ ਕੋਲ਼ ਹਰ ਵਾਰ ਨਵੀਂ ਤੋਂ ਨਵੀਂ ਕਹਾਣੀ ਹੁੰਦੀ ਹੈ।

"ਹੈੱਡ ਸਾਹਬ! ਮੈਂ ਬੱਸ ਘਰੋਂ ਤੁਰਨ ਹੀ ਲੱਗਾ ਸਾਂ ਜਦੋਂ ਐੱਮ ਐੱਲ ਏ ਸਾਹਬ ਦਾ ਫੋਨ ਆ ਗਿਆ। ਕਹਿੰਦੇ ਕੋਠੀ ਹੋ ਕੇ ਜਾਈਂ ਬਦਲੀਆਂ ਸਬੰਧੀ ਕੋਈ ਜ਼ਰੂਰੀ ਗੱਲ ਕਰਨੀ ਐ। ਥੋਨੂੰ ਪਤਾ ਆਪਣੇ ਹਲਕੇ ਦੇ ਸਾਰੇ ਮਹਿਕਮਿਆਂ ਦੀਆਂ ਬਦਲੀਆਂ ਸਬੰਧੀ ਐੱਮ ਐੱਲ ਏ ਸਾਹਬ ਆਪਣੇ ਨਾਲ ਈ ਰਾਇ ਮਸ਼ਵਰਾ ਕਰਦੇ ਨੇ। ਬਦਲੀਆਂ ਆਲ਼ਾ ਮਹਿਕਮਾ ਆਪਾਂ ਨੂੰ ਦਿੱਤਾ ਹੋਇਆ। ਪਹਿਲਾਂ ਤਾਂ ਮੈਂ ਸੋਚਿਆ ਸਕੂਲ ਆ ਕੇ ਹਾਜ਼ਰੀ ਰਜਿਸਟਰ 'ਚ ਘੁੱਗੀ ਮਾਰ ਕੇ ਚਲਾ ਜਾਊਂ। ਨਾਲੇ ਹੈੱਡ ਸਾਹਬ ਨੂੰ ਦੱਸ ਜਾਊਂ। ਫੇਰ ਸੋਚਿਆ ਐੱਮ ਐੱਲ ਏ ਸਾਹਬ ਨੇ ਜਿਹੜਾ ਸਵੱਖਤੇ ਸਵੱਖਤੇ ਫੋਨ ਖੜਕਾਇਆ, ਕੋਈ ਐਮਰਜੈਂਸੀ ਹੋਊ। ਨਾਲੇ ਉਹ ਕਿਹੜਾ ਆਪਣੇ ਵਾਂਗੂੰ ਵਿਹਲੇ ਆ। ਐਧਰ ਓਧਰ ਦੇ ਸੌ ਕੰਮ। ਮੈਂ ਤਾਂ ਵੇਹਨਾ ਰਹਿਨੈਂ। ਕੋਈ ਜੂਨ ਨ੍ਹੀ ਐਹਨਾਂ ਐੱਮ ਐੱਲਿਆਂ ਤੇ ਐੱਮ ਪੀਆਂ ਦੀ। ਕੋਈ ਐਧਰੋਂ ਝੱਗਾ ਖਿੱਚ ਲੈਂਦਾ ਕੋਈ ਓਧਰੋਂ ਪਹੁੰਚਾ ਖਿੱਚ ਲੈਂਦਾ। ਕਈ ਵਾਰ ਤਾਂ ਰੋਟੀ ਖਾਣੀ ਵੀ ਔਖੀ ਹੋ ਜਾਂਦੀ। ਜੇ ਸਾਲ਼ੀ ਰਾਤ ਨਾ ਪੈਂਦੀ ਹੋਵੇ, ਇਹਨਾਂ ਨੂੰ ਤਾਂ ਲੋਕ ਬਿਸਤਰਿਆਂ 'ਚ ਵੀ ਨਾ ਵੜਨ ਦੇਣ। ਊਂ ਰਾਤ ਨੂੰ ਵੀ ਕਿਹੜਾ ਹਟਦੇ ਸਤਾਉਣੋਂ।" ਪੇਪਰ ਵੇਟ ਨੂੰ ਲਾਟੂ ਵਾਂਗ ਘੁੰਮਾ ਕੇ ਛੱਡਦਿਆਂ ਉਹ ਡਿੱਗਣੋ ਬਚਾਉਂਦਾ ਹੋਇਆ ਤੰਦ ਫੇਰ ਜੋੜ ਲੈਂਦਾ ਹੈ।

"ਗਰੇਵਾਲ ਸਾਹਬ! ਦੁਨੀਆਂ ਦਾ ਤਾਂ ਸਹੁਰੀ ਦਾ ਨਾ ਈ ਪੁੱਛੋ ਤਾਂ ਚੰਗਾ। ਜੇ ਕਿਸੇ ਨੂੰ ਕਬਜ਼ੀ ਵੀ ਹੋਜੇ, ਐੱਮ ਐੱਲ ਏ ਵੱਲੀਂ ਭੱਜਦਾ। ਜਿਵੇਂ ਐੱਮ ਐੱਲ ਏ ਨੇ ਅਨੀਮਾ ਕਰਨਾ ਹੋਵੇ। ਜੇ ਕਿਸੇ ਨੂੰ ਲੂਜ਼ ਮੋਸ਼ਨ ਲੱਗ ਜਾਣ ਤਾਂ ਓਧਰ ਨੂੰ ਭੱਜ ਉਠੂ। ਭੜੂਆ ਦਵਾਈ ਲੈ ਜਾ ਕੇ ਕਿਸੇ ਡਾਕਟਰ ਤੋਂ।ਐੱਮ ਐੱਲ ਏ ਨੇ ਕੀ ਮੂਹਰੇ ਡੱਟ ਲਾ ਦੇਣਾ। ਆਹ ਤਾਂ ਹਾਲ ਐ ਆਪਣੀ ਜਨਤਾ ਦਾ।" ਆਪਣੀ ਕੀਤੀ ਗੱਲ 'ਤੇ ਆਪ ਹੀ ਹਿੜ ਹਿੜ ਕਰਕੇ ਹੱਸਦਾ ਪਾਣੀ ਦੀ ਘੁੱਟ ਭਰ ਕੇ ਰਿਕਾਰਡ 'ਤੇ ਦੁਬਾਰਾ ਸੂਈ ਧਰਦਾ।

"ਅੱਜ ਕੱਲ ਤਾਂ ਜੀ ਜੈੱਕ ਦਾ ਜ਼ਮਾਨਾ। ਜੇ ਮਗਰ ਕਿੱਲਾ ਕਾਇਮ ਐ, ਫੇਰ ਈ ਨੌਕਰੀ ਕਰ ਹੁੰਦੀ। ਹਰ ਕੋਈ ਕੰਨ੍ਹ ਭੰਨਦਾ। ਨਹੀਂ ਤਾਂ ਕੋਈ ਹੱਜ ਨ੍ਹੀ ਅੱਜ ਕੱਲ ਨੌਕਰੀ ਕਰਨ ਦਾ। ਜਣੀ ਖਣੀ ਭੂੰਡੀ ਉੱਤੇ ਚੜ੍ਹਦੀ ਤੁਰੀ ਆਉਂਦੀ ਐ। ਆਪਾਂ ਤਾਂ ਏਸੇ ਕਰਕੇ ਕਿੱਲਾ ਕੈਮ ਰੱਖੀਦਾ। ਰਾਜ ਭਾਵੇਂ ਕਿਸੇ ਪਾਰਟੀ ਦਾ ਆ ਜੇ, ਮੌਕੇ ਦਾ ਐੱਮ ਐੱਲ ਏ ਮੁੱਠੀ 'ਚ ਰੱਖੀਦਾ। ਅੱਜ ਕੱਲ੍ਹ ਦੇ ਸਮੇਂ

'ਚ ਤਾਂ ਪੁਲੀਟੀਕਲ ਹੋਣਾ ਈ ਪੈਂਦਾ।" ਉਹ ਖੱਬੇ ਹੱਥ ਦੀ ਬੰਦ ਮੁੱਠੀ ਮੇਰੇ ਅੱਗੇ ਕਰ ਦਿੰਦਾ। ਉਸਦੀ ਇਹ ਰਾਮ ਕਥਾ ਉਦੋਂ ਤਕ ਨਹੀਂ ਮੁੱਕਦੀ ਜਦੋਂ ਮੈਂ ਕੋਈ ਬਹਾਨਾ ਮਾਰ ਕੇ ਆਸੇ ਪਾਸੇ ਖਿਸਕ ਨਹੀਂ ਜਾਂਦਾ।

ਆਪਣੀ ਇਹ ਪੁਲੀਟੀਕਲ ਗੇਮ ਉਹ ਹਰ ਵੇਲੇ ਸਕੂਲ 'ਚ ਵੀ ਖੇਡਦਾ ਹੀ ਰਹਿੰਦਾ ਹੈ। ਸਕੂਲ ਦੇ ਛੇ ਦੇ ਛੇ ਅਧਿਆਪਕਾਂ ਨੂੰ ਵੰਡ ਕੇ ਰੱਖਣ ਦੀ ਕੋਸ਼ਿਸ਼ 'ਚ ਰਹਿੰਦਾ ਹੈ। ਜਦੋਂ ਕਦੇ ਮਾਸਟਰ ਸਵਰਨ ਇਧਰ ਉਧਰ ਹੋਵੇ, ਇਹ ਆਸਾ ਪਾਸਾ ਵੇਖਕੇ ਜਾਤੀ ਪੱਤਾ ਖੇਡਣ ਲੱਗਦਾ ਹੈ, "ਆਪਣਾ ਸਕੂਲ ਤਾਂ ਪੰਜਾਬ 'ਚ ਪਹਿਲਾ ਸਕੂਲ ਹੋਊ ਜਿੱਥੇ ਪਚਾਸੀ ਪਰਸੈਂਟ ਟੀਚਰ ਆਪਣੇ ਆ। ਹੈੱਡ ਵੀ ਆਪਣਾ। ਕਈ ਸਕੂਲਾਂ ਦਾ ਤਾਂ ਬੁਰਾ ਈ ਹਾਲ ਐ। ਹਸਨਗੜ੍ਹੀ ਵਾਲੇ ਸਕੂਲ ਵੱਲ ਵੇਖਲੋ-ਪੰਜਾਂ 'ਚੋਂ ਚਾਰ ਟੀਚਰ ਵੱਢੀਆਂ ਟੁੱਕੀਆਂ ਜਾਤਾਂ ਦੇ। ਵਿਚਾਰਾ ਇਕਬਾਲ ਵੜੈਚ ਫਸਿਆ ਇਕੱਲਾ ਈ। ਜਿਵੇਂ ਕਾਵਾਂ 'ਚ ਉੱਲੂ ਘੇਰਿਆ ਹੁੰਦਾ। ਸਾਲ਼ੀ ਰੋਟੀ ਖਾਣੀ ਵੀ ਔਖੀ ਹੋ ਜਾਂਦੀ ਹੋਊ। ਗੱਲ ਸੋਚਣ ਵਾਲੀ ਐ, ਬੰਦਾ ਖੁੱਲ੍ਹ ਕੇ ਹੱਸ ਵੀ ਨ੍ਹੀ ਸਕਦਾ। ਇਕਬਾਲ ਸਿੰਘ ਤਾਂ ਤਕੜਾ ਜਿਹੜਾ ਕੱਟੀ ਜਾਂਦਾ। ਮੇਰੇ ਵਰਗਾ ਹੁੰਦਾ ਤਾਂ ਹੁਣ ਨੂੰ ਅਫਰੇਵੇਂ ਨਾਲ ਈ ਮਰ ਜਾਂਦਾ। ਮੈਂ ਤਾਂ ਕਈ ਵਾਰ ਆਖਿਆ-ਐਥੇ ਆਜਾ ਸਾਡੇ ਕੋਲ। ਬਦਲੀ ਕਰਾਉਣੀ ਮੇਰਾ ਕੰਮ। ਸਾਰੇ ਇਕੋ ਕੈਟੇਗਰੀ ਦੇ ਹੋਜਾਂਗੇ। ਆਪਣੇ ਆਲ਼ੇ ਸਵਰਨ ਸਿਹੁੰ ਮੋਹੀ ਨੂੰ ਉੱਥੇ ਭੇਜ ਦਿਆਂਗੇ। ਉਹ ਸਕੂਲ ਵੀ ਸੁੱਧ ਹੋਜੂ। ਸਾਰੇ ਦਾ ਸਾਰਾ ਅੰਬੇਡਕਰ ਦੇ ਚੇਲਿਆਂ ਦਾ। ਕਿਉਂ ਗਿੱਲ ਸਾਹਬ ?"

ਉਹ ਮਾਸਟਰ ਸੁਰਜੀਤ ਸਿੰਘ ਗਿੱਲ ਦਾ ਹੁੰਗਾਰਾ ਭਰਾਉਣ ਦੀ ਕੋਸ਼ਿਸ਼ ਕਰਦਾ ਹੈ। ਅਜਿਹੇ ਹੁੰਗਾਰੇ ਉਹ ਗਾਹੇ ਬਗਾਹੇ ਸਾਰੇ ਹੀ ਟੀਚਰਾਂ ਤੋਂ ਭਰਾਉਂਦਾ ਹੈ। ਇਸ ਲਈ ਉਹ ਉਚੇਚਾ ਮਾਹੌਲ ਬਣਾਉਂਦਾ ਹੈ, ਜਿਸ ਟੀਚਰ ਦਾ ਹੁੰਗਾਰਾ ਭਰਾਉਣਾ ਹੁੰਦਾ ਹੈ, ਉਸਦੀ ਚਮਚੀ ਮਾਰਦਾ ਹੈ। ਅਜਿਹੇ ਵੇਲ਼ੇ ਉਹ ਮਾਸਟਰ ਸੁਰਜੀਤ ਗਿੱਲ ਨੂੰ "ਘੈਂਟ ਜੱਟ", ਜੋਗਿੰਦਰ ਸਿੰਘ ਨੂੰ ਧਰਤੀ ਧਕੇਲ, ਮਾਸਟਰ ਜਨਮੀਤ ਨੂੰ ਮਾਨਾਂ ਦਾ ਮਾਨ ਜਿਹੇ ਵਿਸ਼ੇਸ਼ਣ ਲਾਉਂਦਾ ਹੈ। ਮੈਡਮ ਨਿਰਮਲ ਅਰੋੜਾ ਨੂੰ "ਅੱਧੀ ਜੱਟੀ" ਆਖਦਾ ਹੈ। ਉਹ ਖੱਤਰੀਆਂ ਦੀ ਕੁੜੀ ਹੈ ਤੇ ਉਸਨੇ ਜੱਟਾਂ ਦੇ ਮੁੰਡੇ ਨਾਲ ਲਵ ਮੈਰਿਜ ਕਰਵਾਈ ਹੈ। ਉਸਦੇ ਘਰ ਵਾਲਾ ਮਨਬੀਰ ਉਸ ਨਾਲ ਯੂਨੀਵਰਸਿਟੀ 'ਚ ਪੜ੍ਹਦਾ ਸੀ। ਸਟੂਡੈਂਟ ਲੀਡਰ ਵਜੋਂ ਉਸਦੀ ਯੂਨੀਵਰਸਿਟੀ ਦੇ ਵਿਦਿਆਰਥੀਆਂ 'ਚ ਚੰਗੀ ਪੈਂਠ ਸੀ। ਅੱਜਕੱਲ ਉਹ ਕਿਸੇ ਏਡਿਡ ਕਾਲਜ ਵਿਚ ਅਸਿਸਟੈਂਟ ਪ੍ਰੋਫੈਸਰ ਹੈ। ਪੜ੍ਹਾਈ ਦੇ ਦਿਨਾਂ 'ਤੋਂ ਹੀ ਅਗਾਂਹਵਧੂ ਖਿਆਲਾ ਦਾ ਹੈ। ਜਾਤੀਵਾਦ ਵਰਗੀਆਂ ਬਿਮਾਰੀਆਂ ਤੋਂ ਕੋਹਾਂ ਦੂਰ। ਉਸਨੇ ਵੱਡੇ ਵੱਡੇ ਲਾਲਚਾਂ ਨੂੰ ਠੋਕਰ ਮਾਰਕੇ ਹੀ ਆਪਣੇ ਵਿਚਾਰਾਂ ਦੀ ਸਾਥਣ ਨਿਰਮਲ ਅਰੋੜਾ ਨਾਲ ਵਿਆਹ ਕਰਵਾਇਆ ਸੀ।

"ਨਿਰਮਲਾ ਮੈਡਮ! ਤੁਸੀਂ ਹੁਣ ਆਪਣੇ ਆਪ ਨੂੰ ਜੱਟੀ ਈ ਸਮਝਿਆ ਕਰੋ। ਹੁਣ ਪਿੱਛੇ ਕਸਰ ਵੀ ਕੀ ਐ? ਬਣ ਤਾਂ ਗਏ ਈ ਓਂ। ਨਾਲੇ ਛੱਡੋ ਹੁਣ ਆਹ ਅਰੋੜਾ-ਅਰੂੜਾ। ਆਪਣੇ ਨਾਂ ਪਿੱਛੇ ਵੀ ਢਿੱਲੋਂ ਲਾਇਆ ਕਰੋ। "ਨਿਰਮਲ ਢਿੱਲੋਂ" ਆਖਦਿਆਂ ਤਾਂ ਉਈਂ ਮੂੰਹ ਭਰ ਜਾਇਆ ਕਰੂ। ਨਾਲੇ ਢਿੱਲੋਂਆਂ ਦੀ ਤਾਂ ਚੜ੍ਹਾਈ ਐ ਅੱਜਕੱਲ ਪੰਜਾਬ 'ਚ।"

"ਵੀਰ ਜੀ! ਨਾ ਮੈਂ ਕਦੇ ਪਹਿਲਾਂ ਆਪਣੇ ਆਪ ਨੂੰ ਅਜਿਹੀਆਂ ਦਕੀਆਨੂਸੀ ਗੱਲਾਂ 'ਚ ਪਾਇਆ ਸੀ ਨਾ ਹੁਣ ਪਾਉਣਾ। ਮਨਬੀਰ ਦਾ ਇਹੋ ਜਿਹੀਆਂ ਗੱਲਾਂ 'ਚ ਵਿਸ਼ਵਾਸ ਹੀ ਹੈਨੀ। ਉਹ ਤਾਂ ਕਹਿੰਦੇ ਹੁੰਦੇ ਕਿ ਇਨਸਾਨ ਵਧੀਆ ਹੋਣਾ ਚਾਹੀਦਾ, ਜਾਤ ਧਰਮ ਰੰਗ ਕੋਈ ਮਾਇਨੇ ਨ੍ਹੀ ਰੱਖਦੇ। ਮਨਬੀਰ ਦੀ ਨਿਗਾਹ 'ਚ ਇਹ ਬੜੀਆਂ ਛੋਟੀਆਂ ਤੇ ਹੋਛੀਆਂ ਗੱਲਾਂ ਨੇ।" ਮੈਡਮ ਨਿਰਮਲ ਇਕ ਵਾਰ ਨਹੀਂ ਕਈ ਵਾਰ ਕੁਲਵੰਤ ਸਿੰਘ ਦੀ ਗੱਲਾਂ ਗੱਲਾਂ 'ਚ ਧੁਣਾਈ ਕਰ ਚੁੱਕੀ ਹੈ। ਉਸ ਵੇਲੇ ਤਾਂ ਇਹ 'ਹੀਂ'-ਹੀਂ-" ਕਰਕੇ ਗੱਲ ਟਾਲ਼ ਦਿੰਦਾ ਪਰ ਪਿੱਛੋਂ ਇਹ ਅੰਦਰਲੀ ਜ਼ਹਿਰ



ਬਾਹਰ ਕੱਢਣ ਲਈ ਜੀਭ ਦੀ ਉੱਲੀ ਲਾਹੁੰਦਾ ਹੈ।

"ਲੈ ਹੁਣ ਇਹ ਵੀ ਆਪਣੇ ਆਪ ਨੂੰ ਜੱਟੀ ਅਖਵਾਉਂਦੀ ਹੈਗੀ। ਚੌਥੀ ਨੂੰ ਚੋਥੀ, ਕੌਲੀ ਨੂੰ ਕੋਲੀ ਕਹਿਣਾ ਅਜੇ ਤਕ ਨ੍ਹੀ ਛੱਡਿਆ। ਇਹਨੂੰ ਆਖੋ ਫੋਜੀ ਦੀ ਥਾਂ ਫੌਜੀ ਆਖ ਕੇ ਵਿਖਾ ਦੇਵੇ, ਏਹਨੂੰ ਓਸੇ ਟੈਮ "ਮੈਡਮ ਢਿੱਲੋਂ" ਆਖਣਾ ਸ਼ੁਰੂ ਕਰ ਦਿਆਂਗੇ। ਕਿਉਂ ਮਾਨ ਸਾਹਬ ?"

ਇਸਦੀ ਭੜਾਸ ਮੈਡਮ ਨਿਰਮਲ ਕੋਲ ਵੀ ਪਹੁੰਚ ਜਾਂਦੀ ਹੈ ਪਰ ਉਹ ਇਸਦਾ ਨੋਟਿਸ ਨਹੀਂ ਲੈਂਦੀ। ਮੇਰੇ ਖਿਆਲ 'ਚ ਚੰਗਾ ਹੀ ਕਰਦੀ ਹੈ। ਮੈਡਮ ਨਿਰਮਲ ਅਤੇ ਸਵਰਨ ਮਾਸਟਰ ਤਾਂ ਇਸਦੇ ਨਿਸ਼ਾਨੇ 'ਤੇ ਬਣੇ ਹੀ ਰਹਿੰਦੇ ਨੇ। ਮਾਸਟਰ ਸਵਰਨ 'ਤੇ ਟਕੋਰ ਕਰਨ ਦਾ ਮੌਕਾ ਤਾਂ ਜਾਣ ਹੀ ਨਹੀਂ ਦਿੰਦਾ। ਜਾਤੀਵਾਦ ਦਾ ਪੱਤਾ ਖੇਡਦਿਆਂ ਇਹ ਅਕਸਰ ਸੁਰਜੀਤ ਗਿੱਲ ਅਤੇ ਜੋਗਿੰਦਰ ਸਿੰਘ ਨੂੰ ਵੀ ਆਪਣੇ ਨਾਲ ਰਲ਼ਾ ਲੈਂਦਾ ਹੈ। 'ਸਰਕਾਰੀ ਨੌਕਰੀਆਂ ਤਾਂ ਸਾਰੀਆਂ ਰਾਖਵੇਂ ਕੋਟੇ ਵਾਲਿਆਂ ਨੇ ਕਬਜ਼ੇ 'ਚ ਕਰਲੀਆਂ ' ਦਾ ਰਾਗ ਅਲਾਪਦਾ ਇਹ ਅਜਿਹੇ ਅੰਕੜੇ ਪੇਸ਼ ਕਰਦਾ ਹੈ ਜਿਨ੍ਹਾਂ ਦਾ ਕੋਈ ਆਧਾਰ ਨਹੀਂ ਹੁੰਦਾ। ਹੈਰਾਨੀ ਤਾਂ ਉਦੋਂ ਹੁੰਦੀ ਹੈ ਜਦੋਂ ਇਸਦੇ ਪ੍ਰਚਾਰ ਦੇ ਅਸਰ ਥੱਲੇ ਆ ਕੇ ਜੋਗਿੰਦਰ ਸਿੰਘ ਵਰਗੇ ਵੀ ਗ਼ਲਤ ਬਿਆਨੀ ਕਰਨ ਲੱਗਦੇ ਹਨ।

ਕੁਲਵੰਤ ਦੀਆਂ ਆਦਤਾਂ ਕਰਕੇ ਇਸਦੀ ਗ਼ੈਰਹਾਜ਼ਰੀ ਨਾਲੋਂ ਹਾਜ਼ਰੀ ਵੱਧ ਤੰਗ ਕਰਦੀ ਹੈ। ਸੱਚੀ ਗੱਲ ਤਾਂ ਇਹ ਹੈ ਕਿ ਮੈਂ ਆਪ ਵੀ ਚਾਹੁੰਨਾ ਹੁੰਨੈ ਕਿ ਇਹ ਸਕੂਲ ਆਉਣ ਦੀ ਥਾਂ ਇਧਰ ਉਧਰ ਹੀ ਟਿੱਬਿਆ ਰਹੇ।ਮੈਂ ਤਾਂ ਬਹੁਤੀ ਵਾਰ ਇਸਦੀ ਕਲਾਸ ਵੀ ਆਪ ਲੈ ਲੈਨਾਂ ਹਾਂ। ਸਕੂਲ ਆ ਕੇ ਪੜ੍ਹਾਉਣ ਨਾਲੋਂ ਵੱਧ ਰੁਚੀ ਸਵਰਨ ਮਾਸਟਰ ਨੂੰ ਨੀਵਾਂ ਦਿਖਾਉਣ 'ਚ ਲੱਗੀ ਰਹਿੰਦੀ ਹੈ।

"ਸਵਰਨ ਜੀ! ਕੋਠੀ ਬਣਾਉਣੀ ਸ਼ੁਰੂ ਕਰਤੀ ਕਿ ਨਹੀਂ ਸ਼ਹਿਰ 'ਚ? ਥੋਨੂੰ ਤਾਂ ਸ਼ਹਿਰ 'ਚ ਰਹਿਣ ਦਾ ਈ ਫੈਦਾ। ਸਾਡੀ ਤਾਂ ਚਲੋ ਮਜਬੂਰੀ ਹੈ ਪਿੰਡ ਰਹਿਣਾ। ਖੇਤੀਬਾੜੀ ਦਾ ਕੰਮ ਦੇਖਣਾ ਹੁੰਦਾ। ਹੁਣ ਏਸ ਵਾਰ ਸੋਲ਼ਾਂ ਕਿੱਲੇ ਤਾਂ ਝੋਨਾ ਲਾਈ ਬੈਠੇ ਹਾਂ। ਹਰੀਕਿਆਂ ਵਾਲੇ ਰਾਹ ਵਾਲੀ ਸਾਰੀ ਜ਼ਮੀਨ ਕਾਠੀ ਐ। ਬਾਪੂ ਤਾਂ ਨ੍ਹੀ ਸੀ ਮੰਨਦਾ ਪਰ ਮੈਂ ਵੇਹਰ ਕੇ ਦੋ ਕਿੱਲੇ ਬਾਸਮਤੀ ਦੇ ਲੁਆਏ। ਦੋ ਕਿੱਲਿਆਂ 'ਚ ਅਮਰੂਦਾਂ ਦਾ ਬਾਗ਼ ਲੁਆਤਾ। ਹੋਰ ਦੋ ਸਾਲਾਂ ਨੂੰ ਠੇਕੇ 'ਤੇ ਚੜਜੂ। ਊਂ ਸਵਰਨ ਜੀ, ਖੇਤੀ ਦਾ ਹੁੰਦਾ ਝਮੇਲਾ ਈ ਹੈ। ਥੋਨੂੰ ਮੌਜ ਐ। ਨਾ ਵਾਹੁਣ ਦਾ ਫਿਕਰ ਨਾ ਬੀਜਣ ਦਾ। ਨਾ ਵੱਢਣ ਦਾ ਨਾ ਮੰਡੀ ਲਿਜਾਣ ਦਾ। ਪਰ ਇਕ ਗੱਲ ਹੈਗੀ, ਜ਼ਮੀਨ ਨਾਲ ਬੰਦੇ ਦੀ ਅਣਖ ਜਿਹੀ ਬਣੀ ਰਹਿੰਦੀ।" ਇਹ ਟੇਢੇ ਢੰਗ ਨਾਲ ਸਵਰਨ ਨੂੰ ਬੇਜ਼ਮੀਨੇ ਹੋਣ ਦੀ ਚੀਸ ਰੜਕਾਉਂਦਾ ਹੈ।

ਕਈ ਵਾਰ ਤਾਂ ਇਹ ਉਸਨੂੰ ਜ਼ਲੀਲ ਕਰਨ ਦੀ ਹੱਦ ਤਕ ਜਾ ਪਹੁੰਚਦਾ ਹੈ। ਸਾਰੇ ਅਧਿਆਪਕਾਂ 'ਚ ਬੈਠਿਆਂ ਇਹ ਅਜਿਹੀ ਗੱਲ ਛੇੜ ਲੈਂਦਾ ਹੈ ਜਿਸ ਨਾਲ ਸਵਰਨ ਨੂੰ ਨੀਵਾਂ ਦਿਖਾਇਆ ਜਾ ਸਕੇ।

"ਗਰੇਵਾਲ ਸਾਹਬ! ਆਹ ਸਾਲ਼ੀ ਰੀਜ਼ਰਵੇਸ਼ਨ ਨੇ ਤਾਂ ਦੇਸ਼ ਦਾ ਭੱਠਾ ਈ ਬਹਾਤਾ। ਨਲਾਇਕ ਚੁਣੇ ਜਾਂਦੇ ਐ ਤੇ ਟੌਪਰ ਰਹਿ ਜਾਂਦੇ। ਹੁਣ ਤੁਸੀਂ ਆਪ ਹੀ ਅੰਦਾਜ਼ਾ ਲਾ ਲਓ, ਜਦੋਂ ਚਾਲ਼ੀ ਪਰਸੈਂਟ ਵਾਲਾ ਡਾਕਟਰ ਕਿਸੇ ਮਰੀਜ਼ ਦਾ ਅਪਰੇਸ਼ਨ ਕਰੂ, ਉਸ ਮਰੀਜ਼ ਦਾ ਕੀ ਬਣੂ? ਪੰਜਾਹ ਪਰਸੈਂਟ ਵਾਲਾ ਟੀਚਰ ਕੀ ਪੜ੍ਹਾਲੂ ਬੱਚਿਆਂ ਨੂੰ? ਕੋਈ ਮੰਨੇ ਚਾਹੇ ਨਾ, ਰੀਜ਼ਰਵੇਸ਼ਨ ਨੇ ਦੇਸ਼ ਦਾ ਨੁਕਸਾਨ ਬਹੁਤ ਕਰਤਾ।"

ਮਾਸਟਰ ਸਵਰਨ ਨਾ ਤਾਂ ਇਸਦੀ ਕਿਸੇ ਗੱਲ ਦਾ ਜਵਾਬ ਦਿੰਦਾ ਹੈ ਤੇ ਨਾ ਹੀ ਰੀਜ਼ਰਵੇਸ਼ਨ ਦੇ ਹੱਕ 'ਚ ਕੋਈ ਦਲੀਲ ਦਿੰਦਾ ਹੈ। ਇਹ ਜਦੋਂ ਵੀ ਕੋਈ ਗੱਲ ਛੇੜਦਾ ਹੈ, ਉਹ ਕਿਸੇ ਨਾ ਕਿਸੇ ਜ਼ਰੂਰੀ ਕੰਮ ਦਾ ਬਹਾਨਾ ਬਣਾ ਇਧਰ-ਓਧਰ ਹੋ ਜਾਣ ਨੂੰ ਤਰਜੀਹ ਦਿੰਦਾ ਹੈ। ਉਸਦੇ ਪਾਸੇ ਜਾਂਦਿਆਂ ਤਾਂ ਇਸਦੀ ਜੀਭ ਹੋਰ ਵੱਧ ਜੁਗਾਲੀ ਕਰਨ ਲੱਗਦੀ ਹੈ।

"ਰੀਜ਼ਰਵੇਸ਼ਨ ਨੇ ਤਾਂ ਸਾਲ਼ੀਆਂ ਕੁਜਾਤਾਂ ਸਿਰ ਚੜ੍ਹਾਤੀਆਂ। ਜਿਨ੍ਹਾਂ ਨੇ ਸਾਡੀਆਂ ਖੁਰਲੀਆਂ

'ਚ ਹੱਥ ਮਾਰਨੇ ਸੀ, ਉਹ ਵੱਡੀਆਂ ਵੱਡੀਆਂ ਕੁਰਸੀਆਂ ਮੱਲੀ ਬੈਠੇ ਐ। ਹੁਣ ਆਪਣੇ ਆਲੇ ਸਵਰਨ ਸਿਹੁੰ ਮੋਹੀ ਸਾਹਬ ਦੀ ਈ ਗੱਲ ਲੈ ਲਵੋ, ਜੇ ਰੀਜ਼ਰਵੇਸ਼ਨ ਨਾ ਹੁੰਦੀ ਏਹਨੇ ਮਰੇ ਡੰਗਰ ਢੋਂਦੇ ਹੋਣਾ ਸੀ ਰੇਹੜੀ 'ਤੇ। ਹੁਣ ਦੋਵੇਂ ਜੀਅ ਮਾਸਟਰੀ 'ਚੋਂ ਲੱਖ ਰੁਪਈਆ ਕੁੱਟ ਲੈਂਦੇ ਮਹੀਨੇ ਦਾ। ਐਵੇਂ ਨੀ ਚੌੜਾ ਹੋ ਹੋ ਤੁਰਦਾ।"

ਮੈਨੂੰ ਇਸਦੀ ਵਾਹਯਾਤ ਬੋਲਬਾਣੀ 'ਤੇ ਡਾਹਡੀ ਖਿੱਝ ਚੜ੍ਹਦੀ ਹੈ। ਮੈਂ ਸਵਰਨ ਮਾਸਟਰ ਨੂੰ ਕਈ ਵਾਰ ਕਹਿ ਚੁੱਕਾ ਹਾਂ ਕਿ ਇਸਦੀਆਂ ਬੇਥਵ੍ਹੀਆਂ ਦਾ ਜਵਾਬ ਦੇਵੇ। ਮੈਨੂੰ ਪਤਾ ਕਿ ਉਹ ਆਪਣੀਆਂ ਠੋਸ ਦਲੀਲਾਂ ਨਾਲ ਇਸਦੀ ਬੋਲਤੀ ਬੰਦ ਕਰਨ ਦੇ ਸਮਰੱਥ ਹੈ, ਪਰ ਉਹ ਤਾਂ ਇਸਦੀ ਕਿਸੇ ਗੱਲ ਦਾ ਜਵਾਬ ਦੇਣਾ ਹੀ ਨਹੀਂ ਚਾਹੁੰਦਾ।

"ਸਰ! ਮੇਰੀਆਂ ਤਰਜੀਹਾਂ ਹੋਰ ਨੇ। ਮੈਂ ਗ਼ਰੀਬ ਬੱਚਿਆਂ ਲਈ ਤੇ ਸਮੁੱਚੇ ਸਮਾਜ ਲਈ ਬਹੁਤ ਕੁਝ ਕਰਨਾ ਹੈ। ਮੈਂ ਇਸਦੀਆਂ ਗੱਲਾਂ ਦਾ ਜਵਾਬ ਆਪਣੇ ਕੰਮ ਰਾਹੀਂ ਹੀ ਦੇਣਾ ਹੈ। ਆਪਣੇ ਕੰਮ ਰਾਹੀਂ ਦੱਸਣਾ ਹੈ ਕਿ ਤੇਰੇ ਜਿਹੇ ਅਖੌਤੀ ਮੈਰਿਟ ਵਾਲੇ ਨਾਲੋਂ ਇਹ ਰੀਜ਼ਰਵ ਕੋਟੇ ਵਾਲਾ 'ਨਲਾਇਕ' ਵੱਧ ਮਿਹਨਤੀ ਹੈ। ਵੱਧ ਪੜ੍ਹਾਉਂਦਾ ਹੈ ਤੇ ਆਪਣੇ ਕਿੱਤੇ ਪ੍ਰਤੀ ਵੱਧ ਇਮਾਨਦਾਰ ਹੈ। ਇਕੱਲਾ ਕੁਲਵੰਤ ਹੀ ਨਹੀਂ ਇਹੋ ਜਿਹੇ ਬਥੇਰੇ ਅਖੌਤੀ ਲੇਖਕ, ਬੁੱਧੀਜੀਵੀ ਤੇ ਸੋ ਕਾਲਡ ਚਿੰਤਕ ਹੈਗੇ ਜਿਹੜੇ ਕਰੋੜਾਂ ਦਲਿਤਾਂ ਦੀ ਸਮਾਜਕ ਆਰਥਿਕ ਸਥਿਤੀ ਸਮਝਦੇ ਹੋਏ ਵੀ ਰਾਖਵੇਂਕਰਨ ਦਾ ਵਿਰੋਧ ਕਰਦੇ ਨੇ। ਬੱਟ ਸਰ ! ਮੈਂ ਗੰਦ 'ਚ ਰੋੜਾ ਮਾਰਨ 'ਚ ਯਕੀਨ ਨਹੀਂ ਰੱਖਦਾ। ਇਸ ਨਾਲ ਹਾਸਲ ਕੁੱਝ ਨਹੀਂ ਹੋਣਾ, ਛਿੱਟੇ ਜ਼ਰੂਰ ਪਵਾ ਲਵਾਂਗੇ ਆਵਦੇ ਆਪ 'ਤੇ।"

"ਮੈਂ ਤੇਰੀ ਗੱਲ ਨਾਲ ਇਤਫ਼ਾਕ ਨਹੀਂ ਰੱਖਦਾ। ਗੂੰਗੇ ਹੋਣਾ ਚੰਗੀ ਗੱਲ ਐ ? ਅਜਿਹੇ ਲੋਕਾਂ ਦੇ ਕੂੜ ਪ੍ਰਚਾਰ ਦਾ ਉੱਤਰ ਦੇਣਾ ਜ਼ਰੂਰੀ ਹੋ ਜਾਂਦਾ। ਇਸ ਗੰਦ ਨੂੰ ਇਹ ਦੱਸਣਾ ਬਣਦਾ ਹੈ ਕਿ ਜਿਨ੍ਹਾਂ ਲੋਕਾਂ ਨੂੰ ਹਜ਼ਾਰਾਂ ਸਾਲ ਪਸ਼ੂਆਂ ਨਾਲੋਂ ਵੀ ਭੈੜੀ ਜੂਨ ਭੋਗਣ ਲਈ ਮਜਬੂਰ ਕੀਤਾ ਗਿਆ, ਰੀਜ਼ਰਵੇਸ਼ਨ ਉਹਨਾਂ ਨੂੰ ਮਨੁੱਖੀ ਜੂਨ 'ਚ ਲਿਆਉਣ ਦਾ ਮਾਮੂਲੀ ਜਿਹਾ ਸਾਧਨ ਹੈ। ਜਿਵੇਂ ਤੁਸੀਂ ਲੋਕ ਸਬਸਿਡੀਆਂ ਲੈਂਦੇ ਹੋ, ਇਹ ਵੀ ਸਬਸਿਡੀ ਦਾ ਹੀ ਇਕ ਰੂਪ ਹੈ। ਇਹਨੂੰ ਸਮਝਾ ਤਾਂ ਸਹੀ ਕਿ ਦੇਸ਼ ਰੀਜ਼ਰਵੇਸ਼ਨ ਨੇ ਨਹੀਂ ਤੇਰੇ ਵਰਗੀਆਂ ਨਸਲਾਂ ਨੇ ਬਰਬਾਦ ਕੀਤਾ ਹੈ। ਇਸ ਗੰਦੀ ਨਸਲ ਨੂੰ ਦੱਸ ਕਿ ਦੇਸ਼ ਦੇ ਹੁਣ ਤਕ ਦੇ ਸਾਰੇ ਮੁੱਖੀ, ਖ਼ਜ਼ਾਨਾ ਸਾਂਭਣ ਵਾਲੇ, ਸਕੀਮਾਂ ਘੜਨ ਵਾਲੇ ਤੇ ਲਾਗੂ ਕਰਨ ਵਾਲੇ ਮੰਤਰੀ, ਰੀਜ਼ਰਵ ਬੈਂਕ ਦੇ ਗਵਰਨਰ ਤੇ ਦੇਸ਼ ਚਲਾਉਣ ਵਾਲੇ ਹੋਰ ਵੱਡੇ ਅਹੁਦਿਆਂ 'ਤੇ ਤੇਰੇ ਵਰਗੇ ਉੱਚ ਜਾਤੀਏ ਸਿਆਣੇ ਬੰਦੇ ਹੀ ਬੈਠਦੇ ਆਏ ਨੇ, ਫਿਰ ਦੇਸ਼ ਰੀਜ਼ਰਵੇਸ਼ਨ ਵਾਲਿਆਂ ਨੇ ਕਿਵੇਂ ਬਰਬਾਦ ਕਰ ਦਿੱਤਾ?" ਕਈ ਵਾਰ ਤਾਂ ਮੈਂ ਸਵਰਨ ਦੀ ਚੁੱਪ ਤੋਂ ਬੁਰੀ ਤਰ੍ਹਾਂ ਹਰਖ ਜਾਂਦਾ ਹਾਂ। ਅਜਿਹੇ ਸਮੇਂ ਮੇਰੇ ਤੋਂ ਉਸਨੂੰ ਸਖਤੀ ਨਾਲ ਡਾਂਟਿਆ ਵੀ ਜਾਂਦਾ ਹੈ।

"ਸਰ! ਇਹ ਖੇਚਲ ਤੁਸੀਂ ਹੀ ਕਰੋ। ਮੈਂ ਤਾਂ ਰਾਖਵੇਂ ਕੋਟੇ 'ਚ ਆਇਆਂ, ਮੇਰੀ ਗੱਲ ਦਾ ਉਨਾ ਅਸਰ ਨਹੀਂ ਹੋਣਾ, ਤੁਹਾਡੀ ਗੱਲ ਹੋਰ ਐ। ਮੇਰਾ ਖਿਆਲ ਸਾਡੇ ਦਰਦ ਨੂੰ ਤੁਹਾਡੇ ਨਾਲੋਂ ਵੱਧ ਚੰਗੀ ਤਰ੍ਹਾਂ ਹੋਰ ਕੋਈ ਬਿਆਨ ਨਹੀਂ ਕਰ ਸਕਦਾ।" ਮੇਰੀ ਗੱਲ ਦੇ ਜਵਾਬ 'ਚ ਉਹ ਕੇਵਲ ਮੁਸਕਰਾ ਦਿੰਦਾ ਹੈ।

"ਆਪਣੇ ਦੁੱਖਾਂ ਦਰਦਾਂ ਦੀ ਗੱਲ ਆਪ ਹੀ ਕਰਨੀ ਪੈਂਦੀ ਹੈ ਪਿਆਰੇ! ਕਰਨੀ ਵੀ ਚਾਹੀਦੀ ਹੈ। ਨਾਲੇ ਆਪਣੇ ਕੁਲਵੰਤ ਸਿੰਘ ਵਰਗੀਆਂ ਨਸਲਾਂ ਡਰਦਿਆਂ ਨੂੰ ਹੀ ਡਰਾਉਂਦੀਆਂ। ਜੇ ਮੂਹਰਿਓਂ ਛਿੱਤਰ ਲੈ ਕੇ ਪੈਜੋ, ਫਿਰ ਟਿਕ ਜਾਂਦੀਆਂ ਥਾਂ 'ਤੇ। ਤੂੰ ਦੇਖਿਆ ਨੀ, ਇਕ ਦਿਨ ਮਿੱਡ ਡੇ ਮੀਲ ਵਾਲੀ ਬੀਬੀ ਨੂੰ ਕਿਵੇਂ ਵਾਹਯਾਤ ਬੋਲਿਆ ਸੀ। ਅੱਗਿਓਂ ਉਹਨੇ ਵੀ ਚਿਮਟਾ ਚੱਕ ਲਿਆ। ਕਹਿੰਦੀ ਖੜ੍ਹੋਜਾ ਮੇਰੇ ਪਿਉ ਦਿਆ ਸਾਲਿਆ, ਬਣਾਵਾਂ ਤੈਨੂੰ ਬੰਦੇ ਦਾ ਪੁੱਤ। ਫੇਰ ਤਾਂ ਕੇ ਐੱਸ ਸਾਹਬ ਭਿੱਜੀ ਬਿੱਲੀ ਬਣਗੇ। ਮੇਰਾ ਖਿਆਲ ਹੈ ਤੈਨੂੰ ਵੀ ਚੁੱਪ ਰਹਿਣ ਦੀ ਬਜਾਏ ਆਪਣਾ



ਪੱਖ ਰੱਖਣਾ ਚਾਹੀਦਾ। ਬਿਠਾ ਦੇ ਕਿਸੇ ਦਿਨ ਮੂਤ ਦੀ ਝੱਗ ਵਾਂਗੂੰ।"

"ਸਰ, ਮੈਂ ਇਸਦੀ ਕਿਸੇ ਵੀ ਗੱਲ ਦਾ ਜਵਾਬ ਦੇ ਕੇ ਇਸਨੂੰ ਖਾਹ ਮਖਾਹ ਦੀ ਮਹੱਤਤਾ ਨੀ ਦੇਣੀ ਚਾਹੁੰਦਾ। ਤੁਹਾਨੂੰ ਤਾਂ ਪਤਾ ਹੈ ਇਹ ਮੈਨੂੰ ਚਿੜ੍ਹਾਉਣ ਲਈ ਹੀ ਕੋਈ ਨਾ ਕੋਈ ਗੱਲ ਛੇੜਦਾ। ਜੇ ਮੈਂ ਟਾਲਾ ਵੱਟਦਾ ਹਾਂ ਤਾਂ ਮੇਰਾ ਕਹਿਣ ਦਾ ਇਹੋ ਮਤਲਬ ਹੁੰਦਾ ਕਿ ਜਾਹ ਭੌਂਕੀ ਜਾਹ, ਜਿਵੇਂ ਹੋਰ ਜਾਤੀਵਾਦੀ ਭੌਂਕਦੇ ਨੇ। ਸਾਡੇ 'ਤੇ ਕੋਈ ਅਸਰ ਨੀ ਏਹੋ ਜਿਹੀਆਂ ਬੇਥਵ੍ਹੀਆਂ ਦਾ।" ਸਵਰਨ ਇੰਨਾ ਆਖ ਕੇ ਗੱਲ ਠੱਪ ਕਰ ਦਿੰਦਾ ਹੈ ਪਰ ਮੈਂ ਉਸਦੀ ਇਸ ਗੱਲ ਨਾਲ ਸੰਤੁਸ਼ਟ ਨਹੀਂ ਹੁੰਦਾ। ਮਨੋ ਮੈਂ ਚਾਹੁੰਦਾ ਹਾਂ ਕਿ ਕੁਲਵੰਤ ਵਰਗੇ ਸਾਰੇ ਲੋਕਾਂ ਦੀ ਹੀ ਖੁੰਭ ਠੱਪੀ ਜਾਣੀ ਚਾਹੀਦੀ ਹੈ। ਮੈਨੂੰ ਕਈ ਵਰ੍ਹੇ ਪਹਿਲਾਂ ਦੀ ਘਟਨਾ ਯਾਦ ਆਈ ਹੈ।

ਉਦੋਂ ਮੈਂ ਮਾਨਸੇ ਦੇ ਪਿੰਡ ਚੱਕ ਦੇ ਪ੍ਰਾਇਮਰੀ ਸਕੂਲ 'ਚ ਨਵਾਂ ਨਵਾਂ ਜੁਆਇਨ ਕੀਤਾ ਸੀ। ਮੇਰੇ ਸਮੇਤ ਸਕੂਲ 'ਚ ਪੰਜ ਅਧਿਆਪਕ ਸਨ। ਉੱਥੇ ਵੀ ਕੁਲਵੰਤ ਸਿੰਘ ਵਰਗਾ ਹੀ ਫੁਕਰਾ ਅਧਿਆਪਕ ਹੁੰਦਾ ਸੀ ਜਸਕਰਨ। ਸਕੂਲੇ ਵੜਦਿਆਂ ਹੀ ਆਪਣੀਆਂ ਡੀਂਗਾਂ ਮਾਰਨ ਲੱਗ ਜਾਂਦਾ। ਦੂਜਿਆਂ ਨੂੰ ਨੀਵਾਂ ਦਿਖਾਉਣ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਸੀ ਜਾਣ ਦਿੰਦਾ। ਆਪਣੇ ਗੁਆਂਢੀ ਪਿੰਡ ਦੇ ਹਰਵੇਲ ਨੂੰ ਤਾਂ ਇਵੇਂ ਹੀ ਤੰਗ ਕਰਦਾ ਸੀ ਜਿਵੇਂ ਇਹ ਮਾਸਟਰ ਸਵਰਨ ਨੂੰ ਕਰਦਾ ਹੈ। ਹਰਵੇਲ ਮਾੜੀ ਕਿਸਾਨੀ ਨਾਲ ਸੰਬੰਧ ਰੱਖਦਾ ਸੀ। ਮਸੀਂ ਦੋ ਢਾਈ ਕਿੱਲਿਆਂ ਵਾਲੀ। ਸਾਈਕਲ 'ਤੇ ਸਕੂਲ ਆਉਂਦਾ। ਕੱਪੜੇ ਵੀ ਅਤਿ ਸਾਦੇ। ਕਈ ਵਾਰ ਤਾਂ ਕੁੜਤੇ ਪਜਾਮੇ 'ਚ ਹੀ ਆ ਜਾਂਦਾ। ਸਵਰਨ ਵਾਂਗ ਹੀ ਮਿਹਨਤੀ ਤੇ ਆਪਣੇ ਆਪ 'ਚ ਹੀ ਮਸਤ ਰਹਿਣ ਵਾਲਾ।

ਜਸਕਰਨ ਕਿਸੇ ਨਾ ਕਿਸੇ ਬਹਾਨੇ ਹਰਵੇਲ ਨੂੰ ਟਾਂਚ ਲਾਉਂਦਾ ਰਹਿੰਦਾ ਪਰ ਹਰਵੇਲ ਉਸਦੀ ਕਿਸੇ ਟਾਂਚ ਦਾ ਜਵਾਬ ਨਾ ਦਿੰਦਾ। ਉਸਦੀ ਚੁੱਪ ਵੇਖ ਕੇ ਜਸਕਰਨ ਉੱਤੇ ਹੀ ਉੱਤੇ ਚੜ੍ਹਦਾ ਜਾ ਰਿਹਾ ਸੀ। ਇਕ ਦਿਨ ਸਾਰਾ ਸਟਾਫ਼ ਇਕੱਠੇ ਹੋਏ ਬੈਠੇ ਸਾਂ। ਜਸਕਰਨ ਨੇ ਆਪਣੀਆਂ ਫੁਕਰੀਆਂ ਮਾਰਨੀਆਂ ਚਾਲੂ ਕਰ ਦਿੱਤੀਆਂ, 'ਅਸੀਂ ਅਹਿ ਟਰੈਕਟਰ ਲੈ ਲਿਆ-ਅਸੀਂ ਹੁਣ ਅਹਿ ਸੰਦ ਬਣਾ ਲਿਆ। ਅਸੀਂ ਹੁਣ ਅਹਿ ਕਰ ਲਿਆ-ਅਸੀਂ ਹੁਣ ਔਹ ਕਰ ਲਿਆ। ਅਸੀਂ ਨਾਲ ਲੱਗਦੀ ਦੋ ਕਿੱਲੇ ਬੈਅ ਲੈ ਲਈ-ਅਸੀਂ ਫਲਾਨਿਆਂ ਤੋਂ ਤਿੰਨ ਕਿੱਲੇ ਗਹਿਣੇ ਲਿਖਾ ਲੇ। ਅਸੀਂ ਹੁਣ ਪੰਜ ਦੀ ਥਾਂ ਸੱਤ ਦੀ ਮੋਟਰ ਪਾ ਲੈਣੀ ਐ-ਅਸੀਂ ਹੁਣ ਸਾਰੇ ਖੇਤ 'ਚ ਅੰਡਰ ਗਰਾਊਂਡ ਪਾਈਪਾਂ ਦੱਬ ਲੈਣੀਆਂ।' ਨਾਲ ਦੀ ਨਾਲ ਹਰਵੇਲ ਨੂੰ ਜ਼ਲੀਲ ਕਰਨ ਵਾਸਤੇ ਕੋਈ ਟੋਣਾ ਲਾ ਦੇਵੇ, "ਜੱਟ ਕੋਲ ਜ਼ਮੀਨ ਹੋਵੇ ਤਾਂ ਖੁੱਲ੍ਹੀ ਹੋਵੇ, ਨਹੀਂ ਭਾਵੇਂ ਨਾ ਹੀ ਹੋਵੇ। ਮਾੜੇ ਜੱਟ ਦਾ ਕੋਈ ਹਾਲ ਨੀ। ਨਾ ਕੋਈ ਆਵਦਾ ਸੰਦ ਲੈ ਸਕਦਾ, ਨਾ ਟੈਮ ਨਾਲ ਵਾਹੀ ਬੀਜੀ ਕਰ ਸਕਦਾ।"

ਹਰਵੇਲ ਚੁੱਪ ਚਾਪ ਸੁਣੀ ਜਾਂਦਾ ਰਿਹਾ ਸੀ। ਹੁਣ ਤਾਂ ਜਸਕਰਨ ਨੇ ਜਿਵੇਂ ਹਰਵੇਲ ਨੂੰ ਸਿੱਧਾ ਹੀ ਨਿਸ਼ਾਨੇ 'ਤੇ ਲੈ ਲਿਆ ਸੀ, "ਜੱਟ ਦੇ ਪੁੱਤ ਨੂੰ ਰਿਸ਼ਤਾ ਹੁੰਦਾ ਹੈ ਜ਼ਮੀਨ ਕਰਕੇ। ਧੀ ਵਾਲੇ ਨੌਕਰੀ ਨਾਕਰੀ ਨੀ ਵੇਂਹਦੇ। ਜ਼ਮੀਨ ਬਿਨਾਂ ਜੱਟ ਕਾਹਦਾ? ਮੇਰੇ ਸਾਬ੍ਹ ਨਾਲ ਘੱਟ ਜ਼ਮੀਨ ਵਾਲਾ ਜੱਟ ਤਾਂ ਇਕ ਤਰ੍ਹਾਂ ਦਾ ਮਿਰਾਸੀ ਹੁੰਦਾ। ਕਦੇ ਕੋਈ ਸੰਦ ਸੰਦੌੜਾ ਮੰਗਣ ਕਿਸੇ ਘਰ, ਕਦੇ ਕਿਸੇ ਘਰ।" ਜਸਕਰਨ ਨੇ ਇਹ ਸਾਰੀਆਂ ਗੱਲਾਂ ਹਰਵੇਲ ਨੂੰ ਹੀ ਲਾ ਕੇ ਕੀਤੀਆਂ ਸਨ। ਸਾਰਿਆਂ 'ਚੋਂ ਹਰਵੇਲ ਹੀ ਅਜੇ ਕੁਆਰਾ ਸੀ। ਉਸੇ ਦੀ ਕਿਸਾਨੀ ਤਾਂ ਮਿਰਾਸੀਆਂ ਵਰਗੀ ਸੀ।

"ਬਾਈ ਥੋਨੂੰ ਮੈਂ ਇਕ ਗੱਲ ਸੁਣਾਉਨੈ।" ਹਰਵੇਲ ਨੇ ਆਪਣੀ ਚੁੱਪੀ ਤੋੜੀ ਸੀ। ਸਾਰੇ ਉਸਦੇ ਮੂੰਹ ਵੱਲ ਵੇਖਣ ਲੱਗੇ ਸਨ। ਹਰਵੇਲ ਵੱਲੋਂ ਗੱਲ ਸੁਣਾਉਣ ਵਾਲੀ ਗੱਲ ਤਾਂ ਸਾਰਿਆਂ ਲਈ ਇਕ ਅਲੋਕਾਰੀ ਗੱਲ ਸੀ।

"ਅੱਜ ਨੀ ਫਿਰ ਸੂਰਜ ਛਿਪਦਾ, ਆਪਣਾ ਹਰਵੇਲ ਸਿਹੁੰ ਵੀ ਕੋਈ ਗੱਲ ਸੁਣਾਉਣ ਲੱਗਾ।"

"ਨਜ਼ਰ ਨਾ ਲਾ ਦਿਓ। ਹੋਰ ਕਿਤੇ ਜਮ੍ਹਾ ਹੀ ਬੋਲਣੋਂ ਜਾਵੇ।"

"ਸੁਣਾ ਭਾਈ ਸੁਣਾ ! ਸ਼ੁਕਰ ਐ ਤੂੰ ਵੀ ਕਿਤੇ ਦੰਦਲ ਭੰਨਣ ਲੱਗਾਂ।" ਮਾਸਟਰਾਂ ਦੀਆਂ ਭਾਂਤ ਭਾਂਤ ਦੀਆਂ ਆਵਾਜ਼ਾਂ ਆਈਆਂ ਸਨ।

"ਕੇਰਾਂ ਨਾ ਇਕ ਮੇਰੇ ਵਰਗਾ ਦੋ ਢਾਈ ਕਿੱਲਿਆਂ ਵਾਲਾ ਨੰਗ ਜੱਟ ਗੱਡਾ ਜੋੜੀ ਜਾਵੇ।" ਹਰਵੇਲ ਨੇ ਜਸਕਰਨ ਵੱਲ ਟੇਢੀ ਜਿਹੀ ਅੱਖ ਨਾਲ ਝਾਕਦਿਆਂ ਗੱਲ ਛੇੜੀ ਸੀ।

"ਹੱਛਾ !"

"ਅੱਗਿਓਂ ਹਿੰਦੁਸਤਾਨ ਟਰੈਕਟਰ ਚਲਾਈ ਆਉਂਦਾ ਮਿਲ ਗਿਆ ਆਪਣੇ ਮਾਸਟਰ ਜਸਕਰਨ ਸਿਹੁੰ ਵਰਗਾ ਸਰਦਾਰ। ਉਦੋਂ ਆਹੀ ਤਾਂ ਟਰੈਕਟਰ ਹੁੰਦੇ ਸੀ,---ਮੈੱਸੀ, ਫਰਗੂਸਨ, ਜ਼ੀਟਰ ਜਾਂ ਹਿੰਦੁਸਤਾਨ। ਬਾਹਲਾ ਸਹਿੰਦਾ ਘਰ ਇੰਟਰਨੈਸ਼ਨਲ ਲੈ ਆਉਂਦਾ ਸੀ। ਜਦੋਂ ਆਇਆ ਸਰਦਾਰ ਬਲ਼ਦਾਂ ਦੇ ਬਰੋਬਰ, ਉਹਨੇ ਕਲੱਚ ਨੱਪ ਕੇ ਰੇਸ ਵਧਾਤੀ। "ਫੁਰਰ---ਫੁਰਰ" ਦੀ ਆਵਾਜ਼ ਸੁਣਕੇ ਬਲ਼ਦ ਡਰ ਗੇ। ਜੱਟ ਨੇ ਤਾਂ ਭਾਈ ਮਸਾਂ ਸੰਭਾਲ਼ੇ। ਚਾਲ਼ੀ ਕਿੱਲਿਆਂ ਵਾਲਾ ਸਰਦਾਰ ਨਾਲ਼ੇ ਤਾਂ ਮੁੱਛਾਂ 'ਤੇ ਹੱਥ ਫੇਰਦਾ ਹੱਸੀ ਜਾਵੇ ਨਾਲ਼ੇ ਜੱਟ ਨੂੰ ਮਸ਼ਕਰੀਆਂ ਕਰੀ ਜਾਵੇ, 'ਬਹਾਲਿਆ! ਪਤੰਦਰਾ ਹਜੇ ਤਕ ਬਲ਼ਦਾਂ ਦੀਆਂ ਪੂਛਾਂ ਈ ਮਰੋੜੀ ਜਾਨੈ? ਕੋਈ ਸਾਧਨ ਸੂਧਨ ਨ੍ਹੀ ਬਣਾਇਆ?' ਜੱਟ ਟੇਢੀ ਜਿਹੀ ਧੌਣ ਕਰਕੇ ਟਰੈਕਟਰ 'ਤੇ ਚੜ੍ਹੇ ਬੈਠੇ ਸਰਦਾਰ ਵੱਲ ਝਾਕਿਆ ਤੇ ਹੱਥ ਵਿਚਲੀ ਪਰੈਣੀ ਮਿੱਟੀ 'ਚ ਗੱਡ ਦਿੱਤੀ।"

"ਹੱਛਾ! ਫੇਰ! ਪਿਆ ਕੋਈ ਪੰਗਾ ?" ਮਾਸਟਰਾਂ ਦੀ ਰੁਚੀ ਕਹਾਣੀ ਵੱਲ ਬਣ ਗਈ ਸੀ।

"ਫੇਰ ਕੀ? ਜੱਟ ਆਂਹਦਾ, 'ਜ਼ਮੀਨ ਤਾਂ ਸਰਦਾਰਾ ਅਸੀਂ ਵੀ ਥੋਡੇ ਜਿੰਨੀਓ ਬਣਾ ਲੈਣੀ ਸੀ ਪਰ ਸਾਡੀ ਭੂਆ ਨ੍ਹੀ ਮੰਨੀ।' ਐਨੀ ਆਖਣ ਦੀ ਦੇਰ ਸੀ, ਸਰਦਾਰ ਤਾਂ ਕੱਚਾ ਜਿਹਾ ਧੂੰਆਂ ਮਾਰਦਾ ਲਾ ਗਿਆ ਚਿੱਤੜਾਂ ਨੂੰ ਅੱਡੀਆਂ। ਉਨ੍ਹੇ ਨ੍ਹੀ ਪਿਛਾਂਹ ਭੌਂਅ ਕੇ ਵੇਖਿਆ।"

"ਹੈਂ! ਇਹ ਕੀ ਗੱਲ ਬਣੀ ਬਈ? ਅਖੇ ਭੂਆ ਨ੍ਹੀ ਮੰਨੀ। ਹਰਵੇਲ ਸਿਆਂ, ਲੱਗਦਾ ਕੋਈ ਬਾਹਲ਼ੀ ਡੂੰਘੀ ਗੱਲ ਕਰ ਗਿਆ ਬਹਾਲ ਸਿਹੁੰ ਜੱਟ ਜੀਹਦੇ ਨਾਲ ਸਰਦਾਰ ਦੇ ਪਿਛਵਾੜਿਓਂ ਧੂੰਆਂ ਨਿਕਲਣ ਲੱਗਾ ਸੀ।" ਗੱਲ ਤਾਂ ਮਾਸਟਰ ਹਰਨੇਕ ਨੂੰ ਸਮਝ ਲੱਗ ਗਈ ਸੀ ਪਰ ਉਸਨੇ ਜਾਣ ਬੁੱਝ ਕੇ ਪੁੱਛ ਲਿਆ ਸੀ। ਜਸਕਰਨ ਦੇ ਚਿਹਰੇ ਦੇ ਰੰਗ ਬਦਲ ਗਏ ਸਨ।

"ਸਰਦਾਰ ਦੀ ਇਕ ਭੂਆ ਬਹੁਤ ਸੋਹਣੀ ਹੋਣ ਕਰਕੇ ਹੀ ਰਾਜੇ ਦੇ ਘਰੇ ਵਿਆਹੀ ਗਈ ਸੀ। ਵਿਆਹੀ ਵੀ ਕਾਹਦੀ-ਜਿਵੇਂ ਰਾਜਿਆਂ ਦੇ ਚੋਜ ਹੁੰਦੇ ਸੀਗੇ। ਇਸਦੇ ਇਵਜ਼ਾਨੇ 'ਚ ਸਰਦਾਰ ਦੇ ਬਾਪ ਨੂੰ ਕਈ ਘੁਮਾਂ ਪੈਲ਼ੀ ਮਿਲੀ ਸੀ ਰਾਜੇ ਵੱਲੋਂ। ਹੁਣ ਜਦੋਂ ਬਹਾਲ ਸਿਹੁੰ ਨੇ ਛੱਡੀ ਗਿੱਟਿਆਂ 'ਚ ਟਿਕਾ ਕੇ, ਕਿੱਥੇ ਖੜ੍ਹਨਾ ਸੀ ਸਰਦਾਰ ਨੇ। ਬੁੜ ਬੁੜ ਕਰਦਾ ਤੁਰ ਗਿਆ ਮੂੰਹ ਲਵ੍ਹੇਟ ਕੇ।" ਜਸਕਰਨ ਵੱਲ ਵੇਂਹਦਿਆਂ ਹਰਵੇਲ ਨੇ ਗੱਲ ਮੁਕਾਈ ਤਾਂ ਸਾਰੇ ਹੱਥ 'ਤੇ ਹੱਥ ਮਾਰ ਕੇ ਹੱਸ ਪਏ।

"ਲੈ ਲਾ ਧਨੇਸੜੀ ਤੂੰ ਤਾਂ ਬਹਾਲ ਸਿਹੁੰ ਨੰਗ ਜੱਟ ਤੋਂ।" ਹਰਨੇਕ ਸਿੰਘ ਦੀ ਗੱਲ ਨਾਲ ਇਕ ਵਾਰ ਫੇਰ ਠਹਾਕਾ ਗੂੰਜ ਉੱਠਿਆ।

"ਆਪਣੇ ਨੰਗਾਂ ਕੋਲ ਤਾਂ ਨੰਗਾਂ ਵਾਲੀਆਂ ਹੀ ਗੱਲਾਂ ਹੋਣੀਆਂ। ਸਰਦਾਰਾਂ ਦੀਆਂ ਗੱਲਾਂਬਾਤਾਂ ਤਾਂ ਆਪਣੇ ਜਸਕਰਨ ਸਿਹੁੰ ਨੂੰ ਪਤਾ।" ਲੁਹਾਰ ਦੀ ਇਕੋ ਸੱਟ ਨਾਲ ਹੀ ਹਰਵੇਲ ਨੇ ਜਸਕਰਨ ਨੂੰ ਮੂਧਾ ਪਾ ਲਿਆ ਸੀ।

ਇਸ ਘਟਨਾ ਤੋਂ ਬਾਅਦ ਜਸਕਰਨ ਹਰਵੇਲ ਤੋਂ ਕੰਨ ਭੰਨਣ ਲੱਗ ਪਿਆ ਸੀ। ਉਸਦੀਆਂ ਫੁਕਰੀਆਂ ਪੂਰੀ ਤਰ੍ਹਾਂ ਬੰਦ ਤਾਂ ਭਾਵੇਂ ਨਹੀਂ ਸੀ ਹੋਈਆਂ ਪਰ ਘਟ ਜ਼ਰੂਰ ਗਈਆਂ ਸਨ। ਹਰਵੇਲ ਨੇ ਜਿਵੇਂ ਉਸਦੀ ਸਰਦਾਰੀ ਦੇ ਕਿੰਗਰੇ ਹੀ ਢਾਹ ਦਿੱਤੇ ਸਨ।

ਜੇ ਕਿਸੇ ਦਿਨ ਸਵਰਨ ਵੀ ਹਰਵੇਲ ਵਾਲੀ ਕਰ ਵਿਖਾਵੇ, ਨੱਥ ਤਾਂ ਫਿਰ ਕੁਲਵੰਤ ਨੂੰ ਵੀ ਪੈ ਜਾਵੇਗੀ। ਇਕ ਗੱਲ ਤਾਂ ਪੱਕੀ ਹੈ ਕਿ ਜਿੰਨਾ ਚਿਰ ਤਕ ਇਸਦੇ ਸਿੰਗ ਨਹੀਂ ਭੋਰੇ ਜਾਂਦੇ, ਇਸਨੇ



ਬੰਦਾ ਨਹੀਂ ਬਣਨਾ। ਚੌਵੀ ਘੰਟੇ ਆਪਣੀ ਖਾਨਦਾਨੀ ਦੀਆਂ ਡੀਂਗਾਂ ਮਾਰਦਾ ਰਹਿੰਦਾ ਹੈ। ਜਦੋਂ ਤਕ ਕੋਈ ਇਸਦੀ ਖਾਨਦਾਨੀ ਦੇ ਖੜ੍ਹੇ ਕੀਤੇ ਚੁਬਾਰੇ ਦੇ ਕਿੰਗਰੇ ਨਹੀਂ ਭੋਰਦਾ, ਉਨਾਂ ਚਿਰ ਤਕ ਇਸਦੀ ਸਰਦਾਰੀ ਵਾਲਾ ਹੜ੍ਹ ਝੱਗ ਵਾਂਗੂੰ ਨਹੀਂ ਬੈਠਣਾ।

ਖਾਨਦਾਨੀ ਧੂੜ ਤਾਂ ਇਸਦੇ ਅੰਦਰ ਇੰਨੀ ਜੰਮੀ ਪਈ ਹੈ ਕਿ ਇਹ ਹੋਰ ਕਿਸੇ ਵੱਲੋਂ ਲਿਆਂਦੀ ਚੀਜ਼ ਵੇਖ ਕੇ ਖੁਸ਼ ਹੀ ਨਹੀਂ ਹੁੰਦਾ। ਜਿਸ ਦਿਨ ਸਵਰਨ ਨੇ ਨਵੀਂ ਅਲਟੋ ਕਾਰ ਸਕੂਲ ਲਿਆਂਦੀ ਸੀ, ਇਸਦੇ ਚਿਹਰੇ ਦਾ ਰੰਗ ਵੇਖਣ ਵਾਲਾ ਸੀ। ਇਹ ਸੱਪ ਵਾਂਗੂੰ ਅੰਦਰੇ ਅੰਦਰ ਵਿਸ ਜਿਹੀ ਘੋਲ ਰਿਹਾ ਸੀ। ਸਵਰਨ ਦੇ ਪਾਸੇ ਜਾਂਦਿਆਂ ਹੀ ਇਸ ਨੇ ਆਪਣੇ ਅੰਦਰ ਜਮ੍ਹਾ ਹੋਇਆ ਜ਼ਹਿਰ ਉਗਲੱਛਿਆ, "ਹੈੱਡ ਸਾਹਬ! ਨਵੇਂ ਨਵੇਂ ਅਮੀਰ ਹੋਇਆਂ ਨੂੰ ਈ ਚਾਅ ਹੁੰਦਾ ਗੱਡੀਆਂ-ਗੁਡੀਆਂ ਦਾ। ਮੋਟਰਸਾਈਕਲ, ਸਕੂਟਰ, ਕਾਰਾਂ, ਜੀਪਾਂ ਆਪਣੇ ਲਈ ਕੋਈ ਮਾਇਨੇ ਨ੍ਹੀ ਰੱਖਦੀਆਂ। ਆਪਾਂ ਤਾਂ ਸਮਝਲੋ ਪੈਦਾ ਈ ਗੱਡੀ ਦੀ ਸੀਟ 'ਤੇ ਹੋਏ ਆਂ। ਆਪਾਂ ਹੋਏ ਖਾਨਦਾਨੀ ਬੰਦੇ। ਆਪਣੀਆਂ ਸਰਦਾਰੀਆਂ ਵੀ ਖਾਨਦਾਨੀ ਆ।"

ਇਸਦੀ ਗੱਲ ਸੁਣਕੇ ਮੈਡਮ ਨਿਰਮਲ ਇਸਤੋਂ ਅੱਖ ਬਚਾ ਮੇਰੇ ਵੱਲ ਦੇਖਕੇ ਮੁਸਕਰਾਈ ਸੀ। ਮੈਂ ਵੀ ਮੁਸਕਰਾਉਣੋ ਰਹਿ ਨਹੀਂ.ਸੀ ਸਕਿਆ। ਦਰਅਸਲ ਅਜੇ ਥੋੜ੍ਹੇ ਦਿਨ ਪਹਿਲਾਂ ਹੀ ਤਾਂ ਮੈਡਮ ਨਿਰਮਲ ਇਸਦੀ 'ਖਾਨਦਾਨੀ' ਦੀਆਂ ਸਿਫਤਾਂ ਸੁਣਾ ਕੇ ਹਟੀ ਸੀ, "ਗਰੇਵਾਲ ਵੀਰ ਜੀ! ਦਿਨ ਰਾਤ ਖਾਨਦਾਨੀ-ਖਾਨਦਾਨੀ ਦਾ ਜਾਪ ਕਰਨ ਵਾਲੇ ਇਸ ਵੱਡੇ ਸਰਦਾਰ ਦੀ 'ਖਾਨਦਾਨੀ' ਦਾ ਪਤਾ ਥੋਨੂੰ?" ਮੈਡਮ ਨਿਰਮਲ ਨੇ ਆਸਾ ਪਾਸਾ ਵੇਖ ਕੇ ਕਿਹਾ ਸੀ। ਕੁਲਵੰਤ ਸਿੰਘ ਰੋਜ਼ ਵਾਂਗ ਅਜੇ ਸਕੂਲ ਨਹੀਂ ਸੀ ਆਇਆ।

"ਬਾਪ ਇਹਨਾਂ ਦਾ ਕਈ ਸਾਲ ਪਹਿਲਾਂ ਘਰੋਂ ਰੁੱਸ ਕੇ ਕਿਧਰੇ ਚਲਾ ਗਿਆ ਸੀ। ਅੱਜ ਤਕ ਥਹੁ ਪਤਾ ਨ੍ਹੀ ਲੱਗਾ।ਕੁੱਤਿਆਂ-ਬਿੱਲਿਆਂ ਵਾਲਾ ਵਿਹਾਰ ਕਰਦੇ ਸੀ ਉਹਦੇ ਨਾਲ। ਸੁਣਨ 'ਚ ਤਾਂ ਇਹ ਵੀ ਆਉਂਦਾ ਕਿ ਇਹਨਾਂ ਨੇ ਮਾਰ ਕੇ ਘਰੇ ਹੀ ਦੱਬ ਦਿੱਤਾ। ਉਹ ਸਾਰੀ ਜ਼ਮੀਨ ਕੁੜੀਆਂ ਦੇ ਨਾਉਂ ਲਵਾਉਣ ਨੂੰ ਫਿਰਦਾ ਸੀ। ਇਕ ਹੋਰ ਭੱਦਰਕਾਰੀ ਦੱਸ ਦਿੰਨੀ ਹਾਂ ਖਾਨਦਾਨੀ ਵਾਲਿਆਂ ਦੀ। ਸਭ ਤੋਂ ਛੋਟੀ ਭੈਣ ਇਹਨਾਂ ਨੇ ਕਨੇਡਾ ਕੱਢਣ ਵਾਸਤੇ ਸੱਤ ਬੈਂਡ ਵਾਲੇ ਮੁੰਡੇ ਨਾਲ ਵਿਆਹੀ। ਚਮਾਰਾਂ ਦਾ ਮੁੰਡਾ ਪਟਿਆਲੇ ਕੰਨੀਓਂ। ਸਾਰਾ ਖਰਚਾ ਵੀ ਏਹਨਾਂ ਨੇ ਈ ਕੀਤਾ। ਜਦੋਂ ਆਂਢ ਗੁਆਂਢ ਰੌਲ਼ਾ ਪੈ ਗਿਆ, ਇਹ ਕਹਿੰਦੇ ਕੁੜੀ ਦਾ ਕਾਗ਼ਜ਼ੀ ਵਿਆਹ ਕੀਤਾ। ਕਾਹਦਾ ਕਾਗ਼ਜ਼ੀ? ਕੁੜੀ ਉੱਥੇ ਜਾ ਕੇ ਮੁਕਰਗੀ। ਕਹਿੰਦੀ ਮੈਂ ਨ੍ਹੀ ਤਲਾਕ ਲੈਣਾ। ਮੈਂ ਤਾਂ ਏਸੇ ਨਾਲ ਈ ਰਹੂੰ ਪੱਕੇ ਤੌਰ 'ਤੇ। ਇਹ ਐਥੇ ਬੈਠੇ ਕਚੀਚੀਆਂ ਲਈ ਜਾਂਦੇ ਤੇ ਉਹਨੇ ਉੱਥੇ ਪੀ ਆਰ ਹੋ ਕੇ ਓਸੇ ਮੁੰਡੇ ਦਾ ਜੁਆਕ ਵੀ ਜੰਮ ਦਿੱਤਾ। ਹੋਰ ਸੁਣਲੋ, ਬੱਚੇ ਦੀ ਬਰਥਡੇ ਪਾਰਟੀ 'ਤੇ ਇਹਦਾ ਭਰਾ ਤੇ ਏਹਦੀ ਮਾਂ ਤਾਂ ਜਾ ਵੀ ਆਏ ਕਨੇਡਾ। ਐਹੋ ਜਿਹੀਆਂ ਤਾਂ ਇਹਨਾਂ ਦੀਆਂ ਖਾਨਦਾਨੀਆਂ। ਐਥੇ ਦੂਜਿਆਂ ਦੀਆਂ ਜਾਤਾਂ ਪਰਖਦਾ ਰਹਿੰਦਾ।"

ਨਿਰਮਲ ਬੜਬੋਲੀ ਹੈ। ਇਸੇ ਕਰਕੇ ਕੁਲਵੰਤ ਸਿੰਘ ਉਸਤੋਂ ਝਕਦਾ ਰਹਿੰਦਾ ਹੈ। ਜਿਸ ਤਰ੍ਹਾਂ ਸਵਰਨ ਬਾਰੇ ਮੂੰਹ 'ਤੇ ਹੀ ਊਟ ਪਟਾਂਗ ਬੋਲਦਾ ਰਹਿੰਦਾ ਹੈ, ਨਿਰਮਲ ਬਾਰੇ ਕੁੱਝ ਨਹੀਂ ਕਹਿੰਦਾ। ਮੈਂ ਸਵਰਨ ਨੂੰ ਵੀ ਮੂੰਹ ਫੱਟ ਹੋਣ ਲਈ ਆਖਦਾ ਰਹਿੰਦਾ ਹਾਂ ਪਰ ਉਹ ਤਾਂ ਕਿਸੇ ਹੋਰ ਈ ਮਿੱਟੀ ਦਾ ਬਣਿਆ ਹਇਆ ਹੈ। ਉਸ ਲਈ ਇਹ ਸਾਰੀਆਂ ਗੱਲਾਂ ਬੜੀਆਂ ਛੋਟੀਆਂ ਤੇ ਮਹੱਤਵਹੀਣ ਹਨ।

ਸਵਰਨ ਮਾਸਟਰ ਨਾਲ ਮੇਰਾ ਕਿਸੇ ਵੀ ਕਿਸਮ ਦਾ ਲਗਾਅ ਜਾਂ ਹਮਦਰਦੀ ਕੁਲਵੰਤ ਨੂੰ ਹਜ਼ਮ ਨਹੀਂ ਹੁੰਦੀ। ਦੂਜੇ ਚੌਥੇ ਮੇਰੇ ਅੱਗੇ ਸਵਰਨ ਸਿੰਘ ਦਾ ਹਊਆ ਖੜ੍ਹਾ ਕਰਕੇ, ਮੈਨੂੰ ਭੜਕਾਉਣ ਦੇ ਯਤਨਾਂ 'ਚ ਰਹਿੰਦਾ ਹੈ।

"ਗਰੇਵਾਲ ਸਰ! ਮੈਨੂੰ ਡੀ ਈ ਓ ਆਫਿਸ 'ਚੋਂ ਪਤਾ ਲੱਗਾ, ਅਗਲੇ ਹਫਤੇ ਡੀ ਪੀ ਸੀ ਹੋਣ ਲੱਗੀ ਐ। ਈ ਟੀ ਟੀ ਟੀਚਰਾਂ 'ਚੋਂ ਐੱਚ ਟੀ ਬਣਾਉਣੇ। ਇਹਨਾਂ ਪਰਮੋਸ਼ਨਾਂ 'ਚ 'ਥੋਡਾ' ਸਵਰਨ ਸਿੰਘ ਮੋਹੀ ਵੀ ਹੈੱਡ ਟੀਚਰ ਬਣ ਰਿਹਾ। ਇਹ ਵੀ ਪੋਸੀਬਲ ਐ, ਹੈੱਡ ਟੀਚਰ ਬਣਕੇ ਏਸੇ ਸਕੂਲ 'ਚ ਆਜੇ ਤੇ ਥੋਨੂੰ ਆਵਦਾ ਜੁੱਲੀ ਬਿਸਤਰਾ ਚੱਕ ਕੇ ਕਿਸੇ ਹੋਰ ਸਕੂਲ 'ਚ ਜਾਣਾ ਪਵੇ।" ਕੁਲਵੰਤ 'ਥੋਡਾ' ਸ਼ਬਦ 'ਤੇ ਜ਼ੋਰ ਦਿੰਦਾ ਹੈ।

"ਫੇਰ ਕੀ ਹੋਜੂ ? ਜੁਆਕ ਈ ਪੜ੍ਹਾਉਣੇ, ਏਥੇ ਨਹੀ ਤਾਂ ਹੋਰ ਸਕੂਲ 'ਚ ਸਹੀ।" ਮੇਰੇ ਵੱਲੋਂ ਦਿਖਾਈ ਬੇਰੁਖੀ ਉਸਨੂੰ ਅੱਖਰਦੀ ਹੈ। ਉਹ ਹੋਰ ਵੱਡਾ ਖਤਰਾ ਮੇਰੇ ਅੱਗੇ ਪੇਸ਼ ਕਰਦਾ ਹੈ, "ਫੇਰ ਕੀ ਹੋਜੂ ? ਉਹ ਹੋਊ ਜੋ ਨਹੀਂ ਹੋਣਾ ਚਾਹੀਦਾ। ਤੁਸੀਂ ਅਜੇ ਐੱਚ ਟੀ ਹੋਣਾਂ, ਇਹਨੇ ਥੋਡੇ 'ਤੋਂ ਪਹਿਲਾਂ ਸੈਂਟਰ ਹੈੱਡ ਟੀਚਰ ਬਣ ਜਾਣਾ।"

"ਬਣਜੇ! ਸੀ ਐੱਚ ਟੀ ਬਣਜੇ---ਆਪਾਂ ਕੀ ਲੈਣਾ ਦੇਣਾ ?'

"ਮਖਿਆ ਕਮਾਲ ਹੋਗੀ ਥੋਡੇ ਵਾਲੀ ਵੀ ਹੈੱਡ ਸਾਹਬ। ਅਖੇ ਬਣਜੇ ਸੀ ਐੱਚ ਟੀ। ਜਨਾਬ, ਜਦੋਂ ਨੂੰ ਤੁਸੀਂ ਸੀ ਐੱਚ ਟੀ ਬਣਨਾ, ਮੋਹੀ ਸਾਬ੍ਹ ਨੇ ਬੀ ਪੀ ਈ ਓ ਬਣ ਜਾਣਾ। ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ। ਹੁਣ ਜਿਹੜਾ ਤੁਹਾਨੂੰ 'ਸਰ' 'ਸਰ' ਕਰਦਾ ਰਹਿੰਦਾ, ਫੇਰ ਤੁਸੀਂ ਇਹਨੂੰ 'ਸਰ' 'ਸਰ' ਕਰਿਆ ਕਰਨਾ। ਸ਼ਰਮ ਨਾ ਆਊ ਮਗਰੋਂ ਭਰਤੀ ਹੋਏ ਨੂੰ ਸਰ-ਸਰ ਕਰਦਿਆਂ। ਉੱਤੋਂ ਡਿਪਟੀ ਡੀ ਓ ਵੀ ਏਹਨਾਂ ਦਾ। ਸੁਪਰਡੈਂਟ ਘੁਮਿਆਰ। ਜ਼ਿਲ੍ਹਾ ਸਿੱਖਿਆ ਅਫਸਰ ਤਾਂ ਕਿਸੇ ਹੋਰ ਈ ਕੈਟੇਗਰੀ ਦਾ। ਨੌਕਰੀ ਕਰਨ ਨੂੰ ਤਾਂ ਰੂਹ ਈ ਨ੍ਹੀ ਮੰਨਣੀ। ਆਪਣੇ ਤੋਂ ਤਾਂ ਨ੍ਹੀ ਹੋਣੀ। ਮੈਂ ਤਾਂ ਬਦਲੀ ਕਰਾ ਕੇ ਕਿਸੇ ਹੋਰ ਬਲਾਕ 'ਚ ਵਗਜੂੰ। ਭਾਵੇਂ ਵੀਹ-ਤੀਹ ਕਿਲੋਮੀਟਰ ਵਾਟ ਕਰਨੀ ਪੈਜੇ। ਏਸ 'ਚੰਮ' ਥੱਲੇ ਤਾਂ ਨ੍ਹੀ ਕਰਦਾ ਨੌਕਰੀ।"

ਮੈਂ ਖਿੜ ਖਿੜ ਕਰ ਕੇ ਹੱਸਦਾ ਹਾਂ ਪਰ ਇਸਨੂੰ ਜ਼ਾਹਰ ਨਹੀਂ ਹੋਣ ਦਿੰਦਾ। ਇਸਦੀ ਹਾਂ ਵਿਚ ਹਾਂ ਮਿਲਾਉਣ ਦਾ ਨਾਟਕ ਕਰਦਾ ਇਸਦੀ ਫੂਕ ਵੀ ਕੱਢਦਾ ਹਾਂ, "ਇਹ ਤਾਂ ਤੇਰੀ ਗੱਲ ਠੀਕ ਹੈ। ਬੀ ਪੀ ਈ ਓ ਬਣਕੇ ਤਾਂ ਇਹ ਬਾਹਲ਼ਾ ਈ ਤੰਗ ਕਰੂ। ਹੁਣ ਤਾਂ ਏਹਨੇ ਗੱਡੀ ਵੀ ਲੈ ਲਈ ਐ। ਨਿੱਤ ਹੀ ਚੈਕਿੰਗ 'ਤੇ ੍ਰਿਆ ਰਿਹਾ ਕਰੂ। ਏਹਨੇ ਤਾਂ ਪੰਜ ਮਿੰਟ ਦੀ ਲੇਟ ਨ੍ਹੀ ਬਰਦਾਸ਼ਤ ਕਰਿਆ ਕਰਨੀ। ਫਰਲੋ ਤਾਂ ਵੱਜਿਆ ਹੀ ਨ੍ਹੀ ਕਰਨੀ ਘੰਟਾ ਵੀ।"

"ਹਾਅ ਗੱਲ ਦਾ ਈ ਤਾਂ ਮੈਂ ਰੋਣਾ ਰੋਨੈ। ਇਹ ਤਾਂ ਪਹਿਲੇ ਦੋ ਤਿੰਨ ਮਹੀਨਿਆਂ 'ਚ ਈ ਛੁੱਟੀਆਂ ਮੁਕਾ ਦਿਆ ਕਰੂ। ਫੇਰ ਸਾਰਾ ਸਾਲ ਵਿਦਾਊਟ ਪੇਅ ਛੁੱਟੀ ਲੈਣੀ ਪਿਆ ਕਰਨੀ। ਗਰੇਵਾਲ ਸਾਬ੍ਹ! ਮੈਨੂੰ ਏਸ ਗੱਲ ਦੀ ਸਮਝ ਨ੍ਹੀ ਲੱਗਦੀ---।" ਆਪਣੀ ਗੱਲ ਦਾ ਅਸਰ ਹੋਇਆ ਵੇਖ ਉਹ ਹੋਰ ਅੱਗੇ ਵਧਦਾ ਹੈ।

"ਦਰੋਣਾਚਾਰੀਆ ਬਾਰੇ ਤਾਂ ਜਾਣਦੇ ਈ ਓ ਨਾ? ਐਡਾ ਵੱਡਾ ਤੀਰ ਅੰਦਾਜ਼ ਦਰੋਣਾਚਾਰੀਆ ਕਮਲ਼ਾ ਨ੍ਹੀ ਸੀਗਾ ਜੀਹਨੇ ਭੀਲ ਏਕਲਵਿਆ ਦਾ ਅਗੂੰਠਾ ਲੈ ਲਿਆ ਸੀ। ਜੇ ਉਹ ਗੁਰੁ ਦੱਖਣਾ ਦੇ ਰੂਪ 'ਚ ਅਗੂੰਠਾ ਮੰਗਣ ਵਾਲੀ ਕਲਾਕਾਰੀ ਨਾ ਕਰਦਾ, ਭੀਲ ਨੇ ਤਾਂ ਸਣੇ ਦਰੋਣਾਚਾਰੀਆ ਦੇ, ਕੀ ਕੌਰਵ ਤੇ ਕੀ ਪਾਂਡਵ, ਸਾਰੇ ਮਾਰ ਦੇਣੇ ਸੀ। ਚਾਰੇ ਪਾਸੇ ਭੀਲਾਂ ਦਾ ਈ ਰਾਜ ਹੋਣਾ ਸੀ। ਆਪਣੇ ਵਰਗੇ ਹੋਣੇ ਸੀ ਇਹਨਾਂ ਦੇ ਲਾਗੀ ਵਗਾਰੀ। ਸਰ ਜੀ! ਉਲਟੀ ਗੰਗਾ ਵਗੀ ਹੋਣੀ ਸੀ। ਸੀਵਰਾਂ 'ਚ ਹੱਥ ਮਾਰਨੇ ਪਿਆ ਕਰਨੇ ਸੀ। ਨਾ ਮੈਂ ਮਾਸਟਰ ਬਣਦਾ, ਨਾ ਤੁਸੀਂ ਐੱਚ ਟੀ ਬਣਦੇ।" ਮੈਂ ਹੈਰਾਨ ਹੋ ਕੇ ਇਹਦੇ ਵੱਲ ਵੇਖਦਾ ਰਹਿ ਗਿਆ ਸਾਂ। ਅਜੀਬ ਤਰ੍ਹਾਂ ਦੀ ਜ਼ਹਿਰ ਨਾਲ ਭਰੇ ਪਏ ਨੇ ਇਹਦੇ ਵਰਗੇ ਲੋਕ।

"ਸਾਬ੍ਹ ਜੀ! ਮੈਨੂੰ ਸਮਝ ਨ੍ਹੀ ਲੱਗਦੀ ਤੁਸੀਂ ਕਿਉਂ ਟੁੱਟ ਟੁੱਟ ਮਰਦੇ ਰਹਿਨੈ ਓਂ? ਇਹਨਾਂ ਲੋਕਾਂ ਨੂੰ ਪੜ੍ਹਾ ਕੇ ਆਵਦੇ ਜੁਆਕਾਂ ਦਾ ਭਵਿੱਖ ਖਰਾਬ ਕਰਨ ਵਾਲੀ ਗੱਲ ਹੈ। ਏਸ ਚੀਂਗਰ ਬੋਟ ਨੂੰ



ਤਾਂ ਓਨਾ ਕੁ ਈ ਪੜ੍ਹਾਓ ਜੀਹਦੇ ਬਿਨਾਂ ਸਰਦਾ ਨਾ ਹੋਵੇ। ਏਸੇ ਕਰਕੇ ਆਪਾਂ ਤਾਂ ਨ੍ਹੀ ਪੜ੍ਹਾਈਦਾ। ਜੇ ਇਹ ਸਾਲ਼ੀ ਸਾਰੀ ਲਗੌੜ ਪੜ੍ਹਗੀ, ਕੋਈ ਕੰਮ ਕਰਨ ਵਾਲਾ ਵੀ ਨ੍ਹੀ ਮਿਲਿਆ ਕਰਨਾ।"

ਕੁਲਵੰਤ ਦੀਆਂ ਗੱਲਾਂ ਸੁਣਕੇ ਮੈਨੂੰ ਆਪਣੇ ਨਾਲ ਕਈ ਵਰ੍ਹੇ ਪਹਿਲਾਂ ਵਾਪਰੀ ਘਟਨਾ ਯਾਦ ਆ ਗਈ ਸੀ। ਇਹਦੇ ਵਰਗੇ ਹੀ ਕਿਸੇ ਸਕੂਲ ਮੁਖੀ ਨਾਲ ਖਟਪਟੀ ਹੋਣ ਕਰਕੇ ਮੇਰੀ ਬਦਲੀ ਦੂਰ ਦੇ ਪਛੜੇ ਜਿਹੇ ਪਿੰਡ 'ਨੰਗਲ ਖੇੜਾ' ਹੋ ਗਈ ਸੀ। ਪਹਿਲੇ ਦਿਨ ਮੈਂ ਸਕੂਲ ਜਾ ਕੇ ਦੇਖਿਆ, ਮੇਰੇ ਤਾਂ ਤੌਰ ਹੀ ਭੌਂਅ ਗਏ ਸਨ। ਡਿਗੂੰ ਡਿਗੂੰ ਕਰਦੇ ਕਮਰੇ। ਕੋਈ ਚਾਰ ਦੀਵਾਰੀ ਨਹੀਂ। ਚਾਰ ਚੁਫੇਰੇ ਗੰਦਗੀ ਦੇ ਢੇਰ। ਸਕੂਲ ਦੇ ਸਾਹਮਣੇ ਵੱਡੀਆਂ ਵੱਡੀਆਂ ਰੂੜੀਆਂ। ਸਾਰੇ ਸਕੂਲ 'ਚ ਗੋਡੇ ਗੋਡੇ ਘਾਹ ਉੱਗਿਆ ਹੋਇਆ। ਸਕੂਲ 'ਚ ਤਾਂ ਵੜਦਿਆਂ ਵੀ ਡਰ ਆਉਂਦਾ ਸੀ। ਸਟਾਫ਼ ਦੇ ਨਾਂ 'ਤੇ ਕੇਵਲ ਇਕੋ ਅਧਿਆਪਕਾ ਜਿਹੜੀ ਸ਼ਹਿਰੋਂ ਆਉਂਦੀ ਸੀ। ਕੇਵਲ ਤੇਈ-ਚੌਵੀ ਬੱਚੇ। ਲਿਬੜੇ ਤਿਬੜੇ ਤੇ ਗ਼ਰੀਬੜੇ ਜਿਹੇ। ਮਾਸਟਰਨੀ ਦੂਏ ਤੀਏ ਦਿਨ ਸਕੂਲ ਆਉਂਦੀ।

"ਸ਼ੁਕਰ ਐ ਵੀਰ ਜੀ ਤੁਸੀਂ ਆ ਗੇ। ਰਲ਼ ਮਿਲ਼ ਕੇ ਕੰਮ ਚਲਾ ਲਿਆ ਕਰਾਂਗੇ। ਇਕ ਦਿਨ ਛੱਡਕੇ ਮੈਂ ਆ ਜਾਇਆ ਕਰੂੰ, ਇਕ ਦਿਨ ਛੱਡ ਕੇ ਤੁਸੀਂ ਆ ਜਾਇਆ ਕਰੋ। ਚੈਕਿੰਗ ਚੂਕਿੰਗ ਤੋਂ ਨਹੀਂ ਡਰਨ ਦੀ ਲੋੜ। ਜਿੰਨਾ ਕੁ ਮਹੀਨਾ ਭਰੀਦਾ-ਉਨਾ ਕੁ ਕਿਰਾਇਆ ਬਚ ਜਾਂਦਾ।" ਭੈਣ ਜੀ ਦਵਿੰਦਰ ਮਾਣ ਨਾਲ ਇੰਝ ਦੱਸ ਰਹੀ ਸੀ ਜਿਵੇਂ ਕੋਈ ਬਹੁਤ ਬਹਾਦਰੀ ਵਾਲਾ ਕੰਮ ਕਰਦੀ ਹੋਵੇ।

"ਦਵਿੰਦਰ ਭੈਣ ਜੀ! ਮੈਂ ਤਾਂ ਆਇਆ ਕਰੂੰ ਛੇਏ ਦਿਨ। ਬਲਕਿ ਸੱਤੇ ਦਿਨ। ਤੁਸੀਂ ਕਿੰਨੇ ਦਿਨ ਆਉਣਾ, ਇਹ ਥੋਡੇ 'ਤੇ ਮੁਨੱਸਰ ਐ। ਉਂਝ ਮੇਰਾ ਆਪਣਾ ਖਿਆਲ ਐ ਕਿ ਆਪਾਂ ਨੂੰ ਤਨਖਾਹ ਬੱਚੇ ਪੜ੍ਹਾਉਣ ਦੀ ਮਿਲਦੀ ਐ, ਸੋ ਆਪਾਂ ਨੂੰ ਸਾਰਾ ਹਫਤਾ ਈ ਆਉਣਾ ਚਾਹੀਦਾ। ਵੈਸੇ ਇਹ ਗੱਲ ਮੈਂ ਜ਼ਰੂਰ ਮਹਿਸੂਸ ਕਰਦਾਂ, ਤੁਹਾਡਾ ਜੀਅ ਵੀ ਨਹੀਂ ਲੱਗਦਾ ਹੋਣਾ ਸਕੂਲ 'ਚ। ਜਿਹੜੀ ਹਾਲਤ ਬਣੀ ਪਈ ਐ---ਕਿਹੜਾ ਅਧਿਆਪਕ ਪੜ੍ਹਾਲੂ? ਖੈਰ! ਬੀ ਪੌਜ਼ੇਟਿਵ, ਆਪਾਂ ਸਕੂਲ ਨੂੰ ਪੜ੍ਹਨ ਤੇ ਪੜ੍ਹਾਉਣ ਦੇ ਅਨੁਕੂਲ ਬਣਾਵਾਂਗੇ।" ਮੈਂ ਬੜੇ ਆਤਮ ਵਿਸ਼ਵਾਸ ਨਾਲ ਆਖਿਆ ਸੀ।

ਮੈਨੂੰ ਅੱਜ ਵੀ ਯਾਦ ਹੈ ਕਿ ਕਿਵੇਂ 'ਨੰਗਲ ਖੇੜਾ' ਸਕੂਲ ਨੂੰ ਪੜ੍ਹਨ ਤੇ ਪੜ੍ਹਾਉਣ ਦੇ ਅਨੁਕੂਲ ਬਣਾਉਣ ਲਈ ਲੱਕ ਬੰਨ੍ਹ ਲਿਆ ਸੀ। ਆਪ ਕਹੀ ਫੜ ਕੇ ਧੋਬੜੀਆਂ ਪੱਧਰ ਕੀਤੀਆਂ ਸਨ। ਆਪ ਟਰੈਕਟਰ ਚਲਾ ਕੇ ਡੂੰਘੇ ਟੋਏ ਮਿੱਟੀ ਨਾਲ ਭਰੇ ਸਨ। ਦਾਤਰੀ ਨਾਲ ਘਾਹ ਵੱਢਿਆ ਸੀ। ਰੰਬੀ ਚਲਾ ਕੇ ਸੋਹਣੇ ਸੋਹਣੇ ਫੁੱਲ ਬੂਟੇ ਲਾਏ ਸਨ। ਮਾਪਿਆਂ ਕੋਲ਼ ਘਰ ਘਰ ਜਾ ਕੇ ਬੱਚਿਆਂ ਨੂੰ ਸਕੂਲ ਭੇਜਣ ਲਈ ਪ੍ਰੇਰਤ ਕੀਤਾ ਸੀ। ਪੰਦਰਾਂ ਵੀਹਾਂ ਦਿਨਾਂ 'ਚ ਹੀ ਸਕੂਲ ਦੀ ਨੁਹਾਰ ਬਦਲ ਗਈ ਸੀ। ਬੱਚੇ ਤੇਈ ਤੋਂ ਤਿਰਤਾਲੀ ਹੋ ਗਏ ਸਨ। 'ਇਕ ਦਿਨ ਛੱਡਕੇ ਮੈਂ ਆ ਜਾਇਆ ਕਰੂੰ, ਇਕ ਦਿਨ ਛੱਡ ਕੇ ਤੁਸੀਂ ਆ ਜਾਇਆ ਕਰੋ' ਕਹਿਣ ਵਾਲੀ ਦਵਿੰਦਰ ਭੈਣਜੀ ਸਕੂਲ ਸਜਾਉਣ 'ਚ ਲੱਗੀ ਰਹਿੰਦੀ ਸੀ। ਕਈ ਵਾਰ ਤਾਂ ਆਪਣੇ ਘਰ ਵਾਲੇ ਨੂੰ ਵੀ ਕੰਮ ਕਰਾਉਣ ਲਈ ਨਾਲ ਲੈ ਆਉਂਦੀ। ਸਕੂਲ 'ਚ ਵਰਤੋਂ ਆਉਣ ਵਾਲਾ ਬਹੁਤ ਸਾਰਾ ਸਮਾਨ ਤਾਂ ਉਹ ਘਰੋਂ ਹੀ ਚੁੱਕ ਲਿਆਈ ਸੀ। ਬੱਚਿਆਂ ਦੇ ਪੀਣ ਵਾਲੇ ਸਾਫ਼ ਪਾਣੀ ਦਾ ਪ੍ਰਬੰਧ ਉਸਨੇ ਆਪਣੀ ਤਨਖਾਹ 'ਚੋਂ ਕਰ ਦਿੱਤਾ ਸੀ।

"ਵੀਰ ਜੀ! ਤੁਸੀਂ ਤਾਂ ਕਰਾਮਾਤ ਹੀ ਕਰ ਵਿਖਾਈ। ਸੱਚੀਂ ਪੁੱਛੋਂ, ਹੁਣ ਤਾਂ ਘਰੇ ਐਤਵਾਰ ਦਾ ਦਿਨ ਵੀ ਲੰਘਾਉਣਾ ਔਖਾ ਹੋ ਜਾਂਦਾ। ਯਕੀਨ ਨ੍ਹੀ ਆਉਂਦਾ, ਇਹ ਉਹੀ ਸਕੂਲ ਹੈ ਜਿੱਥੇ ਵੜਨ ਨੂੰ ਜੀਅ ਨਹੀਂ ਸੀ ਕਰਦਾ ਹੁੰਦਾ। ਪਰ ਦੇਖਲੋ, ਪਹਿਲਾਂ ਕੋਈ ਅਫਸਰ ਚੈਕਿੰਗ ਕਰਨ ਨਹੀਂ ਸੀ ਆਇਆ ਕਦੇ। ਹੁਣ ਡੇਢ ਮਹੀਨੇ 'ਚ ਹੀ ਚਾਰ ਵਾਰ ਚੈਕਿੰਗ ਹੋ ਚੁੱਕੀ ਹੈ। ਮਹੀਨਾ ਬੰਦ ਹੋਣ ਕਰਕੇ ਉਤਲੇ ਅਫ਼ਸਰ ਔਖੇ ਹੋਗੇ ਲੱਗਦੇ।"

"ਪਿਆਰੀਏ ਭੈਣੇ! ਅੱਗੇ ਅੱਗੇ ਦੇਖ ਕੀ ਹੁੰਦਾ। ਇਕੱਲੇ ਅਫ਼ਸਰ ਹੀ ਕਿਉਂ, ਹੋਰ ਬੜੇ ਲੋਕ ਦੁਖੀ ਹੋਣਗੇ।"

"ਕਿਉਂ? ਲੋਕਾਂ ਨੂੰ ਭਲਾ ਕਿਉਂ ਤਕਲੀਫ਼ ਹੋਊ?"

"ਬਥੇਰੇ ਭੱਦਰਪੁਰਸ਼ ਹੈਗੇ ਨੇ ਇਸ ਧਰਤੀ 'ਤੇ ਜਿਨ੍ਹਾਂ ਨੂੰ ਕਿਸੇ ਵੀ ਚੰਗੇ ਕੰਮ ਤੋਂ ਤਕਲੀਫ਼ ਹੋ ਜਾਂਦੀ ਹੈ।" ਮੈਂ ਬੜੀ ਗੰਭੀਰ ਗੱਲ ਹੱਸਦਿਆਂ ਹੱਸਦਿਆਂ ਆਖ ਦਿੱਤੀ ਸੀ। ਪਿੰਡ ਦੇ ਖੜਪੈਂਚਾਂ ਵੱਲੋਂ ਸਕੂਲ ਦੇ ਕੰਮ 'ਚ ਡਾਹੇ ਜਾ ਰਹੇ ਅੜਿੱਕਿਆਂ ਵਾਲੀ ਗੱਲ ਮੈਂ ਦਵਿੰਦਰ ਭੈਣਜੀ ਤੋਂ ਲੁਕਾ ਗਿਆ ਸਾਂ। ਮੈਂ ਸੋਚਦਾ ਸਾਂ, ਇਸ ਨਾਲ ਉਹ ਡਰ ਸਕਦੀ ਸੀ।

ਉਸ ਦਿਨ ਦਵਿੰਦਰ ਸਕੂਲ ਦੇ ਕਿਸੇ ਕੰਮ ਬੀ ਪੀ ਈ ਓ ਦਫ਼ਤਰ ਗਈ ਹੋਈ ਸੀ। ਪਿੰਡ ਦੇ ਕਈ ਮੋਹਤਬਰ ਇਕੱਠੇ ਹੋ ਕੇ ਮੇਰੇ ਕੋਲ ਆ ਗਏ ਸਨ।

"ਮਛਟਰ ਜੀ! ਤੁਸੀਂ ਤਾਂ ਸਾਰੇ ਕੰਮੀਆਂ ਕਮੀਣਾਂ ਦੇ ਜੁਆਕ ਸਕੂਲ ਖਿੱਚ ਲਿਆਂਦੇ।" ਦੁੱਧ ਚਿੱਟੇ ਕੱਪੜਿਆਂ 'ਚ ਸਜਿਆ ਫਬਿਆ ਸਰਦਾਰ ਸੁਖਦੇਵ ਸਿੰਘ ਨੰਬਰਦਾਰ ਸਾਰਿਆਂ ਵੱਲੋਂ ਬੋਲਿਆ ਸੀ।

"ਸਰਦਾਰ ਜੀ! ਮੈਂ ਤੇ ਦਵਿੰਦਰ ਭੈਣਜੀ ਕਰੀ ਜਾਨੇ ਆਂ ਮਿਹਨਤ ਸਮਰੱਥਾ ਅਨੁਸਾਰ। ਅਜੇ ਤਾਂ ਇਸਤੋਂ ਦੁੱਗਣੇ ਬੱਚੇ ਕਰਨ ਦਾ ਟੀਚਾ ਐ। ਉਮੀਦ ਐ ਮਹੀਨੇ-ਡੇਢ ਮਹੀਨੇ 'ਚ ਟਾਰਗੈੱਟ ਪੂਰਾ ਹੋਜੂ।" ਮੈਂ ਆਪਣੇ ਵੱਲੋਂ ਬੜਾ ਹੁੱਬ ਕੇ ਦੱਸਿਆ ਸੀ। ਮੈਨੂੰ ਲੱਗਾ ਸੀ ਜਿਵੇਂ ਇਹ ਲੋਕ ਸਾਡੇ ਵੱਲੋਂ ਕੀਤੇ ਜਾ ਰਹੇ ਯਤਨਾਂ ਤੋਂ ਖੁਸ਼ ਹੋ ਕੇ ਹੌਂਸਲਾ ਵਧਾਉਣ ਆਏ ਸਨ।

"ਮਾਸਟਰ ਸੈਬ੍ਹ! ਧਾਡਾ ਡਮਾਗ ਤੇ ਨਹੀਂ ਜੇ ਖਰਾਬ ਹੋ ਗਿਆ। ਤੁਸੀਂ ਤਾਂ ਹਾਡ੍ਹੇ ਪਿੰਡ ਦਾ ਰਿਕਾਟ ਈ ਬਦਲਤਾ।" ਪੰਚ ਹਰਦਿਆਲ ਸਿੰਘ ਜਿਸਨੂੰ ਸਾਰੇ ਸ਼ੇਖੂਪੁਰੀਆ ਆਖਦੇ ਸਨ, ਥੋੜ੍ਹਾ ਤਲਖੀ ਨਾਲ ਬੋਲਿਆ ਸੀ।

"ਮਛਟਰ ਜੀ! ਜੇ ਇਹ ਕੁਜਾਤਾਂ ਪੜ੍ਹ ਗਈਆਂ, ਸਾਡੇ ਕੰਮ ਕੌਣ ਕਰੂ?" ਨੰਬਰਦਾਰ ਸਿੱਧਾ ਮੁੱਦੇ 'ਤੇ ਆ ਗਿਆ ਸੀ।

"ਇਹਨਾਂ ਦੀਆਂ ਆਕੜਾਂ ਤਾਂ ਹੁਣ ਈ ਨ੍ਹੀ ਮਾਣ, ਜੇ ਚਾਰ ਅੱਖਰ ਪੜ੍ਹਗੇ ਫੇਰ ਤਾਂ ਆਪਣੇ ਆਪ ਨੂੰ ਚਾਣਕਿਆ ਈ ਸਮਝਣ ਲੱਗ ਪੈਣਗੇ। ਬੜੀਆਂ ਟੇਢੀਆਂ ਕੌਮਾਂ ਏਹ। ਪਾਣੀ ਨੂੰ ਵਾਟਰ ਈ ਦੱਸਿਆ ਕਰਨਗੇ।" ਇਹ ਸੱਜਣ ਕੋਈ ਰਿਟਾਇਰਡ ਅਧਿਕਾਰੀ ਸਨ।

"ਹੋਰ ਕੀ? ਸਹੀ ਆਂਹਦਾ ਸੁਰਬੰਸ ਸਿੰਘ। ਇਹਨਾਂ 'ਚੋਂ ਜੀਹਦੇ ਚਾਰ ਅੱਖਰ ਖਾਨੇ ਪੈ ਜਾਣ, ਆਵਦੇ ਆਪ ਨੂੰ ਫਰੀਦਕੋਟੀਆ ਰਾਜਾ ਸਮਝਣ ਲੱਗ ਜਾਂਦਾ। ਸਾਸਰੀ ਕਾਲ ਵੀ ਨ੍ਹੀ ਬੁਲਾਉਂਦਾ ਰਾਹ ਖਹਿੜੇ।" ਕੋਈ ਹੋਰ ਦੁਖੀ ਆਤਮਾ ਬੋਲੀ ਸੀ।

"ਮਛਟਰ ਸੈਬ੍ਹ! ਦਿਹਾੜੀਆ ਤਾਂ ਅੱਗੇ ਨ੍ਹੀ ਮਿਲਦਾ। ਤੁਸੀਂ ਪਿੰਡ 'ਚ ਪੜ੍ਹਾਈ ਵਾਲਾ ਨਵਾਂ ਈ ਟਟਵੈਰ ਛੇੜਤਾ। ਫੇਰ ਤਾਂ ਬਾਹਰਲੇ ਪਿੰਡਾਂ 'ਚੋਂ ਲਿਆਉਣੇ ਪਿਆ ਕਰਨਗੇ।" ਨੰਬਰਦਾਰ ਦੀ ਚਿੰਤਾ ਮੁੜ ਮੁੜ ਉੱਥੇ ਜਾ ਖੜ੍ਹਦੀ ਸੀ।

"ਮਛਟਰਾ! ਊਂ ਇਕ ਗੱਲ ਐ। ਆਹ ਜਿਹੜਾ ਕੁੱਛ ਤੂੰ ਕਰੀ ਜਾਣ ਡ੍ਹਿਆਂ ਸਕੂਲ 'ਚ, ਤੇਰਾ ਫਰਜ਼ ਨ੍ਹੀ ਜੇ ਬਣਦਾ ਪੰਚਾਇਤੀ ਬੰਦਿਆਂ ਨੂੰ ਪੁੱਛਣ ਦਾ? ਆਏਂ ਤਾਂ ਕੋਈ ਵੀ ਆ ਕੇ ਭੰਨਤੋੜ ਕਰਦੂ ਸਾਂਝੀ ਥਾਂ ਦੀ। ਅਗਾਂਹ ਜਾਨੇ ਆਂ ਤਾਂ ਸ਼ਕੈਤ ਬਣ ਜਾਂਦੀ ਐ।" ਮੈਨੂੰ ਚੁੱਪ ਵੇਖ ਕੇ ਹਰਦਿਆਲ ਸਿੰਘ ਸ਼ੇਖੂਪੁਰੀਏ ਅੰਦਰਲੀ ਪੰਚੀ ਬੋਲੀ ਸੀ।

"ਸਰਦਾਰ ਸਾਹਿਬ ! ਪਹਿਲੀ ਗੱਲ ਤਾਂ ਮੈਂ ਕੋਈ ਭੰਨਤੋੜ ਕੀਤੀ ਨ੍ਹੀ। ਆਹ ਜਿਵੇਂ ਦਾ ਥੋਡਾ ਸਕੂਲ ਪਹਿਲੋਂ ਸੀ ਉਵੇਂ ਦਾ ਖੜ੍ਹਾ। ਹਾਂ, ਕੁੱਝ ਉੱਚੀ ਨੀਵੀਂ ਥਾਂ ਜ਼ਰੂਰ ਪੱਧਰ ਕੀਤੀ ਹੈ। ਟੋਏ ਭਰੇ ਆ। ਘਾਹ ਪੱਟਿਆ। ਗੰਦ ਦਾ ਢੇਰ ਚੁੱਕਿਆ। ਫੁੱਲ ਬੂਟੇ ਲਾਏ ਨੇ। ਜੇ ਇਹਨੂੰ ਤੁਸੀਂ ਭੰਨਤੋੜ ਸਮਝਦੇ ਓਂ ਤਾਂ ਇਹ ਜ਼ਰੂਰ ਕੀਤੀ ਹੈ। ਰਹੀ ਗੱਲ ਪੁੱਛਣ ਪਛਾਉਣ ਦੀ। ਜੇ ਕੁੱਝ ਨਵੀਂ ਉਸਾਰੀ ਕਰਨੀ ਹੋਈ, ਜ਼ਰੂਰ ਪੁੱਛਾਂਗੇ। ਆਰਥਿਕ ਮੱਦਦ ਵੀ ਮੰਗਾਂਗੇ ਥੋਡੇ ਕੋਲੋਂ। ਕਰਨੀ ਨਾ ਕਰਨੀ ਥੋਡੀ



ਮਰਜ਼ੀ। ਅਗਲੀ ਗੱਲ ਰਹਿਗੀ ਜਾਤਾਂ-ਕੁਜਾਤਾਂ ਨੂੰ ਪੜ੍ਹਾਉਣ ਦੀ; ਉਹ ਐਦਾਂ ਕਿ ਮੈਂ ਹੈਗਾਂ ਇਕ ਅਧਿਆਪਕ। ਅਧਿਆਪਕ ਦਾ ਮਤਲਬ ਹੁੰਦਾ ਗੁਰੂ। ਗਿਆਨ ਦੇਣ ਵਾਲਾ। ਮੇਰਾ ਕੰਮ ਹੈ ਗਿਆਨ ਦੇਣਾ। ਸਿੱਖਿਆ ਦੇਣੀ। ਸਿੱਖਿਆ ਲੈਣ ਵਾਲਾ ਕੌਣ ਹੈ? ਉਹਦੀ ਜਾਤ ਕੀ ਐ, ਧਰਮ ਕੀ ਐ, ਇਹਦੇ ਨਾਲ ਮੇਰਾ ਕੋਈ ਲਾਗਾ ਦੇਗਾ ਨ੍ਹੀ। ਨਾ ਮੈਂ ਕਦੇ ਪੁੱਛਿਆ ਤੇ ਨਾ ਹੀ ਕਦੇ ਪੁੱਛਣਾ।" ਮੇਰੀਆਂ ਦੋ-ਟੁੱਕ ਗੱਲਾਂ ਸੁਣਕੇ ਸਾਰੇ ਕੰਨ ਜਿਹੇ ਖੁਰਕਣ ਲੱਗੇ ਸਨ।

"ਇੱਕ ਗੱਲ ਹੋਰ! ਆਹ ਜਿਹੜੀ ਤੁਸੀਂ ਸ਼ਿਕਾਇਤ ਦੀ ਗੱਲ ਕੀਤੀ ਹੈ, ਏਹਦਾ ਮੇਰੇ 'ਤੇ ਕੋਈ ਅਸਰ ਨ੍ਹੀ। ਜੰਮ ਜੰਮ ਕਰੋ। ਥੋਡਾ ਅਧਿਕਾਰ ਐ। ਤੁਸੀਂ ਕਰ ਸਕਦੇ ਓਂ। ਮੈਂ ਤਾਂ ਇੱਥੇ ਵੀ ਸ਼ਿਕਾਇਤ 'ਤੇ ਹੀ ਆਇਆਂ। ਏਦੂੰ ਅਗਾਂਹ ਹੋਰ ਕਿੱਥੇ ਭੇਜ ਦੇਣਗੇ? ਪਿਛਾਂਹ ਨੂੰ ਈ ਮੋੜਨਗੇ। ਸੋ ਭਾਈ ਇਹ ਤਾਂ ਥੋਡੀ ਬੜੀ ਮੇਹਰਬਾਨੀ ਹੋਊ ਜੇ ਕਹਿ ਕਹਾ ਕੇ ਮੇਰੀ ਬਦਲੀ ਕਰਾ ਦਿਓਂਗੇ। ਥੋਡਾ ਮਸਲਾ ਹੱਲ ਹੋਜੂ, ਮੈਂ ਘਰ ਦੇ ਨੇੜੇ ਹੋਜੂੰ।"

"ਨਹੀਂ ਨਹੀਂ ਮਾਸਟਰ ਜੀ, ਸਾਡਾ ਇਹ ਮਤਲਬ ਨਹੀਂ ਸੀ। ਸਾਡਾ ਮਤਲਬ ਸੀ-ਵਈ ਸਾਡਾ ਮਤਲਬ ਸੀ, ਸਾਨੂੰ ਪੁੱਛਣਾ ਚਾਹੀਦਾ ਸੀ।ਅਸੀਂ ਥੋਡੇ ਤੋਂ ਬਾਹਰ ਤਾਂ ਨ੍ਹੀ ਹੈਗੇ।" ਮੇਰੇ ਚੁੱਕੇ ਫੰਨ ਨੇ ਚੌਧਰੀਆਂ ਦੀ ਬੋਲਤੀ ਬੰਦ ਕਰਾ ਦਿੱਤੀ ਸੀ।

"ਜੇ ਗੱਲ ਪੁੱਛਣ-ਪੁਛਾਉਣ ਵਾਲੀ ਈ ਐ, ਮੈਂ ਤਾਂ ਆਥਣੇ ਸਵੇਰੇ ਪੁੱਛ ਲਿਆ ਕਰੂੰ।" ਮੇਰਾ ਕੱਛਾਂ ਵਿਚ ਦੀ ਹਾਸਾ ਨਿਕਲ ਰਿਹਾ ਸੀ।

"ਸੰਗਾ ਨਹੀਂ ਜੇ ਕਰਨ ਦੀ ਲੋੜ। ਹਾਡ੍ਹੀ ਲੋੜ ਹੋਈ ਨਿਝੱਕ ਦੱਸ ਦੇਇਓ।" ਪੰਚੀ ਗੋਡਿਆਂ ਭਾਰ ਹੋ ਗਈ ਸੀ।

"ਚੰਗਾ ਹੋਇਆ ਮਾਸਟਰ ਸਾਬ੍ਹ! ਗ਼ਲਤ ਫਹਿਮੀਆਂ ਦੂਰ ਹੋਗੀਆਂ ਦੋਵਾਂ ਧਿਰਾਂ ਦੀਆਂ।" ਆਖਦੇ ਮੋਹਤਬਰ ਖਿਸਕ ਗਏ ਸਨ।

ਨੰਗਲ ਖੇੜੇ ਵਾਲੀ ਵਰ੍ਹਿਆਂ ਪੁਰਾਣੀ ਗੱਲ ਯਾਦ ਕਰ ਕੇ ਹੁਣ ਵੀ ਕਈ ਵਾਰ ਹੱਸ ਲੈਂਦਾ ਹਾਂ।

ਸਾਰੀ ਛੁੱਟੀ ਹੋਣ 'ਚ ਢਾਈ ਘੰਟੇ ਰਹਿ ਗਏ ਨੇ। ਕੁਲਵੰਤ ਸਿੰਘ ਦੀ ਕਲਾਸ ਨੇ ਅਸਮਾਨ ਸਿਰ 'ਤੇ ਚੱਕਣਾ ਲਿਆ ਹੈ। ਮੈਂ ਰੌਲਾ ਪਾਉਂਦੀ ਕਲਾਸ ਨੂੰ ਮੈਡਮ ਨਿਰਮਲ ਕੋਲ਼ ਜਾ ਬਹਿਣ ਲਈ ਕਹਿ ਦਿੱਤਾ ਹੈ। ਵਟਸ ਅੱਪ 'ਤੇ ਆਏ ਮੈਸੇਜ ਨੇ ਸਾਫ਼ ਕਰ ਦਿੱਤਾ ਸੀ ਕਿ ਕੁਲਵੰਤ ਛੇਤੀ ਨਹੀਂ ਆਉਂਦਾ। ਉਸਨੇ ਜ਼ਰੂਰੀ ਕੰਮ ਲਈ ਡੀ ਈ ਓ ਦਫ਼ਤਰ ਜਾਣ ਬਾਰੇ ਲਿਖਿਆ ਹੈ। ਮੈਂ ਉਸਦੇ ਇਸ ਜ਼ਰੂਰੀ ਕੰਮ ਬਾਰੇ ਲੱਖਣ ਲਾਉਣ ਲੱਗਦਾ ਹਾਂ। ਦਿਮਾਗ਼ ਦਾ ਘੋੜਾ ਸਰਪੱਟ ਦੁੜਾਉਣ ਦੇ ਬਾਵਜੂਦ ਕਿਸੇ ਨਤੀਜੇ 'ਤੇ ਨਹੀਂ ਪਹੁੰਚਦਾ। ਜ਼ਰੂਰੀ ਕੰਮ ਤਾਂ ਉਸਨੂੰ ਪਿਆ ਹੀ ਰਹਿੰਦਾ ਹੈ, ਇਸ ਕਰਕੇ ਕਿਸੇ ਨਤੀਜੇ 'ਤੇ ਪਹੁੰਚਣਾ ਹੈ ਵੀ ਮੁਸ਼ਕਲ। ਅਜਿਹੇ ਜ਼ਰੂਰੀ ਕੰਮਾਂ ਲਈ ਹੀ ਤਾਂ ਇਹ ਐੱਮ ਏ ਬੀ ਐੱਡ ਹੋਣ ਦੇ ਬਾਵਜੂਦ ਮਾਸਟਰ ਕੇਡਰ 'ਚ ਨਹੀਂ ਜਾਂਦਾ।

"ਕੁਲਵੰਤ ਸਿਆਂ! ਥੋਡੇ ਨਾਲ ਦੇ ਭਰਤੀ ਹੋਏ ਬਹੁਤੇ ਬੀ ਏ ਬੀ ਐੱਡ ਟੀਚਰ ਪਰਮੋਟ ਹੋ ਕੇ ਮਾਸਟਰ ਕੇਡਰ 'ਚ ਚਲੇ ਗਏ। ਹੁਣ ਵੀ ਕਿੰਨੀ ਵਾਰ ਕੇਸ ਮੰਗੇ ਡੀਪਾਰਟਮੈਂਟ ਨੇ। ਤੁਸੀਂ ਮਾਸਟਰ ਕੇਡਰ ਵਾਸਤੇ ਕਿਉਂ ਨ੍ਹੀ ਅਪਲਾਈ ਕਰਦੇ?" ਇਹ ਸਵਾਲ ਇਕ ਨਹੀਂ ਅਨੇਕ ਵਾਰ ਕੀਤਾ ਹੈ।

"ਐਥੋਂ ਵਰਗੀ ਮੌਜ ਨ੍ਹੀ ਮਿਲਣੀ। ਕੋਈ ਪੁੱਛਣ ਆਲਾ ਨ੍ਹੀ-ਕੋਈ ਪਛਾਉਣ ਆਲਾ ਨ੍ਹੀ। ਅਸਲ ਮੁਰਲੀ ਮਾਸਟਰ ਤਾਂ ਪ੍ਰਾਇਮਰੀ ਸਕੂਲ ਵਾਲਾ ਟੀਚਰ ਹੀ ਹੁੰਦਾ। ਮਾਸਟਰ ਕੇਡਰ 'ਚ ਤਾਂ ਜਾਨ ਨੂੰ ਸੌ ਸਿਆਪੇ। ਕਿਤੇ ਸਿਲੇਬਸ ਪੂਰਾ ਕਰਾਉਣ ਦਾ ਫਿਕਰ, ਕਿਤੇ ਰੀਜ਼ਲਟ ਵਿਖਾਉਣ ਦਾ ਝੰਜਟ। ਰੀਜ਼ਲਟ ਮਾੜਾ ਆ ਗਿਆ, ਜੁਆਬ ਤਲਬੀ ਆ ਜਾਂਦੀ ਉੱਤੋਂ। ਹਾਈ 'ਚ ਕੋਈ ਕਿਸੇ ਦਾ ਪੀਰੀਅਡ ਨ੍ਹੀ ਲਾਉਂਦਾ। ਬੰਦਾ ਦਸ ਮਿੰਟ ਐਧਰ ਓਧਰ ਹੋ ਜੇ, ਭੂਚਾਲ ਆ ਜਾਂਦਾ। ਫੇਰ ਕਦੇ ਕੋਈ ਸੈਮੀਨਾਰ, ਕਦੇ ਰੀਫ਼ਰੈਸ਼ਰ ਕੋਰਸ।ਐਥੇ ਤਾਂ ਮੌਜਾਂ ਈ ਮੌਜਾਂ। ਬੁੱਲੇ ਲੁੱਟੀਦੇ।" ਹਰ ਵਾਰ

ਇਹ ਬੜੀ ਢੀਠਤਾਈ ਨਾਲ ਜਵਾਬ ਦਿੰਦਾ ਹੈ।

ਸਿਰੇ ਦਾ ਢੀਠ ਬੰਦਾ। ਹੋਰ ਵੀ ਬਹੁਤ ਹੋਣਗੇ ਇਹੋ ਜਿਹੇ। ਫਰਲੋ ਮਾਰਨ ਦੇ ਨਵੇਂ ਨਵੇਂ ਬਹਾਨੇ। ਕਦੇ ਬੀ ਈ ਓ ਦਫ਼ਤਰ ਡਾਕ ਦੇਣ ਜਾਣਾ ਤੇ ਕਦੇ ਡੀ ਈ ਓ ਦਫ਼ਤਰ। ਕਦੇ ਮਿੱਡ-ਡੇ-ਮੀਲ ਵਾਲਿਆਂ ਲਈ ਰਾਸ਼ਨ ਤੇ ਕਦੇ ਗੈਸ ਸਿਲੰਡਰ।

"ਸਰ ਜੀ! ਐੱਸ ਸੀ, ਬੀ ਸੀ ਅਤੇ ਘੱਟ ਗਿਣਤੀਆਂ ਦੇ ਵਜ਼ੀਫੇ ਵਾਲੇ ਬੱਚਿਆਂ ਦੀ ਸੂਚਨਾ ਮੰਗੀ ਸੀ ਬੀ ਪੀ ਈ ਓ ਦਫ਼ਤਰ ਨੇ। ਐਵੇਂ ਕੀਹਨੂੰ ਕਹੋਂਗੇ ਜਾਣ ਲਈ। ਤੁਸੀਂ ਮੇਰੀ ਡਿਊਟੀ ਕੱਢ ਦਿਓ, ਮੈਂ ਦੇ ਆਊਂ।" ਕਰਨ ਵਾਲੇ ਅਜਿਹੇ ਕੰਮਾਂ ਦੀ ਤਲਾਸ਼ ਵੀ ਇਹ ਆਪ ਹੀ ਕਰਦਾ ਹੈ।

ਹੁਣ ਵੀ ਡੀ ਈ ਓ ਦਫ਼ਤਰ ਤੁਰਿਆ ਫਿਰਦਾ। ਜੇ ਇਹ ਵਕਤ ਸਿਰ ਆ ਜਾਂਦਾ ਤਾਂ ਮੈਂ ਜਾਣਾ ਸੀ ਡੀ ਓ ਦਫ਼ਤਰ। ਸਵਰਨ ਸਿੰਘ ਵਾਲੀ ਫਾਈਲ ਦਾ ਪਤਾ ਕਰਨਾ ਸੀ। ਅੱਜ ਦਸ ਅਗਸਤ ਹੋ ਚੱਲੀ ਹੈ ਪਰ ਉਸਦੀ ਫਾਈਲ ਦਾ ਅਜੇ ਤਕ ਪਤਾ ਹੀ ਨਹੀਂ ਲੱਗਾ। ਡੀ ਸੀ ਦਫ਼ਤਰ 'ਚੋਂ ਤਾਂ ਉਸਦੇ ਨਾਂ ਦੀ ਪ੍ਰਵਾਨਗੀ ਜ਼ਿਲ੍ਹਾ ਸਿੱਖਿਆ ਦਫ਼ਤਰ ਆ ਚੁੱਕੀ ਹੋਊ। ਡੀ ਈ ਓ ਦਫ਼ਤਰ ਦਾ ਤਾਂ ਬਾਬਾ ਆਲਮ ਹੀ ਨਿਰਾਲਾ ਹੈ। ਸਮੇਂ ਸਿਰ ਕੋਈ ਡਾਕ ਥੱਲੇ ਭੇਜਦੇ ਹੀ ਨਹੀਂ। ਸੁਪਰਡੈਂਟ ਜਾਂ ਡੀਲਿੰਗ ਸਹਾਇਕ ਦੇ ਟੇਬਲ ਦੀ ਦਰਾਜ਼ 'ਚ ਹੀ ਛਹਿ ਲਾ ਕੇ ਬੈਠੀ ਰਹਿੰਦੀ ਹੈ। ਕੀ ਪਤਾ ਸਵਰਨ ਸਿੰਘ ਵਾਲੀ ਚਿੱਠੀ ਵੀ ਕੋਲ ਹੀ ਰੱਖ ਛੱਡਣ। ਪੰਦਰਾਂ ਅਗਸਤ ਤੋਂ ਬਾਅਦ ਭੇਜ ਦੇਣਗੇ। ਕੱਲ੍ਹ ਆਪ ਹੀ ਪਤਾ ਕਰੂੰ। ਉਹਨਾਂ ਦੀਆਂ ਦਰਾਜ਼ਾਂ 'ਚੋਂ ਕਢਵਾ ਕੇ ਬੀ ਪੀ ਈ ਓ ਦਫ਼ਤਰ ਪੁੱਜਦੀ ਕਰੂੰ ਤੇ ਉੱਥੋਂ ਹੱਥ ਦਸਤੀ ਲੈ ਆਊਂ। ਜੇ ਕਿਸੇ ਦਾ ਮੱਥਾ ਡੰਮ੍ਹਣਾ ਪਿਆ, ਉਹ ਵੀ ਡੰਮ੍ਹ ਦੇਊਂ। ਸਰਕਾਰੀ ਕੰਮ ਤਾਂ ਇਉਂ ਹੀ ਕਰਨੇ ਪੈਂਦੇ ਐ।

ਕੋਈ ਹੋਰ ਕੰਮ ਹੁੰਦਾ ਤਾਂ ਇਸ ਢੀਠ ਬੰਦੇ ਕੁਲਵੰਤ ਸਿੰਘ ਨੂੰ ਹੀ ਆਖ ਦਿੰਦਾ। ਬਾਹਰਲੇ ਕੰਮ ਕਰ ਕੇ ਤਾਂ ਇਸਨੂੰ ਸੁਆਦ ਹੀ ਬੜਾ ਆਉਂਦਾ। ਪਰ ਸਵਰਨ ਸਿੰਘ ਵਾਲੀ ਫਾਈਲ ਤਾਂ ਇਸਤੋਂ ਚੋਰੀ ਚੋਰੀ ਹੀ ਅੱਗੇ ਤੋਰੀ ਹੈ। ਇਹਨੂੰ ਤਾਂ ਭਿਣਕ ਤਕ ਨਹੀਂ ਪੈਣ ਦਿੱਤੀ। ਜੇ ਪਤਾ ਲੱਗ ਜਾਂਦਾ, ਇਹਨੇ ਹੋਰ ਈ ਅੜੰਗਾ ਡਾਹ ਦੇਣਾ ਸੀ।

"ਕੀ ਮਹੱਤਤਾ ਐਹੋ ਜਿਹੇ ਸਨਮਾਨਾਂ ਦੀ? ਕੋਈ ਨ੍ਹੀ ਪੁੱਛਦਾ ਐਹੋ ਜਿਹੇ ਸਨਮਾਨਾਂ ਨੂੰ। ਐਹੋ ਜਿਹੇ ਟੁੱਚੇ ਸਨਮਾਨ ਤਾਂ ਭਾਵੇਂ ਆਥਣ ਨੂੰ ਵੀਹ ਇਕੱਠੇ ਕਰਲਾਂ।" ਇਹਨੇ ਭੁੱਜ ਕੇ ਕੋਲੇ ਹੋ ਜਾਣਾ ਸੀ। ਜਦੋਂ ਵੀ ਸਵਰਨ ਸਿੰਘ ਨੂੰ ਕਿਸੇ ਥਾਂ ਤੋਂ ਕੋਈ ਸਨਮਾਨ ਮਿਲਦਾ ਹੈ, ਇਹ ਅਜਿਹੀਆਂ ਟਿੱਪਣੀਆਂ ਕਰਦਾ ਰਹਿੰਦਾ ਹੈ।

ਮਾਨਾਂ ਸਨਮਾਨਾਂ ਦੀ ਮਹੱਤਤਾ ਤਾਂ ਸਵਰਨ ਸਿੰਘ ਵੀ ਨਹੀਂ ਸਮਝਦਾ। ਉਹ ਆਖਦਾ ਹੈ, "ਆਪਾਂ ਤਾਂ ਆਪਣਾ ਫਰਜ਼ ਅਦਾ ਕਰਦੇ ਹਾਂ। ਇਨਾਮਾਂ ਸਨਮਾਨਾਂ ਲਈ ਕੰਮ ਨਹੀਂ ਕਰਦੇ।"

ਮਾਸਟਰ ਸਵਰਨ ਸਿੰਘ ਦੀ ਕੀਤੀ ਮਿਹਨਤ ਸਕੂਲ ਦੇ ਦਫ਼ਤਰ 'ਚ ਪਈਆਂ ਸ਼ੀਲਡਾਂ, ਟਰਾਫ਼ੀਆਂ, ਮੈਡਲਾਂ ਅਤੇ ਟੰਗੇ ਹੋਏ ਸਰਟੀਫਿਕੇਟਾਂ ਤੋਂ ਝਾਕਦੀ ਹੈ। ਉਸਦੇ ਤਿਆਰ ਕੀਤੇ ਬੱਚੇ ਖੋ ਖੋ, ਕਬੱਡੀ, ਦੌੜਾਂ, ਭਾਸ਼ਣ, ਕਵਿਤਾ, ਸੁੰਦਰ ਲਿਖਾਈ ਤੇ ਹੋਰ ਅਜਿਹੇ ਮੁਕਾਬਲਿਆਂ 'ਚ ਰਾਜ ਪੱਧਰ ਤੱਕ ਜਾ ਆਏ ਹਨ। ਦੌੜਾਂ 'ਚ ਦੋ ਕੁੜੀਆਂ ਤਾਂ ਨੈਸ਼ਨਲ ਤੱਕ ਖੇਡ ਆਈਆਂ ਹਨ। ਢੇਰਾਂ ਪ੍ਰਾਪਤੀਆਂ ਦੇ ਬਾਵਜੂਦ, ਉਹ ਕਿਸੇ ਐਵਾਰਡ ਦੀ ਦੌੜ 'ਚ ਨਹੀਂ ਪੈਂਦਾ।

ਉਸਦੇ ਮਨ੍ਹਾ ਕਰਨ ਦੇ ਬਾਵਜੂਦ ਪੰਦਰਾਂ ਅਗਸਤ ਆਜ਼ਾਦੀ ਦਿਹਾੜੇ ਦੇ ਫੰਕਸ਼ਨਾਂ 'ਤੇ ਡੀ ਸੀ ਸਾਹਿਬ ਤੋਂ ਸਨਮਾਨਤ ਕਰਵਾਉਣ ਲਈ ਫਾਈਲ ਉਪਰ ਭੇਜ ਦਿੱਤੀ ਸੀ। ਮੇਰੀ ਇਹ ਦਿਲੀ ਇੱਛਾ ਹੈ ਕਿ ਇਸਨੂੰ ਸਟੇਟ ਐਵਾਰਡ ਮਿਲੇ। ਉਹ ਹੈ ਵੀ ਸਹੀ ਹੱਕਦਾਰ। ਡੀ ਸੀ ਸਾਹਬ ਵੱਲੋਂ ਸਨਮਾਨ ਦਿੰਦਿਆਂ ਦੀ ਫੋਟੋ ਅਖਬਾਰ 'ਚ ਲੱਗ ਜਾਵੇਗੀ ਤਾਂ ਸਵਰਨ ਸਿੰਘ ਦੀ ਪ੍ਰੋਫਾਈਲ ਹੋਰ



ਮਜ਼ਬੂਤ ਹੋ ਜਾਵੇਗੀ। ਬੜੀ ਮੁਸ਼ਕਲ ਨਾਲ ਹੀ ਉਸਨੂੰ ਸਟੇਟ ਐਵਾਰਡ ਵਾਸਤੇ ਫਾਈਲ ਤਿਆਰ ਕਰਨ ਲਈ ਮਨਾਇਆ ਹੈ।

ਕੁਲਵੰਤ ਸਿੰਘ ਦੀ ਵੱਡੀ ਸਾਰੀ ਗੱਡੀ ਸਕੂਲ ਗੇਟ ਲੰਘ ਆਈ ਹੈ। ਜ਼ਹਿਰ ਮੋਰੇ ਰੰਗ ਦੀ ਸ਼ਰਟ ਪੱਗ ਨਾਲ ਮੈਚ ਕਰਦੀ ਹੈ। ਮੁੱਛਾਂ ਮਰੋੜ ਮਰੋੜ ਕੇ ਉਚੇਚਾ ਖੜ੍ਹੀਆਂ ਕੀਤੀਆਂ ਲੱਗਦੀਆਂ। ਅੱਖਾਂ 'ਚ ਵੱਖਰੀ ਤਰ੍ਹਾਂ ਦੀ ਖ਼ੁਸ਼ੀ ਉਛਾਲੇ ਮਾਰਦੀ ਨਜ਼ਰ ਆਉਂਦੀ ਹੈ। ਤੋਰ ਅੱਗੇ ਨਾਲੋਂ ਵੱਧ ਮੜਕ ਵਾਲੀ ਹੈ। ਹੱਥ 'ਚ ਕੋਈ ਡੱਬਾ ਫੜੀ ਸਿੱਧਾ ਦਫ਼ਤਰ ਵੱਲ ਨੂੰ ਹੀ ਤੁਰਿਆ ਆਉਂਦਾ ਹੈ।

"ਸਤਿ ਸ੍ਰੀ ਅਕਾਲ 'ਹੈੱਡ ਸਾਹਿਬ' ਜੀ।" 'ਹੈੱਡ ਸਾਹਿਬ' ਸ਼ਬਦ ਉਸਨੇ ਘਰੋੜ ਕੇ ਬੋਲਿਆ ਹੈ।

"ਸਾਅਸਰੀ 'ਕਾਅਲ!" ਮੈਂ ਅਣਮੰਨੇ ਜਿਹੇ ਮਨ ਨਾਲ ਜਵਾਬ ਦਿੱਤਾ।

"ਲਓ ਸਭ ਤੋਂ ਪਹਿਲਾਂ ਮੂੰਹ ਮਿੱਠਾ ਕਰੋ।" ਉਸਨੇ ਨਾਰੀਅਲ ਵਾਲੀ ਮਹਿੰਗੀ ਬਰਫ਼ੀ ਦੇ ਡੱਬੇ ਦਾ ਢੱਕਣ ਖੋਹਲ ਕੇ ਮੇਰੇ ਅੱਗੇ ਕਰ ਦਿੱਤਾ ਹੈ।

"ਇਹ ਕਿਹੜੀ ਖ਼ੁਸ਼ੀ 'ਚ?" ਮੈਂ ਇਕ ਪੀਸ ਚੁੱਕ ਲਿਆ ਹੈ।

"ਆਪਣੇ ਸਕੂਲ ਦੇ ਅਧਿਆਪਕ ਨੂੰ ਪੰਦਰਾਂ ਅਗਸਤ ਵਾਲੇ ਦਿਨ ਸਨਮਾਨਤ ਕਰ ਰਹੇ ਨੇ ਡੀ ਸੀ ਸਾਹਬ। ਆਹ ਲਓ ਪੱਤਰ। ਆਹ ਚਿੱਠੀ ਲੈਣ ਵਾਸਤੇ ਹੀ ਤਾਂ ਡੀ ਈ ਓ ਦਫ਼ਤਰ ਗਿਆ ਸੀ। ਕੱਲ੍ਹ ਫੋਨ ਆਇਆ ਸੀ ਦਫ਼ਤਰੋਂ।" ਕੁਲਵੰਤ ਸਿੰਘ ਨੇ ਚਿੱਠੀ ਮੇਰੇ ਅੱਗੇ ਕਰ ਦਿੱਤੀ ਹੈ। ਮੈਂ ਮਨ ਹੀ ਮਨ 'ਪਹਿਲੀ ਵਾਰ ਇਹਨੇ ਕੋਈ ਚੰਗਾ ਕੰਮ ਕੀਤਾ' ਆਖਦਿਆਂ ਛੇਤੀ ਛੇਤੀ ਪੱਤਰ ਖੋਹਲ ਕੇ ਪੜ੍ਹਨ ਲੱਗਦਾ ਹਾਂ।

"ਅਧਿਆਪਨ ਕਾਰਜਾਂ ਵਿਚ ਪਾਏ ਅਹਿਮ ਯੋਗਦਾਨ ਬਦਲੇ ਮਾਸਟਰ ਕੁਲਵੰਤ ਸਿੰਘ ਸਰਕਾਰੀ ਪ੍ਰਾਇਮਰੀ ਸਕੂਲ ਉਸਮਾਨ ਵਾਲਾ ਨੂੰ ਮਾਨਯੋਗ ਡਿਪਟੀ ਕਮਿਸ਼ਨਰ ਸਾਹਿਬ ਵੱਲੋਂ ਸਨਮਾਨਤ ਕੀਤਾ ਜਾਵੇਗਾ।" ਪੱਤਰ ਦੇ ਸ਼ਬਦ ਮੇਰੀਆਂ ਅੱਖਾਂ 'ਚ ਜਲੂਨ ਕਰਨ ਲੱਗਦੇ ਹਨ। ਬਰਫ਼ੀ ਦਾ ਟੁਕੜਾ ਮੇਰੇ ਸੰਘ 'ਚ ਅੜ ਗਿਆ ਹੈ। ਮੇਰਾ ਜੀਅ ਕਰਦਾ ਹੈ ਉੱਚੀ ਉੱਚੀ ਧਾਹ ਮਾਰਾਂ। ਮੇਰਾ ਗਲ਼ਾ ਭਰ ਆਇਆ ਹੈ। ਮੈਨੂੰ ਕੁੱਝ ਨਹੀਂ ਸੁੱਝਦਾ ਕਿ ਕੀ ਕਰਾਂ। ਕਿੰਨਾ ਚਿਰ ਤਾਂ ਮੈਥੋਂ ਬੋਲਿਆ ਹੀ ਨਹੀਂ ਗਿਆ। ਹੌਲ਼ੀ ਹੌਲ਼ੀ ਆਪਣੇ ਆਪ ਨੂੰ ਸੰਭਾਲਿਆ ਹੈ। ਕੁਲਵੰਤ ਸਿੰਘ ਕੁਰਸੀ 'ਚ ਚੌੜਾ ਹੋਇਆ ਬੈਠਾ ਮੁਸਕਰਾਈ ਜਾਂਦਾ ਹੈ।

"ਬਹੁਤ ਵਧੀਆ! ਬਹੁਤ ਵਧੀਆ ਹੋਇਆ ਕੁਲਵੰਤ ਸਿੰਘ ਜੀ। ਐਹੋ ਜਿਹੇ ਸਨਮਾਨ ਆਪਣੇ ਵਰਗੇ 'ਖਾਨਦਾਨੀ' ਬੰਦਿਆਂ ਨੂੰ ਹੀ ਮਿਲਣੇ ਚਾਹੀਦੇ। ਐਹ ਸਵਰਨ ਵਰਗਿਆਂ ਨੇ ਤਾਂ ਦੇਸ਼ ਦਾ ਭੱਠਾ ਹੀ ਬਹਾ ਕੇ ਰੱਖ ਦਿੱਤਾ।" ਕੁਰਸੀ ਤੋਂ ਉੱਠ ਬਹਾਨੇ ਨਾਲ ਮੂੰਹ ਦੂਜੇ ਪਾਸੇ ਕਰ, ਅੱਖਾਂ 'ਚ ਉੱਤਰ ਆਈ ਨਮੀ ਸਾਫ਼ ਕਰ ਲੈਂਦਾ ਹਾਂ।000

***(ਕੁਆਰਟਰ ਨੰਬਰ 2, ਸਿਵਲ ਹਸਪਤਾਲ,***

***ਕੋਟ ਈਸੇ ਖਾਂ, ਜ਼ਿਲ੍ਹਾ ਮੋਗਾ 142 043)***

# ਸੁਪਨਾ: ਕਹਾਣੀ: ਹਰਜਿੰਦਰ ਸਿੰਘ ਸੂਰੇਵਾਲੀਆ

'ਸਰ, ਤੁਸੀਂ ਮੈਨੂੰ ਹੁਣ ਕਦੇ ਦਫ਼ਤਰ ਵਿਚ ਬੁਲਾਇਆ ਹੀ ਨਹੀਂ?' ਦਫ਼ਤਰ ਦੇ ਬਾਰ ਵਿਚ ਖਲੋਤੀ ਬਲਜੀਤ ਧੌਣ ਟੇਢੀ ਕਰ ਕੇ ਮੁਸਕਰਾਉਂਦੀ ਹੋਈ ਬੜੀ ਹੀ ਅਦਾ ਨਾਲ ਪੁੱਛ ਰਹੀ ਸੀ...। ਐਨ ਓਸੇ ਵਕਤ ਹੀ ਉਸ ਨੂੰ ਜਾਗ ਆ ਗਈ। ਏਨਾ ਵਧੀਆ ਸੁਪਨਾ! ਉਹ ਜਾਗਣਾ ਨਹੀਂ ਚਾਹੁੰਦਾ ਸੀ ਤੇ ਚਾਹੁੰਦਾ ਸੀ ਕਿ ਓਸੇ ਤਰ੍ਹਾਂ ਹੀ ਨੀਂਦ ਦੀ ਅਵਸਥਾ ਵਿਚ ਚਲਾ ਜਾਵੇ ਤਾਂ ਕਿ ਆ ਰਿਹਾ ਸੁਪਨਾ ਓਥੋਂ ਹੀ ਜੁੜ ਜਾਵੇ ਜਿੱਥੋਂ ਟੁੱਟਿਆ ਸੀ ਤੇ ਸੁਪਨਾ ਚਲਦਾ ਰਹੇ। ਪਰ ਸੁਪਨਾ ਤਾਂ ਸੁਪਨਾ ਹੀ ਸੀ ਤੇ ਸੁਪਨੇ ਟੁੱਟ ਕੇ ਦੁਬਾਰਾ ਨਹੀਂ ਜੁੜਦੇ ਹੁੰਦੇ! ਉਹ ਫਿਰ ਵੀ ਅੱਖਾਂ ਬੰਦ ਕਰ ਕੇ ਪਿਆ ਰਿਹਾ ਤੇ ਵਾਰ ਵਾਰ ਉਸ ਸੁਪਨੇ ਵਿਚ ਆਏ ਦ੍ਰਿਸ਼ ਨੂੰ ਯਾਦ ਕਰਨ ਲੱਗਿਆ- ਦ੍ਰਿਸ਼ ਜਿਸ ਵਿਚ ਬਲਜੀਤ ਕਹਿ ਰਹੀ ਹੈ ਕਿ ਸਰ ਤੁਸੀਂ ਮੈਨੂੰ ਹੁਣ ਕਦੇ ਦਫ਼ਤਰ ਵਿਚ ਬੁਲਾਇਆ ਹੀ ਨਹੀਂ। ਦਫ਼ਤਰ ਦੇ ਬਾਰ ਵਿਚ ਥੋੜ੍ਹੀ ਜਿਹੀ ਟੇਢੀ ਧੌਣ ਕਰਕੇ ਖੜ੍ਹੀ ਮੁਸਕਰਾਉਂਦੀ ਹੋਈ ਉਹ ਬਹੁਤ ਹੀ ਸੋਹਣੀ ਲੱਗ ਰਹੀ ਸੀ...।

ਹਰਦੇਵ ਸਿੰਘ ਬਰਾੜ ਬਹੁਤ ਹੀ ਹੱਸਮੁੱਖ ਸੁਭਾਅ ਦਾ ਰਲੌਂਟਾ ਤੇ ਰੰਗੀਲਾ ਬੰਦਾ ਸੀ। ਜਿੱਥੇ ਵੀ ਉਹ ਬੈਠ ਜਾਂਦਾ ਸੀ ਓਥੇ ਹੀ ਹਾਸਿਆਂ ਦੇ ਅਨਾਰ ਫੁੱਟਣ ਲੱਗਦੇ ਸਨ। ਸਕੂਲ ਦਾ ਪ੍ਰਿੰਸੀਪਲ ਬਣ ਕੇ ਵੀ ਉਸ ਦਾ ਸੁਭਾਅ ਨਹੀਂ ਬਦਲਿਆ ਸੀ। ਪਹਿਲਾਂ ਉਹ ਕੁੱਝ ਸਾਲ ਇਕ ਸਕੂਲ ਦਾ ਕਾਰਜਕਾਰੀ ਪ੍ਰਿੰਸੀਪਲ ਰਿਹਾ ਸੀ ਤੇ ਫਿਰ ਉਸ ਦੀ ਤਰੱਕੀ ਹੋਈ ਤਾਂ ਉਹ ਪੱਕਾ ਪ੍ਰਿੰਸੀਪਲ ਬਣ ਗਿਆ ਸੀ। ਰੀਟਾਇਰਮੈਂਟ ਵੇਲੇ ਉਹ ਆਪਣੇ ਇਲਾਕੇ ਦੇ ਇਕ ਬਹੁਤ ਹੀ ਵੱਡੇ ਤੇ ਨਾਮੀ ਸੀਨੀਅਰ ਸੈਕੰਡਰੀ ਸਕੂਲ ਦਾ ਪ੍ਰਿੰਸੀਪਲ ਸੀ। ਲੈਕਚਰਰ, ਮਾਸਟਰ ਕੇਡਰ, ਕਲਾਸੀਕਲ ਟੀਚਰ, ਲੈਬਾਰਟਰੀ ਸਟਾਫ਼ ਅਤੇ ਦਰਜਾ ਚਾਰ ਆਦਿ ਕਰਮਚਾਰੀਆਂ ਨੂੰ ਮਿਲਾ ਕੇ ਸਟਾਫ਼ ਦੀ ਗਿਣਤੀ ਤੀਹਾਂ ਪੈਂਤੀਆਂ ਤੋਂ ਟੱਪ ਜਾਂਦੀ ਸੀ। ਹਰ ਜਮਾਤ ਦੇ ਦੋ ਦੋ ਸੈਕਸ਼ਨ ਸਨ ਤੇ ਸਾਰੇ ਪੀਰੀਅਡ ਲੱਗੇ ਹੋਣ ਦੇ ਬਾਵਜੂਦ ਵੀ ਵੱਡੀ ਟਾਹਲੀ ਹੇਠ ਬੈਠਣ ਵਾਲਿਆਂ ਦੀ ਗਿਣਤੀ ਦਸ ਪੰਦਰਾਂ ਤੋਂ ਕਦੇ ਘੱਟਦੀ ਨਹੀਂ ਸੀ। ਹਰ ਵਕਤ ਹੀ ਮਹਿਫ਼ਲ ਲੱਗੀ ਰਹਿੰਦੀ ਸੀ। ਜਦੋਂ ਪ੍ਰਿੰਸੀਪਲ ਬਰਾੜ ਉਹਨਾਂ ਵਿਚ ਆ ਕੇ ਬੈਠਦਾ ਤਾਂ ਓਥੇ ਮਾਹੌਲ ਹੋਰ ਵੀ ਖੁਸ਼ਗਵਾਰ ਹੋ ਜਾਂਦਾ। ਉੱਚੀ ਉੱਚੀ ਹਾਸਿਆਂ ਦੀਆਂ ਅਵਾਜ਼ਾਂ ਸੁਣਾਈ ਦਿੰਦੀਆਂ। ਨਵੇਂ ਨਵੇਂ ਲਤੀਫ਼ੇ ਟੋਟਕੇ ਸੁਣੇ ਸੁਣਾਏ ਜਾਂਦੇ। ਜਿਹੜਾ ਵੀ ਪੀਰੀਅਡ ਲਾਉਣ ਚਲਾ ਜਾਂਦਾ ਤਾਂ ਸੂਈ ਉਸ 'ਤੇ ਟਿਕ ਜਾਂਦੀ। ਸਟਾਫ਼ ਵਿਚ ਹਰ ਜਾਤੀ ਹਰ ਵਰਗ ਨਾਲ ਸੰਬੰਧਤ ਕਰਮਚਾਰੀ ਮੌਜੂਦ ਸੀ, ਪਰ ਵਿਭਿੰਨਤਾ ਦੇ ਬਾਵਜੂਦ ਵੀ ਸਟਾਫ਼ ਵਿਚ ਪੂਰੀ ਏਕਤਾ ਸੀ। ਕੋਈ ਕਿਸੇ ਦੀ ਕਹੀ ਗੱਲ ਦਾ ਗੁੱਸਾ ਨਹੀਂ ਸੀ ਕਰਦਾ। ਕਈ ਵਾਰ ਇਕ ਦੂਜੇ ਦੇ ਜਾਤੀ ਮਸਲਿਆਂ ਬਾਰੇ ਵੀ ਚੁੰਝ ਚਰਚਾ ਛਿੜ ਪੈਂਦੀ ਸੀ। ਵੱਡੀ ਉਮਰ ਦੇ ਸਟਾਫ਼ ਮੈਂਬਰ ਛੋਟੀ ਉਮਰ ਦੇ ਸਟਾਫ਼ ਮੈਂਬਰਾਂ ਨਾਲ ਜ਼ਿਆਦਾ ਛੇੜ ਛਾੜ ਕਰ ਜਾਂਦੇ ਸਨ। ਕਈ ਵਾਰ ਵੱਡੀ ਉਮਰ ਦੇ ਵੀ ਆਪੋ ਵਿਚ ਹੀ ਭਿੜ ਜਾਂਦੇ ਸਨ। ਓਦੋਂ ਛੋਟੀ ਉਮਰ ਦੇ ਚੁੱਪ ਚੁਪੀਤੇ ਉਹਨਾਂ ਦੀ ਨੋਕ ਝੋਂਕ ਦਾ ਆਨੰਦ ਮਾਣਦੇ। ਇਕ ਦਿਨ ਪ੍ਰਿੰਸੀਪਲ ਬਰਾੜ ਨੂੰ ਮੂਡ ਵਿਚ ਬੈਠਾ ਵੇਖ ਕੇ ਉਸ ਦੇ ਹਮ ਉਮਰ ਅਤੇ ਸੀਨੀਅਰ ਲੈਕਚਰਰ ਸੰਧੂ ਨੇ ਚੱਲ ਰਹੇ ਰੁਮਾਂਟਿਕ ਹਾਸੇ ਠੱਠੇ ਵਿਚ ਉਸ ਤੋਂ ਸਵਾਲ ਪੁੱਛ ਲਿਆ,

'ਬਰਾੜ ਸਾਹਿਬ ਹੁਣ ਕਦੇ ਬਲਜੀਤ ਕੌਰ ਨਹੀਂ ਮਿਲੀ?'

ਸੰਧੂ ਦੇ ਇਸ ਸਵਾਲ ਨਾਲ ਨੌਜਵਾਨ ਮੁੰਡਿਆਂ ਦੀਆਂ ਹੈਰਾਨੀ ਵਿਚ ਅੱਖਾਂ ਟੱਡੀਆਂ ਗਈਆਂ ਤੇ ਉਹ ਬੜੀ ਉਤਸੁਕਤਾ ਨਾਲ ਪ੍ਰਿੰਸੀਪਲ ਵੱਲ ਵੇਖਣ ਲੱਗੇ। ਕਿਸੇ ਸਟਾਫ਼ ਮੈਂਬਰ ਤੋਂ ਬਰਾੜ ਨੂੰ ਅਜਿਹੀ ਪੁੱਛ ਦੀ ਆਸ ਤਾਂ ਨਹੀਂ ਸੀ ਪਰ ਗੁੱਸਾ ਕਰਨਾ ਉਸਦਾ ਸੁਭਾਅ ਨਹੀਂ ਸੀ ਤੇ ਅਜਿਹੇ ਸਵਾਲ



ਦਾ ਸਿੱਧਾ ਜਵਾਬ ਦੇਣਾ ਵੀ ਬਹੁਤ ਕਠਿਨ ਸੀ। ਉਹ ਦੁਬਿਧਾ ਵਿਚ ਹੀ ਸੀ ਕਿ ਓਸੇ ਵਕਤ ਹੀ ਅੱਧੀ ਛੁੱਟੀ ਹੋਣ ਦੀ ਘੰਟੀ ਵੱਜ ਗਈ। 'ਛੱਡੋ ਸੰਧੂ ਸਾਹਿਬ, ਹੁਣ ਹੋਈਆਂ ਬੀਤੀਆਂ ਦੀ ਕਾਹਨੂੰ ਗੱਲ ਛੇੜਨੀ ਆ।' ਉਸ ਨੇ ਹੱਸ ਕੇ ਕਿਹਾ ਤੇ ਆਪਣੀ ਕੁਰਸੀ ਤੋਂ ਖੜ੍ਹਾ ਹੋ ਗਿਆ। ਤੇ ਸੰਧੂ ਦਾ ਸਵਾਲ ਅੱਧੀ ਛੁੱਟੀ ਦੀ ਭੇਂਟ ਚੜ੍ਹ ਗਿਆ।

ਹੁਣ ਹਰਦੇਵ ਸਿੰਘ ਬਰਾੜ ਰੀਟਾਇਰ ਹੋ ਗਿਆ ਸੀ। ਉਸ ਨੂੰ ਰੀਟਾਇਰ ਹੋਏ ਨੂੰ ਅਜੇ ਇਕ ਸਾਲ ਵੀ ਨਹੀਂ ਸੀ ਹੋਇਆ ਕਿ ਉਸ ਨੂੰ ਅਧਰੰਗ ਦਾ ਦੌਰਾ ਪੈ ਗਿਆ। ਉਸ ਨੇ ਭਾਵੇਂ ਹੁਣ ਡਿਊਟੀ ‘ਤੇ ਨਹੀਂ ਜਾਣਾ ਹੁੰਦਾ ਸੀ ਪਰ ਫਿਰ ਵੀ ਉਹ ਸਵੇਰੇ ਸਵੇਰੇ ਹੀ ਨਹਾ ਧੋ ਕੇ ਪਰੈੱਸ ਕੀਤੇ ਕੱਪੜੇ ਪਹਿਨ ਕੇ ਤਿਆਰ ਬਰ ਤਿਆਰ ਹੋ ਜਾਂਦਾ ਸੀ। ਅੱਜ ਜਦੋਂ ਉਹ ਆਪਣੇ ਨਿੱਤ ਦੇ ਰੁਟੀਨ ਅਨੁਸਾਰ ਨਹਾਉਣ ਲੱਗਿਆ ਤਾਂ ਉਸ ਤੋਂ ਬਾਲਟੀ ਵਿਚੋਂ ਪਾਣੀ ਦਾ ਮੱਗ ਨਾ ਭਰਿਆ ਗਿਆ। ਮੱਗ ਉਸ ਦੇ ਹੱਥ ਵਿਚੋਂ ਡਿੱਗ ਚੁੱਕਾ ਸੀ। ਉਸ ਨੇ ਦੁਬਾਰਾ ਕੋਸ਼ਿਸ਼ ਕੀਤੀ ਪਰ ਫਿਰ ਵੀ ਉਸ ਤੋਂ ਖਾਲੀ ਮੱਗ ਹੀ ਨਾ ਚੁੱਕਿਆ ਗਿਆ। ਉਸ ਨੂੰ ਭਾਣਾ ਵਰਤ ਜਾਣ ਦੀ ਸਮਝ ਆ ਗਈ ਸੀ। ਨਹਾਉਣ ਸਮੇਂ ਉਸ ਨੇ ਕਦੇ ਬਾਥਰੂਮ ਦੇ ਬੂਹੇ ਨੂੰ ਕੁੰਡੀ ਨਹੀਂ ਸੀ ਲਾਈ। ਡਾਕਟਰ ਨੇ ਉਸ ਨੂੰ ਬਾਥ ਰੂਮ ਨੂੰ ਕੁੰਡੀ ਲਾ ਕੇ ਨਹਾਉਣ ਤੋਂ ਮਨ੍ਹਾ ਕੀਤਾ ਸੀ। ਉਸ ਨੂੰ ਜਾਪਿਆ ਜਿਵੇਂ ਉਸ ਦੇ ਜਬ੍ਹਾੜਿਆਂ ਨੂੰ ਵੀ ਖਿੱਚ ਜਿਹੀ ਪੈ ਰਹੀ ਹੈ ਤੇ ਉਸ ਨੇ ਖੱਬੀ ਬਾਂਹ ਪੂਰਾ ਜ਼ੋਰ ਲਾ ਕੇ ਬਾਰ ਦੇ ਤਖ਼ਤੇ ਵਿਚ ਮਾਰੀ। ਪਤਨੀ ਨਾਲ ਦੇ ਕਮਰੇ ਵਿਚੋਂ ਭੱਜ ਕੇ ਆਈ। ਉਸ ਨੇ ਬੋਲ ਕੇ ਦੱਸਣਾ ਚਾਹਿਆ ਪਰ ਉਸ ਤੋਂ ਠੀਕ ਤਰ੍ਹਾਂ ਨਾਲ ਬੋਲਿਆ ਨਾ ਗਿਆ। ਪਰ ਸਿਆਣੀ ਪਤਨੀ ਸਮਝ ਗਈ ਸੀ ਕਿ ਉਸ ਨੂੰ ਅੱਧਰੰਗ ਦਾ ਦੌਰਾ ਪੈ ਚੁੱਕਾ ਹੈ। ਮੁੰਡਾ ਆਪਣੀ ਡਿਊਟੀ 'ਤੇ ਜਾਣ ਲਈ ਤਿਆਰ ਹੀ ਸੀ ਤੇ ਉਸੇ ਵਕਤ ਮਾਂ ਪੁੱਤਾਂ ਨੇ ਕਾਹਲੀ ਵਿਚ ਉਸ ਦੇ ਕਮੀਜ਼ ਪਜਾਮਾ ਅੜਾਏ ਤੇ ਗੱਡੀ ਵਿਚ ਪਾ ਕੇ ਨਜ਼ਦੀਕ ਦੇ ਹਸਪਤਾਲ ਲੈ ਗਏ। ਡਾਕਟਰ ਤਾਂ ਪਹਿਲਾਂ ਤੋਂ ਹੀ ਜਾਣੂ ਸੀ। ਤੁਰੰਤ ਡਾਕਟਰੀ ਸਹਾਇਤਾ ਮਿਲਣ ਕਰਕੇ ਅੱਧਰੰਗ ਦਾ ਹਮਲਾ ਉਸਦਾ ਬਹੁਤਾ ਨੁਕਸਾਨ ਤਾਂ ਨਾ ਕਰ ਸਕਿਆ ਪਰ ਫਿਰ ਵੀ ਉਸ ਦੀ ਸੱਜੀ ਬਾਂਹ ਕੰਮ ਕਰਨਾ ਛੱਡ ਗਈ ਸੀ ਤੇ ਬੋਲਣ ਸਮੇਂ ਵੀ ਕਈ ਵਾਰ ਉਸ ਤੋਂ ਸਪੱਸ਼ਟ ਨਾ ਬੋਲਿਆ ਜਾਂਦਾ। ਤੀਜੇ ਚੌਥੇ ਦਿਨ ਹੀ ਉਸ ਨੂੰ ਹਸਪਤਾਲੋਂ ਛੁੱਟੀ ਤਾਂ ਮਿਲ ਗਈ ਪਰ ਉਸ ਨੇ ਮੰਜਾ ਮੱਲ ਲਿਆ ਸੀ। ਉਹ ਤੁਰਨੋਂ ਫਿਰਨੋਂ ਵੀ ਰਹਿ ਗਿਆ ਸੀ। ਡਾਕਟਰ ਦਾ ਕਹਿਣਾ ਸੀ ਕਿ ਕੁਝ ਦਿਨ ਤਕ ਉਹ ਠੀਕ ਹੋ ਜਾਵੇਗਾ। ਹੌਲੀ ਹੌਲੀ ਸੋਟੀ ਦੇ ਸਹਾਰੇ ਚੱਲਣ ਲੱਗੇਗਾ ਤੇ ਬਾਂਹ ਗੁਜ਼ਾਰੇ ਜੋਗਾ ਕੰਮ ਕਰਨ ਲੱਗ ਪਵੇਗੀ ਤੇ ਬੋਲ ਵੀ ਕੁੱਝ ਠੀਕ ਹੋ ਜਵੇਗਾ। ਪਰ ਪਹਿਲਾਂ ਵਾਂਗ ਉਹ ਨੌਂ ਬਰ ਨੌਂ ਹੁਣ ਕਦੇ ਨਹੀਂ ਹੋ ਸਕੇਗਾ। ਜਿੰਨੀ ਜ਼ਿਆਦਾ ਖੇਚਲ ਮਰੀਜ਼ ਆਪ ਕਰੇਗਾ ਓਨੀ ਜਲਦੀ ਹੀ ਉਸ ਦੀ ਰੀਕਵਰੀ ਹੋਵੇਗੀ। ਪਰ ਹਰਦੇਵ ਸਿੰਘ ਤਾਂ ਜਵਾਂ ਹੀ ਢੇਰੀ ਢਾਹ ਬੈਠਾ ਸੀ। ਜੇ ਕੋਈ ਉਸ ਨੂੰ ਸਹਾਰਾ ਦੇ ਕੇ ਤੋਰਨ ਦੀ ਕੋਸ਼ਿਸ ਕਰਦਾ ਤਾਂ ਉਹ ਲੱਤ ਹੀ ਨਾ ਲਾਉਂਦਾ। ਪਤਨੀ ਉਸ ਦੀਆਂ ਮਿੰਨਤਾਂ ਕਰਦੀ ਕਿ ਆਓ ਚੱਲੋ ਬਾਹਰ ਲਾਅਨ ਵਿਚ ਬੈਠਦੇ ਹਾਂ ਪਰ ਉਹ ਕਮਰੇ ਵਿਚੋਂ ਹੀ ਨਾ ਨਿਕਲਦਾ। ਨਹਾਉਣ ਦੀ ਵੀ ਉਹ ਘੇਸਲ ਮਾਰ ਜਾਂਦਾ। ਨਹਾ ਕੇ ਕੀ ਉਸ ਨੇ ਹੁਣ ਗਊਆਂ ਪੁੰਨ ਕਰਨੀਆਂ ਹਨ? ਪਤਨੀ ਕੋਲ ਖੜ੍ਹੀ ਨੁਹਾ ਦੇਣ ਲਈ ਮਿੰਨਤਾਂ ਕਰਦੀ ਪਰ ਉਹ ਇਨਕਾਰ ਕਰ ਦਿੰਦਾ। ਉਸ ਨੂੰ ਕੁੱਝ ਵੀ ਚੰਗਾ ਨਹੀਂ ਸੀ ਲੱਗਦਾ। ਹਰ ਵਕਤ ਹੱਸਦੇ ਰਹਿਣ ਵਾਲਾ ਹਰਦੇਵ ਸਿੰਘ ਬਰਾੜ ਡੂੰਘੀ ਉਦਾਸੀ ਦੇ ਆਲਮ ਵਿਚ ਚਲਾ ਗਿਆ ਸੀ।

ਰੀਟਾਇਰਮੈਂਟ ਵਾਲੇ ਦਿਨ ਤੋਂ ਤਾਂ ਉਹ ਘੋੜੇ ਵਰਗਾ ਸੀ। ਕੋਈ ਨਹੀਂ ਕਹਿੰਦਾ ਸੀ ਕਿ ਇਹ ਬੰਦਾ ਅਠਵੰਜਾ ਸਾਲ ਦੀ ਉਮਰ ਵਿਚ ਸਰਕਾਰੀ ਸੇਵਾ ਤੋ ਮੁਕਤ ਹੋਇਆ ਹੈ। ਜਦੋਂ ਉਹ ਤੇ ਉਸ ਦੇ ਸਕੂਲ ਦਾ ਕਲਰਕ ਪਹਿਲੀ ਵਾਰ ਜ਼ਿਲ੍ਹਾ ਸਿੱਖਿਆ ਅਧਿਕਾਰੀ ਨੂੰ ਮਿਲੇ ਸਨ ਤੇ ਉਸ ਨੂੰ ਰੀਟਾਇਰਮੈਂਟ ਪਾਰਟੀ ਦਾ ਇਨਵੀਟੇਸ਼ਨ ਕਾਰਡ ਦਿੱਤਾ ਸੀ ਤਾਂ ਨਵੇਂ ਆਏ ਅਧਿਕਾਰੀ ਨੇ ਉਸ ਨੂੰ ਬੜੀ ਹੈਰਾਨੀ ਨਾਲ ਵੇਖਦੇ ਹੋਏ ਕੋਲ਼ ਖੜ੍ਹੇ ਆਪਣੇ ਸਟੈਨੋ ਨੂੰ ਕਿਹਾ ਸੀ, 'ਨੋਟ ਕਰ ਲੈ ਮੁੰਡਿਆ ਆਪਾਂ ਇਸ ਨੌਜਵਾਨ

ਦੀ ਰੀਟਾਇਰਮੈਂਟ ਪਾਰਟੀ 'ਤੇ ਜਾਣੈ।' ਉਸ ਨੂੰ ਵੀ ਅਜਿਹਾ ਹੀ ਜਾਪਦਾ ਸੀ ਕਿ ਜਿਹੋ ਜਿਹਾ ਉਹ ਪਹਿਲੇ ਦਿਨ ਨੌਕਰੀ 'ਤੇ ਹਾਜ਼ਰ ਹੋਣ ਸਮੇਂ ਸੀ, ਓਹੋ ਜਿਹਾ ਹੀ ਉਹ ਹੁਣ ਹੈ। ਦਾੜ੍ਹੀ ਮੁੱਛਾਂ ਡਾਈ ਕੀਤੀਆਂ ਹੋਣ ਕਰਕੇ ਹਰ ਕੋਈ ਉਸ ਦੀ ਉਮਰ ਦਾ ਟਪਲਾ ਖਾ ਜਾਂਦਾ ਸੀ। ਉਸ ਦੇ ਮੋਤੀਆਂ ਵਰਗੇ ਮਜ਼ਬੂਤ ਦੰਦ ਅਜੇ ਵੀ ਬਰਕਰਾਰ ਸਨ। ਬਾਕੀ ਉਸ ਦਾ ਸਰੀਰ ਵੀ ਅਜੇ ਚੁਸਤ ਫੁਰਤ ਹੀ ਸੀ। ਕੋਈ ਬੀਮਾਰੀ ਨਹੀਂ ਸੀ, ਬੱਸ ਇਕ ਬਲੱਡ ਪਰੈਸ਼ਰ ਹੀ ਹਮੇਸ਼ਾ ਵੱਧ ਰਹਿੰਦਾ ਸੀ ਜਿਸਦਾ ਉਸ ਨੂੰ ਅਹਿਸਾਸ ਸੀ ਤੇ ਸਮੇਂ ਸਮੇਂ ਆਪਣੇ ਖੂਨ ਦੀ ਜਾਂਚ ਕਰਵਾਉਂਦਾ ਰਹਿੰਦਾ ਸੀ। ਉਸ ਨੂੰ ਉਮੀਦ ਸੀ ਕਿ ਘੱਟੋ ਘੱਟ ਅੱਸੀ ਸਾਲ ਤਕ ਤਾਂ ਉਸ ਨੂੰ ਕੁੱਝ ਨਹੀਂ ਹੁੰਦਾ। ਸਕੂਲ ਸਟਾਫ਼ ਵਿਚ ਅਕਸਰ ਹੀ ਚਰਚਾ ਚਲਦੀ ਕਿ ਜਿਹੜਾ ਰੀਟਾਇਰਮੈਂਟ ਤੋਂ ਬਾਅਦ ਪੰਜ ਸੱਤ ਸਾਲ ਕੱਢ ਜਾਵੇ ਉਹ ਛੇਤੀ ਕੀਤੇ ਨਹੀਂ ਮਰਦਾ ਤੇ ਜੀਹਨੇ ਮਰਨਾ ਹੁੰਦਾ ਹੈ ਉਹ ਰੀਟਾਇਰਮੈਂਟ ਤੋਂ ਛੇਤੀ ਬਾਅਦ ਹੀ ਗੱਡੀ ਚੜ੍ਹ ਜਾਂਦਾ ਹੈ। ਇਹ ਵਰਤਾਰਾ ਕ੍ਰਿਕਟ ਦੇ ਬੱਲੇਬਾਜ਼ ਦੀ ਕਾਰਗੁਜ਼ਾਰੀ ਵਾਂਗ ਹੁੰਦਾ ਹੈ ਬਈ ਜੇ ਪਿੱਚ 'ਤੇ ਇਕ ਵਾਰ ਟਿਕ ਜਾਵੇ ਤਾਂ ਫਿਰ ਛੇਤੀ ਕੀਤੇ ਆਊਟ ਨਹੀਂ ਹੁੰਦਾ, ਸੈਂਚਰੀ ਮਾਰਦਾ ਹੈ। ਹਰਦੇਵ ਸਿੰਘ ਨੂੰ ਵੀ ਪੂਰਾ ਹੌਂਸਲਾ ਸੀ ਕਿ ਉਹ ਜੀਵਨ ਦੀ ਸੈਂਚਰੀ ਮਾਰੇਗਾ। ਪਰ ਐਡੀ ਛੇਤੀ ਇਹ ਭਾਣਾ ਵਰਤੇਗਾ ਕਿ ਉਹ ਅਪਾਹਜ ਹੋ ਕੇ ਮੰਜਾ ਹੀ ਮੱਲ ਲਵੇਗਾ, ਇਹ ਤਾਂ ਉਸ ਦੇ ਚਿੱਤ-ਚੇਤੇ ਵੀ ਨਹੀਂ ਸੀ।

ਇਕ ਮਹੀਨੇ ਤੋਂ ਉੱਪਰ ਹੋ ਗਿਆ ਸੀ ਉਸ ਨੂੰ ਮੰਜਾ ਮੱਲੇ ਹੋਏ। ਦੋਹੇਂ ਨੂੰਹ-ਪੁੱਤ ਆਪਣੀਆਂ ਡਿਊਟੀਆਂ 'ਤੇ ਚਲੇ ਜਾਂਦੇ। ਉਸ ਦੀ ਲੜਕੀ ਵੀ ਆਪਣੇ ਪਤੀ ਨਾਲ ਆਈ ਸੀ ਤੇ ਹਫ਼ਤਾ ਭਰ ਉਸ ਕੋਲ ਰਹਿ ਕੇ ਗਈ ਸੀ। ਪਤੀ ਉਸ ਦਾ ਪਹਿਲਾਂ ਹੀ ਚਲਾ ਗਿਆ ਸੀ। ਛੋਟੇ ਪੋਤਾ-ਪੋਤੀ ਵੀ ਆਪਣੇ ਸਕੂਲ ਨੂੰ ਚਲੇ ਜਾਂਦੇ ਸਨ। ਘਰੋਂ ਨਿਕਲਣ ਤੋਂ ਪਹਿਲਾਂ ਸਾਰੇ ਉਸ ਕੋਲ ਹੋ ਕੇ ਜਾਂਦੇ ਤੇ ਵਾਪਸ ਆ ਕੇ ਵੀ ਉਸ ਕੋਲ ਦੋ ਚਾਰ ਮਿੰਟ ਬੈਠਦੇ। ਸਾਰਾ ਦਿਨ ਉਸ ਕੋਲ ਉਸ ਦੀ ਪਤਨੀ ਹੀ ਬੈਠਦੀ। ਉਸ ਦੇ ਸਿਰਹਾਣੇ ਬੈਠੀ ਉਹ ਉਸ ਦੀ ਹਰ ਤਰ੍ਹਾਂ ਨਾਲ ਤੀਮਾਰਦਾਰੀ ਕਰਦੀ ਰਹਿੰਦੀ। ਉਸ ਦੀ ਪਤਨੀ ਘਰੇਲੂ ਔਰਤ ਸੀ ਜੋ ਬਹੁਤਾ ਪੜ੍ਹੀ ਵੀ ਨਹੀਂ ਸੀ। ਇਕੱਲਾ ਮੁੰਡਾ ਹੋਣ ਕਰਕੇ ਤੇ ਚੰਗੀ ਜਮੀਨ ਦੇ ਮਾਲਕ ਹੋਣ ਕਰਕੇ ਮਾਪਿਆਂ ਨੇ ਉਸ ਨੂੰ ਦਸਵੀਂ ਵਿਚ ਪੜ੍ਹਦੇ ਨੂੰ ਹੀ ਮੰਗ ਲਿਆ ਸੀ ਤੇ ਜਦੋਂ ਉਹ ਕਾਲਿਜ ਵਿਚ ਬੀ. ਏ. ਦੂਜੇ ਵਰ੍ਹੇ ਦਾ ਵਿਦਿਅਰਥੀ ਸੀ ਤਾਂ ਉਸ ਦਾ ਵਿਆਹ ਕਰ ਦਿੱਤਾ ਸੀ। ਕਦੇ ਕਦੇ ਤਾਂ ਹਰਦੇਵ ਸਿੰਘ ਨੂੰ ਆਪਣੀ ਪਤਨੀ 'ਤੇ ਗੁੱਸਾ ਆਉਂਦਾ ਕਿ ਉਹ ਹਾਊਸ ਵਾਈਫ ਕਿਉਂ ਹੈ ਜਦੋਂ ਕਿ ਉਸ ਦੇ ਦੂਸਰੇ ਅਧਿਆਪਕ ਸਾਥੀਆਂ ਦੀਆਂ ਪਤਨੀਆਂ ਵੀ ਸਰਕਾਰੀ ਨੌਕਰੀ ਕਰ ਰਹੀਆਂ ਸਨ ਤੇ ਉਹਨਾਂ ਦੇ ਘਰਾਂ ਵਿਚ ਦੋ ਦੋ ਤਨਖਾਹਾਂ ਆਉਂਦੀਆਂ ਸਨ। ਤੰਗੀ ਤਾਂ ਹਰਦੇਵ ਸਿੰਘ ਨੂੰ ਵੀ ਕੋਈ ਨਹੀਂ ਸੀ, ਜ਼ਮੀਨ ਦਾ ਠੇਕਾ ਆ ਜਾਂਦਾ ਸੀ ਪਰ ਫਿਰ ਵੀ ਕਦੇ ਕਦੇ ਉਸ ਨੂੰ ਪਤਨੀ ਦੇ ਨੌਕਰੀ ਨਾ ਕਰਦੀ ਹੋਣ ਦਾ ਅਫ਼ਸੋਸ ਹੋਣ ਲੱਗ ਪੈਂਦਾ। ਪਰ ਹੁਣ ਪਤਨੀ ਵੱਲੋਂ ਕੀਤੀ ਜਾਂਦੀ ਸਾਂਭ ਸੰਭਾਲ ਕਰਕੇ ਉਸ ਨੂੰ ਆਪਣੀ ਸੋਚ 'ਤੇ ਸ਼ਰਮ ਆਉਣ ਲੱਗ ਪਈ ਸੀ।

ਚਾਲੀ ਕੁ ਸਾਲ ਦੀ ਉਮਰ ਵਿਚ ਹੀ ਉਹ ਲੈਕਚਰਰ ਪ੍ਰੋਮੋਟ ਹੋ ਕੇ ਇਕ ਨਵੇਂ ਅਪਗ੍ਰੇਡ ਹੋਏ ਸੀਨੀਅਰ ਸੈਕੰਡਰੀ ਸਕੂਲ ਦਾ ਕਾਰਜਕਾਰੀ ਪ੍ਰਿੰਸੀਪਲ ਬਣ ਗਿਆ ਸੀ। ਉਹ ਦੋ ਐਮ.ਏ. ਪਾਸ ਸੀ ਤੇ ਉਸ ਦਾ ਅਕੈਡਮਿਕ ਰੀਕਾਰਡ ਬਹੁਤ ਸ਼ਾਨਦਾਰ ਸੀ। ਉਸ ਨੂੰ ਹਰ ਵਿਸ਼ੇ ਦਾ ਗਿਆਨ ਸੀ ਤੇ ਉਹ ਕਿਸੇ ਵੀ ਵਿਸ਼ੇ 'ਤੇ ਬੋਲ ਸਕਦਾ ਸੀ। ਵਕਤਾ ਵੀ ਉਹ ਬਹੁਤ ਚੰਗਾ ਸੀ। ਰੋਜ਼ਾਨਾ ਹੀ ਉਹ ਸਵੇਰ ਦੀ ਸਭਾ ਵਿਚ ਕਿਸੇ ਵਿਦਿਆਰਥੀ ਵੱਲੋਂ ਪੜ੍ਹੇ ਗਏ 'ਅੱਜ ਦੇ ਵਿਚਾਰ' ਦੀ ਵਿਆਖਿਆ ਕਰਦਾ ਤੇ ਉਸ ਵਿਸ਼ੇ ਨਾਲ ਸੰਬੰਧਤ ਕੋਈ ਨਾ ਕੋਈ ਦਿਲਚਸਪ ਛੋਟੀ ਕਹਾਣੀ ਜਾਂ ਟੋਟਕਾ ਜ਼ਰੂਰ ਸੁਣਾਉਂਦਾ। ਉਸ ਦੇ ਆਉਣ ਤੋਂ ਪਹਿਲਾਂ ਘਿਸੇ ਪਿਟੇ ਰੁਟੀਨ ਵਿਚ ਚੱਲ ਰਹੀ ਸਵੇਰ ਦੀ ਸਭਾ ਹੁਣ ਰੌਚਕ ਬਣ ਗਈ ਸੀ। ਪਿਛਾਂਹ ਖੜ੍ਹੀਆਂ ਮੈਡਮਾਂ ਵਿਚੋਂ ਬਲਜੀਤ ਕੌਰ ਅੱਗੇ ਆ ਕੇ ਉਸ ਦੇ ਵਿਖਿਆਨ ਨੂੰ ਬੜੀ ਦਿਲਚਸਪੀ ਨਾਲ ਸੁਣਦੀ। ਸਕੂਲ ਦੇ ਸਟਾਫ਼ ਵਿਚੋਂ ਉਹ ਹੀ ਸਾਰਿਆਂ ਤੋਂ ਵੱਧ ਲਾਇਕ ਅਧਿਆਪਕਾ ਸੀ ਜਿਸ



ਨੂੰ ਕਿਤਾਬਾਂ ਪੜ੍ਹਨ ਦਾ ਸ਼ੌਕ ਸੀ। ਉੱਚੇ ਲੰਮੇ ਕੱਦ ਕਾਠ ਵਾਲਾ ਤੇ ਪੂਰਾ ਬਣਦਾ-ਤਣਦਾ ਉਹ ਤੀਹਾਂ ਕੁ ਸਾਲਾਂ ਦੀ ਬਹੁਤ ਹੀ ਸੋਹਣੀ ਸੁਨੱਖੀ ਸਾਇੰਸ ਮਿਸਟਰੈੱਸ ਬਲਜੀਤ ਕੌਰ ਨੂੰ ਭਾਅ ਗਿਆ ਸੀ। ਸਵੇਰੇ ਦੀ ਸਭਾ ਤੋਂ ਬਾਅਦ ਉਹ ਅਧਿਆਪਕ ਹਾਜ਼ਰੀ ਰਜਿਸਟਰ ਦਾ ਕੰਮ ਮੁਕਾ ਕੇ ਉਸ ਦਿਨ ਦੇ ਕੀਤੇ ਜਾਣ ਵਾਲੇ ਬਾਕੀ ਕੰਮਾਂ ਦਾ ਖਾਕਾ ਤਿਆਰ ਕਰਦਾ ਤੇ ਕਲਰਕ ਨੂੰ ਜ਼ਰੂਰੀ ਹਦਾਇਤਾਂ ਦੇ ਕੇ ਪਹਿਲੇ ਪੀਰੀਅਡ ਦੇ ਆਖਰੀ ਸਮੇਂ 'ਤੇ ਸਕੂਲ ਦਾ ਰਾਊਂਡ ਲੈਂਦਾ। ਬਲਜੀਤ ਕੌਰ ਦਾ ਪਹਿਲਾ ਪੀਰੀਅਡ ਦਸਵੀਂ ਵਿਚ ਲੱਗਾ ਹੁੰਦਾ ਸੀ ਤੇ ਜਦੋਂ ਉਹ ਦਸਵੀਂ ਕਲਾਸ ਦੇ ਅੱਗੋਂ ਬਰਾਂਡੇ ਵਿਚੋਂ ਦੀ ਲੰਘਦਾ ਤਾਂ ਬਲਜੀਤ ਕੌਰ ਦੀ ਨਿਗ੍ਹਾ ਵੀ ਬਰਾਂਡੇ ਵਿਚ ਹੀ ਹੁੰਦੀ ਸੀ ਤੇ ਓਸੇ ਪਲ ਉਹਨਾਂ ਦੀਆਂ ਨਜ਼ਰਾਂ ਮਿਲ ਜਾਂਦੀਆਂ। ਅੱਧੀ ਛੁੱਟੀ ਤੋਂ ਪਹਿਲਾਂ ਹੀ ਇਕ ਦੋ ਵਾਰ ਬਲਜੀਤ ਕੌਰ ਰਜਿਸਟਰ ਚੈੱਕ ਕਰਵਾਉਣ ਆਦਿ ਦਾ ਬਹਾਨਾ ਬਣਾ ਕੇ ਉਸ ਕੋਲ ਗੇੜਾ ਲਾ ਜਾਂਦੀ। ਖਾਲੀ ਸੱਤਵੇਂ ਪੀਰੀਅਡ ਵਿਚ ਉਹ ਆਪਣੀ ਵਿਗਿਆਨ ਦੀ ਪ੍ਰਯੋਗਸ਼ਾਲਾ ਵਿਚ ਕੋਈ ਕਿਤਾਬ ਪੜ੍ਹਨ ਬੈਠ ਜਾਂਦੀ। ਹਰਦੇਵ ਸਿੰਘ ਸਕੂਲ ਦੇ ਰਾਊਂਡ 'ਤੇ ਨਿਕਲ ਕੇ ਉਸ ਕੋਲ ਜਾ ਬੈਠਦਾ। ਹੌਲੀ ਹੌਲੀ ਉਹਨਾਂ ਦੀ ਪ੍ਰਯੋਗਸ਼ਾਲਾ ਵਾਲੀ ਮਿਲਣੀ ਦੀ ਕਾਨਾਫੂਸੀ ਸਾਰੇ ਸਟਾਫ਼ ਵਿਚ ਹੋਣ ਲੱਗ ਪਈ।

'ਸਰ, ਤੁਸੀਂ ਮੇਰੇ ਕੋਲ ਪ੍ਰਯੋਗਸ਼ਾਲਾ ਵਿਚ ਆ ਕੇ ਨਾ ਬੈਠਿਆ ਕਰੋ। ਤੁਸੀਂ ਮੈਨੂੰ ਦਫ਼ਤਰ ਵਿਚ ਬੁਲਾ ਲਿਆ ਕਰੋ।' ਇਕ ਦਿਨ ਬਲਜੀਤ ਕੌਰ ਨੇ ਉਸ ਨੂੰ ਕਿਹਾ।

ਫਿਰ ਉਹ ਉਸ ਨੂੰ ਦਫ਼ਤਰ ਵਿਚ ਬੁਲਾਉਣ ਲੱਗ ਪਿਆ ਸੀ। ਉਸ ਦਾ ਦਿਲ ਚਾਹੁੰਦਾ ਕਿ ਬਲਜੀਤ ਉਸ ਦੇ ਸਾਹਮਣੇ ਹੀ ਬੈਠੀ ਰਹੇ। ਛੁੱਟੀ ਵਾਲੇ ਅਧਿਆਪਕਾਂ ਦੀ ਥਾਂ ਐਡਜਸਟਮੈਂਟ ਕਰਨ ਦੀ ਤਾਂ ਉਸਨੇ ਬਲਜੀਤ ਦੀ ਹੀ ਪੱਕੀ ਡਿਊਟੀ ਲਾ ਦਿੱਤੀ ਸੀ। ਕਦੇ ਉਹ ਉਸ ਨੂੰ ਨਵੇਂ ਸਿਰੇ ਸਕੂਲ ਦਾ ਟਾਈਮ-ਟੇਬਲ ਬਣਾਉਣ ਲਈ ਕੋਲ ਬਿਠਾਈ ਰੱਖਦਾ ਤੇ ਕਦੇ ਕੋਈ ਡਾਕ ਤਿਆਰ ਕਰਨ ਲਾ ਲੈਂਦਾ। ਸਕੂਲ ਦੇ ਕਲਰਕ ਨੂੰ ਤੋਰੇ ਫੇਰੇ ਦਾ ਸ਼ੌਕ ਸੀ ਤੇ ਉਹ ਡਿਊਟੀ ਪਾ ਕੇ ਸ਼ਹਿਰ ਡੀ. ਈ. ਓ. ਦਫ਼ਤਰ ਨੂੰ ਭੱਜਿਆ ਰਹਿੰਦਾ। ਹਰਦੇਵ ਵੀ ਆਪ ਜਾਣ ਦੀ ਬਜਾਏ ਕਲਰਕ ਨੂੰ ਹੀ ਭੇਜਦਾ।

ਇਕ ਦਿਨ ਉਸ ਨੇ ਥੋੜ੍ਹੇ ਥੋੜ੍ਹੇ ਵਕਫ਼ੇ ਬਾਅਦ ਬਲਜੀਤ ਕੌਰ ਨੂੰ ਤੀਜੀ ਵਾਰ ਆਪਣੇ ਕੋਲ ਦਫ਼ਤਰ ਵਿਚ ਸੱਦ ਲਿਆ ਤਾਂ ਅਗਾਂਹ ਆਉਣ ਦੀ ਬਜਾਏ ਦਫ਼ਤਰ ਦੇ ਬਾਰ ਵਿਚ ਹੀ ਖਲੋ ਕੇ, ਥੋੜ੍ਹੀ ਜਿਹੀ ਧੌਣ ਟੇਢੀ ਕਰ ਕੇ ਉਹ ਬਣਾਉਟੀ ਜਿਹੇ ਗੁੱਸੇ ਨਾਲ ਬੋਲੀ ਸੀ, 'ਹੁਣ ਕੀ ਹੋ ਗਿਆ? ਕੀ ਕੰਮ ਪੈ ਗਿਆ?'

ਉਸ ਨੂੰ ਕੋਈ ਜਵਾਬ ਨਹੀਂ ਸੀ ਅਹੁੜਿਆ। ਬਲਜੀਤ ਓਥੋਂ ਹੀ ਵਾਪਸ ਮੁੜ ਗਈ। ਹਰਦੇਵ ਸਿੰਘ ਨੂੰ ਉਸ ਦੀ ਇਹ ਬਣਾਉਟੀ ਗੁੱਸੇ ਵਾਲੀ ਅਦਾ ਬਹੁਤ ਹੀ ਪਿਆਰੀ ਲੱਗੀ। ਤੇ ਅੱਜ ਸੁਪਨੇ ਵਿਚ ਉਹ ਆਪ ਹੀ ਪੁੱਛ ਰਹੀ ਸੀ ਕਿ ਸਰ ਤੁਸੀਂ ਮੈਨੂੰ ਹੁਣ ਕਦੇ ਦਫ਼ਤਰ ਵਿਚ ਬੁਲਾਇਆ ਹੀ ਨਹੀਂ!

ਹਰਦੇਵ ਸਿੰਘ ਦਾ ਰੋਮ ਰੋਮ ਖਿੜ ਗਿਆ ਤੇ ਉਹ ਅੱਖਾਂ ਖੋਲ੍ਹ ਕੇ ਸੁਪਨਮਈ ਸੰਸਾਰ ਵਿਚੋਂ ਨਿਕਲ ਕੇ ਅਸਲ ਜ਼ਿੰਦਗੀ ਵਿਚ ਪ੍ਰਵੇਸ਼ ਕਰ ਗਿਆ। ਇਹ ਇਕ ਨਵੀਂ ਸੱਜਰੀ ਸਵੇਰ ਸੀ। ਪਤਨੀ ਕਮਰੇ ਵਿਚ ਨਹੀਂ ਸੀ। ਉਸ ਨੇ ਆਪ ਹੀ ਸਰ੍ਹਾਣੇ ਪਏ ਜੱਗ ਵਿਚੋਂ ਦੋ ਗਲਾਸ ਪਾਣੀ ਦੇ ਪੀਤੇ ਤੇ ਮੰਜੇ ਨਾਲ ਲੱਗੀ ਸਟਿੱਕ ਚੁੱਕ ਕੇ ਬਾਥ-ਰੂਮ ਵੱਲ ਜਾਣ ਲੱਗਾ। ਅਧਰੰਗ ਦੇ ਹਮਲੇ ਤੋਂ ਪਹਿਲਾਂ ਉਹ ਪੇਟ ਖਾਲੀ ਕਰ ਕੇ ਬਾਥ-ਰੂਮ ਵਿਚੋਂ ਨਹਾ ਕੇ ਹੀ ਨਿਕਲਦਾ ਸੀ ਤੇ ਅੱਜ ਵੀ ਉਸ ਨੇ ਫੈਸਲਾ ਕਰ ਲਿਆ ਸੀ ਕਿ ਉਹ ਨਹਾ ਕੇ ਹੀ ਬਾਹਰ ਨਿਕਲੇਗਾ।

ਉਸ ਨੂੰ ਗਿਆਨ ਹੋ ਗਿਆ ਸੀ ਕਿ ਹੁਣ ਤਾਂ ਬਾਕੀ ਦੀ ਜ਼ਿੰਦਗੀ ਇਸ ਤਰ੍ਹਾਂ ਦੀਆਂ ਹੁਸੀਨ ਯਾਦਾਂ ਦੇ ਸਹਾਰੇ ਹੀ ਕੱਟੀ ਜਾਣੀ ਹੈ ਤੇ ਇਹਨਾਂ ਹੁਸੀਨ ਯਾਦਾਂ ਦਾ ਉਸ ਕੋਲ ਅਮੁੱਕ ਭੰਡਾਰ ਹੈ।000

***(ਸੂਰੇਵਾਲੀਆ ਕੰਪਲੈਕਸ, ਬਠਿੰਡਾ ਰੋਡ ਬਾਈਪਾਸ, ਸ੍ਰੀ ਮੁਕਤਸਰ ਸਾਹਿਬ***
***ਫੋਨ: 95010-50016)***

# ਰੰਗ ਮਜੀਠੀ: ਕਹਾਣੀ: ਰਾਕੇਸ਼ ਰਮਨ

ਬੈਠੇ-ਬੈਠੇ ਸੁਰਤੀ ਬਚਪਨ ਵੱਲ ਘੁੰਮ ਗਈ। ਸੁਰਤੀ ਮਨ ਦੀ ਗਤੀਵਿਧੀ ਹੀ ਅਜਿਹੀ ਹੈ ਕਿ ਬੰਦੇ ਦਾ ਕਿੰਨਾ ਵੀ ਨਿਯੰਤਰਣ ਕਿਉਂ ਨਾ ਹੋਵੇ ਆਪਣੇ ਆਪ ਉੱਪਰ, ਸੁਰਤੀ ਨੂੰ ਆਪਣੇ ਵੱਲ ਖਿੱਚਣ ਦਾ ਦਾਅਵਾ ਨਹੀਂ ਕਰ ਸਕਦਾ। ਸੁਰਤੀ ਬਚਪਨ ਵੱਲ ਮੁੜੀ ਤਾਂ ਯਾਦ ਆਇਆ ਕਿ ਜਦੋਂ ਵੀ ਕੋਈ ਇਸ ਤਰ੍ਹਾਂ ਦੀ ਗੱਲ ਕਰ ਬਹਿਣਾ ਜੋ ਪਾਪਾ ਨੂੰ ਪਸੰਦ ਨਹੀਂ ਸੀ ਹੁੰਦੀ ਤਾਂ ਉਨ੍ਹਾਂ ਹਰ ਵਾਰ ਇਹੋ ਕਹਿਣਾ, "ਰਿਹਾ ਨਾ ਫਿਰ ਗਧੇ ਦਾ ਗਧਾ ਹੀ।" ਜਿੰਨੀ ਮਰਜ਼ੀ ਸਖ਼ਤੀ ਨਾਲ ਉਹ ਇਹ ਗੱਲ ਦੁਹਰਾਉਂਦੇ, ਉਨ੍ਹਾਂ ਦੀ ਆਵਾਜ਼ ਵਿਚ ਫਿਰ ਵੀ ਸਨੇਹ ਹੁੰਦਾ ਸੀ, ਅਪਣੱਤ ਹੁੰਦੀ ਸੀ, ਇਕ ਖ਼ਾਹਸ਼ ਹੁੰਦੀ ਸੀ ਕਿ ਮੈਂ ਕੁਝ ਬਦਲਾਂ, ਚੰਗੀ ਦਿਸ਼ਾ ਵੱਲ ਤਬਦੀਲ ਹੋਵਾਂ,ਅਗਾਂਹ ਵਧਾਂ। ਲੰਮਾ ਸਮਾਂ ਪਾਪਾ ਦੀ ਸਨੇਹਭਾਵੀ ਸ਼ਿਕਾਇਤ ਮੇਰੇ ਨਾਲ-ਨਾਲ ਰਹੀ। ਦੋ ਕੁ ਮਹੀਨੇ ਪਹਿਲਾਂ ਇਹ ਸ਼ਿਕਾਇਤ ਸਦਾ ਲਈ ਸੰਸਾਰ ਤੋਂ ਰੁਖ਼ਸਤ ਹੋ ਗਈ। ਉਨ੍ਹਾਂ ਦੀ ਇੱਛਾ ਸੀ ਕਿ ਮੇਰਾ ਬਚਪਨ ਦਾ ਸ਼ੋਖ਼ ਰੰਗ ਹੌਲ਼ੀ-ਹੌਲ਼ੀ ਮਰਯਾਦਾ ਅਨੁਸਾਰ ਦੁਨੀਆਦਾਰੀ ਤੇ ਕਬੀਲਦਾਰੀ ਵਿਚ ਰੰਗਿਆ ਜਾਵੇ। ਪਰ ਉਹ ਜਾਂਦੇ ਵਕਤ ਮੈਨੂੰ ਦੂਧੀਆ ਚੋਲ਼ੇ ਵਿਚ ਦੇਖ ਕੇ ਗਏ। ਮੇਰੇ ਇਰਦ-ਗਿਰਦ ਦੂਧੀਆ ਚੋਲ਼ਿਆਂ ਵਾਲੇ ਸੇਵਾਦਾਰਾਂ ਦਾ ਝੁਰਮਟ ਸੀ, ਜਿਨ੍ਹਾਂ ਦਾ ਵਿਵਹਾਰ ਉਨ੍ਹਾਂ ਨੂੰ ਬਿਲਕੁਲ ਦੁਨਿਆਵੀ ਨਹੀਂ ਲੱਗਿਆ ਹੋਵੇਗਾ। ਇਹ ਤਾਂ ਜਿਵੇਂ ਕਿਸੇ ਹੋਰ ਹੀ ਸੰਸਾਰ ਦੇ ਵਾਸੀ ਸਨ, ਕੋਈ ਦੈਵੀ ਰੂਹਾਂ ਸਨ, ਪਾਪਾ ਨੂੰ ਤਾਂ ਪਰ ਹਮੇਸ਼ਾ ਹੀ ਦੁਨਿਆਵੀ ਲੋਕ ਚੰਗੇ ਲੱਗਦੇ ਸਨ। ਉਨ੍ਹਾਂ ਦੇ ਅੰਤਮ ਵਿਛੋੜੇ ਸਮੇਂ ਮੈਨੂੰ ਜਦੋਂ ਮਹਿਸੂਸ ਹੋਇਆ ਕਿ ਮੈਂ ਉਨ੍ਹਾਂ ਦੀ ਦੁਨਿਆਵੀ ਬਣਨ ਦੀ ਖ਼ਾਹਸ਼ ਪੂਰੀ ਨਹੀਂ ਕਰ ਸਕਿਆ ਤਾਂ ਮਨ ਭਰ ਆਇਆ। ਪਾਪਾ ਦੇ ਸਦੀਵੀ ਵਿਛੋੜੇ ਜਿੰਨਾ ਹੀ ਦੁੱਖ ਮੈਨੂੰ ਉਨ੍ਹਾਂ ਦੀ ਅਧੂਰੀ ਰਹਿ ਗਈ ਖ਼ਾਹਸ਼ ਦਾ ਸੀ। ਮੈਂ ਆਪਣੇ ਅੱਥਰੂ ਛੁਪਾ ਨਾ ਸਕਿਆ, ਪਤਾ ਸੀ ਕਿ ਅੱਥਰੂ ਦੁਨੀਆਦਾਰਾਂ ਦੀ ਨਿਸ਼ਾਨੀ ਹੁੰਦੇ ਹਨ, ਦੁੱਖ-ਸੁੱਖ ਦੀ ਸ਼ਿੱਦਤ ਸਮੇਂ ਵਹਿੰਦੇ ਹਨ, ਪਰ ਹੁਣ ਤਕ ਮੈਂ ਛੁਪਾਉਂਦਾ ਹੀ ਤਾਂ ਆਇਆ ਹਾਂ ਆਪਣੇ ਅੰਦਰਲੀ ਦੁਨੀਆਦਾਰੀ। ਪਾਪਾ ਦੀ ਮੌਤ 'ਤੇ ਵਹਾਏ ਅੱਥਰੂਆਂ ਦੀ ਵੀ ਸਤਿਸੰਗ ਵਿਚ ਮੈਂ ਕੋਈ ਰੂਹਾਨੀ ਵਿਆਖਿਆ ਕਰਾਂਗਾ, ਤੇ ਵਿਆਖਿਆ ਕਰਦਿਆਂ ਹੋਇਆਂ ਆਪਣੇ ਅੰਦਰ ਸਿਰ ਚੁੱਕ ਖਲੋਂਦੇ ਕਬੀਲਦਾਰ ਨੂੰ ਇਕ ਤਰ੍ਹਾਂ ਨਾਲ ਮਸਲਾਂਗਾ ਕਿ ਸੰਗਤ ਨੂੰ ਪਤਾ ਹੀ ਨਹੀਂ ਲੱਗੇਗਾ। ਉਂਝ ਹਮੇਸ਼ਾ ਹੀ ਜਦੋਂ ਵੀ ਮੇਰੇ ਅੰਦਰੋਂ ਜਾਗੇ ਹੋਏ ਕਬੀਲਦਾਰ ਦੀ ਕੋਈ ਝਲਕ ਮੇਰੇ ਪਰਿਵਾਰ ਨੂੰ ਮਿਲਦੀ ਤਾਂ ਉਹ ਖ਼ੁਸ਼ ਹੁੰਦੇ ਹਨ।

ਦਰਵਾਜ਼ੇ 'ਤੇ ਆਹਟ ਹੋਈ ਹੈ, ਸਾਹਮਣਿਓਂ ਸਵਾਮੀ ਸੱਤਿਆਪ੍ਰਕਾਸ਼ ਪ੍ਰਵੇਸ਼ ਕਰ ਰਿਹਾ ਹੈ। ਕਿੰਨੇ ਸ਼ਾਂਤ ਸੁਭਾਅ ਦਾ ਮਾਲਕ ਹੈ, ਪੱਚੀ ਕੁ ਸਾਲਾਂ ਦਾ ਏ, ਫਿਰ ਵੀ ਕਦੇ ਉਤੇਜਤ ਨਹੀਂ ਹੁੰਦਾ। ਸਬਰ-ਸੰਤੋਖ ਤੇ ਨਿਸਚੇ ਨਾਲ ਸੇਵਾ ਦਾ ਕਾਰਜ ਕਰਦਾ ਹੈ। ਬਾਕੀਆਂ ਨੂੰ ਵੀ ਨਾਲ ਜੋੜ ਕੇ ਰੱਖਦਾ ਹੈ, ਸਭ ਮਾਲਕ ਦੀ ਬਖ਼ਸ਼ਿਸ਼ ਹੈ, ਡੇਰੇ ਦੇ ਹਰ ਅਸੂਲ ਦਾ ਪਾਬੰਦ ਹੈ। ਅੰਦਰ ਆ ਗਿਆ ਹੈ ਸੱਤਿਆਪ੍ਰਕਾਸ਼, ਸਿਰ ਝੁਕਾ ਕੇ ਅੱਗੇ ਅੱਜ ਦਾ ਚੜ੍ਹਾਵਾ ਧਰ ਦਿੰਦਾ ਹੈ, ਕਿੰਨੀ ਹਲੀਮੀ ਨਾਲ ਆਖਦਾ ਹੈ, "ਮਹਾਰਾਜ, ਤੇਰਾਂ ਹਜ਼ਾਰ ਤਿੰਨ ਸੌ ਪੰਝਤਰ ਰੁਪਏ।" ਚੁੱਪ-ਚਾਪ ਚਲਾ ਜਾਂਦਾ ਹੈ ਤੇ ਸੇਵਾ ਵਿਚ ਮਗਨ ਹੋ ਜਾਂਦਾ ਹੈ। ਮੇਰਾ ਦਿਲ ਆਪ-ਮੁਹਾਰੇ ਕਹਿ ਉੱਠਦਾ ਹੈ, "ਵਾਹ, ਮਾਲਕਾ ਵਾਹ! ਵਾਹ, ਤੇਰੇ ਬੰਦੇ!" ਅੱਗੇ ਅੱਜ ਦਾ ਚੜ੍ਹਾਵਾ ਪਿਆ



ਹੈ, ਬਸ ਪਿਆ ਹੈ, ਹੱਥ ਨਹੀਂ ਲਾਉਂਦਾ ਹਾਂ, ਇਸੇ ਕਰਕੇ ਨਹੀਂ ਕਿ ਮਾਇਆ ਨਾਗਣੀ ਹੁੰਦੀ ਹੈ, ਡੰਗ ਮਾਰੇਗੀ। ਬਸ ਹੱਥ ਲਾਉਣ ਨੂੰ ਦਿਲ ਹੀ ਨਹੀਂ ਕਰਦਾ। ਸੱਤਿਆਪ੍ਰਕਾਸ਼ ਹੀ ਆਵੇਗਾ, ਚੜ੍ਹਾਵੇ ਨੂੰ ਹੱਥ ਲਗਾਵੇਗਾ ਤੇ ਬੜੀ ਇਮਾਨਦਾਰੀ ਨਾਲ ਕਿਸੇ ਖ਼ਾਤੇ ਵਿਚ ਪਾ ਦੇਵੇਗਾ, ਡੇਰੇ ਵਿਚ ਹੋ ਰਹੀ ਉਸਾਰੀ ਦੇ ਕਾਰਜ ਵਿਚ ਕੰਮ ਆ ਜਾਵੇਗਾ ਜਾਂ ਲੰਗਰ ਵਿਚ ਪੈ ਜਾਵੇਗਾ। ਸੰਗਤ ਨੂੰ ਚੜ੍ਹਾਵੇ ਤੋਂ ਵਰਜਦਾ ਹੀ ਰਹਿੰਦਾ ਹਾਂ, ਪਰ ਮਾਇਆ ਇਕੱਤਰ ਹੋ ਹੀ ਜਾਂਦੀ ਹੈ। ਡੇਰੇ ਦੇ ਖ਼ਰਚੇ ਚੱਲੀ ਜਾਂਦੇ ਹਨ। ਮਾਲਕ ਦੀ ਨਿਗ੍ਹਾ ਸਵੱਲੀ ਹੈ, ਪਰ...ਇਹ ਮਾਇਆ ਦੁਨੀਆਦਾਰੀ ਹੀ ਤਾਂ ਹੈ।

ਸੰਗਤ ਵਿਚ ਕਿਸ ਨੇ ਕਦੋਂ ਬੋਲਣਾ ਹੈ,ਇਹ ਸਾਰੀਆਂ ਘੋਸ਼ਣਾਵਾਂ ਮਾਲ਼ਾ ਕਰਦੀ ਹੈ। ਸੁੰਦਰ,ਸੁਡੌਲ ਮਾਲ਼ਾ ਦਾ ਸੁਭਾਅ ਬਿਲਕੁਲ ਸੱਤਿਆਪ੍ਰਕਾਸ਼ ਵਰਗਾ ਹੀ ਹੈ। ਪੂਰੀ ਨਿਸ਼ਚਾ ਨਾਲ ਸੇਵਾ ਵਿਚ ਮਗਨ। ਆਵਾਜ਼ ਵਿਚ ਜਾਦੂ ਹੈ, ਕੋਈ ਗ਼ੈਬੀ ਕਸ਼ਿਸ਼ ਹੈ। ਆਵਾਜ਼ ਦੀ ਇਹ ਮਿਠਾਸ ਤਾਂ ਸ਼ਹਿਦ ਨੂੰ ਵੀ ਮਾਤ ਪਾਉਂਦੀ ਹੈ, ਕੀਲ ਲੈਂਦੀ ਹੈ। ਜਦੋਂ ਆਖਦੀ ਹੈ, "ਹੁਣ ਮੇਰੇ ਸ਼ਹਿਨਸ਼ਾਹ ਸਵਾਮੀ ਜੀ ਮਹਾਰਾਜ ਆਪਣੇ ਪ੍ਰਵਚਨਾਂ ਨਾਲ ਸੰਗਤ ਨੂੰ ਨਿਵਾਜਣਗੇ," ਸੁਣ ਕੇ ਰੋਮ-ਰੋਮ ਖਿੜ ਉੱਠਦਾ ਹੈ। ਪਰ ਮੈਂ ਸਹਿਜ ਵਿਚ ਰਹਿੰਦਾ ਹਾਂ, ਮੈਂ ਦੁਨੀਆਦਾਰ ਨਹੀਂ ਹਾਂ ਨਾ। ਇਹ ਕਮਰਾ, ਜਿਸ ਵਿਚ, ਸੰਗਤ ਦੇ ਕਹਿਣ ਮੁਤਾਬਿਕ ਮੈਂ ਬਿਰਾਜਮਾਨ ਹਾਂ, ਮੇਰੇ ਲਈ ਉਚੇਚੇ ਤੌਰ 'ਤੇ ਮਾਲ਼ਾ ਨੇ ਹੀ ਡਿਜ਼ਾਈਨ ਕੀਤਾ ਹੈ, ਸਭ ਸੁੱਖ-ਸੁਵਿਧਾਵਾਂ ਦਾ ਏਥੇ ਪ੍ਰਬੰਧ ਕੀਤਾ ਗਿਆ ਹੈ, ਹਰ ਤਰ੍ਹਾਂ ਦੇ ਸ਼ੋਰ ਤੋਂ ਦੂਰ ਹੈ, ਮੁਕਤ ਹੈ, ਤਾਂ ਕਿ ਸਿਰਜਣਹਾਰ ਪਰਮਾਤਮਾ ਨਾਲ ਬਿਰਤੀ ਜੁੜੀ ਰਹੇ। ਪਰ ਏਥੇ ਵੀ ਸੁਰਤੀ ਭਟਕ ਜਾਂਦੀ ਹੈ, ਕਈ ਵਾਰ ਤਾਂ ਅੰਦਰ ਕੋਈ ਅਗਨੀ ਇਸ ਤਰ੍ਹਾਂ ਦਹਿਕਦੀ ਹੈ ਕਿ ਸਰੀਰ 'ਚੋਂ ਚੰਗਿਆੜੇ ਜਿਹੇ ਨਿਕਲਣ ਲੱਗਦੇ ਹਨ। ਉਦੋਂ ਮੈਂ ਸੋਚਦਾ ਹਾਂ ਕਿ ਮੇਰੀ ਦੁਨਿਆਵੀ ਹੋਂਦ ਬਹੁਤ ਪ੍ਰਬਲ ਹੈ। ਇਕ ਖ਼ਿਆਲ ਪਤਾ ਨਹੀਂ ਕਿਉਂ ਦਿਮਾਗ਼ ਵਿਚ ਆਉਂਦਾ ਹੈ ਉਸ ਸਮੇਂ ਕਿ ਮੈਨੂੰ ਮੇਰੇ ਅੰਦਰਲੀ ਅਗਨੀ 'ਚ ਭਸਮ ਹੋਣ ਤੋਂ ਮਾਲ਼ਾ ਬਚਾ ਲਵੇਗੀ। ਕਿਵੇਂ ਬਚਾਏਗੀ? ਮੈਂ ਨਹੀਂ ਜਾਣਦਾ, ਮਾਲਕ ਜਾਣਦਾ ਹੈ, ਮੇਰਾ ਤਾਂ ਇਹ ਮਨ ਨੂੰ ਠੁੰਮ੍ਹਣਾ ਦੇਣ ਦਾ ਇਕ ਤਰੀਕਾ ਹੈ।

ਮੈਂ ਨਾ ਤਾਂ ਕਦੇ ਸ਼ਹਿਨਸ਼ਾਹ ਸਵਾਮੀ ਜੀ ਬਣਨ ਦਾ ਸੁਪਨਾ ਲਿਆ ਸੀ ਜਿਵੇਂ ਕਿ ਮੈਨੂੰ ਮਾਲ਼ਾ ਆਖਦੀ ਹੈ ਤੇ ਨਾ ਹੀ ਸਤਿਗੁਰੂ ਅਖਵਾਉਣਾ ਚਾਹਿਆ ਸੀ ਜਿਵੇਂ ਕਿ ਮੈਨੂੰ ਸੰਗਤ ਆਖਦੀ ਹੈ। ਪਿਤਾ ਲਈ ਤਾਂ ਮੈਂ ਗਧੇ ਦਾ ਗਧਾ ਹੀ ਰਿਹਾ ਸਾਂ। ਜੇ ਅਜਿਹਾ ਹੁੰਦਾ ਤਾਂ ਮੈਂ ਪੜ੍ਹਾਈ ਵਿਚ ਕੋਈ ਦਿਲਚਸਪੀ ਨਾ ਦਿਖਾਉਂਦਾ, ਪਰ ਮੈਂ ਆਪਣੇ ਸਾਥੀ ਬੱਚਿਆਂ ਵਾਂਗ ਹੀ ਦਸਵੀਂ ਕਰਨ ਮਗਰੋਂ ਕੱਮਰਸ ਦੇ ਮਜ਼ਮੂਨਾਂ ਦੀ ਪੜ੍ਹਾਈ ਕਰਨ ਲੱਗਾ ਸਾਂ ਤੇ ਉਹ ਵੀ ਪੂਰੇ ਦਿਲ ਨਾਲ। ਬਸ ਉਦੋਂ ਹੀ ਮੇਰੇ ਇਰਦ-ਗਿਰਦ ਲੋਕਾਂ ਨੂੰ ਲੱਗਾ ਕਿ ਮੈਂ ਕਿਸੇ ਦਿੱਬ-ਦ੍ਰਿਸ਼ਟੀ ਦਾ ਮਾਲਕ ਹਾਂ। ਦੋ-ਚਾਰ ਮੂੰਹੋਂ ਕੱਢੀਆਂ ਗੱਲਾਂ ਸੱਚੀਆਂ ਹੋ ਗਈਆਂ ਸਨ। ਇਨ੍ਹਾਂ ਗੱਲਾਂ ਵਿਚੋਂ ਹਾਲਾਂਕਿ ਕੋਈ ਵੀ ਗੱਲ ਮੈਂ ਆਪਣੇ ਦਾਅਵੇ ਨਾਲ ਨਹੀਂ ਸੀ ਕਹੀ। ਬਸ ਫਿਰ ਕੀ ਸੀ, ਸਭ ਨੇ ਮਿਲਕੇ ਮੈਨੂੰ ਉਸ ਰਾਹ ਤੋਰ ਲਿਆ ਜਿਸ ਦੀ ਮੰਜ਼ਿਲ ਉਹੀ ਹੋਇਆ ਕਰਦੀ ਹੈ ਜਿਸ ਮੰਜ਼ਿਲ 'ਤੇ ਅੱਜ ਮੈਂ ਪਹੁੰਚਿਆ ਹੋਇਆ ਹਾਂ। ਮੈਂ ਆਹਿਸਤਾ-ਆਹਿਸਤਾ ਆਪਣੇ ਆਪ ਨੂੰ ਦੁਨੀਆਂ ਨਾਲੋਂ ਕੋਈ ਅਲਹਿਦਾ ਪ੍ਰਾਣੀ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ। ਗ੍ਰੰਥਾਂ ਵਿਚ ਮਾਤਲੋਕ ਤੇ ਪਰਲੋਕ ਦੀ ਜੋ ਵਿਆਖਿਆ ਕੀਤੀ ਮਿਲਦੀ ਹੈ, ਉਸ ਵਿਆਖਿਆ ਨੂੰ ਅੰਤਮ ਮੰਨਣਾ ਸ਼ੁਰੂ ਕਰ ਦਿੱਤਾ। ਸਕੂਲੀ ਪੜ੍ਹਾਈ ਕੁਫ਼ਰ ਜਾਪਣ ਲੱਗੀ, ਸੋ ਛੱਡ ਦਿੱਤੀ। ਸੋਚ ਬਦਲੀ, ਲਿਬਾਸ ਵੀ ਬਦਲ ਗਿਆ, ਸ਼ੋਖ਼ ਰੰਗਾਂ ਤੋਂ ਮੂੰਹ ਮੁੜ ਗਿਆ। ਚਕਾਚੌਂਧ ਵਾਲੀ ਜੀਵਨ ਸ਼ੈਲੀ ਤੋਂ ਮੋਹ ਭੰਗ ਹੋ ਗਿਆ। ਸੰਗਤ ਦੀ ਸੰਖਿਆ ਵਧਦੀ ਗਈ, ਘਰ ਵਿਚ ਹੀ

ਲੋਕ ਆਉਣ ਲੱਗ ਪਏ ਤਾਂ ਘਰ ਭੀੜਾ ਲੱਗਣ ਲੱਗ ਪਿਆ। ਜਿੱਥੇ ਬੈਠਦਾ ਸਾਂ ਉਸ ਥਾਂ ਨੂੰ ਲੋਕ ਚੌਂਕੀ ਆਖਣ ਲੱਗ ਪਏ। ਇਸ ਚੌਂਕੀ ਲਈ ਹੁਣ ਲੋਕਾਂ ਨੇ ਗਊਸ਼ਾਲਾ ਨੁਮਾ ਡੇਰਾ ਉਸਾਰ ਦਿੱਤਾ। ਇਹ ਡੇਰਾ ਵੀ ਤੰਗ ਜਾਪਣ ਲੱਗਾ ਤਾਂ ਖੁੱਲ੍ਹੀ ਜਗ੍ਹਾ ਲੈ ਕੇ ਵੱਡਾ ਡੇਰਾ ਦਿਨਾਂ 'ਚ ਹੀ ਖੜ੍ਹਾ ਕਰ ਦਿੱਤਾ ਗਿਆ। ਸਤਿਸੰਗ ਲੱਗਣੀ ਸ਼ੁਰੂ ਹੋ ਗਈ। ਸ਼ਰਧਾਲੂ ਸਤਿਸੰਗੀਆਂ ਵਿਚੋਂ ਹੀ ਆਪ-ਮੁਹਾਰੇ ਨਵੇਂ ਪ੍ਰਬੰਧਕ ਉੱਤਰ ਆਏ। ਸੱਚ ਆਖਦਾ ਹਾਂ ਕਿ ਉਨ੍ਹਾਂ ਨੇ ਮੇਰੀ ਪਛਾਣ ਵੀ ਨਵੀਂ ਬਣਾ ਦਿੱਤੀ। ਉਨ੍ਹਾਂ ਮੈਨੂੰ ਸਤਿਗੁਰੂ ਦੀ ਪਛਾਣ ਬਖ਼ਸ਼ ਦਿੱਤੀ। ਦੁਨੀਆਦਾਰੀ ਤਾਂ ਹੁਣ ਮੇਰੇ ਲਈ ਬਹੁਤ ਪਿੱਛੇ ਰਹਿ ਗਈ ਸੀ, ਪਿੱਛੇ ਹੀ ਨਹੀਂ ਇਹ ਤਾਂ ਜਿਵੇਂ ਅਤੀਤ ਦੇ ਹਨ੍ਹੇਰੇ ਵਿਚ ਅਲੋਪ ਹੀ ਹੋ ਗਈ ਸੀ। ਪਰ...ਫਿਰ ਵੀ...ਕਈ ਵਾਰ ਦਿਲ ਕਰਦਾ ਹੈ ਮਾਲ਼ਾ ਨੂੰ ਕਹਾਂ, ਕਹਾਂ ਵੀ ਕਿਉਂ ਸਗੋਂ ਉਸ ਤੋਂ ਪੁੱਛਾਂ, ਇਸ ਦੁਨੀਆਦਾਰੀ ਦੇ ਨਕਸ਼ ਹਨ੍ਹੇਰੇ ਦੀ ਪ੍ਰਿਸ਼ਟ ਭੂਮੀ ਤੋਂ ਕਦੇ-ਕਦੇ ਕਿਉਂ ਉੱਘੜਨ ਲੱਗਦੇ ਹਨ? ਪਤਾ ਹੈ ਮੈਨੂੰ ਕਿ ਉਹ ਜਵਾਬ ਵਿਚ ਇਹੋ ਕਹੇਗੀ, "ਤੁਸੀਂ ਆਪ ਜਾਣੀਜਾਣ ਹੋ ਸਵਾਮੀ ਜੀ!" ਫਿਰ ਵੀ ਦਿਲ ਕਰਦਾ ਹੈ ਉਹਨੂੰ ਕੋਲ ਬਿਠਾ ਕੇ ਨਿਹਾਰਾਂ ਤੇ ਪੁੱਛਾਂ...ਕੀ ਪੁੱਛਾਂ?...ਦੁਨੀਆਦਾਰੀ ਦਾ ਭੇਤ ਪੁੱਛਾਂ। ਮੈਂ ਵੀ ਕਿੰਨਾ ਮਾਸੂਮ ਹਾਂ, ਪਾਪਾ ਦੇ ਲਫ਼ਜ਼ਾਂ ਵਿਚ ਗਧੇ ਦਾ ਗਧਾ...... "ਮਾਲ਼ਾ ਨੂੰ ਨਿਹਾਰਨ ਦੀ ਅਭਿਲਾਸ਼ਾ...ਇਹੋ ਤਾਂ ਦੁਨੀਆਦਾਰੀ ਹੈ ਸਵਾਮੀ ਜੀ!" ਮੁਸਕਰਾ ਕੇ ਆਪਣੇ ਆਪ ਨੂੰ ਸੰਬੋਧਤ ਹੁੰਦਾ ਹਾਂ। ਇਸ ਤੋਂ ਵੱਖਰਾ ਜਵਾਬ ਦੁਨੀਆਦਾਰੀ ਦਾ ਸ਼ਇਦ ਕਿਤੋਂ ਵੀ ਨਹੀਂ ਮਿਲ ਸਕਦਾ ਮੈਨੂੰ। ਮੇਰਾ ਮੌਨ ਮੈਨੂੰ ਬਹੁਤ ਸਾਰੇ ਸਵਾਲਾਂ ਦੇ ਜਵਾਬ ਦੇ ਦਿੰਦਾ ਹੈ।

ਸੱਤਿਆਪ੍ਰਕਾਸ਼ ਫਿਰ ਅੰਦਰ ਆਇਆ ਹੈ। ਤਪੇ ਵਾਲੀ ਸੰਗਤ ਵੱਲੋਂ ਕਰਵਾਈ ਜਾ ਰਹੀ ਸਤਿਸੰਗ ਬਾਰੇ ਮੋਟੀ-ਮੋਟੀ ਜਾਣਕਾਰੀ ਦੇ ਗਿਆ ਹੈ। ਤਪੇ ਵੀ ਡੇਰੇ ਦੀ ਇਕ ਸ਼ਾਖ਼ਾ ਹੈ, ਕਿਸੇ ਧਨਾਢ ਜ਼ਿਮੀਂਦਾਰ ਨੂੰ ਪੰਜਾਂ ਪੁੱਤਰੀਆਂ ਤੋਂ ਬਾਅਦ ਪੁੱਤਰ ਦੀ ਬਖ਼ਸ਼ਿਸ਼ ਹੋਈ ਤਾਂ ਉਸ ਕਿਹਾ ਕਿ ਇਹ ਚਮਤਕਾਰ ਸਾਡੇ ਸਤਿਗੁਰੂ ਭਾਵ ਮੇਰੇ ਪ੍ਰਵਚਨ ਦੀ ਬਦੌਲਤ ਵਾਪਰਿਆ। ਉਸਨੇ ਡੇਰੇ ਲਈ ਕੁਝ ਜ਼ਮੀਨ ਦਾਨ ਕਰ ਦਿੱਤੀ। ਸੰਗਤ ਨੇ ਉੱਦਮ ਕਰਕੇ ਡੇਰੇ ਦੀ ਸ਼ਾਖ਼ਾ ਉਸਾਰ ਦਿੱਤੀ। ਪਰਸੋਂ ਨੂੰ ਏਥੇ ਸਤਿਸੰਗ ਸੀ। ਇਸ ਸਤਿਸੰਗ ਬਾਰੇ ਭਾਵੇਂ ਸੱਤਿਆਪ੍ਰਕਾਸ਼ ਸਾਰੀ ਜਾਣਕਾਰੀ ਦੇ ਗਿਆ ਸੀ, ਪਰ ਰਾਤ ਦੇ ਖਾਣੇ ਦੀ ਥਾਲੀ ਪਰੋਸ ਕੇ ਲਿਆਈ ਮਾਲ਼ਾ ਨੇ ਦੱਸਿਆ ਸੀ ਕਿ ਸਤਿਸੰਗ ਉਚੇਚੇ ਤੌਰ 'ਤੇ ਪਾਪਾ ਦੀ ਵਿਛੜੀ ਆਤਮਾ ਲਈ ਕਰਵਾਇਆ ਜਾ ਰਿਹਾ ਸੀ। ਡੇਰੇ ਦੀਆਂ ਆਪਣੀਆਂ ਰੀਤਾਂ ਅਨੁਸਾਰ ਭੋਗ ਆਦਿ ਦੀ ਕੋਈ ਰਸਮ ਨਹੀਂ ਸੀ ਕੀਤੀ ਗਈ, ਹੁਣ ਸਤਿਸੰਗ ਸਮੇਂ ਆਉਣ ਲਈ ਸਾਰੇ ਰਿਸ਼ਤੇਦਾਰਾਂ ਨੂੰ ਫ਼ੋਨ ਕੀਤੇ ਗਏ ਸਨ। "ਇਸ ਮਾਇਆ ਨੂੰ ਸਤਿਸੰਗ ਵਿਚ ਕਿਉਂ ਲਿਆਉਣਾ ਸੀ ਮਾਲ਼ਾ, ਰਿਸ਼ਤੇਦਾਰੀਆਂ ਮਾਇਆ ਹੀ ਤਾਂ ਹਨ, ਨਿਰਾ ਛਲਾਵਾ!" ਮਾਲ਼ਾ ਨੇ ਅੱਗੋਂ ਸਿਰਫ਼ ਏਨਾ ਹੀ ਕਿਹਾ, "ਅੰਨ ਗ੍ਰਹਿਣ ਕਰੋ ਸਵਾਮੀ ਜੀ!" ਤੇ ਬੜੇ ਸਹਿਜ ਨਾਲ ਪੋਲੇ ਪੈਰ ਪੁੱਟਦੀ ਕਮਰੇ 'ਚੋਂ ਬਾਹਰ ਚਲੀ ਗਈ। ਖਾਣਾ ਖਾ ਮੈਂ ਵਿਸਰਾਮ ਗ੍ਰਹਿ ਵਿਚ ਆ ਗਿਆ ਹਾਂ,ਜਿੱਥੇ ਬੇਆਰਾਮੀ ਫਿਰ ਮੇਰੇ 'ਤੇ ਹਾਵੀ ਹੋ ਜਾਂਦੀ ਹੈ।

ਮੈਂ ਤਾਂ ਸਾਧਾਰਣ ਹਿੰਦੂ ਖੱਤਰੀ ਪਰਿਵਾਰ ਵਿਚੋਂ ਹਾਂ। ਸਤਿਸੰਗ ਲਾਉਣੀ ਤਾਂ ਬਹੁਤ ਦੂਰ ਦੀ ਗੱਲ ਹੈ, ਮੈਂ ਤਾਂ ਕਦੇ ਸਤਿਸੰਗ ਸੁਣਨ ਵੀ ਨਹੀਂ ਸਾਂ ਗਿਆ। ਸੰਗਤ ਨੇ ਹੀ ਮੈਨੂੰ ਉਹ ਮੁਹਾਵਰਾ ਬਖ਼ਸ਼ ਦਿੱਤਾ, ਜਿਸ ਰਾਹੀਂ ਸੰਗਤ ਨੂੰ ਸੰਬੋਧਨ ਹੋਇਆ ਜਾਂਦਾ ਹੈ ਤੇ ਦਿਨਾਂ ਵਿਚ ਹੀ ਉਹ ਬਾਣੀ ਤੇ ਸਾਖੀਆਂ ਕੰਠ ਕਰ ਲਈਆਂ ਜਿਨ੍ਹਾਂ ਨੂੰ ਸੰਗਤ ਮੰਤਰ-ਮੁਗਧ ਹੋ ਕੇ ਸ੍ਰਵਣ ਕਰਦੀ ਹੈ। ਇਨ੍ਹਾਂ ਦੀ ਵਿਆਖਿਆ ਉੱਪਰ ਵੀ ਦਿਨਾਂ 'ਚ ਹੀ ਮੇਰੀ ਪਕੜ ਬਣ ਗਈ। ਡੇਰਾ ਬਸ ਕੁਝ ਕੁ ਦਿਨਾਂ ਲਈ ਆਡੀਓ ਕੈਸੇਟਾਂ 'ਤੇ ਨਿਰਭਰ ਰਿਹਾ ਸੀ। ਹੁਣ ਤਾਂ ਜਿਉਂ



ਹੀ ਮਾਲ਼ਾ ਅਨਾਊਂਸਮੈਂਟ ਕਰਦੀ ਹੈ, ਫੌਰਨ ਸਤਿਸੰਗ ਸ਼ੁਰੂ ਕਰ ਦਿੰਦਾ ਹਾਂ। ਪ੍ਰਵਚਨ ਦੀ ਲਗਾਤਰਤਾ ਸਿਰਫ਼ ਉਦੋਂ ਟੁੱਟਦੀ ਹੈ ਜਦੋਂ ਮੇਰੀ ਗੱਦੀ ਦੇ ਬਰਾਬਰ ਬੈਠਾ ਪਾਠੀ ਕਿਸੇ ਵੀ ਅਧਿਆਤਮਿਕ ਬਾਣੀ ਦੇ ਮੂਲ ਪਾਠ ਦਾ ਉਚਾਰਣ ਕਰਦਾ ਹੈ।

ਵੀਹ ਸਾਲ ਦੀ ਉਮਰ ਤਕ ਪਹੁੰਚਦਿਆਂ ਮੈਨੂੰ ਅਹਿਸਾਸ ਕਰਵਾਇਆ ਗਿਆ ਕਿ ਮੈਂ ਉਹ ਨਹੀਂ ਹਾਂ, ਜੋ ਦੂਸਰੇ ਮੇਰੀ ਉਮਰ ਦੇ ਲੜਕੇ-ਲੜਕੀਆਂ ਹਨ। ਮੇਰੇ ਅੰਦਰ ਹੀ ਰੋਕ ਉੱਸਰ ਆਈ, ਇਕ ਦੀਵਾਰ, ਇਕ ਡੂੰਘੀ ਖਾਈ, ਮੈਂ ਆਪਣੇ ਆਪ ਨੂੰ ਇਕ ਵੱਖਰਾ ਵਿਵਹਾਰ ਕਰਦੇ ਹੋਏ ਪਾਇਆ। ਬਜ਼ੁਰਗ ਚਰਨਾਂ 'ਚ ਸੀਸ ਨਿਵਾਉਂਦੇ, ਮੈਂ ਉਨ੍ਹਾਂ ਨੂੰ ਅਜਿਹਾ ਕਰਨ ਦਿੰਦਾ, ਹਰ ਇਕ ਛੋਟੇ, ਵੱਡੇ, ਬਰਾਬਰ ਦੇ ਬੰਦੇ ਦੇ ਸਿਰ 'ਤੇ ਹੱਥ ਰੱਖ ਉਹਨੂੰ ਆਸ਼ੀਰਵਾਦ ਦੇ ਦਿੰਦਾ। ਪੱਚੀ ਸਾਲ ਦੀ ਉਮਰ ਤਕ ਪਹੁੰਚਿਆ ਤਾਂ ਮੇਰੇ ਲਈ ਡੇਰਾ ਉੱਸਰ ਆਇਆ। ਹੁਣ ਜਦੋਂ ਬੱਤੀਆਂ ਕੁ ਸਾਲਾਂ ਦਾ ਹਾਂ ਤਾਂ ਸੰਗਤ ਆਖਦੀ ਹੈ ਮੈਂ ਪੂਰਣ ਗੁਰੂ ਹਾਂ, ਰੱਬ ਦਾ ਅਵਤਾਰ ਹਾਂ, ਸਤਿਗੁਰੂ ਹਾਂ। ਮੰਮੀ-ਪਾਪਾ ਤੇ ਭੈਣਾਂ ਇਹ ਸਭ ਕੁਝ ਹੁੰਦਾ ਦੇਖਦੀਆਂ ਰਹੀਆਂ, ਬੜੀ ਖ਼ਾਮੋਸ਼ੀ ਨਾਲ ਤੱਕਦੀਆਂ ਰਹੀਆਂ। ਉਨ੍ਹਾਂ ਕੋਈ ਦਖ਼ਲ ਨਹੀਂ ਦਿੱਤਾ। ਸੇਵਾਦਾਰ ਉਨ੍ਹਾਂ ਲਈ ਕਿਸੇ ਕਿਸਮ ਦੀ ਕੋਈ ਕਮੀ ਵੀ ਨਹੀਂ ਰਹਿਣ ਦਿੰਦੇ ਸਨ। ਉਨ੍ਹਾਂ ਵੱਲ ਧਿਆਨ ਜਾਂਦਾ ਤਾਂ ਮੈਨੂੰ ਉਹ ਵੀ ਬਾਕੀ ਸੰਗਤ ਵਾਂਙ ਹੀ ਜਾਪਦੇ। ਮੈਂ ਸ਼ਾਇਦ ਉਨ੍ਹਾਂ ਤੋਂ ਨਿਰਲੇਪ ਰਹਿਣ ਦਾ ਆਦੀ ਹੋ ਗਿਆ ਸਾਂ। ਭੈਣਾਂ ਆਪਣੇ ਨਵਜੰਮੇ ਬੱਚੇ ਨੂੰ ਲੈ ਕੇ ਆਉਂਦੀਆਂ ਤਾਂ ਬੱਚੇ ਨੂੰ ਆਸ਼ੀਰਵਾਦ ਤੇ ਭੈਣ ਨੂੰ ਪ੍ਰਸ਼ਾਦ ਦੇ ਦਿੰਦਾ, ਚੁੱਪ-ਚਾਪ ਆਈਆਂ ਉਹ ਚੁੱਪ- ਚਾਪ ਪਰਤ ਜਾਂਦੀਆਂ। ਨਵਜਨਮੇ ਨੂੰ ਕਦੇ ਚੰਗੀ ਤਰ੍ਹਾਂ ਦੇਖਿਆ ਤਕ ਨਹੀਂ ਸੀ। ਮੰਮੀ-ਪਾਪਾ ਕੋਲ ਆ ਕੇ ਘੰਟਿਆਂ ਬੱਧੀ ਬੈਠੇ ਰਹਿੰਦੇ, ਜਿਵੇਂ ਕੋਈ ਸੇਵਾਦਾਰ ਬੈਠੇ ਹੋਣ। ਖ਼ਾਮੋਸ਼ ਬੈਠਾ ਰਹਿੰਦਾ ਮੈਂ, ਜਿਵੇਂ ਅੰਤਰਧਿਆਨ ਹੋਇਆ ਬੈਠਾਂ ਹੋਵਾਂ।

ਅਗਲੇ ਰੋਜ਼,ਤਪੇ ਵਾਲੇ ਸਤਿਸੰਗ ਤੋਂ ਇਕ ਦਿਨ ਪਹਿਲਾਂ ਮਾਲ਼ਾ ਨਾਸ਼ਤਾ ਲੈ ਕੇ ਆਈ। ਮੈਂ ਪੁੱਛਿਆ, "ਮਾਲ਼ਾ, ਭਟਕਣ ਦੁਨਿਆਵੀ ਵਸਤੂ ਹੈ ਜਾਂ ਕੋਈ ਰੂਹਾਨੀ!" ਜਵਾਬ ਵਿਚ ਮਾਲ਼ਾ ਦੇ ਚਿਹਰੇ ਉੱਪਰ ਸਾਫ਼ ਪੜ੍ਹੀ ਜਾਣ ਵਾਲੀ ਚਿੰਤਾ ਦੀ ਪਰਤ ਛਾ ਗਈ। ਆਮ ਵਾਂਗ ਉਹ ਫਿਰ ਕਿਸੇ ਸਵਾਲ-ਜਵਾਬ 'ਚ ਨਾ ਪਈ, ਮਨ ਬਹਿਬਲ ਹੋ ਗਿਆ, ਮੱਥਾ ਧਰਤੀ ਨਾਲ ਲੱਗ ਗਿਆ, ਬਿਲਕੁਲ ਉੱਥੇ ਜਿੱਥੇ ਮਾਲ਼ਾ ਦੇ ਚਰਨ ਸਨ, ਅੱਥਰੂ ਵਹਿ ਤੁਰੇ, ਮਾਲ਼ਾ ਥਰ-ਥਰਾਈ, ਸੰਭਲ਼ ਗਈ ਤੇ ਬਿਨਾਂ ਕਿਸੇ ਗਿਲੇ-ਸ਼ਿਕਵੇ ਤੋਂ, ਬਿਨਾਂ ਕਿਸੇ ਵਿਰੋਧ ਤੋਂ, ਬਿਨਾਂ ਕਿਸੇ ਹੈਰਾਨੀ ਤੋਂ ਆਪਣੀ ਸਦੀਵੀ ਮਿੱਠੀ ਆਵਾਜ਼ ਵਿਚ ਇਹ ਕਹਿ ਕੇ ਚਲੀ ਗਈ, "ਸੰਭਲ਼ੋ, ਸਵਾਮੀ ਜੀ, ਸੰਭਲ਼ੋ।" ਪਤਾ ਨਹੀਂ ਕਿਉਂ ਉਹਨੂੰ ਇਹ ਸਭ ਕੁਝ ਸੁਭਾਵਕ ਲੱਗਾ ਸੀ। ਉਸ ਦਿਨ ਮੈਨੂੰ ਪਹਿਲੀ ਵਾਰ ਕੁਝ-ਕੁਝ ਇਸ ਤਰ੍ਹਾਂ ਜਾਪਿਆ ਸੀ ਕਿ ਦੁਨੀਆਦਾਰ ਲੋਕ, ਮਹਾਤਮਾ ਪੁਰਸ਼ਾਂ ਨਾਲੋਂ ਜ਼ਿਆਦਾ ਸਿਆਣੇ, ਜ਼ਿਆਦਾ ਸਬਰ ਸੰਤੋਖ ਵਾਲੇ ਹੁੰਦੇ ਹਨ। ਮਾਲ਼ਾ ਦੀ ਅਡੋਲਤਾ ਮੁੜ-ਮੁੜ ਜਾਦੂਮਈ ਪ੍ਰਭਾਵ ਪਾ ਰਹੀ ਸੀ। ਨਾਸ਼ਤਾ ਲੈ ਕੇ ਡੇਰੇ ਦਾ ਚੱਕਰ ਲਾਇਆ, ਹਰ ਕੋਈ ਆਪੋ-ਆਪਣੇ ਕੰਮ ਵਿਚ ਮਗਨ ਸੀ। ਜਾਪਿਆ, ਜਿਵੇਂ ਹਰ ਕੋਈ ਬੰਦਗੀ ਤੋਂ ਵੀ ਉੱਪਰਲੀ ਅਵਸਥਾ ਵਿਚ ਵਿਚਰ ਰਿਹਾ ਹੋਵੇ। ਉਹਦੇ ਮੂੰਹੋਂ ਆਪ ਮੁਹਾਰਾ ਨਿੱਕਲਿਆ, "ਧੰਨ ਧੰਨ ਕਰਤਾਰ, ਛੋਟੇ ਛੋਟੇ ਕਰਤਾਰ! ਕਿੰਨੇ ਸਾਰੇ ਕਰਤਾਰ! ਹਥੌੜੀਆਂ ਵਾਲੇ, ਖੁਰਪਿਆਂ ਵਾਲੇ, ਕਰੰਡੀ ਵਾਲੇ, ਗਰਮਾਲੇ ਵਾਲੇ...ਵਾਹ!"

ਰਸਤੇ ਵਿਚ ਹੀ ਸੱਤਿਆਪ੍ਰਕਾਸ਼ ਕਹਿ ਗਿਆ ਹੈ, "ਮਹਾਰਾਜ ਟੈਂਟ ਵਾਲੀ ਗੱਡੀ ਤਪੇ ਨੂੰ ਰਵਾਨਾ ਹੋ ਗਈ ਹੈ।" ਕਿੰਨਾ ਸੰਕੇਤਕ ਹੈ ਉਹਦਾ ਇਹ ਕਹਿਣਾ, ਇਹਦਾ ਭਾਵ ਹੁੰਦਾ ਹੈ ਕਿ

ਹੁਣ ਸਾਰਾ ਧਿਆਨ ਪ੍ਰਵਚਨ ਉੱਪਰ ਕੇਂਦਰਤ ਹੋ ਜਾਵੇ। ਦਿਲ ਹੀ ਦਿਲ ਫਿਰ ਵਾਹ! ਵਾਹ!!ਕਰਦਾ ਹਾਂ। ਡੇਰੇ ਦਾ ਆਪਣਾ ਟੈਂਟ ਹੈ, ਬਗਲੇ ਵਰਗਾ ਸਫ਼ੈਦ, ਬੇਦਾਗ਼, ਦੂਧੀਆ। ਜਿੱਥੇ ਵੀ ਸਤਿਸੰਗ ਹੋਣੀ ਹੁੰਦੀ ਹੈ, ਇਕ ਦਿਨ ਪਹਿਲਾਂ ਹੀ ਸੇਵਾਦਾਰ ਲੈ ਕੇ ਰਵਾਨਾ ਹੋ ਜਾਂਦੇ ਹਨ। ਗੱਡੀਆਂ ਵੀ ਡੇਰੇ ਦੀਆਂ ਹੀ ਹਨ, ਸਭ ਕੁਝ ਕਿਵੇਂ ਹੋ ਰਿਹਾ ਹੈ, ਸਭ ਕੁਝ ਦਾ ਤਾਂ ਸਿਰਫ਼ ਸੇਵਾਦਰਾਂ ਦੀ ਕਮੇਟੀ ਨੂੰ ਹੀ ਪਤਾ ਹੈ। ਮੇਰੇ ਲਈ ਤਾਂ ਅਗਲੇ ਦਿਨ ਪੰਡਾਲ ਤਿਆਰ ਹੁੰਦਾ ਹੈ, ਮਧੁਰ ਆਵਾਜ਼ ਵਿਚ ਭਜਨਾਂ ਦੇ ਗਾਇਨ ਦੀਆਂ ਕੈੱਸਟਾਂ ਚੱਲ ਰਹੀਆਂ ਹੁੰਦੀਆਂ। ਹਰ ਕੋਈ ਕਿਸੇ ਵੱਖਰੇ ਹੀ ਰੰਗ ਵਿਚ ਰੰਗਿਆ ਨਜ਼ਰ ਆਉਂਦਾ ਹੈ। ਗੱਡੀ 'ਚੋਂ ਉਤਾਰ ਕੇ ਮੈਨੂੰ ਚੋਣਵੇਂ ਸੇਵਾਦਾਰ ਪੂਰੇ ਅਦਬ ਨਾਲ ਗੱਦੀ 'ਤੇ ਸੁਸ਼ੋਭਤ ਕਰ ਦਿੰਦੇ ਹਨ। ਮਾਲ਼ਾ ਪੂਰੇ ਪ੍ਰੋਗਰਾਮ ਦੀ ਜਾਣਕਾਰੀ ਸੰਗਤ ਨੂੰ ਦਿੰਦੀ ਹੈ। ਮੇਰੇ ਪ੍ਰਵਚਨ ਲਈ ਘੋਸ਼ਣਾ ਕਰਦੀ ਹੈ ਤਾਂ ਪਾਠੀ ਬੜੀ ਅਜੀਬ ਆਵਾਜ਼ ਵਿਚ, ਆਵਾਜ਼ ਜਿਵੇਂ ਧੁਰ ਦਰਗਾਹੋਂ ਆਈ ਹੋਵੇ, ਮੂਲ ਪਾਠ ਦਾ ਉਚਾਰਣ ਕਰਦਾ ਹੈ। ਮੈਂ ਨਾਲੋ ਨਾਲ ਵਿਆਖਿਆ ਕਰਦਾ ਜਾਂਦਾ ਹਾਂ...।

ਪ੍ਰਵਚਨ ਦੀ ਗੱਲ ਸੋਚਦਿਆਂ ਹੀ ਮਨ ਦੀ ਸਹਿਜਤਾ ਭੰਗ ਹੋ ਗਈ ਹੈ, ਇਕ ਖਲਬਲੀ ਜਿਹੀ ਪੈਦਾ ਹੋ ਗਈ ਹੈ, ਪਹਿਲਾਂ ਨਹੀਂ ਸੀ ਕਦੇ ਇਸ ਤਰ੍ਹਾਂ ਵਾਪਰਿਆ। ਪਤਾ ਨਹੀ ਕਿਉਂ ਮਨ ਚਾਹ ਰਿਹਾ ਸੀ ਕਿ ਸਤਿਸੰਗ ਦਾ ਪ੍ਰੋਗਰਾਮ ਕਿਸੇ ਨਾ ਕਿਸੇ ਤਰ੍ਹਾਂ ਟਲ਼ ਹੀ ਜਾਵੇ ਤਾਂ ਚੰਗਾ, ਪਰ ਹੁਣ ਤਕ ਕਦੇ ਇਸ ਤਰ੍ਹਾਂ ਨਹੀਂ ਸੀ ਹੋਇਆ, ਹੁਣ ਵੀ ਇਸ ਤਰ੍ਹਾਂ ਨਹੀਂ ਹੋ ਸਕੇਗਾ। ਸੰਗਤ ਬਹੁਤ ਸਮਰੱਥਵਾਨ ਹੈ, ਹੰਗਾਮੀ ਹਾਲਤ ਨਾਲ ਨਜਿੱਠਣਾ ਖ਼ੂਬ ਜਾਣਦੀ ਹੈ। ਸੋ, ਪ੍ਰਵਚਨ ਤਾਂ ਕਰਨਾ ਹੀ ਪਵੇਗਾ। ਡੇਰੇ ਵਿਚ ਹਰ ਸਿਲਸਿਲੇ ਨੂੰ ਜਾਰੀ ਰੱਖਣ ਦਾ ਅਧਿਕਾਰ ਮੇਰੇ ਕੋਲ਼ ਨਹੀਂ ਹੈ, ਭਾਵੇਂ ਮੈਂ ਡੇਰੇ ਦੀ ਸਭ ਤੋਂ ਪੂਜਨੀਕ ਸ਼੍ਰੇਸ਼ਟ ਹਸਤੀ ਹਾਂ। ਪਰ ਕੀ ਮੈਂ ਕਲ੍ਹ ਦੇ ਸਤਿਸੰਗ ਵਿਚ ਉਹੋ ਕੁਝ ਦੁਹਰਾਅ ਸਕਾਂਗਾ ਜੋ ਦਹਾਕਿਆਂ ਤੋਂ ਬੋਲਦਾ ਆ ਰਿਹਾ ਹਾਂ, ਆਤਮਾ-ਪਰਮਾਤਮਾ ਦੇ ਰਿਸ਼ਤੇ ਸੰਬੰਧੀ, ਦੁਨਿਆਵੀ ਮਾਇਆ ਦੀ ਝੂਠੀ ਤੇ ਫਰੇਬੀ ਹੋਂਦ ਸੰਬੰਧੀ, ਮੁਕਤੀ ਸੰਬੰਧੀ, ਸਿਮਰਨ ਸੰਬੰਧੀ,ਭਗਤੀ ਸੰਬੰਧੀ, ਕੀ ਮੈਂ ਪਹਿਲਾਂ ਵਾਂਗ ਹੀ ਦ੍ਰਿੜ ਵਿਸ਼ਵਾਸ ਨਾਲ ਗੱਲਾਂ ਕਰ ਸਕਾਂਗਾ। ਮੈਨੂੰ ਜਾਪਿਆ ਜਿਵੇਂ ਕੋਈ ਚੱਟਾਨ ਲਾਵਾ ਬਣ ਕੇ ਵਹਿ ਤੁਰੀ ਹੈ। ਇਹ ਚੱਟਾਨ ਮੇਰੀ ਦ੍ਰਿੜਤਾ ਹੀ ਤਾਂ ਹੈ। ਮੈਨੂੰ ਇਹ ਵੀ ਜਾਪਿਆ ਜਿਵੇਂ ਮੈਂ ਕੋਈ ਅਭਿਨੇਤਾ ਹਾਂ, ਡੇਰੇ ਦੀ ਹੋਂਦ-ਸਲਾਮਤੀ ਲਈ ਅਭਿਨੈ ਕਰ ਰਿਹਾ ਹਾਂ। ਉਸ ਪਟਕਥਾ ਅਨੁਸਾਰ ਸਭ ਕੁਝ ਕਰ ਰਿਹਾ ਹਾਂ ਜੋ ਹਰ ਡੇਰੇ ਵਿਚ ਅਲਿਖਤ ਰੂਪ ਵਿਚ ਮੌਜੂਦ ਰਹਿੰਦੀ ਹੈ।

ਮਾਲ਼ਾ ਰਾਤ ਲਈ ਪ੍ਰਸ਼ਾਦਾ ਪਰੋਸ ਲਿਆਈ ਹੈ। "ਅੰਨ ਗ੍ਰਹਿਣ ਕਰੋ ਸੁਆਮੀ ਜੀ।" ਖਾਣ ਨੂੰ ਦਿਲ ਨਹੀਂ ਕਰਦਾ। ਉਹਦੇ ਪਪੀਸੀਆਂ ਵਰਗੇ ਹੋਠਾਂ 'ਚੋਂ ਕਿਰੇ ਫੁੱਲ ਜਿਵੇਂ ਚੁਫ਼ੇਰੇ ਸੁਗੰਧੀ ਫੈਲਾਅ ਗਏ ਹੋਣ। ਥਾਲੀ ਪਾਸੇ ਸਰਕਾਅ ਕੇ ਬੈਠਣ ਲਈ ਇਸ਼ਾਰਾ ਕਰਦਾ ਹਾਂ। ਹੱਥ ਜੋੜ ਅੱਖਾਂ ਬੰਦ ਕਰ ਸਾਹਮਣੇ ਬੈਠ ਗਈ ਹੈ ਮਾਲ਼ਾ। ਅੱਜ ਜਜ਼ਬਾਤੀ ਨਹੀਂ ਹੋਇਆ ਹਾਂ, "ਮਾਲ਼ਾ, ਗ੍ਰਹਿਸਤੀ ਮਨ ਅੰਦਰ ਅੰਗੜਾਈਆਂ ਲੈਣ ਲੱਗੀ ਹੈ, ਇਸ ਤੋਂ ਪਹਿਲਾਂ ਕਿ ਇਹ ਭਾਵਨਾ ਮੇਰੇ ਅੰਦਰ ਖਰੂਦ ਪਾਉਣਾ ਸ਼ੁਰੂ ਕਰ ਦੇਵੇ, ਮੈਂ ਗੱਦੀ ਤਿਆਗ ਦੇਣਾ ਚਾਹੁੰਦਾ ਹਾਂ, ਮੇਰਾ ਜਾਨਸ਼ੀਨ ਤਲਾਸ਼ ਕਰੋ!"

"ਸਤਿ ਬਚਨ!" ਆਖ ਮਾਲ਼ਾ ਕਮਰੇ 'ਚੋਂ ਪ੍ਰਸਥਾਨ ਕਰ ਗਈ ਹੈ। ਹੁਣ ਮੈਂ ਤਪੇ ਵਾਲੀ ਸਤਿਸੰਗ ਵਿਚ ਪ੍ਰਵਚਨ ਕਰਨ ਲਈ ਤਿਆਰ ਹਾਂ।

ਜਲਪਾਨ ਉਪਰੰਤ ਸੇਵਾਦਾਰਾਂ ਗੱਦੀ 'ਤੇ ਬਿਰਾਜਮਾਨ ਕੀਤਾ। ਆਸਣ ਗ੍ਰਹਿਣ ਕਰਦਿਆਂ ਹੀ ਮਾਲ਼ਾ ਨੇ ਸਤਿਸੰਗ ਆਰੰਭ ਹੋਣ ਦੀ ਅਨਾਊਂਸਮੈਂਟ ਕੀਤੀ। ਪਾਠੀ ਮੂਲ ਪਾਠ



ਉਚਾਰਦਾ ਰਿਹਾ, 'ਅਰਥਾਤ' ਆਖ਼ ਮੈਂ ਵਿਆਖਿਆ ਕਰਦਾ ਰਿਹਾ। ਪਾਠੀ ਅੰਤਲੇ ਬੰਦ 'ਤੇ ਪਹੁੰਚ ਗਿਆ।

*ਹੇ-ਹਰਦਮ ਸ਼ਰਮ ਦੀ ਤੰਦ ਤਰੋੜੇ,*
*ਜਾਂ ਇਹ ਛੋਡ ਕੁਵੱਲੇ ਹੂ।*
*ਕਿਚਰਕ ਬਾਲ਼ਾਂ ਅਕਲ ਦਾ ਦੀਵਾ,*
*ਬਿਰਹੋਂ ਹਨ੍ਹੇਰੀ ਝੁੱਲੇ ਹੂ।*
*ਉਜੜ ਗਿਆਂ ਦੇ ਭੇਤ ਨਿਆਰੇ,*
*ਲਾਲ ਜਵਾਹਰ ਰੁੱਲੇ ਹੂ।*
*ਬਾਹੂ ਧੋਤਿਆਂ ਦਾਗ਼ ਨ ਲਹਿੰਦੇ,*
*ਜਿੱਥੇ ਰੰਗ ਮਜੀਠੀ ਡੁਲ੍ਹੇ ਹੂ।*

ਅਰਥਾਤ ਸੁਲਤਾਨ ਬਾਹੂ ਜੀ ਫਰਮਾਉਂਦੇ ਹਨ, ਜਦੋਂ ਪ੍ਰੇਮ ਦੇ ਵਿਛੋੜੇ ਦੀ ਤੇਜ਼ ਹਵਾ ਚੱਲਦੀ ਹੈ, ਅਕਲ ਦੇ ਦੀਵੇ ਬੁਝ ਜਾਂਦੇ ਹਨ, ਸਭ ਸਿਆਣਪਾਂ ਧਰੀਆਂ ਧਰਾਈਆਂ ਰਹਿ ਜਾਂਦੀਆਂ ਹਨ, ਕਿਸੇ ਕੰਮ ਨਹੀਂ ਆਉਂਦੀਆਂ। ਅਲੋਕਾਰ ਭੇਦਾਂ ਦੀਆਂ ਗੰਢਾਂ ਖੋਲ੍ਹਦਿਆਂ ਕਈਆਂ ਦੀ ਅਉਧ ਬੀਤ ਜਾਂਦੀ ਹੈ। ਜਿੱਥੇ ਇਸ਼ਕ ਦਾ ਮਜੀਠੀ ਰੰਗ ਡੁਲ੍ਹ ਜਾਵੇ, ਉਹ ਰੰਗ ਅਮਿੱਟ ਹੁੰਦਾ ਹੈ। ਇਸ਼ਕ ਮਜ਼ਾਜੀ ਹੋਵੇ ਭਾਵੇਂ ਹਕੀਕੀ......।

ਸਤਿਸੰਗ ਨੂੰ ਵਿਰਾਮ ਦਿੰਦਿਆਂ ਹੀ ਤੁਰੰਤ ਆਸਨ ਤਿਆਗਣ ਦੀ ਇੱਛਾ ਜਾਗੀ, ਪਰ ਮਾਲ਼ਾ ਨੇ ਤੁਰੰਤ ਅਨਾਊਂਸਮੈਂਟ ਕਰ ਦਿੱਤੀ, ਇਕ ਅਣਕਿਆਸੀ ਅਨਾਊਂਸਮੈਂਟ, "ਮੇਰੇ ਸ਼ਹਿਨਸ਼ਾਹ, ਦੋ ਜਹਾਨ ਦੇ ਵਾਲੀ, ਸੁਆਮੀ ਜੀ ਮਹਾਰਾਜ, ਆਪ ਦੇ ਪਿਤਾ ਜੀ ਦੀ ਇੱਛਾ ਸੀ ਤੇ ਹੁਣ ਪਰਿਵਾਰ ਦੀ ਵੀ ਇਹੋ ਇੱਛਾ ਹੈ ਕਿ ਆਪ ਗ੍ਰਹਿਸਥੀ ਜੀਵਨ ਅਪਣਾਓ ਤੇ ਵੰਸ਼ ਵਾਧਾ ਕਰਕੇ ਪਰਿਵਾਰ ਦੀ ਅਭਿਲਾਸ਼ਾ ਪੂਰੀ ਕਰੋ।" ਅਨਾਊਂਸਮੈਂਟ ਸੁਣ ਕੇ ਤੁਰੰਤ ਗੱਦੀ ਛੱਡ ਦੇਣ ਦਾ ਖ਼ਿਆਲ ਮਨ 'ਚ ਜਾਗਦਾ ਹੈ, ਕੋਸ਼ਿਸ਼ ਵੀ ਕਰਦਾ ਹਾਂ, ਪਰ ਸੱਤਿਆਪ੍ਰਕਾਸ਼ ਅਜਿਹਾ ਕਰਨ ਨਹੀਂ ਦਿੰਦਾ। ਅਨਾਊਂਸਮੈਂਟ ਸੁਣ ਖ਼ਾਮੋਸ਼ ਹੋ ਗਿਆ ਹਾਂ, ਪੰਡਾਲ ਵਿਚੋਂ ਸਿਰਫ਼ ਇਕੋ ਆਵਾਜ਼ ਆਈ...ਧੰਨ ਧੰਨ ਸਤਿਗੁਰ ਤੇਰਾ ਹੀ ਆਸਰਾ...ਮੈਨੂੰ ਜਾਪਿਆ ਜਿਵੇਂ ਕਿਸੇ ਸਭਾ ਵਿਚ ਕਿਸੇ ਵਿਸ਼ੇਸ਼ ਮਤੇ ਨੂੰ ਇਸ ਸਮੂਹਕ ਆਵਾਜ਼ ਰਾਹੀਂ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ ਹੋਵੇ।000

***(9/74 ਸ਼ਿਵ ਮੰਦਿਰ ਰੋਡ, ਮੁੱਲਾਂਪੁਰ, ਜ਼ਿਲ੍ਹਾ ਲੁਧਿਆਣਾ 141101***
***ਫ਼ੋਨ: 98785-31166)***

# ਗੁਰਨਾਮ ਢਿੱਲੋਂ ਨਾਲ ਮੁਲਾਕਾਤ

## ਮੁਲਾਕਾਤੀ: ਸਤਨਾਮ ਸਿੰਘ ਢਾਅ

*ਬਰਤਾਨਵੀ ਲੇਖਕਾਂ ਵਿਚੋਂ ਗੁਰਨਾਮ ਢਿੱਲੋਂ ਦੀ ਪਛਾਣ ਇਕ ਵਿਲੱਖਣ ਅਤੇ ਇਨਕਲਾਬੀ ਕਵੀ ਦੇ ਤੌਰ 'ਤੇ ਹੋ ਚੁੱਕੀ ਹੈ। ਉਸਦੀ ਕਾਵਿ-ਰਚਨਾ ਵਿਚ ਪ੍ਰਗਤੀਵਾਦੀ ਵਿਚਾਰਾਂ ਦਾ ਕਲਾਤਮਕ ਪ੍ਰਗਟਾਅ 'ਅੱਗ ਦੇ ਬੀਜ' ਤੋਂ 'ਲੋਕ ਸ਼ਕਤੀ' ਤਕ ਫੈਲਿਆ ਹੋਇਆ ਹੈ। ਉਸ ਦੀ ਕਾਵਿ-ਸਿਰਜਣਾ ਆਪਣੇ ਮੂਲ਼ ਦੇਸ਼ ਦੇ ਲੋਕਾਂ ਦੇ ਦੁੱਖ-ਦਰਦ ਬਿਆਨ ਕਰਦੀ ਕਰਦੀ ਸਾਰੀ ਦੁਨੀਆ ਨੂੰ ਆਪਣੇ ਕਲਾਵੇ ਵਿਚ ਲੈ ਲੈਂਦੀ ਹੈ, ਅਤੇ ਉਸ ਸਿਸਟਮ ਉੱਤੇ ਉਂਗਲ ਧਰਦੀ ਹੈ, ਜਿਹੜਾ ਲੋਕਾਈ ਦੇ ਦੁੱਖਾਂ ਵਿਚ ਵਾਧਾ ਕਰਦਾ ਹੈ। ਗੁਰਨਾਮ ਢਿੱਲੋਂ ਨੇ ਇੱਥੇ ਆ ਕੇ ਬਰਤਾਨਵੀ ਐਜੂਕੇਸ਼ਨ ਸਿਸਟਮ ਵਿਚ ਸਿੱਖਿਆ ਵੀ ਲਈ, ਆਪਣਾ ਐਜੂਕੇਸ਼ਨ ਲੈਵਲ ਅਪ-ਗ੍ਰੇਡ ਵੀ ਕੀਤਾ। ਇੰਗਲੈਂਡ ਆਉਣ ਤੋਂ ਪਹਿਲਾਂ ਹੀ ਉਹ ਅਗਾਂਹ-ਵਧੂ ਵਿਚਾਰਾਂ ਦਾ ਧਾਰਨੀ ਸੀ ਅਤੇ ਇਕ ਟੀਚਿੰਗ ਟ੍ਰੇਨਿੰਗ ਸਕੂਲ ਵਿਚ ਅਧਿਆਪਕ ਸੀ। ਉਸ ਨੇ ਇੱਥੇ ਆ ਕੇ ਦੂਜੇ ਪਰਵਾਸੀਆਂ ਵਾਲੇ ਸਾਰੇ ਔਖੇ ਸੌਖੇ ਕੰਮ ਕਰਦਿਆਂ ਦੁੱਖ ਸੁੱਖ ਝੱਲਦਿਆਂ ਕੰਮ ਕਰਕੇ ਰੋਟੀ ਦਾ ਵਸੀਲਾ ਹੀ ਨਹੀਂ ਕੀਤਾ, ਸਗੋਂ ਕੰਮ ਦੇ ਨਾਲ ਨਾਲ ਐਜੂਕੇਸ਼ਨ ਵਿਚ ਵੀ ਪੂਰੀ ਦਿਲਚਸਪੀ ਲਈ। ਬੀ. ਏ. ਆਨਰਜ਼ ਇਨ ਪੋਲੀਟੀਕਲ ਸਾਇੰਸ ਦੀ ਸਿੱਖਿਆ ਨਾਲ ਦੁਨਿਆਵੀ ਰਾਜਨੀਤਿਕ ਢਾਂਚੇ ਨੂੰ ਸਮਝਣ ਲਈ ਗਿਆਨ ਹਾਸਲ ਕੀਤਾ ਅਤੇ ਮਾਰਕਸਵਾਦ ਨੂੰ ਨਿੱਠ ਕੇ ਪੜ੍ਹਿਆ। ਆਪਣੀਆਂ ਰਚਨਾਵਾਂ ਨੂੰ ਖੱਬੇ ਪੱਖੀ ਵਿਚਾਰਧਾਰਾ ਦੀ ਤੇਜ਼ ਸਾਣ 'ਤੇ ਹੋਰ ਤਿੱਖਾ ਕਰਕੇ ਪੇਸ਼ ਕੀਤਾ। ਸੋਵੀਅਤ ਯੂਨੀਅਨ ਦੇ ਖੇਰੂੰ ਖੇਰੂੰ ਹੋਣ ਉਪਰੰਤ ਅਤੇ ਪੂੰਜੀਵਾਦ ਦੇ ਬੇਲਗਾਮ ਹੋ ਕੇ ਮਨੁੱਖੀ ਸਮਾਜ ਨੂੰ ਮੌਤ ਦੇ ਖੂਹ ਵਿਚ ਸੁੱਟਣ ਦੇ ਅਣਮਨੁੱਖੀ ਵਰਤਾਰਿਆਂ ਨੂੰ ਉਹ ਆਪਣੇ ਕਾਵਿ ਰਾਹੀਂ ਨੰਗਿਆਂ ਕਰਦਾ ਹੈ। ਢੁਕਵੇਂ ਪ੍ਰਤੀਕਾਂ ਤੇ ਬਿੰਬਾਂ ਰਾਹੀਂ ਸੰਸਕ੍ਰਿਤੀ ਅਤੇ ਪ੍ਰਕਿਰਤੀ ਦਾ ਆਪਣੀ ਕਵਿਤਾ ਵਿਚ ਖੁਲ੍ਹ ਕੇ ਵਰਨਣ ਕਰਦਾ ਹੋਇਆ ਉਹ ਮਾਨਵੀ ਸਰੋਕਾਰਾਂ ਸਹਿਤ ਜ਼ਿੰਦਗੀ ਨੂੰ ਖੂਬਸੂਰਤੀ ਨਾਲ ਜ਼ਿਉਣ ਦਾ ਸੰਕਲਪ ਅੱਗੇ ਲਿਆਉਂਦਾ ਹੈ। ਉਹ ਬੜੇ ਸਬਰ ਸੰਤੋਖ ਨਾਲ ਆਪਣੀ ਵਿਚਾਰਧਾਰਾ ਨਾਲ ਜੁੜਿਆਂ ਰਹਿ ਕੇ ਤਸੱਲੀ ਮਹਿਸੂਸ ਕਰਦਾ ਹੈ। ਗੁਰਨਾਮ ਢਿੱਲੋਂ ਨੇ ਆਪਣੇ ਨਵੇਂ ਕਾਵਿ-ਸੰਗ੍ਰਹਿ 'ਲੋਕ ਸ਼ਕਤੀ' ਵਿਚ ਪੂੰਜੀਵਾਦ ਦੀਆਂ ਮਨੁੱਖ-ਮਾਰੂ ਤੇ ਲੁਕਵੀਆਂ ਨੀਤੀਆਂ ਦਾ ਬੜੀ ਦਲੇਰੀ ਨਾਲ ਪਰਦਾਪਾਸ਼ ਕੀਤਾ ਹੈ। ਇਸ ਕਾਵਿ-ਸੰਗ੍ਰਹਿ ਵਿਚ ਪੁਰਤਾਨ ਦੇਸੀ ਕਵਿ-ਰੂਪ 'ਛੰਦ ਪਰਾਗੇ' ਰਾਹੀਂ ਉਹ ਵਿਅੰਗਆਤਮਕ ਲਹਿਜੇ ਵਿਚ ਭ੍ਰਸ਼ਟ ਸਿਸਟਮ ਦੇ ਵਖੀਏ ਉਧੇੜਦਾ ਹੈ। ਜਿੱਥੇ ਉਸਨੇ ਕੌਮਾਂਤਰੀ ਮਹੱਤਵ ਦੇ ਮਸਲਿਆਂ ਨੂੰ ਮਾਨਵੀ ਦ੍ਰਿਸ਼ਟੀ ਤੋਂ ਛੋਹਿਆ ਹੈ, ਉੱਥੇ ਆਪਣੇ ਮੂਲ਼ ਦੇਸ਼ ਦੀ ਰਾਜਨੀਤੀ ਤੇ ਫ਼ਿਰਕੂ ਰੰਗਤ ਦੇਣ ਦੀ ਲੋਕ-ਮਾਰੂ ਨੀਤੀ 'ਤੇ ਵੀ ਨਿਸ਼ਾਨਾ ਸਾਧਿਆ ਹੈ। ਉਹ ਵਿਚਾਰਧਾਰਕ ਆਸਥਾ ਅਤੇ ਰਾਜਸੀ ਚੇਤਨਾ ਦਾ ਸੱਚਾ ਸੁੱਚਾ ਸ਼ਾਇਰ ਹੈ, ਜੋ ਸਮੇਂ ਦੀ ਨਬਜ਼ ਨੂੰ ਪਛਾਣਦਾ ਹੋਇਆ ਕੇਵਲ ਲਿਖਣ ਲਿਖਾਉਣ ਤਕ ਹੀ ਸੀਮਤ ਨਹੀਂ ਰਿਹਾ। ਉਹ ਪਰਵਾਸੀ ਭਾਰਤੀਆਂ ਦੀਆਂ ਵੱਖ ਵੱਖ ਸੰਸਥਾਵਾਂ ਵਿਚ, ਸਾਹਿਤ ਸਭਾਵਾਂ ਅਤੇ 'ਭਾਰਤੀ ਮਜ਼ਦੂਰ ਸਭਾ' ਰਾਹੀਂ ਲੋਕ-ਹਿਤੂ ਕੰਮਾਂ ਵਿਚ ਅੱਜ ਤਕ ਪੂਰੀ ਸਰਗਰਮੀ ਨਾਲ ਕੰਮ ਕਰੀ ਜਾ ਰਿਹਾ ਹੈ। ਉਹ ਠੋਕ ਵਜਾ ਕੇ ਖੱਬੇ ਪੱਖੀ ਵਿਚਾਰਧਾਰਾ ਦਾ ਮੁਦਈ ਹੈ ਅਤੇ ਪੂਰੀ ਆਸਥਾ ਨਾਲ ਕੰਮ ਕਰ ਰਿਹਾ ਹੈ, ਭਾਵੇਂ ਕਿ ਉਹ ਖੱਬੇ ਪੱਖੀਆਂ ਦੀਆਂ ਕੀਤੀਆਂ ਗ਼ਲਤੀਆਂ ਨੂੰ ਨਜ਼ਰ-ਅੰਦਾਜ਼ ਨਹੀਂ ਕਰਦਾ। ਪਿਛਲੇ ਦਿਨੀਂ ਗੁਰਨਾਮ ਢਿੱਲੋਂ ਨਾਲ ਖੁੱਲ੍ਹੀਆਂ ਗੱਲਾਂਬਾਤਾਂ ਕਰਨ ਦਾ ਸਬੱਬ ਬਣਿਆ, ਪੇਸ਼ ਹਨ ਉਸ ਗੱਲਬਾਤ ਦੇ ਕੁਝ ਅੰਸ਼ :*



**? ਗੁਰਨਾਮ ਜੀ, ਉਂਝ ਤਾਂ ਸਾਹਿਤਕ ਹਲਕਿਆਂ ਵਿਚ ਤੁਹਾਡੀ ਪਹਿਚਾਣ ਇਕ ਇਨਕਲਾਬੀ ਕਵੀ ਦੇ ਤੌਰ 'ਤੇ ਹੋ ਚੁੱਕੀ ਹੈ ਪਰ ਫੇਰ ਵੀ ਕੁਝ ਪਾਠਕ ਇਹੋ ਜਿਹੇ ਹੋਣਗੇ ਜਿਹੜੇ ਤੁਹਾਡੇ ਪਿਛੋਕੜ ਬਾਰੇ ਜਾਣਨ ਦੀ ਇੱਛਿਆ ਰੱਖਦੇ ਹੋਣਗੇ?**

---ਤੁਹਾਡਾ ਸਵਾਲ ਸੁਣ ਕੇ ਮੈਨੂੰ ਮਿਰਜ਼ਾ ਗ਼ਾਲਿਬ ਦਾ ਇਕ ਸ਼ਿਅਰ ਯਾਦ ਆ ਗਿਆ :

*'ਪੂਛਤੇ ਹੈਂ ਵੋਹ ਕਿ 'ਗ਼ਾਲਿਬ ਕੌਨ ਹੈ*
*ਕੋਈ ਬਤਲਾਓ ਕਿ ਹਮ ਬਤਲਾਏਂ ਕਿਆ'*।

ਮੈਂ ਆਪਣੇ ਬਾਰੇ ਲਿਖਣ/ਲਿਖਵਾਉਣ,ਆਖਣ/ਅਖਵਾਉਣ ਤੋਂ ਹਮੇਸ਼ਾ ਗੁਰੇਜ਼ ਕੀਤਾ ਹੈ. ਫਿਰ ਵੀ ਜਵਾਬ ਹਾਜ਼ਰ ਹੈ। ਮੇਰਾ ਜਨਮ ਇਕ ਮੱਧਵਰਗੀ ਕਿਸਾਨ ਪਰਿਵਾਰ, ਕਸਬਾ ਢਿੱਲਵਾਂ ਜ਼ਿਲ੍ਹਾ ਕਪੂਰਥਲਾ ਪਿਤਾ ਮੋਹਣ ਸਿੰਘ ਅਤੇ ਮਾਤਾ ਗੁਰਬਚਨ ਕੌਰ ਦੇ ਗ੍ਰਹਿ ਵਿਖੇ ਹੋਇਆ। ਇਹ ਕਸਬਾ ਦਰਿਆ ਬਿਆਸ ਦੇ ਐਨ੍ਹ ਕੰਢੇ ਉੱਤੇ ਵਸਿਆ ਹੋਇਆ ਹੈ। ਪਿਤਾ ਜੀ ਉਸ ਸਮੇਂ ਦੀਆਂ ਨੌ ਜਮਾਤਾਂ ਪਾਸ ਸਨ। ਉਰਦੂ ਭਾਸ਼ਾ ਲਿਖ/ਪੜ੍ਹ ਲੈਂਦੇ ਅਤੇ ਘਰ ਦਾ ਹਿਸਾਬ-ਕਿਤਾਬ ਕਰ ਲੈਂਦੇ ਸਨ। ਨਿਹਾਇਤ (ਲੋੜ ਤੋਂ ਵੱਧ) ਸ਼ਰੀਫ਼ ਵਿਅਕਤੀ ਸਨ। ਬੇਇਨਸਾਫੀ ਦੇ ਵਿਰੁੱਧ, ਲੋੜਵੰਦਾਂ ਦੇ ਹਮਦਰਦ ਅਤੇ ਕਿਸੇ ਦੇ ਹੱਕ ਖਾਣ ਨੂੰ ਪਾਪ ਸਮਝਦੇ ਸਨ। ਪਿੰਡ ਦੇ ਹੀ ਇਕ ਮੁਖਬਰ ਜਗੀਰਦਾਰ ਨਾਲ ਵਿਰੋਧਤਾ ਅਥਵਾ ਅਣਬਣ ਰਹਿੰਦੀ ਸੀ। ਉਹ ਅਫਸਰਾਂ ਨਾਲ ਮਿਲ ਕੇ ਅਸਾਡਾ ਨੁਕਸਾਨ ਕਰਨ ਕਰਵਾਉਣ ਵਿਚ ਸਫ਼ਲ ਹੋ ਜਾਂਦਾ ਸੀ। ਇਮਾਨਦਾਰੀ ਹਾਰ ਜਾਂਦੀ ਸੀ। ਬੇਈਮਾਨੀ ਜਿੱਤ ਜਾਂਦੀ ਸੀ। ਇਸ ਦਾ ਮੇਰੇ ਬਾਲ ਮਨ ਉੱਤੇ ਅਸਰ ਹੁੰਦਾ ਅਤੇ ਸਮਾਜ ਪ੍ਰਤੀ ਹਰਖ ਅਤੇ ਗੁੱਸਾ ਉਪਜਦਾ। ਘਰ ਦਾ ਮਾਹੌਲ ਨਿਰੋਲ ਧਾਰਮਿਕ ਸੀ। ਮੀਟ, ਸ਼ਰਾਬ ਦੀ ਸਖ਼ਤ ਮਨਾਹੀ ਸੀ। ਸਦਾਚਾਰੀ ਜੀਵਨ-ਕੀਮਤਾਂ ਹੀ ਸਮਝਾਈਆਂ ਜਾਂਦੀਆਂ ਸਨ। ਮੇਰਾ ਬਚਪਨ ਬੜਾ ਪ੍ਰੋਟੈਕਸ਼ਨ ਵਾਲਾ ਸੀ। ਸੱਟ ਲੱਗਣ ਦੇ ਡਰੋਂ, ਮਾਪੇ ਫੁੱਟਬਾਲ ਆਦਿ ਖੇਡਣ ਵੀ ਬਾਹਰ ਨਹੀਂ ਸੀ ਜਾਣ ਦਿੰਦੇ। ਇਸ ਘੁਟਨ, ਦਮਨ ਅਤੇ ਦਬਾਅ ਕਾਰਨ ਮੇਰੇ ਬਾਲ ਅੰਤਰ-ਮਨ ਉੱਤੇ ਵਿਦਰੋਹੀ ਭਾਵ ਜਮ੍ਹਾਂ ਹੋਣ ਲੱਗ ਪਏ ਸਨ। ਜੋ ਮੈਂ ਤੁਕ-ਬੰਦੀ ਕਰ ਕੇ ਲੁਕ-ਛਿਪ ਕੇ ਕਾਪੀ ਉੱਤੇ ਲਿਖ ਲੈਂਦਾ ਸੀ। ਉਂਝ ਮੈਂ ਛੁੱਟੀਆਂ ਵਿਚ, ਘਰ ਦੀ ਖੇਤੀ ਦੇ ਸਾਰੇ ਕੰਮ ਸਿੱਖੇ ਅਤੇ ਕੀਤੇ ਵੀ ਹਨ।

ਅਸੀਂ ਇਕ ਭੈਣ ਅਤੇ ਤਿੰਨ ਭਰਾ ਸਾਂ। ਭੈਣ ਜੀ ਸਭ ਤੋਂ ਵੱਡੇ ਸਨ। ਭਰਾਵਾਂ ਵਿਚੋਂ ਮੈਂ ਸਭ ਤੋਂ ਵੱਡਾ ਹਾਂ। ਭੈਣ ਜੀ ਨਿਰੰਜਨ ਕੌਰ ਅਤੇ ਮੇਰੇ ਤੋਂ ਛੋਟਾ ਗੁਰਬਖਸ਼ ਸਿੰਘ ਜੋ ਪਿੰਡ ਖੇਤੀ ਕਰਦਾ ਸੀ, ਗੁਜ਼ਰ ਚੁੱਕੇ ਹਨ। ਸਭ ਤੋਂ ਛੋਟਾ ਪਿਆਰਾ ਸਿੰਘ, ਪਰਥ ਸ਼ਹਿਰ (ਆਸਟਰੇਲੀਆ) ਦੇ ਇਕ ਵਿਸ਼ਵ ਵਿਦਿਆਲੇ ਵਿਚ ਕੰਮਪਿਊਟਰ ਸਾਇੰਸ ਦਾ ਪ੍ਰੋਫੈਸਰ ਹੈ। ਮੈਂ ਦਸਵੀਂ ਪਿੰਡ ਦੇ ਸਕੂਲੋਂ ਕੀਤੀ ਅਤੇ ਬੀ.ਐੱਸ.ਸੀ. ਬੀ.ਟੀ. ਦੀ ਪੜ੍ਹਾਈ ਕਰ ਕੇ ਕੁਝ ਸਮਾਂ ਸਰਕਾਰੀ ਬੇਸਿਕ ਟ੍ਰੇਨਿੰਗ ਸਕੂਲ ਸਰਹਾਲੀ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਅਧਿਆਪਕ ਵਜੋਂ, ਪਹਿਲੀ ਅਤੇ ਆਖ਼ਰੀ ਨੌਕਰੀ ਕੀਤੀ। ਕਾਲਿਜ ਦੇ ਦਿਨਾਂ ਵਿਚ ਫੁਟਬਾਲ ਖੇਡਦਾ ਅਤੇ ਟ੍ਰੈਕ ਅਥਲੈਟਿਕਸ ਦੀ 1500 ਮੀਟਰ ਦੀ ਦੌੜ ਦੌੜਦਾ ਸੀ। ਕਾਲਿਜ ਮੈਗਜ਼ੀਨ ਵਿਚ ਕਵਿਤਾਵਾਂ ਵੀ ਛਪਦੀਆਂ ਸਨ।

**? ਚਲੋ ਪਹਿਲਾਂ ਗੱਲ ਤੁਹਾਡੇ ਲਿਖਣ ਸਫ਼ਰ ਤੋਂ ਸ਼ੁਰੂ ਕਰਦੇ ਹਾਂ, ਇਹ ਦੱਸੋ ਕਿ ਤੁਸੀਂ ਅੱਜ ਤਕ ਕੀ ਕੁਝ ਲਿਖਿਆ ਹੈ? ਤੁਹਾਡੇ ਲਿਖਣ ਦਾ ਮਕਸਦ ਕੀ ਹੈ?**

- ਸਤਨਾਮ ਜੀ, ਮੇਰੀਆਂ ਨੌਂ ਕਾਵਿ-ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ: *ਅੱਗ ਦੇ ਬੀਜ (1972), ਹੱਥ ਤੇ ਹਥਿਆਰ (1974), ਤੇਰੇ ਨਾਂ ਦਾ ਮੌਸਮ (1997), ਤੂੰ ਕੀ ਜਾਣੇ (2002), ਸਮਰਪਿਤ (2007), ਤੇਰੀ ਮੁਹੱਬਤ (2016),ਲੋਕ ਸ਼ਕਤੀ (2017), ਦਰਦ ਦੇ ਰੰਗ (2017)* ਅਤੇ *ਦਰਦ ਦਾ ਦਰਿਆ (2019)*। ਅਤੇ ਇਕ ਆਲੋਚਨਾ ਪੁਸਤਕ ਵੀ: *ਸਮਕਾਲੀ ਪੰਜਾਬੀ ਕਾਵਿ: ਸਿਧਾਂਤਕ-ਪਰਿਪੇਖ (2011)*। ਮੇਰੇ ਲਿਖਣ ਦਾ ਮਕਸਦ ਤਾਂ ਮੇਰੀਆਂ ਰਚਨਾਵਾਂ ਹੀ

ਪ੍ਰਗਟ ਕਰ ਦਿੰਦੀਆਂ ਹਨ। ਇਸ ਵਿਸ਼ੇ ਉੱਪਰ ਮੈਂ ਵੱਖ ਵੱਖ ਰੂਪ ਵਿਚ ਕਈ ਰਚਨਾਵਾਂ ਕੀਤੀਆਂ ਹਨ ਜੋ ਮੇਰੀਆਂ ਪੁਸਤਕਾਂ ਵਿਚ ਉਪਲਭਦ ਹਨ। ਇਸ ਪ੍ਰਸੰਗ ਵਿਚ ਮੈਂ ਵਧੇਰੇ ਵਿਆਖਿਆ ਕਰਨ ਦੀ ਲੋੜ ਨਹੀਂ ਮਹਿਸੂਸ ਕਰਦਾ। ਜਾਦੂ ਉਹ ਜੋ ਸਿਰ ਚੜ੍ਹ ਕੇ ਬੋਲੇ। ਕਾਰਲ ਮਾਰਕਸ  ਦਾ ਕਥਨ ਹੈ: "ਫ਼ਿਲਾਸਫ਼ਰਾਂ ਨੇ ਦੁਨੀਆਂ ਦੀ ਵਿਆਖਿਆ ਤਾਂ ਅਨੇਕਾਂ ਢੰਗ-ਤਰੀਕਿਆਂ ਨਾਲ ਕੀਤੀ ਹੈ ਫਿਰ ਵੀ ਨੁਕਤਾ ਇਹ ਹੈ ਕਿ ਇਸ ਨੂੰ ਬਦਲਣਾ ਵੀ ਹੈ"। ਉਸ ਇਹ ਵੀ ਆਖਿਆ ਹੈ ਕਿ "ਅਮਲ, ਸਿਧਾਂਤ ਤੋਂ ਬਿਨਾਂ ਅੰਨ੍ਹਾ ਹੈ ਅਤੇ ਸਿਧਾਂਤ, ਅਮਲ ਤੋਂ ਬਿਨਾਂ ਬਾਂਝ"। ਗੁਰੂ ਨਾਨਕ ਦੇਵ ਜੀ ਵੀ 'ਅਮਲਾਂ ਬਾਝੋਂ ਦੋਵੇਂ ਰੋਈ' ਦੀ ਸਿੱਖਿਆ ਦਿੰਦੇ ਹਨ। ਮੈਂ ਯਤਨ ਕੀਤਾ ਹੈ ਕਿ ਉਪਰੋਕਤ ਸਿਧਾਂਤ ਦੀ ਸੋਧ ਦਿਲ-ਦਿਮਾਗ਼ ਵਿਚ ਵਸਾ ਕੇ ਆਪਣੇ ਬੋਧ ਦਾ ਅੰਗ ਬਣਾਵਾਂ, ਇਸ ਦਾ ਵਿਕਾਸ ਕਰਾਂ। ਇਸ ਦੇ ਨਾਲ ਸਮਾਜਕ ਵਰਤਾਰਿਆਂ ਅਤੇ ਦੁਨੀਆਂ ਵਿਚ ਵਾਪਰਦੀਆਂ ਘਟਨਾਵਾਂ ਨੂੰ ਇਤਿਹਾਸਕ ਪਦਾਰਥਵਾਦੀ ਵਿਧੀ ਰਾਹੀਂ ਸਮਝਾਂ। ਏਥੇ ਇਤਿਹਾਸਕ ਸ਼ਬਦ ਦਾ ਭਾਵ ਸਮਾਜਕ ਜੀਵਨ-ਯਥਾਰਥ ਦੀ ਗਤੀਸ਼ੀਲਤਾ ਹੈ। ਜੀਵਨ ਯਥਾਰਥ ਦੀ ਸੂਝ/ਸੋਝੀ ਨਾਲ ਹੀ ਅਨੁਭਵ ਪ੍ਰਾਪਤ ਹੁੰਦਾ ਹੈ, ਜੋ ਕਿਸੇ ਰਚਨਾ ਦਾ ਆਧਾਰ ਬਣਦਾ ਹੈ। ਮੇਰੀ ਲਈ ਇਹ ਕੋਈ ਦੈਵੀ ਸ਼ਕਤੀ ਜਾਂ ਆਕਾਸ਼ੋਂ ਉਤਰੀ ਸ਼ੈਅ ਨਹੀਂ। ਪਰ ਤੁਸੀਂ ਕੋਈ ਕਾਵਿ-ਰਚਨਾ ਪੂਰਵ ਨਿਸ਼ਚਤ ਧਾਰਨਾਵਾਂ ਨਾਲ ਨਹੀਂ ਕਰ ਸਕਦੇ।ਹਰ ਰਚਨਾ ਆਪਣਾ ਰੂਪ ਅਤੇ ਸਿਧਾਂਤ ਆਪਣੇ ਨਾਲ ਲੈ ਕੇ ਆਉਂਦੀ ਹੈ। ਕੋਈ ਵੀ ਰਚਨਾ ਸਿਧਾਂਤਹੀਣ ਨਹੀਂ ਹੁੰਦੀ ਅਤੇ ਸ਼੍ਰੇਣੀ ਸਮਾਜ ਵਿਚ ਕੋਈ ਵੀ ਰਚਨਾ ਨਿਰਪੱਖ ਨਹੀਂ ਹੁੰਦੀ। ਕਈ ਵਾਰੀ ਮੈਂ ਲਿਖਣਾ ਕੁਝ ਹੋਰ ਚਾਹੁੰਦਾ ਹਾਂ, ਲਿਖਿਆ ਕੁਝ ਹੋਰ ਜਾਂਦਾ ਹੈ। ਬਾਅਦ ਵਿਚ ਮੈਂ ਉਸ ਨੂੰ ਆਪਣੇ ਸੁਹਜ ਅਨੁਸਾਰ ਬਣਾ-ਸੁਆਰ ਲੈਂਦਾ ਹਾਂ। ਬਹੁਤ ਕੁਝ ਅਣਕਿਹਾ, ਅਣਲਿਖਿਆ ਵੀ ਰਹਿ ਜਾਂਦਾ ਹੈ। ਮੇਰੀਆਂ ਰਚਨਾਵਾਂ ਦੇ ਪਾਤਰ ਮੇਰੇ ਆਲੇ-ਦੁਆਲੇ, ਸਮਾਜ ਵਿਚ ਵਿਚਰਦੇ, ਹੱਡ ਮਾਸ ਦੇ ਪੁਤਲੇ ਜਿਉਂਦੇ-ਜਾਗਦੇ, ਸਜੀਵ ਮਨੁੱਖ ਹੁੰਦੇ ਹਨ। ਮੈਂ ਉਨ੍ਹਾਂ ਨੂੰ ਉਨ੍ਹਾਂ ਦੇ ਗੁਣਾਂ, ਔਗਣਾਂ ਸਮੇਤ ਸਮਾਜਕ ਪ੍ਰਸੰਗ ਵਿਚ ਸਮਝਣ ਦੀ ਕੋਸ਼ਿਸ਼ ਕਰਦਾ ਹਾਂ। ਸਮਾਜ ਵਿਚ ਵਾਪਰਦੀਆਂ ਘਟਨਾਵਾਂ ਮੈਨੂੰ ਪ੍ਰਭਾਵਤ-ਉਤੇਜਤ ਕਰਦੀਆਂ ਹਨ। ਮੇਰੇ ਮਨ ਵਿਚ ਹਲ-ਚਲ ਉਤਪਨ ਕਰਦੀਆਂ, ਤਰੰਗਾਂ ਛੇੜਦੀਆਂ, ਲਹਿਰਾਂ ਪੈਦਾ ਕਰਦੀਆਂ, ਅਰਮਾਨ ਅਤੇ ਜਜ਼ਬਾਤ ਨੂੰ ਝੰਜੋੜਦੀਆਂ ਹਨ। ਅੰਧ-ਵਿਸ਼ਵਾਸੀ ਬਣ ਕੇ ਮੈਂ ਮੜ੍ਹੀਆਂ ਜਾਂ ਪੱਥਰਾਂ ਨੂੰ ਨਹੀਂ ਪੂਜਦਾ, ਨਾ ਹੀ ਵਿਅਕਤੀ ਪੂਜਾ ਕਰਦਾ ਹਾਂ।

ਲੋਕ-ਪੱਖੀ ਕ੍ਰਾਂਤੀ ਵਿਚ ਮੇਰਾ ਅਟੱਲ ਵਿਸ਼ਵਾਸ ਹੈ। ਮੌਜੂਦਾ ਪੂੰਜੀਪਤੀ ਸਮਾਜ ਇਕ ਮਨੁੱਖ ਹੱਥੋਂ ਦੂਜੇ ਮਨੁੱਖ ਦੀ ਲੁੱਟ ਉੱਤੇ ਅਧਾਰਤ ਹੈ। ਇਹ ਸਮਾਜ ਮਨੁੱਖੀ ਇਤਿਹਾਸਕ ਵਿਕਾਸ ਦਾ ਆਖ਼ਰੀ ਪੜਾਅ ਨਹੀਂ। ਇਹ ਦਾਅ-ਪੇਚ ਖੇਡ ਕੇ ਆਪਣੀ ਉਮਰ ਲੰਮੀ ਕਰ ਸਕਦਾ ਹੈ ਪਰੰਤੂ ਇਸ ਦਾ ਅੰਤ ਤੈਅ ਹੈ। ਆਪਣੇ ਵੱਲੋਂ ਤਾਂ ਮੈਂ ਸਮੂਹ ਲੋਕਾਂ ਲਈ ਅਥਵਾ ਜਨ-ਸਾਧਾਰਨ ਲਈ ਲਿਖਦਾ ਹਾਂ। ਪਰੰਤੂ ਮੇਰੀਆਂ ਰਚਨਾਵਾਂ ਵਿਚ ਵੰਚਿਤ ਲੋਕਾਂ ਦਾ ਦਰਦ ਸਮੋਇਆ ਹੁੰਦਾ ਹੈ। ਉਨ੍ਹਾਂ ਨੂੰ ਹੱਕ ਪ੍ਰਾਪਤ ਕਰਨ ਲਈ ਸੰਗਰਾਮ ਕਰਨ ਦੀ ਪ੍ਰੇਰਨਾ ਹੁੰਦੀ ਹੈ। ਆਪਣੀਆਂ ਰਚਨਾਵਾਂ ਨੂੰ ਯਥਾਸ਼ਕਤ, ਕਲਾਤਮਕ ਰੂਪ ਵਿਚ ਪ੍ਰਸਤੁਤ ਕਰਨ ਦਾ ਯਤਨ ਕਰਦਾ ਹਾਂ। ਰਚਨਾ ਕਰਨ ਸਮੇਂ ਕਿਸੇ ਨਿੱਜੀ ਵਿਰੋਧ ਵਿਚ ਨਹੀਂ ਪੈਂਦਾ ਪਰੰਤੂ ਕਲਾਵਾਦੀਆਂ ਦਾ ਪਰਦਾ ਫ਼ਾਸ਼ ਕਰਨ ਲੱਗਾ ਹਮਲਾਵਰ ਰੁਖ਼ ਅਪਨਾ ਲੈਂਦਾ ਹਾਂ। ਕਿਸੇ ਦਾ ਲਿਹਾਜ਼ ਨਹੀਂ ਕਰਦਾ।

**? ਵਿੱਦਿਆ ਪ੍ਰਾਪਤੀ ਤੋਂ ਬਾਅਦ ਭਾਰਤ, ਫੇਰ ਇੰਗਲੈਂਡ ਵਿਚ ਕੀ ਕੀ ਕੰਮ-ਕਾਰ ਕੀਤੇ। ਇੰਗਲੈਂਡ ਵਿਚ ਸਥਾਪਤ ਹੋਣ ਦਾ ਤਜਰਬਾ ਕਿਹੋ ਜਿਹਾ ਰਿਹਾ ?**

- ਇੰਗਲੈਂਡ ਦਾ ਤਜਰਬਾ ਥੋੜ੍ਹਾ ਕੌੜਾ ਹੈ, ਮੈਂ 1964 ਵਿਚ ਵਰਕ ਵਾਊਚਰ ਅਤੇ ਤਿੰਨ ਪੌਂਡ ਲੈ ਕੇ ਇੰਗਲੈਂਡ ਆ ਗਿਆ। ਫੈਕਟਰੀਆਂ ਵਿਚ ਲਹੂ-ਪਸੀਨਾ ਇਕ ਕੀਤਾ। ਹਫ਼ਤੇ ਵਿਚ



70/75 ਘੰਟੇ ਕੰਮ ਕੀਤਾ, ਜਦੋਂ ਕਿ ਸਰਕਾਰੀ ਤੌਰ 'ਤੇ ਕੰਮ ਕਰਨ ਦੀ ਹੱਦ ਚਾਲੀ ਘੰਟੇ ਸੀ। ਨਸਲੀ ਵਿਤਕਰਾ ਵੀ ਪਿੰਡੇ 'ਤੇ ਹੰਢਾਇਆ। ਇਕ ਕਮਰੇ ਵਿਚ ਚਾਰ ਚਾਰ ਬੰਦਿਆਂ ਨਾਲ ਰਹਿ ਕੇ ਗੁਜ਼ਾਰਾ ਕੀਤਾ। ਸਾਊਥਾਲ ਦੇ ਪੰਜਾਬੀ ਮਕਾਨ ਮਾਲਕਾਂ ਦਾ ਕਿਰਾਏਦਾਰਾਂ ਪ੍ਰਤੀ ਵਿਵਹਾਰ ਉਸ ਤਰ੍ਹਾਂ ਦਾ ਸੀ  ਜਿਸ ਤਰ੍ਹਾਂ ਦਾ ਅੱਜ ਤੋਂ ਪੰਜਾਹ ਸਾਲ ਪਹਿਲਾਂ ਪਿੰਡਾਂ ਦੇ ਜਗੀਰਦਾਰ, ਦਲਿਤ ਵੀਰਾਂ ਨਾਲ ਕਰਦੇ ਸਨ। ਕਿਰਾਏਦਾਰਾਂ ਦੇ ਬਰਤਨ ਵੱਖਰੇ ਸਨ। ਕਈਆਂ ਘਰਾਂ ਵਿਚ ਉਨ੍ਹਾਂ ਦੇ ਵਾਕਫ਼ਾਂ ਨੂੰ ਮਿਲਣ ਆਉਣ 'ਤੇ ਪਾਬੰਦੀ ਸੀ। ਕਿਰਾਇਆ ਤਾਂ ਨਕਦ ਲੈਂਦੇ ਸਨ ਪਰੰਤੂ ਕਾਨੂੰਨ ਅਨੁਸਾਰ ਰੈਂਟ ਬੁੱਕ ਜਾਂ ਰਸੀਦ ਆਦਿ ਨਹੀਂ ਸਨ ਦਿੰਦੇ। ਉਹ ਹਰ ਗੱਲ ਵਿਚ ਸਹੀ, ਸਿਆਣੇ, ਸੁਘੜ ਅਤੇ ਵਧੇਰੇ ਸਮਝਦਾਰ ਸਨ ਕਿਉਂਕਿ ਉਹ ਮਾਲਕ ਮਕਾਨ ਸਨ। ਉਨ੍ਹਾਂ ਦੀਆਂ ਅਨਪੜ੍ਹ ਪਤਨੀਆਂ ਕਿਰਾਏਦਾਰਾਂ ਨੂੰ 'ਲਾਜੇ'(ਲੋਜਰ ਦਾ ਵਿਗਾੜਿਆ ਰੂਪ) ਕਹਿੰਦੀਆਂ ਸਨ। ਉਹ ਆਪਣੇ ਹੀ ਦੇਸ਼ ਦੇ ਬੰਦਿਆਂ ਦੀ ਮਜਬੂਰੀ ਦਾ ਨਾਜਾਇਜ਼ ਫ਼ਾਇਦਾ ਲੈਂਦੇ ਸਨ। ਟਾਵਾਂ ਟਾਵਾਂ ਮਕਾਨ ਮਾਲਕ ਅੱਛਾ ਵੀ ਸੀ, ਪਰੰਤੂ ਕਿਰਾਏ ਦੀ ਰਸੀਦ  ਉਹ ਵੀ ਨਹੀਂ ਸੀ ਦਿੰਦਾ।

ਫੇਰ ਮੈਂ ਕੇਂਦਰੀ ਲੰਡਨ ਵਿਚ ਡਾਕੀਆ ਵੀ ਬਣਿਆ। ਤਰੱਕੀ ਵੀ ਕੀਤੀ। ਉਪਰੰਤ ਅਸਤੀਫ਼ਾ ਦੇ ਕੇ ਆਪਣਾ ਕਾਰੋਬਾਰ ਆਰੰਭ ਕੀਤਾ। ਆਪਣੇ ਕਾਰੋਬਾਰ ਵਿਚ ਪੂਰੀ ਇਮਾਨਦਾਰੀ ਨਾਲ ਦਿਨ ਰਾਤ ਮਿਹਨਤ ਕਰਕੇ ਸਫ਼ਲਤਾ ਪ੍ਰਾਪਤ ਕੀਤੀ। ਪਤਨੀ, ਵਰਿੰਦਰ, ਨੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕੀਤਾ ਅਤੇ ਪੂਰਾ ਸਾਥ ਦਿੱਤਾ। ਨਾਲ ਹੀ ਪੋਲੀਟੀਕਲ ਸਾਇੰਸ ਵਿਚ ਬੀ. ਏ. ਔਨਰਜ਼ ਕੀਤੀ ਅਤੇ ਨਿੱਠ ਕੇ ਮਾਰਕਸਵਾਦ ਦਾ ਅਧਿਐਨ ਕੀਤਾ। ਫਿਰ ਕਿਤੇ ਜਾ ਕੇ ਸਮਾਜਕ ਵਰਤਾਰਿਆਂ ਅਤੇ ਵਾਪਰਦੀਆਂ ਘਟਨਾਵਾਂ ਦੀ ਸਮਝ ਆਉਣ ਲੱਗੀ। ਕਾਰੋਬਾਰ ਅੱਜ ਤੋਂ 17 ਸਾਲ ਪਹਿਲਾਂ ਵੇਚ ਕੇ ਮਰਜ਼ੀ ਨਾਲ ਅਗੇਤੀ ਰੀਟਾਇਰਮੈਂਟ ਲੈ ਲਈ ਸੀ।

**? ਜਿਨ੍ਹਾਂ ਵੇਲ਼ਿਆਂ ਵਿਚ ਤੁਸੀਂ ਇਥੇ ਆਏ, ਉਨ੍ਹਾਂ ਵੇਲ਼ਿਆਂ ਵਿਚ ਨਸਲੀ ਵਿਤਕਰਾ ਬੜਾ ਜ਼ੋਰਾਂ 'ਤੇ ਸੀ। ਕੰਮ-ਕਾਰ ਲੱਭਣ ਕੰਮ ਦੌਰਾਨ ਨਸਲੀ ਵਿਤਕਰੇ ਦਾ ਕੋਈ ਅਨੁਭਵ?**

- ਇੰਗਲੈਂਡ ਆਉਣ ਬਾਰੇ ਮੈਂ ਦੱਸ ਹੀ ਚੁੱਕਾ ਹਾਂ। ਤੁਸੀਂ ਠੀਕ ਕਹਿੰਦੇ ਹੋ ਕਿ ਉਸ ਸਮੇਂ ਨਸਲੀ ਵਿਤਕਰਾ ਬੜੇ ਜ਼ੋਰਾਂ 'ਤੇ ਸੀ। ਈਨਕ ਪਾਵਲ, ਕਾਲ਼ਿਆਂ/ਭੂਰਿਆਂ ਸ਼ਹਿਰੀਆਂ ਵਿਰੁੱਧ ਬੜੀਆਂ ਜ਼ਹਿਰੀਲੀਆਂ ਤਕਰੀਰਾਂ ਕਰ ਕੇ ਮਾਹੌਲ ਵਿਗਾੜ ਰਿਹਾ ਸੀ। ਸੜਕਾਂ ਉੱਤੇ ਚਲਦੇ ਸਮੇਂ ਬੜੇ ਘਟੀਆ ਆਵਾਜ਼ੇ ਕਸੇ ਜਾਂਦੇ ਸਨ। ਇਕੱਲਾ ਬੰਦਾ ਵੇਖ ਕੇ ਹਮਲਾ ਵੀ ਕਰ ਦਿੰਦੇ ਸਨ। ਘਰਾਂ ਵਿਚ ਨਸਲੀ ਨਫ਼ਰਤ ਭਰੇ ਪਰਚੇ ਸੁੱਟ ਜਾਂਦੇ ਸਨ। ਕਾਲ਼ੇ ਅਤੇ ਭੂਰੇ ਸ਼ਹਿਰੀਆਂ ਦੇ ਮਨਾਂ ਵਿਚ ਡਰ/ਸਹਿਮ ਪੈਦਾ ਕੀਤਾ ਜਾ ਰਿਹਾ ਸੀ ਤਾਂ ਕਿ ਉਹ ਦਬੇ ਰਹਿਣ ਅਤੇ ਆਪਣੇ ਹੱਕਾਂ ਪ੍ਰਤੀ ਜਾਗ੍ਰਤ ਨਾ ਹੋਣ। ਫੈਕਟਰੀਆਂ ਵਿਚ ਵੀ ਨਸਲੀ ਵਿਤਕਰਾ ਹੁੰਦਾ ਸੀ। ਮੈਂ ਡੇਢ ਕੁ ਸਾਲ ਫੈਕਟਰੀਆਂ ਵਿਚ ਕੰਮ ਕੀਤਾ। ਫੋਰਮੈਨ ਵੱਲੋਂ ਮੰਦੀ ਭਾਸ਼ਾ ਬੋਲਣ ਕਾਰਨ ਦੋ ਵਾਰ ਫੋਰਮੈਨ ਨਾਲ ਝਗੜਾ ਹੋ ਗਿਆ। ਦੋਵੇਂ ਵਾਰ ਨੌਕਰੀ ਤੋਂ ਕੱਢ ਦਿੱਤਾ ਗਿਆ ਪਰੰਤੂ ਸਰਕਾਰ ਵੱਲੋਂ ਬੇਰੁਜ਼ਗਾਰੀ ਭੱਤਾ ਮਿਲ ਜਾਂਦਾ ਸੀ। ਉਪਰੰਤ ਪੋਸਟ ਆਫ਼ਿਸ ਵਿਚ ਸਰਕਾਰੀ ਨੌਕਰੀ ਮਿਲ ਗਈ।

**? ਸੁਣਿਆ ਹੈ ਕਿ ਕੰਮਾਂ 'ਤੇ ਲੱਗਣ ਜਾਂ ਔਖੇ ਭਾਰੇ ਦੀ ਥਾਂ ਸੌਖਾ ਕੰਮ ਲੈਣ ਲਈ ਫੋਰਮੈਨਾਂ ਨਾਲ ਗਿਟ-ਮਿਟ ਕਰਨ ਦੀ ਵੀ ਲੋੜ ਪੈਂਦੀ ਸੀ  ਯਾਨੀ ਰਿਸ਼ਵਤ ਵੀ ਦੇਣੀ ਪੈਂਦੀ ਸੀ। ਤੁਹਾਨੂੰ ਵੀ ਕਦੀ ਇਸ ਤਰ੍ਹਾਂ ਦੀ ਗੱਲ ਦੇਖਣ/ਸੁਣਨ ਨੂੰ ਮਿਲੀ?**

- ਤੁਸੀਂ ਬਿਲਕੁਲ ਠੀਕ ਕਹਿੰਦੇ ਹੋ। ਉਸ ਸਮੇਂ ਸਾਊਥਾਲ ਦੀ ਬ੍ਰਾਡਵੇਅ ਸੜਕ ਉੱਤੇ ਆਰ. ਵੋਲਫ਼ ਨਾਂ ਦੀ ਇਕ ਰਬੜ ਕੰਪਨੀ ਹੁੰਦੀ ਸੀ। ਉਸ ਵਿਚ ਬਹੁਤੇ ਮਜ਼ਦੂਰ ਭਾਰਤੀ ਹੀ ਸਨ। ਕੇਵਲ ਮੈਨੇਜਮੈਂਟ ਹੀ ਗੋਰਿਆਂ ਪਾਸ ਸੀ। ਉਸ ਵਿਚ ਇਹ ਸਭ ਕੁਝ ਚੱਲਦਾ ਸੀ। ਇੱਥੋਂ ਤਕ ਕਿ ਕੰਮ 'ਤੇ ਨਵੇਂ ਲੱਗੇ ਬੰਦੇ ਨੂੰ ਤੰਗ ਵੀ ਕੀਤਾ ਜਾਂਦਾ ਸੀ ਤਾਂ ਕਿ ਉਹ ਕੰਮ ਛੱਡ ਜਾਵੇ ਅਤੇ

ਉਸ ਦੀ ਥਾਂ ਆਪਣਾ ਬੰਦਾ ਲਗਵਾਇਆ ਜਾਵੇ। ਹੀਥਰੋ ਹਵਾਈ ਅੱਡੇ ਵਿਚ ਕੰਮ 'ਤੇ ਲੱਗਣ ਲਈ ਵੀ 'ਕਈ ਕੁਛ' ਚੱਲਦਾ ਸੀ। ਬੀਬੀਆਂ ਨੂੰ ਕੰਮ 'ਤੇ ਜ਼ਲੀਲ ਕੀਤਾ ਜਾਂਦਾ ਸੀ। ਆਪਸ ਵਿਚ ਖਹਿਬਾਜ਼ੀ ਵੀ ਚੱਲਦੀ ਸੀ। ਇਕ ਦੂਜੇ ਦਾ ਨੁਕਸਾਨ ਵੀ ਕਰ ਦਿੰਦੇ ਸਨ। ਅਣ-ਵਿਕਸਤ/ ਅਰਧ-ਵਿਕਸਤ ਪੂੰਜੀਵਾਦੀ ਢਾਂਚੇ ਦੇ ਇਹ ਰੋਗ, ਭਾਰਤ ਦੇਸ਼ ਵਿਚੋਂ ਭਾਰਤੀ ਬੰਦੇ, ਪੂਰਵ-ਸਾਮਰਾਜੀ ਅਤੇ ਵਿਕਸਤ ਦੇਸ਼ ਇੰਗਲੈਂਡ ਵਿਚ ਆਪਣੇ ਨਾਲ ਲੈ ਕੇ ਆਏ ਸਨ ਅਤੇ ਏਥੇ ਵੀ ਯਥਾਸ਼ਕਤ ਫੈਲਾ ਰਹੇ ਸਨ। ਮੇਰਾ ਇਕ ਵਾਕਿਫ਼ ਬੰਦਾ ਵੀ ਅਜਿਹੇ ਪੁੱਠੇ ਕੰਮ ਕਰਦਾ ਸੀ। ਪਰ ਸਾਰੇ ਬੰਦੇ ਅਜਿਹੇ ਨਹੀਂ ਸਨ। ਟ੍ਰੇਡ ਯੂਨੀਅਨ ਲਹਿਰ ਦੇ ਪ੍ਰਭਾਵ ਅਧੀਨ ਕੁਝ ਚੇਤੰਨ ਵਿਅਕਤੀ ਇਸ ਦੀ ਵਿਰੋਧਤਾ ਵੀ ਕਰਦੇ ਸਨ ।

**? ਇਹ ਵੀ ਸੁਣਨ ਵਿਚ ਆਇਆ ਕਿ ਇਕ ਸਮਾਂ ਸੀ ਜਦੋਂ ਗੋਰੇ ਛੋਕਰੇ ਕੱਲੇ-ਦੁਕੱਲੇ ਪਰਵਾਸੀਆਂ ਉੱਤੇ ਹਮਲੇ ਕਰਦੇ ਸਨ ਅਤੇ ਘਰਾਂ ਨੂੰ ਅੱਗ ਤਕ ਲਾ ਦਿੰਦੇ ਰਹੇ। ਪੁਲੀਸ ਵੀ ਉਨ੍ਹਾਂ ਨੂੰ ਫੜਨ ਜਾਂ ਉਨ੍ਹਾਂ 'ਤੇ ਕੋਈ ਕਾਰਵਾਈ ਕਰਨ ਤੋਂ ਟਾਲਾ ਵੱਟਦੀ ਦੱਸੀ ਜਾਂਦੀ ਸੀ। ਫੇਰ ਕਿਵੇਂ ਇਹੋ ਜਿਹੇ ਹਾਲਾਤ ਵਿਚ ਤਬਦੀਲੀ ਆਈ?**

- ਜਿਸ ਤਰ੍ਹਾਂ ਮੈਂ ਪਹਿਲਾਂ ਦੱਸ ਚੁੱਕਿਆ ਹਾਂ ਕਿ ਕੁਝ ਰਾਜਨੀਤਕ ਨੇਤਾ ਪਰਵਾਸੀਆਂ ਵਿਰੁੱਧ ਜ਼ਹਿਰੀਲੇ ਭਾਸ਼ਨ ਦੇ ਕੇ ਮਾਹੌਲ ਨੂੰ ਵਿਗਾੜ ਰਹੇ ਸਨ। ਇਸ ਦੇ ਅਸਰ ਕਾਰਨ ਹੀ ਪਰਵਾਸੀਆਂ ਦਾ ਜਾਨੀ-ਮਾਲੀ ਨੁਕਸਾਨ ਹੋ ਜਾਂਦਾ ਸੀ। ਪੁਲੀਸ ਵਿਚ ਵੀ ਕੁਝ ਨਸਲਵਾਦੀ ਅਫ਼ਸਰ ਅਤੇ ਕਰਮਚਾਰੀ ਸਨ ਪਰੰਤੂ ਸਾਰੀ ਪੁਲੀਸ ਫ਼ੋਰਸ ਨਸਲਵਾਦੀ ਨਹੀਂ ਸੀ ਅਤੇ ਪੰਜਾਬ /ਭਾਰਤ ਦੀ ਪੁਲੀਸ ਨਾਲੋਂ ਕਈ ਗੁਣਾ ਚੰਗੀ ਸੀ। ਦੂਜੇ ਪਾਸੇ ਪਰਵਾਸੀਆਂ ਦੀਆਂ ਰਹਿਣ-ਸਹਿਣ ਦੀਆਂ ਆਦਤਾਂ ਵੀ ਇਸ ਦੇਸ਼ ਦੀ ਜੀਵਨ-ਸ਼ੈਲੀ ਨਾਲੋਂ ਜ਼ਰਾ ਵੱਖਰੀਆਂ ਸਨ, ਜਿਸ ਕਰਕੇ ਉਹ ਧਿਆਨ ਦਾ ਕੇਂਦਰ ਬਣ ਜਾਂਦੇ ਸਨ। ਭਾਰਤੀ ਮਜ਼ਦੂਰ ਸਭਾਵਾਂ, ਕਮਿਊਨਿਸਟ ਪਾਰਟੀ ਆਫ਼ ਗ੍ਰੇਟ ਬ੍ਰਿਟੇਨ, ਸਾਰੀਆਂ ਹੀ ਟ੍ਰੇਡ ਯੂਨੀਅਨਾਂ, ਗੁਰਦਵਾਰਿਆਂ, ਕੁਝ ਹੋਰ ਧਾਰਮਿਕ ਅਦਾਰਿਆਂ, ਖੱਬੇ ਪੰਥੀ ਗਰੁੱਪਾਂ ਅਤੇ ਇਨਸਾਫ਼ ਪਸੰਦ, ਜਮਹੂਰੀਅਤ ਪਸੰਦ ਬੁੱਧੀਜੀਵੀਆਂ ਨੇ ਨਸਲਵਾਦ ਵਿਰੁੱਧ ਜਲਸੇ ਕੀਤੇ ਅਤੇ ਜਲੂਸ ਕੱਢੇ। 1969 ਵਿਚ ਸਥਾਪਤ ਹੋਈ ਭਾਰਤੀ ਪ੍ਰਗਤੀਸ਼ੀਲ ਲਿਖਾਰੀ ਗ੍ਰੇਟ ਬ੍ਰਿਟੇਨ ਨੇ ਵੀ ਬਾਅਦ ਵਿਚ ਇਸ ਲਹਿਰ ਵਿਚ ਵਧ-ਚੜ੍ਹ ਕੇ ਹਿੱਸਾ ਪਾਇਆ। ਇਸ ਦਬਾਅ ਕਾਰਨ ਕੁਝ ਕਾਨੂੰਨ ਹੋਂਦ ਵਿਚ ਆਏ ਜਿਵੇਂ 'ਦਾ ਰੇਸ ਰੀਲੇਸ਼ਨ ਐਕਟ 1965, 1968,1976', 'ਦਾ ਰੇਸ ਰੀਲੇਸ਼ਨ ਅਮਿੰਡਡ ਐਕਟ 2000'ਅਤੇ 'ਈਕੁਐਲਟੀ ਐਕਟ 2010'। ਇਉ ਨਸਲਵਾਦ ਨੂੰ ਠੱਲ੍ਹ ਪਈ। ਉਪਰੋਕਤ ਐਕਟ ਅਧੀਨ ਹਰ ਇਕ ਬਾਰੋ ਕੌਂਸਲ ਵਿਚ ਕਮਿਊਨਿਟੀ ਰੀਲੇਸ਼ਨ ਕੌਂਸਲਾਂ ਬਣਾਈਆਂ ਗਈਆਂ। ਦਾਸ, ਹੰਸਲੋ ਕਮਿਊਨਿਟੀ ਰੀਲੇਸ਼ਨ ਕੌਂਸਲ ਦੇ ਮੁੱਢਲੇ ਮੈਂਬਰਾਂ ਵਿਚੋਂ ਸੀ। ਇਕ ਵਾਰੀ ਸੜਕ 'ਤੇ ਤੁਰੇ ਜਾਂਦਿਆਂ, ਇਕ ਗੋਰੇ ਨੇ ਮੇਰੇ ਇੱਕ ਮਿੱਤਰ ਉੱਤੇ ਆਪਣਾ ਕੁੱਤਾ ਛੱਡ ਦਿੱਤਾ। ਮੈਂ, ਕਮਿਊਨਿਟੀ ਰੀਲੇਸ਼ਨ ਅਫ਼ਸਰ ਰਾਹੀਂ ਪੁਲੀਸ ਉੱਤੇ ਦਬਾਅ ਪਾ ਕੇ ਗੋਰੇ ਨੂੰ ਗ੍ਰਿਫਤਾਰ ਕਰਵਾ ਕੇ ਸਜ਼ਾ ਦੁਆਈ। ਆਪ ਵੀ ਕਚਿਹਰੀ ਵਿਚ ਨਾਲ ਗਿਆ। ਇਕ ਹੋਰ ਮਿੱਤਰ ਨੂੰ ਨੌਕਰੀ ਤੋਂ ਕੱਢ ਦਿੱਤਾ। ਅਸੀਂ ਕੇਸ ਕਰ ਕੇ ਅਤੇ ਜਿੱਤ ਕੇ ਉਸ ਨੂੰ ਬਹਾਲ ਕਰਵਾਇਆ। ਦੋ ਨਸਲਵਾਦੀ ਪੁਲੀਸ ਕਰਮਚਾਰੀਆਂ ਦੀਆਂ ਉਪਰਲੇ ਅਫਸਰਾਂ ਪਾਸ ਸ਼ਕਾਇਤਾਂ ਦਰਜ ਕਰਵਾ ਕੇ ਵਾਰਨਿੰਗ ਦੁਆਈ। ਨਸਲਵਾਦ ਵਿਰੁੱਧ ਹੋਰ ਵੀ ਕਈ ਐਕਸ਼ਨ ਕੀਤੇ।

**? ਗੁਰਨਾਮ ਜੀ, ਲੰਡਨ ਰਹਿੰਦੇ ਪੰਜਾਬੀ ਮੂਲ ਦੇ ਕੌਂਸਲਰ ਰਣਜੀਤ ਧੀਰ ਦਾ ਕਹਿਣਾ ਹੈ ਕਿ ਪੜ੍ਹੇ ਲਿਖੇ ਵਰਗ ਨਾਲ ਸੰਬੰਧਤ ਲੋਕ ਤਾਂ ਪਰਵਾਸੀਆਂ ਦੀ ਦੇਣ ਨੂੰ ਬੜੀ ਚੰਗੀ ਤਰ੍ਹਾਂ ਸਮਝਦੇ ਹਨ ਅਤੇ ਉਨ੍ਹਾਂ ਦੀ ਇੱਜ਼ਤ ਵੀ ਕਰਦੇ ਹਨ। ਪਰ ਗੋਰੇ ਲੋਕਾਂ ਦਾ ਉਹ ਵਰਗ ਜਿਸ ਨੂੰ ਕੋਈ ਸੋਝੀ ਨਹੀਂ, ਉਹੀ ਬਾਹਰੋਂ ਆਏ ਲੋਕਾਂ ਨੂੰ ਆਪਣੇ ਦੁਸ਼ਮਣ ਮੰਨ ਕੇ ਮਾੜੀ ਸੋਚ ਵਾਲੇ ਸਿਆਸੀ ਲੋਕਾਂ ਦੇ ਪਿੱਛੇ ਲੱਗ ਕੇ, ਸਕਿਨ ਹੈੱਡ ਗੈਂਗਸ ਬਣਾ ਕੇ ਏਸ਼ੀਅਨ ਲੋਕਾਂ 'ਤੇ ਹਮਲੇ ਕਰਦੇ ਸਨ। ਤੁਸੀਂ ਇਸ ਕਥਨ ਨਾਲ ਕਿੰਨਾ ਕੁ ਸਹਿਮਤ ਹੋ?**

- ਤੁਹਾਡਾ ਇਹ ਸਵਾਲ ਜ਼ਰਾ ਟੇਢਾ ਹੈ। ਰਣਜੀਤ ਧੀਰ ਦੇ ਕਥਨ ਨਾਲ ਸਹਿਮਤ ਹੋਣਾ ਜਾਂ ਨਾ ਸਹਿਮਤ ਹੋਣਾ ਕੋਈ ਬਹੁਤਾ ਮਹੱਤਵ ਨਹੀਂ ਰ'ਖਦਾ। ਅਸਲ ਤੱਥ ਮੌਜੂਦਾ ਬਰਤਾਨਵੀ ਸਮਾਜ ਦੀ ਸ਼੍ਰੇਣਿਕ ਸੰਰਚਨਾ ਨੂੰ ਸਮਝਣ ਦਾ ਹੈ। ਬਰਤਾਨੀਆ ਵਿਚ ਅਜਿਹੀ ਪੂੰਜੀਵਾਦੀ ਵਿਵਸਥਾ ਹੈ, ਜਿਸ ਦੇ ਪਿਛੋਕੜ ਵਿਚ ਇਸ ਦਾ ਸਾਮਰਾਜੀ ਖ਼ਾਸਾ ਹੈ। ਸਾਮਰਾਜੀ ਖ਼ਾਸੇ ਦਾ ਭਾਵ ਹੈ ਕਿ ਕਈ ਵਿਅਕਤੀ ਅੱਜ ਵੀ ਏਸ਼ੀਅਨ, ਅਫ਼ਰੀਕਨ ਅਤੇ ਕੈਰੇਬੀਅਨ ਲੋਕਾਂ ਬਾਰੇ ਆਪਣੇ ਅਵਚੇਤਨ ਵਿਚ ਸਾਮਰਾਜੀ ਸੰਸਕਾਰ ਅਥਵਾ ਸ਼ਾਵਨਵਾਦੀ ਵਿਚਾਰ ਲਈ ਬੈਠੇ ਹਨ ਅਤੇ ਉਨ੍ਹਾਂ ਨੂੰ ਘਟੀਆ ਅਤੇ ਦੂਜੇ ਨੰਬਰ ਦੇ ਸ਼ਹਿਰੀ ਸਮਝ ਕੇ ਉਨ੍ਹਾਂ ਨਾਲ ਦੁਰਵਿਵਹਾਰ ਕਰਦੇ ਹਨ, ਜਦ ਕਿ ਬਦਲ ਚੁੱਕੇ ਹਾਲਾਤ ਵਿਚ ਅੱਜ ਉਹ ਬਰਾਬਰ ਦੇ ਸ਼ਹਿਰੀ ਹਨ। ਬਰਤਾਨਵੀ ਪੂੰਜੀਵਾਦੀ ਵਿਵਸਥਾ ਦੋ ਸ਼੍ਰੇਣੀਆਂ ਵਿਚ ਵੰਡੀ ਹੋਈ ਹੈ। ਉਪਜ ਦੀ ਸਾਧਨ-ਸੰਪੰਨ ਪੂੰਜੀਵਾਦੀ ਹਾਕਮ ਸ਼੍ਰੇਣੀ ਅਤੇ ਉਪਜ ਪੈਦਾ ਕਰਨ ਵਾਲੀ ਕਾਮਾ ਸ਼੍ਰੇਣੀ। ਇਨ੍ਹਾਂ ਦੇ ਵਿਚਕਾਰ ਭਿੰਨ ਭਿੰਨ ਰੂਪ ਵਿਚ ਮੱਧ ਵਰਗੀ ਅਥਵਾ ਪੈਟੀਬੁਰਜੁਆਜੀ ਸ਼੍ਰੇਣੀ ਵੀ ਹੈ ਪਰੰਤੂ ਉਹ ਪੂੰਜੀਵਾਦੀ ਵਿਵਸਥਾ ਦੀ ਫ਼ੈਸਲਾਕੁਨ ਚਾਲਕ ਸ਼ਕਤੀ ਨਹੀਂ। ਸਾਧਨ-ਸੰਪੰਨ ਹਾਕਮ ਸ਼੍ਰੇਣੀ ਦਾ ਹੀ ਸਿਧਾਂਤਕ, ਆਰਥਿਕ ਅਤੇ ਰਾਜਨੀਤਕ ਖੇਤਰ ਵਿਚ ਬੋਲਬਾਲਾ ਹੈ। ਕਾਮਾ ਸ਼੍ਰੇਣੀ ਕੋਲ ਮਜ਼ਦੂਰੀ ਕਰਨ ਦੀ ਯੋਗਤਾ, ਸਰੀਰ, ਹੱਥ, ਦਿਮਾਗ਼ ਅਤੇ ਮਨ ਦੀ ਸ਼ਕਤੀ ਹੈ ਜਿਸ ਨੂੰ ਉਹ ਮੰਡੀ ਵਿਚ ਵੇਚ ਕੇ, ਮੰਡੀ ਵਿਚੋਂ ਆਪਣੀ ਉਪਜੀਵਕਾ ਕਮਾਉਣ ਦੇ ਨਾਲ ਨਾਲ ਸਮਾਏਦਾਰ ਸ਼੍ਰੇਣੀ ਲਈ 'ਮੁਨਾਫ਼ਾ' ਪੈਦਾ ਕਰਦੀ ਹੈ। ਇਹ 'ਮੁਨਾਫ਼ਾ' ਹੀ ਇਸ ਦੀ ਜਿੰਦ-ਜਾਨ ਹੈ।ਇਹ ਪੜ੍ਹੀ ਲਿਖੀ ਚਾਤਰ, ਸ਼ਾਤਰ ਅਤੇ ਸ਼ਾਸਕ, ਬੁਰਜੁਆਜੀ ਜਾਂ ਉਸ ਦੀ ਪਿਛਲੱਗ ਪੈਟੀਬੁਰਜੁਆਜੀ ਸ਼੍ਰੇਣੀ ਹੀ ਹੈ, ਜਿਹੜੀ ਇੱਜ਼ਤ ਕਰਨ ਦਾ ਸਬਜ਼-ਬਾਗ਼ ਵਿਖਾ ਕੇ ਪਰਵਾਸੀ ਲੋਕਾਂ ਦੀ ਦੇਣ, ਕਿਰਤ ਸ਼ਕਤੀ ਨੂੰ ਵਰਤ ਕੇ, ਆਪਣੇ ਜਮਾਤੀ ਹਿਤ ਪਾਲਦੀ ਅਤੇ ਪੂੰਜੀਵਾਦੀ ਅਰਥ-ਵਿਵਸਥਾ ਨੂੰ ਮਜ਼ਬੂਤ ਕਰਦੀ ਹੈ। ਇਸ ਸ਼੍ਰੇਣੀ ਦੇ ਸਿਧਾਂਤਕਾਰ ਹੀ 'ਮਾੜੀ ਸੋਚ ਦੇ ਸਿਆਸੀ ਲੋਕ' ਜ਼ਹਿਰੀਲੀਆਂ ਤਕਰੀਰਾਂ ਕਰ ਕੇ ਕਿਰਤੀ ਸ਼੍ਰੇਣੀ ਨੂੰ ਕਾਲੇ/ਗੋਰੇ, ਯੂਰਪੀਅਨ/ਗ਼ੈਰਯੂਰਪੀਅਨ, ਮੂਲਵਾਸੀ/ਪਰਵਾਸੀ ਗੁੱਟਾਂ ਵਿਚ ਵੰਡ ਕੇ ਗੁੰਮਰਾਹ ਕਰਦੇ ਹਨ ਅਤੇ ਇਸ ਦੀ ਏਕਤਾ ਨੂੰ ਭੰਗ ਕਰਦੇ ਹਨ। ਪੂੰਜੀਪਤੀ ਸ਼ਾਸਕ ਸ਼੍ਰੇਣੀ ਹੀ ਵੰਚਿਤ ਸ਼੍ਰੇਣੀ ਵਿਚੋਂ ਸਕਿਨ ਹੈੱਡ ਗੈਂਗਸ ਉਤਪੰਨ ਹੋਣ ਦੇ ਆਰਥਿਕ, ਸਮਾਜਕ ਅਤੇ ਰਾਜਨੀਤਕ ਹਾਲਾਤ ਪੈਦਾ ਕਰਦੀ ਹੈ।

**? ਗੁਰਨਾਮ ਜੀ, ਜਵਾਨੀ ਵਿਚ ਹਰ ਕਵੀ ਰੁਮਾਂਟਿਕ ਕਵਿਤਾਵਾਂ ਲਿਖਦਾ ਲਿਖਦਾ ਥੋੜ੍ਹਾ ਸੀਰੀਅਸ ਕਵਿਤਾ ਵੱਲ ਮੋੜਾ ਕੱਟਦਾ ਹੈ। ਪਰ ਤੁਸੀਂ ਪਹਿਲੇ ਕਾਵਿ ਸੰਗ੍ਰਹਿ 'ਅੱਗ ਦੇ ਬੀਜ' ਵਿਚ ਹੀ ਅਗਾਂਹਵਧੂ ਅਤੇ ਸੰਘਰਸ਼ਮਈ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ?**

- ਮੈਂ ਜਿਸ ਤਰ੍ਹਾਂ ਪਹਿਲਾਂ ਦੱਸ ਚੁੱਕਾ ਹਾਂ ਕਿ ਬਚਪਨ ਤੋਂ ਹੀ ਮੇਰੀ ਤਬੀਅਤ ਸਥਾਪਤੀ ਦੇ ਸਨਮੁਖ ਬਗ਼ਾਵਤ ਵਾਲੀ ਹੋ ਗਈ ਸੀ। ਬਚਪਨ ਤੋਂ ਹੀ ਮੈਂ ਘਰੇਲੂ ਅਤੇ ਨਿੱਜੀ ਸਮੱਸਿਆਵਾਂ ਨੂੰ ਸਮਾਜਕ ਸਮੱਸਿਆਵਾਂ ਨਾਲ ਜੋੜ ਕੇ ਉਨ੍ਹਾਂ ਦੇ ਸਮਾਧਾਨ ਤਲਾਸ਼ਣੇ ਸ਼ੁਰੂ ਕਰ ਦਿੱਤੇ ਸਨ। ਕਾਲਿਜ ਦੇ ਦਿਨਾਂ ਵਿਚ ਇਕ ਸਹਿ-ਪਾਠਣ ਵੱਲ ਕੁਦਰਤੀ ਖਿੱਚ ਪੈਦਾ ਹੋ ਜਾਣ ਦੇ ਪ੍ਰਭਾਵ ਹੇਠ, ਮੈਂ ਵੀ ਕੁਝ ਰੁਮਾਂਟਿਕ ਕਵਿਤਾਵਾਂ ਲਿਖੀਆਂ ਸਨ, ਭਾਵੇਂ ਬਹੁਤੇ ਉੱਚੇ ਪੱਧਰ ਦੀਆਂ ਨਹੀਂ, ਜੋ ਕਾਲਿਜ ਮੈਗਜ਼ੀਨ ਵਿਚ ਛਪੀਆਂ ਸਨ ਪਰੰਤੂ ਸਮਾਜ ਉੱਤੇ ਵਿਅੰਗ ਉਨ੍ਹਾਂ ਵਿਚ ਵੀ ਸੀ। ਹੁਣ ਵੀ ਕਦੀ ਕਦੀ ਪੁਰਾਣੀਆਂ ਯਾਦਾਂ ਦੇ ਸਹਾਰੇ ਆਪਣੇ ਆਪ ਰੁਮਾਂਟਿਕ ਕਵਿਤਾ ਲਿਖੀ ਜਾਂਦੀ ਹੈ।

**? ਇਸ ਸੰਗ੍ਰਹਿ ਦੀਆਂ ਸਾਰੀਆਂ ਕਵਿਤਾਵਾਂ ਹੀ ਬਹੁਤ ਵਧੀਆ ਅਤੇ ਦਿਲ ਨੂੰ ਟੁੰਬਣ ਵਾਲੀਆਂ ਹਨ ਪਰ ਇਕ ਕਵਿਤਾ 'ਪੁਲ' ਬਹੁਤ ਹੀ ਪ੍ਰਭਾਵਸ਼ਾਲੀ ਹੈ। ਬਹੁਤ ਹੀ ਨਿਵੇਕਲੇ ਚਿਨ੍ਹਾਂ ਤੇ ਸਾਦ-ਮੁਰਾਦੀ ਭਾਸ਼ਾ ਵਾਲੀ ਇਸ ਕਵਿਤਾ ਬਾਰੇ ਕੁਝ ਦੱਸੋ ?**

– ਹਰ ਇਕ ਰਚਨਾ ਕਰਨ ਤੋਂ ਪਹਿਲਾਂ ਮਾਨਸਿਕ ਪੀੜਾ ਵਿਚੋਂ ਗੁਜ਼ਰਨਾ ਪੈਂਦਾ ਹੈ, ਕਿਸੇ ਵਿਚ ਵੱਧ ਕਿਸੇ ਵਿਚ ਘੱਟ। ਪਰੰਤੂ 'ਪੁਲ' ਕਵਿਤਾ ਲਿਖਣ ਸਮੇਂ ਮੈਨੂੰ ਕੋਈ ਖ਼ਾਸ ਤਰੱਦਦ ਨਹੀਂ ਕਰਨਾ ਪਿਆ। ਮੈਂ ਤਾਂ ਇਹ ਹੀ ਕਹਾਂਗਾ ਕਿ ਬਸ ਇਹ ਲਿਖੀ ਗਈ।

**?'ਦਰਦ ਦੇ ਰੰਗ' ਕਾਵਿ-ਸੰਗ੍ਰਹਿ ਵਿਚ ਤੁਹਾਡੀ ਭਾਰਤ ਵਿਚ ਧਰਮ ਨਿਰਪੱਖਤਾ ਦੀ ਸਮੱਸਿਆ ਨੂੰ ਲੈ ਕੇ ਇਕ ਕਵਿਤਾ 'ਸੱਚ ਦੇ ਦੀਪ' ਮਿਲਦੀ ਹੈ, ਜਦੋਂ ਕਿ ਦੇਸ਼ ਵਸਦੇ ਬਹੁਤ ਸਾਰੇ ਲੇਖਕ ਬਾਹਰਲੇ ਲੇਖਕਾਂ ਨੂੰ ਇਹ ਕਹਿੰਦੇ ਹਨ ਕਿ ਤੁਸੀਂ ਜਿੱਥੇ ਰਹਿੰਦੇ ਹੋ ਉੱਥੇ ਦੀਆਂ ਸਮੱਸਿਆਵਾਂ ਬਾਰੇ ਲਿਖੋ। ਤੁਹਾਡਾ ਇਸ ਬਾਰੇ ਕੀ ਖ਼ਿਆਲ ਹੈ?**

– ਸੰਚਾਰ ਸਾਧਨਾਂ ਵਿਚ ਹੋਏ ਵਿਕਾਸ ਕਾਰਨ ਦੇਸ਼ਾਂ ਵਿਚ ਦੂਰੀਆਂ ਖ਼ਤਮ ਹੋ ਰਹੀਆਂ ਹਨ। ਹੁਣ ਤਾਂ ਦੁਨੀਆ ਨੂੰ ਇਕ ਗਲੋਬਲ ਵਿਲੇਜ ਦੇ ਤੌਰ 'ਤੇ ਤਸੱਵਰ ਕੀਤਾ ਜਾ ਰਿਹਾ ਹੈ। ਤੁਸੀਂ ਕਿਸੇ ਲੇਖਕ ਨੂੰ ਹੁਕਮ ਦੇ ਕੇ ਕੋਈ ਸਿਰਜਣਾਤਮਕ ਰਚਨਾ ਨਹੀਂ ਕਰਵਾ ਸਕਦੇ। ਦੁਨੀਆ ਦੇ ਕਿਸੇ ਵੀ ਭਾਗ ਵਿਚ ਘਟਦੀਆਂ ਘਟਨਾਵਾਂ, ਗਤੀਸ਼ੀਲ ਸਥਿਤੀਆਂ/ਪਰਿਸਥਿਤੀਆਂ ਅਤੇ ਪ੍ਰਾਪਤ ਵਾਸਵਿਕਤਾ ਵਿਚ ਪਿਆ ਖ਼ਲਲ, ਕਿਸੇ ਰਚਨਾ ਦਾ ਪ੍ਰੇਰਨਾ ਸਰੋਤ ਬਣ ਸਕਦਾ ਹੈ। ਪੰਜਾਬੀ ਗ਼ਦਰ-ਕਾਵਿ ਦੀ ਉਦਾਹਰਣ ਪ੍ਰਸਤੁਤ ਕੀਤੀ ਜਾ ਸਕਦੀ ਹੈ। ਏਥੋਂ ਤਕ ਕਿ ਭਾਰਤ ਵਿਚ ਬੈਠੇ ਲੇਖਕਾਂ ਨੇ ਵੀ ਬਾਹਰਲੇ ਦੇਸ਼ਾਂ ਵਿਚ ਘਟਦੀਆਂ ਘਟਨਾਵਾਂ ਅਤੇ ਸਮਾਜ ਬਾਰੇ ਕਵਿਤਾਵਾਂ ਅਤੇ ਕਹਾਣੀਆਂ ਆਦਿ ਲਿਖੀਆਂ ਹਨ। ਕਿਸੇ ਲੇਖਕ ਦੀ ਭਾਵਨਾਤਮਕ-ਸੰਵੇਦਨਸ਼ੀਲਤਾ, ਪ੍ਰਤਿਭਾ, ਅਨੁਭਵ ਦੀ ਘਣਤਾ, ਗਿਆਨ, ਤਜਰਬਾ, ਪ੍ਰਤਿਬੱਧਤਾ, ਯਾਦਦਾਸ਼ਤ, ਕਲਪਨਾ ਆਦਿ ਦਾ ਸਹੀ ਸੰਯੋਗ ਹੀ ਉਸ ਦੀ ਰਚਨਾ ਦਾ ਵਾਹਣ ਬਣਦਾ ਹੈ। ਦੁਨੀਆਂ ਦੇ ਕਿਸੇ ਵੀ ਖਿੱਤੇ ਵਿਚ ਪ੍ਰਾਪਤ ਯਥਾਰਥ ਅਤੇ ਅਕਾਂਖਿਅਤ ਯਥਾਰਥ ਦੀ ਕਸ਼ਮਕਸ਼ ਦੀ ਜਾਗ੍ਰਿਤੀ/ਉਤੇਜਨਾ/ਪ੍ਰੇਰਨਾ ਕਿਸੇ ਕੋਮਲ ਦਿਲ ਰਚਨਾਕਰ ਦੇ ਅਮਲ ਨੂੰ ਗਰਮਾ ਸਕਦੀ ਹੈ। ਇਸ ਪ੍ਰਸੰਗ ਵਿਚ ਹੀ 'ਸੱਚ ਦੇ ਦੀਪ' ਕਵਿਤਾ ਆਪਣੀ ਸਾਰਥਿਕਤਾ ਗ੍ਰਹਿਣ ਕਰਦੀ ਹੈ। ਮੇਰਾ ਸਿਧਾਂਤ ਵੀ ਇੰਟਰਨੈਸ਼ਨਲ ਪ੍ਰੋਲੇਤੇਰੀਅਤ ਵਿਚ ਯਕੀਨ ਰੱਖਣ ਦੀ ਸਿੱਖਿਆ ਦਿੰਦਾ ਹੈ। ਉਂਝ ਮੈਂ ਇੰਗਲੈਂਡ ਦੇ ਸਮਾਜਕ ਵਾਤਾਵਰਣ ਨੂੰ ਵੀ ਨਜ਼ਮਬੱਧ ਕੀਤਾ ਹੈ। ਜੇਕਰ ਭਾਵ 'ਪ੍ਰਤੱਖਣ' ਤੋਂ ਹੈ ਤਾਂ ਮੇਰੀ ਬੇਨਤੀ ਹੈ ਕਿ 'ਪੈਰੇਡਾਈਜ਼ ਲੌਸਟ' ਲਿਖਣ ਵਾਲਾ ਕਵੀ ਜੌਨ ਮਿਲਟਨ ਨੇਤਰਹੀਣ ਸੀ ।

**? ਤੁਸੀਂ ਭਾਵੇਂ ਖੁਲ੍ਹੀ ਕਵਿਤਾ ਵੀ ਲਿਖੀ ਹੈ, ਪਰ ਤੁਹਾਡਾ ਰੁਝਾਨ ਗ਼ਜ਼ਲ ਵੱਲ ਵੀ ਹੈ। ਜਿਹੜੀ ਗੱਲ ਤੁਸੀਂ ਕਹਿਣੀ ਚਾਹੁੰਦੇ ਹੋ,ਉਹ ਕਿਸ ਵਿਧਾ ਵਿਚ ਵੱਧ ਪ੍ਰਭਾਵਸ਼ਾਲੀ ਢੰਗ ਨਾਲ ਕਹਿ ਸਕਦੇ ਹੋ। ਖੁਲ੍ਹੀ ਕਵਿਤਾ ਬਾਰੇ ਵੀ ਦੱਸੋ।**

– ਜਿਸ ਵਿਸ਼ੇ-ਵਸਤੂ ਨੂੰ, ਜਿਸ ਵਿਧਾ ਵਿਚ ਪੇਸ਼ ਕਰਨ ਲਈ ਮੇਰੇ ਮਨ ਵਿਚ ਆਵੇਸ਼ ਪੁੰਗਰਦਾ ਹੈ, ਮੈਂ ਉਸੇ ਵਿਚ ਰਚਨਾ ਕਰ ਦਿੰਦਾ ਹਾਂ। ਪੂਰਵ ਨਿਸ਼ਚਤ ਕੁਝ ਨਹੀਂ ਹੁੰਦਾ। ਮੈਂ ਛੋਟੀਆਂ ਨਜ਼ਮਾਂ ਅਤੇ ਕਦੀ ਕਦੀ ਗੀਤ ਵੀ ਲਿਖਦਾ ਹਾਂ। ਮੇਰੀ ਕਿਹੜੀ ਰਚਨਾ ਪ੍ਰਭਾਵਸ਼ਾਲੀ ਹੈ, ਕਿਹੜੀ ਨਹੀਂ, ਇਸ ਦਾ ਫ਼ੈਸਲਾ ਮੈਂ ਪਾਠਕਾਂ ਉੱਤੇ ਛੱਡ ਦਿੰਦਾ ਹਾਂ। ਕੋਈ ਵੀ ਕਵਿਤਾ ਖੁਲ੍ਹੀ ਨਹੀਂ ਹੁੰਦੀ। ਉਸ ਉੱਤੇ ਵੀ ਖੁੱਲ੍ਹੀ ਹੋਣ ਦੀ ਬੰਦਸ਼ ਹੁੰਦੀ ਹੈ। ਕਵਿਤਾ ਛੰਦ ਜੁਗਤ ਹੁੰਦੀ ਹੈ, ਛੰਦ ਮੁਕਤ ਨਹੀਂ। ਹਾਂ, ਕਵਿਤਾ ਮੁਕਤ ਛੰਦ ਵਿਚ ਹੋ ਸਕਦੀ ਹੈ,ਜਦਕਿ ਹਰੇਕ ਛੰਦ ਜੁਗਤ ਲਿਖਤ ਕਵਿਤਾ ਨਹੀਂ ਹੁੰਦੀ। ਕਵਿਤਾ, ਕਵਿਤਾ ਹੁੰਦੀ ਹੈ, ਨਿਰੀ ਤੁਕਬੰਦੀ ਨਹੀਂ। ਖੁੱਲ੍ਹੀ ਕਵਿਤਾ ਦੀ ਮੇਰੀ ਪਰਿਭਾਸ਼ਾ ਹੈ, ਉਹ ਕਵਿਤਾ ਜਿਹੜੀ ਮੁਕਤ ਛੰਦ ਵਿਚ ਲਿਖੀ ਹੋਵੇ ਅਤੇ ਪਾਠਕਾਂ ਨੂੰ



ਦ੍ਰਵੀਭੂਤ ਕਰ ਦੇਵੇ। ਮੁਕਤ ਛੰਦ ਦੇ ਆਪਣੇ ਤਕਾਜ਼ੇ ਅਤੇ ਆਪਣੀ ਖ਼ਾਸੀਅਤ ਹੈ। ਇਹ ਕਵਿਤਾ ਰਚਣੀ ਸਗੋਂ ਆਮ ਛੰਦ-ਬੱਧ ਕਵਿਤਾ ਨਾਲੋਂ ਕਠਿਨ ਹੈ।

**? ਮੈਨੂੰ ਇਹ ਪਤਾ ਲੱਗਾ ਹੈ ਕਿ 1984 ਦੇ ਹਰਿਮੰਦਰ ਸਾਹਿਬ ਦੇ ਹਮਲੇ ਨਾਲ ਬਰਤਾਨਵੀ ਲੇਖਕ ਵੰਡੇ ਗਏ ਸਨ। ਕੀ ਇਸ ਵੰਡ ਦੇ ਕੋਈ ਹੋਰ ਵੀ ਕਾਰਨ ਸਨ?**

– 1984 ਦੇ ਹਰਿਮੰਦਰ ਸਾਹਿਬ ਦੇ ਹਮਲੇ ਦਾ ਮੇਰੇ ਉੱਤੇ ਵੀ ਅਸਰ ਹੋਇਆ। ਉਸ ਸਮੇਂ ਮੈਂ ਵੀ ਇਕ ਨਜ਼ਮ 'ਨੀਲਾ ਤਾਰਾ' ਲਿਖੀ ਜਿਸ ਵਿਚ ਮੈਂ ਸ਼੍ਰੀਮਤੀ ਇੰਦਰਾ ਗਾਂਧੀ ਦੇ ਹਮਲਾਵਰ ਰੁਖ ਅਤੇ ਜਰਨੈਲ ਸਿੰਘ ਭਿੰਡਰਾਂਵਾਲੇ ਦੀਆਂ ਸਰਗਰਮੀਆਂ, ਦੋਹਾਂ ਧਿਰਾਂ ਦੀ ਹੀ ਆਲੋਚਨਾ ਕੀਤੀ ਸੀ। ਉਸ ਨਜ਼ਮ ਵਿਚ ਮੈਂ ਹਿੰਦੂ-ਸਿੱਖ ਏਕਤਾ ਅਤੇ ਆਪਸੀ ਸਾਂਝ ਦੀ ਹਾਮੀ ਭਰੀ ਸੀ। ਇਹ ਨਜ਼ਮ ਮੇਰੀ ਪੁਸਤਕ 'ਤੇਰੇ ਨਾਂ ਦਾ ਮੌਸਮ' ਵਿਚ ਸੰਮਿਲਤ ਹੈ। ਬਰਤਾਨਵੀ ਲੇਖਕਾਂ ਦੀ ਇਕੋ-ਇਕ ਪ੍ਰਤੀਨਿਧ ਜਥੇਬੰਦੀ ਸੀ 'ਪ੍ਰਗਤੀਸ਼ੀਲ ਲਿਖਾਰੀ ਸਭਾ ਗ੍ਰੇਟ ਬ੍ਰਿਟੇਨ', ਜਿਸ ਦੀਆਂ ਦਸ ਸਰਗਰਮ ਬਰਾਂਚਾਂ ਸਨ। ਜਦੋਂ ਲੰਡਨ ਵਿਚ ਤਥਾਕਥਿਤ ਵਿਸ਼ਵ ਪੰਜਾਬੀ ਕਾਨਫ਼ਰੰਸ ਹੋਈ ਤਾਂ ਇਹ ਜੱਥੇਬੰਦੀ ਦੁਫਾੜ ਹੋ ਗਈ। ਇਉਂ 1984 ਦੇ ਹਰਿਮੰਦਰ ਸਾਹਿਬ ਦੇ ਹਮਲੇ ਤੋਂ ਪਹਿਲਾਂ ਵੀ ਬਰਤਾਨੀਆਂ ਦੇ ਲੇਖਕਾਂ ਵਿਚ ਪਰਸਪਰ ਸਿਧਾਂਤਕ ਵਿਰੋਧ ਸਨ। ਏਥੋਂ ਨਿਕਲਦੇ ਸਪਤਾਹਕ ਅਖ਼ਬਾਰ 'ਦੇਸ ਪ੍ਰਦੇਸ' ਨੂੰ ਗੁਰਦੁਆਰਿਆਂ ਵਿਚੋਂ ਇਸ਼ਤਿਹਾਰ ਮਿਲਦੇ ਸਨ। ਜਿਸ ਕਾਰਨ ਇਸ ਦੀ ਏਥੋਂ ਦੀ ਸਿੱਖ ਸਿਆਸਤ ਵਿਚ ਦਿਲਚਸਪੀ ਸੀ। ਇਹ ਪਰਚਾ ਮਾਇਆ ਦੇ ਕੇ ਜਾਂ ਕਿਸੇ ਹੋਰ ਵਿਧ ਇੰਗਲੈਂਡ ਦੇ ਕਈ ਲੇਖਕਾਂ ਤੋਂ ਆਪਣੀ ਲੋੜ ਅਨੁਸਾਰ ਕੁਝ ਲਿਖਵਾ ਵੀ ਲੈਂਦਾ ਸੀ। ਦੋ ਤਿੰਨ ਲੇਖਕ ਇਸ ਅਖ਼ਬਾਰ ਵਿਚ ਕੰਮ ਵੀ ਕਰਦੇ ਸਨ। ਕੁਝ ਲੇਖਕ ਇਸ ਪਰਚੇ ਨਾਲ ਨੇੜਤਾ ਬਣਾ ਕੇ ਇਕ ਦੂਜੇ ਦੇ ਖ਼ਿਲਾਫ਼ ਲੇਖ ਵੀ ਛਪਵਾ ਲੈਂਦੇ ਸਨ। ਆਪਣੇ ਸਿਧਾਂਤ ਨੂੰ ਛੱਡ ਕੇ ਕਈ ਕਾਮਰੇਡ ਵੀ ਅੰਦਰਖਾਤੇ ਇਸ ਪਰਚੇ ਨਾਲ ਆਪਣੀ ਯਾਰੀ ਪਾਲਦੇ ਸਨ। ਲੇਖਕਾਂ ਵਿਚ 1984 ਤੋਂ ਪਹਿਲਾਂ ਹੀ ਸਿਧਾਂਤਕ ਵਿਰੋਧ ਅਤੇ ਨਿੱਜੀ ਖਹਿਬਾਜ਼ੀ ਚਲਦੀ ਸੀ। ਸਿੱਖ ਸਿਆਸਤ ਵਿਚ ਪਹਿਲਾਂ ਤੋਂ ਦਖ਼ਲ ਹੋਣ ਕਾਰਨ, 1984 ਦੇ ਇਸ ਹਮਲੇ ਸਮੇ 'ਦੇਸ ਪ੍ਰਦੇਸ' ਅਖ਼ਬਾਰ ਸੰਤ ਭਿੰਡਰਾਂਵਾਲੇ ਅਤੇ ਖ਼ਾਲਿਸਤਾਨ ਦੇ ਹੱਕ ਵਿਚ ਨਿੱਤਰ ਪਿਆ ਸੀ। ਇਹ ਸਮਾਂ ਲੇਖਕਾਂ ਦੀ ਸਿਧਾਂਤਕ ਪ੍ਰਤੀਬੱਧਤਾ ਦੀ ਪਰਖ ਦਾ ਸਮਾਂ ਸੀ। ਕੁਝ ਲੇਖਕ ਤਾਂ ਪਹਿਲਾਂ ਹੀ ਪ੍ਰਗਤੀਵਾਦੀ ਸਿਧਾਂਤ ਦੀ ਵਿਰੋਧਤਾ ਕਰਦੇ ਸਨ। ਇਸ ਪਰਖ ਦੀ ਘੜੀ ਸਮੇਂ ਕੁਝ ਉਹ ਲੇਖਕ ਜਿਹੜੇ ਆਪਣੇ ਆਪ ਨੂੰ ਪ੍ਰਗਤੀਸ਼ੀਲ ਕਹਿੰਦੇ ਸਨ ਉਹ ਵੀ ਖਾੜਕੂਆਂ ਅਤੇ ਉਨ੍ਹਾਂ ਦੀ ਲਹਿਰ ਦੇ ਹੱਕ ਵਿਚ, ਇਸ ਅਖ਼ਬਾਰ ਵਿਚ ਲਿਖਣ ਲੱਗ ਪਏ ਸਨ, ਜਿਵੇਂ ਸ਼ਿਵਚਰਨ ਗਿੱਲ, ਸਾਥੀ ਲੁਧਿਆਣਵੀ, ਪ੍ਰੀਤਮ ਸਿੱਧੂ, ਡਾ. ਚ. ਸ. ਚੰਨ ਅਤੇ ਬਲਿਹਾਰ ਸਿੰਘ ਰੰਧਾਵਾ। ਲੋਕ ਆਖਦੇ ਹਨ ਕਿ ਅਵਤਾਰ ਜੰਡਿਆਲਵੀ ਵੀ ਭਟਕ ਗਿਆ ਸੀ ਪਰ ਮੈਂ ਉਸਦੀ ਕੋਈ ਲਿਖਤ ਇਸ ਲਹਿਰ ਦੇ ਹੱਕ ਵਿਚ ਨਹੀਂ ਪੜ੍ਹੀ। ਸ਼ੇਰ ਜੰਗ ਜਾਂਗਲੀ ਜੋ ਉਸ ਸਮੇਂ ਇਸ ਅਖ਼ਬਾਰ ਵਿਚ ਕੰਮ ਕਰਦਾ ਸੀ, ਉਸ ਨੇ ਰੋਸ ਵਜੋਂ ਕੰਮ ਛੱਡ ਦਿੱਤਾ ਸੀ।

**? ਗੁਰਨਾਮ ਜੀ, ਭਾਰਤ/ਪੰਜਾਬ ਵਿਚੋਂ ਬਹੁਤ ਸਾਰੇ ਲੇਖਕ ਸਾਹਿਤਕ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਇੰਗਲੈਂਡ ਆਉਂਦੇ ਰਹਿੰਦੇ ਹਨ। ਇਨ੍ਹਾਂ ਵਿਚੋਂ ਕੋਈ ਤੁਹਾਨੂੰ ਵੀ ਮਿਲਣ ਆਇਆ ਜਾਂ ਤੁਸੀਂ ਸੰਪਰਕ ਕੀਤਾ?**

– ਪੋਰਟਸਮੱਥ ਸ਼ਹਿਰ ਵਿਚ ਮੈਨੂੰ ਕਾਫੀ ਸਾਰੇ ਲੇਖਕ ਮਿਲਣ ਆਏ, ਜਿਨ੍ਹਾਂ ਵਿਚ ਸ਼ਾਮਲ ਹਨ: ਸੰਤ ਸਿੰਘ ਸੇਖੋਂ, ਗੁਰਦਿਆਲ ਸਿੰਘ, ਗੁਰਦਿਆਲ ਸਿੰਘ ਖੋਸਲਾ , ਰਘਬੀਰ ਸਿੰਘ ਸਿਰਜਣਾ, ਸ ਨ. ਸੇਵਕ, ਗੁਲਜ਼ਾਰ ਸਿੰਘ ਸੰਧੂ, ਵਰਿਆਮ ਸਿੰਘ ਸੰਧੂ, ਬਲਵਿੰਦਰ ਕੌਰ ਬਰਾੜ, ਹਰਭਜਨ ਸਿੰਘ ਹੁੰਦਲ, ਸੁਰਿੰਦਰ ਗਿੱਲ, ਸੁਰਿੰਦਰ ਕੌਰ,ਜਿੰਦਰ ਅਤੇ ਕੁਝ ਹੋਰ ਸੱਜਣ ਵੀ।

**? ਇੰਗਲੈਂਡ ਵਿਚ ਅਗਲੀ ਪੀੜ੍ਹੀ ਜੇਕਰ ਪੰਜਾਬੀ ਬੋਲੀ ਨੂੰ ਬੋਲਣ ਜਾਂ ਸਾਂਭਣ ਲਈ ਚਿੰਤਤ ਨਹੀਂ ਤਾਂ ਕੀ ਉੱਥੇ ਇਸਦਾ ਭਵਿੱਖ ਡਾਵਾਂ-ਡੋਲ ਨਹੀਂ ਲੱਗਦਾ? ਬਰਤਾਨੀਆ ਵਿਚ ਪੰਜਾਬੀ ਦੀ ਕੀ ਸਥਿਤੀ ਹੈ? ਸਮੁੱਚੇ ਬਰਤਾਨਵੀ ਪੰਜਾਬੀ ਭਾਈਚਾਰੇ ਦੇ ਸੰਬੰਧ ਵਿਚ ਤੁਹਾਡਾ ਕੀ ਖ਼ਿਆਲ ਹੈ?**

– ਇੰਗਲੈਂਡ ਵਿਚ ਪੰਜਾਬੀ ਬੋਲੀ ਦੇ ਭਵਿੱਖ ਨੂੰ ਡਾਵਾਂਡੋਲਤਾ ਵਿਚੋਂ ਕੱਢਣ ਲਈ ਅਗਲੀ ਪੀੜ੍ਹੀ ਨੂੰ ਇਸ ਨਾਲ ਜੋੜਨਾ ਅਤਿਅੰਤ ਜ਼ਰੂਰੀ ਹੈ। ਦੂਜੇ ਪਾਸੇ, ਬਦਲਦੇ ਹਾਲਾਤ ਅਨੁਸਾਰ ਅਗਲੀਆਂ ਪੀੜ੍ਹੀਆਂ ਬਰਤਾਨੀਆਂ ਦੇ ਸਮਾਜ ਵਿਚ ਰਚਮਿਚ ਰਹੀਆਂ ਹਨ। ਜਿਉਂ ਜਿਉਂ ਬੱਚੇ ਮੁੱਖਧਾਰਾ ਦੇ ਸਮਾਜ ਦਾ ਅੰਗ ਬਣਦੇ ਜਾਂਦੇ ਹਨ ਤਿਉਂ ਤਿਉਂ ਉਹ ਇਸ ਸਮਾਜ ਦੀਆਂ ਕਦਰਾਂ-ਕੀਮਤਾਂ ਵੀ ਅਪਨਾ ਰਹੇ ਹਨ। ਉਹ ਏਥੇ ਜੰਮੇ ਪਲੇ ਹਨ। ਉਨ੍ਹਾਂ ਦੀ ਮਾਂ ਬੋਲੀ ਜਾਂ ਪਹਿਲੀ ਭਾਸ਼ਾ ਅੰਗਰੇਜ਼ੀ ਹੈ। ਉਹ ਅੱਗੇ ਆਪਣੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਬੋਲਣ ਜਾਂ ਪੜ੍ਹਨ ਨੂੰ ਕਹਿੰਦੇ ਹੀ ਨਹੀਂ। ਕਈ ਵਾਰ ਬੱਚੇ ਅੰਤਰਰਾਸ਼ਟਰੀ ਅਤੇ ਅੰਤਰ-ਨਸਲੀ ਪਿਆਰ ਵਿਆਹ ਕਰ ਕੇ ਵੀ ਆਪਣੇ ਸਭਿਆਚਾਰ ਤੋਂ ਦੂਰ ਚਲੇ ਜਾਂਦੇ ਹਨ। ਇੰਗਲੈਂਡ ਵਿਚ ਪੰਜਾਬੀ ਭਾਈਚਾਰਾ ਟੁੱਟ-ਭੱਜ ਦੇ ਦੌਰ ਵਿਚੀਂ ਗੁਜ਼ਰ ਰਿਹਾ ਹੈ। ਇਸ ਲਈ ਪੰਜਾਬੀ ਭਾਸ਼ਾ ਦੀ ਕਿਸਮਤ/ਡਾਵਾਂਡੋਲਤਾ ਦਾ ਫ਼ੈਸਲਾ ਵਕਤ ਦੇ ਹੱਥ ਵਿਚ ਹੈ। ਵੈਸੇ ਬਰਤਾਨੀਆ ਵਿਚ ਪੰਜਾਬੀ ਦਾ ਦ੍ਰਿਸ਼ ਕੁਝ ਇਸ ਤਰ੍ਹਾਂ ਹੈ। ਏਥੇ ਨਿਰੋਲ ਪੰਜਾਬੀ ਭਾਸ਼ਾ ਵਿਚ ਇਸ ਵੇਲੇ ਚਾਰ ਟੀ. ਵੀ. ਚੈਨਲ ਚੱਲ ਰਹੇ ਹਨ। ਐਪਰ ਇਨ੍ਹਾਂ ਸਾਰਿਆਂ ਦੀ ਆਧਾਰਸ਼ਿਲਾ ਸਿੱਖ ਧਰਮ ਹੈ। ਜਿੱਥੇ ਇਹ ਪੰਜਾਬੀ ਭਾਸ਼ਾ ਦਾ ਪ੍ਰਚਾਰ, ਪ੍ਰਸਾਰ ਕਰ ਰਹੇ ਹਨ ਓਥੇ ਇਹ ਇਸਦਾ ਧਰਮੀਕਰਣ ਅਥਵਾ ਸਿੱਖੀ-ਕਰਣ ਵੀ ਕਰ ਰਹੇ ਹਨ। ਇਨ੍ਹਾਂ ਦੇ ਆਰਥਿਕ ਸਾਧਨ ਵੀ ਧਰਮ ਅਧਾਰਤ ਹਨ। ਖੇਦ ਵਾਲੀ ਗੱਲ ਇਹ ਹੈ ਕਿ ਸਿੱਖ ਧਰਮ ਦੇ ਮਸਲਿਆਂ ਦੇ ਨਾਲ ਇਹ ਵੰਡਵਾਦੀ ਪ੍ਰਚਾਰ ਵੀ ਕਰਦੇ ਹਨ ਜਿਸ ਨਾਲ ਏਥੇ ਦੇ ਸਮਾਜ ਵਿਚ ਗ਼ਲਤ ਸੁਨੇਹਾ ਵੀ ਜਾਂਦਾ ਹੈ। ਏਸੇ ਤਰ੍ਹਾਂ ਨਿਰੋਲ ਪੰਜਾਬੀ ਭਾਸ਼ਾ ਦੇ ਚਾਰ ਪੰਜ ਲੰਮੀ ਰੇਂਜ ਵਾਲੇ ਅਤੇ ਕਈ ਛੋਟੀ ਰੇਂਜ ਵਾਲੇ ਰੇਡਿਓ ਸਟੇਸ਼ਨ ਵੀ ਹਨ ਜਿਨ੍ਹਾਂ ਵਿਚ ਕੁਝ ਨਿਰੋਲ ਧਾਰਮਿਕ ਵੀ ਹਨ। ਕੁਝ ਸਮੁੱਚੇ ਪੰਜਾਬੀਆਂ ਦੀ ਪ੍ਰਤਿਨਿਧਤਾ ਵੀ ਕਰਦੇ ਹਨ।ਲਾਂਬੜਾ ਪੰਜਾਬੀ ਸੱਥ ਵੀ ਪੰਜਾਬੀ ਬੋਲੀ ਦੇ ਵਿਕਾਸ ਲਈ ਯਤਨਸ਼ੀਲ ਹੈ। ਪੰਜਾਬੀ ਭਾਸ਼ਾ ਵਿਚ ਚਾਰ ਸਪਤਾਹਕ ਅਖ਼ਬਾਰ ਵੀ ਨਿਕਲਦੇ ਹਨ ਜਿਨ੍ਹਾਂ ਵਿਚੋਂ ਕੁਝ ਮੁਫ਼ਤ ਵੰਡੇ ਜਾਂਦੇ ਹਨ। ਕੁਝ ਅਖ਼ਬਾਰ ਇੰਟਰਨੈਟ ਉੱਪਰ ਵੀ ਛਾਇਆ ਕੀਤੇ ਜਾਂਦੇ ਹਨ। ਗੁਰਦੁਆਰਿਆਂ ਵਿਚ ਬੱਚਿਆਂ ਨੂੰ ਪੰਜਾਬੀ ਪੜ੍ਹਾਈ ਜਾਂਦੀ ਹੈ। ਪੰਜਾਬੀ ਭਾਸ਼ਾ ਨੂੰ ਕਈਆਂ ਯੂਨੀਵਰਸਿਟੀਆਂ ਵਿਚ ਪੜ੍ਹਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਇਸ ਪ੍ਰਸੰਗ ਵਿਚ ਵੂਲਵਰਹੈਂਪਟਨ ਯੂਨੀਵਰਸਿਟੀ ਦਾ ਨਾਮ ਜ਼ਿਕਰਯੋਗ ਹੈ।

**? ਤੁਹਾਡਾ ਹੁਣੇ ਹੀ ਇਕ ਕਾਵਿ-ਸੰਗ੍ਰਹਿ 'ਦਰਦ ਦੇ ਰੰਗ' ਛਪ ਕੇ ਆਇਆ ਹੈ। ਇਸ ਦੀ ਬਹੁਤੀ ਸ਼ਾਇਰੀ ਅੱਜ ਦੇ ਸਮੇਂ ਦੀ ਅੱਖ ਵਿਚ ਅੱਖ ਪਾ ਕੇ ਲਿਖੀ ਗਈ ਹੈ। ਇਸ ਕਾਵਿ-ਸੰਗ੍ਰਹਿ ਦੀ ਪਹਿਲੀ ਕਵਿਤਾ 'ਚਾਹਤ' ਤੁਹਾਡਾ ਇਕੱਲਿਆਂ ਦਾ ਸੁਪਨਾ ਨਹੀਂ, ਲੱਖਾਂ ਹੀ ਉਨ੍ਹਾਂ ਪਰਵਾਸੀਆਂ ਦਾ ਚਿੱਤਰ ਹੈ ਜੋ ਰੋਟੀ ਰੋਜ਼ੀ ਲਈ ਪਰਵਾਸ ਭੋਗਦੇ ਅਤੇ ਖੁਸ਼ਹਾਲ ਜਿੰਦਗੀ ਵਾਸਤੇ ਸੰਘਰਸ਼ ਕਰਦੇ ਹਨ। ਇਸ ਸੰਗ੍ਰਹਿ ਬਾਰੇ ਕੁਝ ਦੱਸੋ?**

---'ਚਾਹਤ' ਕਵਿਤਾ ਬਾਰੇ ਤਾਂ ਤੁਸੀਂ ਕਹਿ ਹੀ ਦਿੱਤਾ ਹੈ। ਸਮੁੱਚੇ ਸੰਗ੍ਰਹਿ ਬਾਰੇ ਤਾਂ ਪਾਠਕ ਦੱਸਣਗੇ, ਮੈਂ ਕੀ ਦੱਸ ਸਕਦਾ ਹਾਂ। ਜਿਸ ਪੁਸਤਕ ਬਾਰੇ ਕਵੀ ਨੂੰ ਆਪ ਦੱਸਣਾ ਪਏ ਉਸ ਦਾ ਪ੍ਰਭਾਵ ਵੀ ਮੱਠਾ ਪੈ ਜਾਂਦਾ ਹੈ। ਇਸ ਲਈ ਮੈਂ ਪਾਠਕਾਂ ਉੱਤੇ ਛੱਡਦਾ ਹਾਂ, ਕਿ ਉਹ ਇਸ ਦੀ ਗੁਣਵੱਤਾ ਬਾਰੇ ਚੰਗਾ/ਮਾੜਾ ਫ਼ੈਸਲਾ ਆਪ ਕਰਨ।

**? ਇਕ ਹੋਰ ਸੁਆਲ ਗੁਰਨਾਮ ਜੀ, ਕਿਤਾਬਾਂ ਛਾਪਣ ਛਪਾਉਣ ਬਾਰੇ ਪਰਵਾਸੀ ਲੇਖਕਾਂ ਦੇ ਪਬਲਿਸ਼ਰਾਂ ਪ੍ਰਤੀ ਬੜੇ ਗਿਲੇ ਸ਼ਿਕਵੇ ਹਨ।ਨਾ ਸਿਰਫ ਨਵੇਂ ਤੇ ਸਿਖਾਂਦਰੂ ਲੇਖਕ**



**ਸਗੋਂ ਚੰਗੇ ਸਥਾਪਤ ਹੋ ਚੁੱਕੇ ਲੇਖਕ ਵੀ ਠੱਗੇ ਠੱਗੇ ਮਹਿਸੂਸ ਕਰਦੇ ਹਨ। ਇਸ ਪ੍ਰਤੀ ਤੁਹਾਡਾ ਆਪਣਾ ਅਨੁਭਵ ਕੀ ਕਹਿੰਦਾ?**

– ਸਤਨਾਮ ਜੀ, ਇਹ ਸੁਆਲ ਪੁੱਛ ਕੇ ਤਾਂ ਤੁਸੀਂ ਮੇਰੀ ਦੁਖਦੀ ਰਗ 'ਤੇ ਹੱਥ ਰੱਖ ਦਿੱਤਾ ਹੈ। ਪ੍ਰਕਾਸ਼ਕ ਲੇਖਕਾਂ ਦੀ ਲੁੱਟ ਹੀ ਨਹੀਂ ਕਰਦੇ, ਉਨ੍ਹਾਂ ਨੂੰ ਬੁਰੀ ਤਰ੍ਹਾਂ ਜ਼ਲੀਲ ਵੀ ਕਰਦੇ ਹਨ। ਇਕ ਪੁਸਤਕ ਬਾਰੇ ਯੂਨੀਸਟਾਰ ਬੁਕਸ ਵਾਲਿਆਂ ਨਾਲ ਸੌਦਾ ਤੈਅ ਹੋਇਆ, ਜੇ ਪੁਸਤਕਾਂ ਦੀਆਂ 150 ਕਾਪੀਆਂ ਲੈਣੀਆਂ ਹਨ ਤਾਂ ਸੋਲ਼ਾਂ ਹਜ਼ਾਰ ਰੁਪਏ ਲੱਗਣਗੇ, ਜੇ 180 ਤੋਂ 200 ਤਕ ਕਾਪੀਆਂ ਲੈਣੀਆਂ ਹਨ ਤਾਂ ਅਠਾਰਾਂ ਹਜ਼ਾਰ ਰੁਪਏ ਲੱਗਣਗੇ। ਮੈਂ ਕਿਹਾ ਕਿ ਪੁਸਤਕ ਦਾ ਟਾਈਟਲ ਮੈਂ ਪਸੰਦ ਕਰਾਂਗਾ, ਗ਼ਲਤੀਆਂ ਮੈਂ ਆਪ ਲਾਵਾਂਗਾ। ਮੇਰਾ ਰਿਸ਼ਤੇਦਾਰ ਅਠਾਰਾਂ ਹਜ਼ਾਰ ਰੁਪਏ ਜਮ੍ਹਾਂ ਕਰਾ ਆਇਆ। ਗ਼ਲਤੀਆਂ ਤਾਂ ਮੈਂ ਦੋ ਕੁ ਵਾਰ ਔਖਾ ਸੌਖਾ ਹੋ ਕੇ ਠੀਕ ਕਰਵਾ ਲਈਆਂ ਅਤੇ ਟਾਈਟਲ ਦੀ ਉਡੀਕ ਕਰਨ ਲੱਗ ਪਿਆ। ਫਿਰ ਇਕ ਦਿਨ ਫ਼ੋਨ ਆ ਗਿਆ, ਪੁਸਤਕ ਤਿਆਰ ਹੈ, ਚੁੱਕ ਲਓ। ਮੈਂ ਰਿਸ਼ਤੇਦਾਰ ਨੂੰ ਕਿਹਾ ਜਲਦੀ ਤੋਂ ਜਲਦੀ ਇਕ ਪੁਸਤਕ ਭੇਜੋ ਤਾਂ ਕਿ ਮੈਂ ਟਾਈਟਲ ਵੇਖ ਸਕਾਂ। ਐਕਸਪ੍ਰੈਸ ਡਾਕ ਰਾਹੀਂ ਜਦੋਂ ਮੈਨੂੰ ਪੁਸਤਕ ਮਿਲੀ, ਮੈਂ ਟਾਈਟਲ ਵੇਖ ਕੇ ਇਕ ਦਮ ਯੂਨੀਸਟਾਰ ਵਾਲਿਆਂ ਨੂੰ ਫ਼ੋਨ ਕੀਤਾ ਕਿ ਇਹ ਟਾਈਟਲ ਮੈਨੂੰ ਪਸੰਦ ਨਹੀਂ। ਜਵਾਬ ਸੀ, ਹੁਣ ਕੁਝ ਨਹੀਂ ਹੋ ਸਕਦਾ, ਪੁਸਤਕ ਚੁੱਕ ਲਓ। ਜਦੋਂ ਮੇਰਾ ਰਿਸ਼ਤੇਦਾਰ ਪੁਸਤਕਾਂ ਲੈਣ ਗਿਆ, ਉਨ੍ਹਾਂ 150 ਪੁਸਤਕਾਂ ਦਿੱਤੀਆਂ। ਮੈਂ ਫ਼ੋਨ ਕੀਤਾ 50 ਪੁਸਤਕਾਂ ਹੋਰ ਦਿਓ। ਉਹ ਸਾਫ਼ ਮੁੱਕਰ ਗਏ। ਢਾਅ ਜੀ, ਇਹ ਦੁੱਖ ਦੀ ਗੱਲ ਹੈ ਕਿ ਤੁਸੀਂ ਸਾਰਾ ਖ਼ਰਚ ਦੇ ਕੇ ਵੀ ਮਰਜ਼ੀ ਦੀ ਪੁਸਤਕ ਨਹੀਂ ਛਪਵਾ ਸਕਦੇ।

ਇਹ ਕੋਈ ਮੇਰਾ ਪਹਿਲਾ ਤਜਰਬਾ ਨਹੀਂ। ਇਸੇ ਤਰ੍ਹਾਂ ਮੈਂ ਇਕ ਵਾਰੀਂ ਆਪਣੇ ਮਿੱਤਰ ਹਰਭਜਨ ਹੁੰਦਲ ਰਾਹੀਂ ਜਲੰਧਰ ਸ਼ਹਿਰ ਦੇ ਇਕ ਪਬਲਿਸ਼ਰ ਪਾਸੋਂ 'ਸਮਰਪਿਤ' ਨਾਂ ਦੀ ਪੁਸਤਕ ਛਪਵਾਈ। ਦਸ ਹਜ਼ਾਰ ਰੁਪਏ ਵਿਚ ਸੌਦਾ ਤੈਅ ਹੋਇਆ। ਪਰੂਫ ਹੁੰਦਲ ਨੇ ਪੜ੍ਹ ਕੇ ਗ਼ਲਤੀਆਂ ਲਾਉਣੀਆਂ ਸਨ। ਪੈਸੇ ਪਹਿਲਾਂ ਦੇ ਦਿੱਤੇ। ਪਬਲਿਸ਼ਰ, ਕਿਤਾਬ ਦਾ ਕੁਤਰਾ ਕਰਕੇ 150 ਕਾਪੀਆਂ ਮਾਡਲ ਟਾਊਨ ਜਲੰਧਰ ਮੇਰੇ ਰਿਸ਼ਤੇਦਾਰਾਂ ਦੇ ਘਰ ਢੇਰੀ ਕਰ ਗਿਆ। ਪੁਸਤਕ ਵੇਖ ਕੇ ਮੈਂ ਵਾਪਸ ਉਸ ਦੀ ਦੁਕਾਨ 'ਤੇ ਸੁੱਟਵਾ ਦਿੱਤੀ। ਨਾਲ ਇਹ ਵੀ ਕਹਿ ਦਿੱਤਾ, ਜੇ ਇਕ ਵੀ ਕਾਪੀ ਵੇਚੀ, ਮੈਂ ਮੁਕੱਦਮਾ ਕਰ ਦਿਆਂਗਾ। ਮੈਂ ਕਰ ਵੀ ਦੇਣਾ ਸੀ। ਪਰ ਉਹ ਕਿਤਾਬ ਬਾਅਦ ਵਿਚ ਕਿਸੇ ਨੇ ਨਹੀਂ ਵੇਖੀ। ਹੁੰਦਲ ਨੂੰ ਖ਼ਤ ਪਾਇਆ, ਉਹ ਕੀ ਜਵਾਬ ਦਿੰਦਾ! ਦਸ ਹਜ਼ਾਰ ਵੀ ਗਿਆ, ਖੱਜਲ-ਖ਼ੁਆਰੀ ਵਾਧੂ। ਉਹੋ ਪੁਸਤਕ ਬਾਅਦ ਵਿਚ ਵਰਿਆਮ ਸੰਧੂ ਰਾਹੀਂ ਮੋਹਨ ਸਿੰਘ ਰਾਹੀ ਪਾਸੋਂ ਦੁਬਾਰਾ ਪੈਸੇ ਖ਼ਰਚ ਕੇ ਛਪਵਾਈ।

**? 'ਲੋਕ ਸ਼ਕਤੀ', ਆਪਣੇ ਨਵੇਂ ਸੰਗ੍ਰਹਿ ਵਿਚ ਤੁਸੀਂ ਪੁਰਾਣੀ ਲੋਕ-ਕਾਵਿ ਪਰੰਪਰਾ ਛੰਦ ਪਰਾਗੇ ਨੂੰ ਚੁਣਿਆ ਹੈ, ਜਿਸ ਵਿਚ ਅੱਜ ਦੇ ਸਾਮਰਾਜ ਅਤੇ ਭਾਰਤ ਦੀ ਮੌਜੂਦਾ ਹਿੰਦੂਵਾਦੀ ਸਰਕਾਰ ਦੀਆਂ ਚਾਲਾਂ ਨੂੰ ਕਾਵਿ-ਵਿਅੰਗ ਦੇ ਤੀਰਾਂ ਨਾਲ ਵਿੰਨ੍ਹਿਆ ਹੈ, ਇਸ ਰਚਨਾ ਦੇ ਪ੍ਰੇਰਕਾਂ ਬਾਰੇ ਕੁਝ ਦੱਸੋ?**

– ਮਰਹੂਮ ਅਵਤਾਰ ਸਾਦਿਕ ਨਾਲ ਮੇਰੀ ਉਮਰ ਭਰ ਦੀ ਦੋਸਤੀ ਸੀ। ਅਸੀਂ ਇਕ ਦੂਜੇ ਨਾਲ ਸਾਹਿਤਕ ਵਿਸ਼ਿਆਂ ਉੱਤੇ ਵਿਚਾਰ ਵਿਟਾਂਦਰਾ ਕਰਦੇ ਰਹਿੰਦੇ ਸਾਂ। ਜਦੋਂ ਉਹ ਕੋਈ ਚੰਗੀ ਪੁਸਤਕ ਪੜ੍ਹਦੇ ਉਹਦੇ ਬਾਰੇ ਮੇਰੇ ਨਾਲ ਵਿਚਾਰ ਵਿਟਾਂਦਰਾ ਕਰਦੇ ਅਤੇ ਮੈਂ ਵੀ ਇਸ ਤਰ੍ਹਾਂ ਕਰਦਾ। ਮੇਰੇ ਅਵਚੇਤਨ ਵਿਚ ਹਮੇਸ਼ਾ ਖ਼ਿਆਲ ਰਹਿੰਦਾ ਕਿ ਪੰਜਾਬੀ ਭਾਸ਼ਾ ਦਾ ਲੋਕ-ਧਾਰਾਈ ਵਿਰਸਾ ਬਹੁਤ ਅਮੀਰ ਹੈ, ਜਿਸ ਨੂੰ ਅਸੀਂ ਤਿਆਗ ਚੁੱਕੇ ਹਾਂ। ਸਿੱਟੇ ਵਜੋਂ ਅਸਾਡਾ ਸਾਹਿਤ ਲੋਕਾਂ ਨਾਲੋਂ ਬੁਰੀ ਤਰ੍ਹਾਂ ਟੁੱਟ ਚੁੱਕਾ ਹੈ। ਇਸ ਲਈ ਮੇਰਾ ਮਨ ਬਣਿਆ ਕਿ ਪ੍ਰਾਪਤ ਯਥਾਰਥ ਨੂੰ ਬਹੁਤ

ਸਰਲ ਭਾਸ਼ਾ ਵਿਚ ਕਿਸੇ ਲੋਕ-ਧਾਰਾਈ ਛੰਦ ਵਿਚ ਪ੍ਰਸਤੁਤ ਕਰਨ ਦਾ ਯਤਨ ਕੀਤਾ ਜਾਵੇ। ਸਾਦਿਕ ਨੇ ਮੈਨੂੰ ਕਿਹਾ ਕਰ ਹਿੰਮਤ। ਇਸ ਪਿੱਛੋਂ ਮੈਂ ਇਹ ਖ਼ਿਆਲ ਆਪਣੇ ਮਿੱਤਰ ਪ੍ਰੋ. ਗੁਰਬਖ਼ਸ਼ ਸਿੰਘ ਸੰਗੀਤਕਾਰ ਨਾਲ ਸਾਂਝਾ ਕੀਤਾ। ਮੇਰੇ ਅਵਚੇਤਨ ਵਿਚ ਇਹ ਛੰਦ ਪਹਿਲਾਂ ਹੀ ਆਪਣੀ ਥਾਂ ਬਣਾਈ ਬੈਠਾ ਸੀ। ਇਕ ਦਿਨ ਇਹ ਧਾਰਾ ਆਪਣੇ ਆਪ ਫੁਟ ਪਈ। ਦੋ/ਤਿੰਨ ਮਹੀਨੇ ਦੇ ਸਮੇਂ ਵਿਚ ਇਹ ਕੰਮ ਸਿਰੇ ਚੜ੍ਹ ਗਿਆ। ਕੁਝ ਇਕ ਛੰਦ ਪਹਿਲਾਂ ਲਿਖੇ ਵੀ ਪਏ ਸਨ। ਇਸ ਤਰ੍ਹਾਂ ਇਸ ਕਿਤਾਬ ਦਾ ਖ਼ਰੜਾ ਤਿਆਰ ਹੋ ਗਿਆ। ਅਵਤਾਰ ਸਾਦਿਕ ਨੇ ਆਪ ਇਸ ਦੀ ਭੂਮਿਕਾ ਲਿਖੀ। 2017 ਵਿਚ ਆਪਣੀ ਭਾਰਤ ਫੇਰੀ ਸਮੇਂ ਆਪ ਹੀ ਛਪਵਾਈ ਅਤੇ ਆਪ ਹੀ ਚੰਡੀਗੜ੍ਹ ਵਿਚ ਸਰਵ-ਭਾਰਤ ਪ੍ਰਗਤੀਸ਼ੀਲ ਲੇਖਕ ਸੰਘ ਦੀ ਕਾਨਫਰੰਸ ਸਮੇਂ ਲੋਕ ਅਰਪਨ ਕੀਤੀ। ਹੁਣ ਇਸ ਦਾ ਦੂਸਰਾ ਸੰਵਾਰਿਆ ਅਤੇ ਵਧਾਇਆ ਸੰਸਕਰਣ ਛਾਪੇਖਾਨੇ ਵਿਚ ਜਾ ਚੁੱਕਾ ਹੈ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਡਾ. ਸੁਖਦੇਵ ਸਿੰਘ ਸਿਰਸਾ ਨੇ ਵੀ ਇਸ ਪ੍ਰਯੋਜਨ ਵਿਚ ਅਸਾਨੂੰ ਪੂਰਾ ਸਹਿਯੋਗ ਦਿੱਤਾ ਹੈ।

**? ਤੁਸੀਂ ਇਕ ਆਲੋਚਨਾ ਪੁਸਤਕ 'ਸਮਕਾਲੀ ਪੰਜਾਬੀ ਕਾਵਿ: ਸਿਧਾਂਤਕ ਪਰਿਪੇਖ' ਦੀ ਰਚਨਾ ਵੀ ਕੀਤੀ ਹੈ। ਇਸ ਕਿਤਾਬ ਦੇ ਲਿਖਣ ਦਾ ਸਬੱਬ ਕਿਸ ਤਰ੍ਹਾਂ ਬਣਿਆ?**

– ਭਾਰਤ ਤੋਂ ਸਾਹਿਤ ਦੇ ਮਹਾਂਰਥੀ ਇੰਗਲੈਂਡ ਦੀ ਸੈਰ ਕਰਨ ਆਉਂਦੇ ਸਨ। ਭਾਰਤ ਵਾਪਸ ਜਾ ਕੇ ਉਹ ਏਥੇ ਦੇ ਕਵੀਆਂ ਦੀਆਂ ਪੁਸਤਕਾਂ ਬਾਰੇ ਪ੍ਰਸ਼ੰਸਾਮਈ ਨਿਬੰਧ ਲਿਖਦੇ ਸਨ। ਮੇਰੀ ਉਨ੍ਹਾਂ ਨਿਬੰਧਾਂ ਨਾਲ ਆਪੱਤੀ ਸੀ। ਮੈਂ, ਉਹ ਪੁਸਤਕਾਂ ਪੜ੍ਹਕੇ ਫ਼ੈਸਲਾ ਕੀਤਾ ਕਿ ਮਾਰਕਸਵਾਦੀ ਦ੍ਰਿਸ਼ਟੀ ਤੋਂ ਚਣੌਤੀ ਪੇਸ਼ ਕੀਤੀ ਜਾਵੇ। ਇਸ ਤਰ੍ਹਾਂ ਮੈਂ ਉਨ੍ਹਾਂ ਪੁਸਤਕਾਂ ਬਾਰੇ ਲਿਖਣਾ ਆਰੰਭ ਦਿੱਤਾ। ਪੁਸਤਕ ਤਿਆਰ ਹੋਣ 'ਤੇ ਭਾਰਤ ਫੇਰੀ ਦੌਰਾਨ ਖਰੜਾ ਮੋਹਨ ਸਿੰਘ ਰਾਹੀ ਕੋਲ ਲੈ ਗਿਆ। ਉਸ ਨੇ ਖ਼ਰੜਾ ਰੱਖ ਲਿਆ, ਕਹਿੰਦਾ ਪੜ੍ਹ ਕੇ ਫ਼ੈਸਲਾ ਕਰਾਂਗਾ। ਇਕ ਹਫ਼ਤੇ ਬਾਅਦ ਪਤਾ ਕੀਤਾ। ਉਹਨੇ ਕਿਹਾ ਪੁਸਤਕ ਮੈਂ ਛਾਪਾਂਗਾ। ਇਸ ਤਰ੍ਹਾਂ ਪੁਸਤਕ ਛਪ ਗਈ। ਇਸ ਪੁਸਤਕ ਤੋਂ ਬਾਅਦ, ਮੈਂ ਇਸ ਖੇਤਰ ਵਿਚ ਹੋਰ ਕੰਮ ਕਰਨਾ ਚਾਹੁੰਦਾ ਹਾਂ। ਇਹ ਕਵਿਤਾ ਰਚਣ ਨਾਲੋਂ ਵੱਖਰਾ ਅਨੁਸ਼ਾਸਨ ਹੈ। ਇਸ ਕੰਮ ਲਈ ਹੁਣ ਵੇਖੋ ਵਿਹਲ ਕਦੋਂ ਮਿਲਦੀ ਹੈ।

**? ਗੁਰਨਾਮ ਜੀ, ਕੀ ਬਰਤਾਨੀਆ ਵਿਚ ਨਵੇਂ ਸਾਹਿਤਕਾਰ, ਤੁਹਾਡੇ ਪਹਿਲੇ ਸਾਹਿਤਕਾਰਾਂ ਦੇ ਕੀਤੇ ਕੰਮਾਂ ਨੂੰ ਅੱਗੇ ਤੋਰ ਰਹੇ ਹਨ? ਤੁਹਾਡੇ ਸਮਿਆਂ ਦੇ ਸਾਹਿਤਕਾਰਾਂ ਨੂੰ ਅੱਜ ਕਿਹੜੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ?**

– ਬਰਤਾਨੀਆ ਵਿਚ ਨਵੇਂ ਸਾਹਿਤਕਾਰ ਬਹੁਤ ਘੱਟ ਆਏ ਹਨ। ਫਿਰ ਵੀ ਕੰਮ ਹੋ ਰਿਹਾ ਹੈ। ਅੱਜ ਕਲ੍ਹ ਜ਼ਿਆਦਾ ਸਮਾਗਮ ਪੁਸਤਕਾਂ ਦੇ ਲੋਕਾਰਪਨ ਨਾਲ ਸੰਬੰਧਤ ਹੁੰਦੇ ਹਨ। ਮਾਹੌਲ ਬਦਲ ਗਿਆ ਹੈ। ਅਸਾਡੇ ਸਮਿਆਂ ਦੇ ਸਾਹਿਤਕਾਰਾਂ ਨੂੰ ਸਭ ਤੋਂ ਵੱਡੀ ਚੁਣੌਤੀ ਉਨ੍ਹਾਂ ਦੀ ਸਿਹਤ ਦੀ ਹੈ। ਕਈ ਬ੍ਰਿਧ ਹੋ ਜਾਣ ਕਾਰਨ ਸਾਹਿਤ ਸਮਾਗਮਾਂ ਵਿਚ ਨਹੀਂ ਆ ਸਕਦੇ। ਕੁਝ ਕਾਰਾਂ ਨਹੀਂ ਚਲਾ ਸਕਦੇ। ਕਈਆਂ ਨੂੰ ਘਰੇਲੂ ਸਮੱਸਿਆਵਾਂ ਕਾਰਨ ਪ੍ਰੇਸ਼ਾਨ ਰਹਿਣਾ ਪੈਂਦਾ ਹੈ। ਕਈਆਂ ਨੂੰ ਉੱਚਾ ਸੁਣਨ ਲੱਗ ਪਿਆ ਹੈ। ਕਈਆਂ ਦੀ ਨਜ਼ਰ ਬਹੁਤ ਕਮਜ਼ੋਰ ਹੋ ਗਈ ਹੈ। ਇਹ ਉਨ੍ਹਾਂ ਦੀਆਂ ਨਿੱਜੀ ਸਮੱਸਿਆਵਾਂ ਹਨ। ਦੂਜੀ ਵੱਡੀ ਚੁਣੌਤੀ ਇਸ਼ਤਿਹਾਰਬਾਜ਼ੀ ਦੇ ਵਧ ਰਹੇ ਰੁਝਾਨ ਨੂੰ ਛੱਡ ਕੇ ਚੰਗਾ ਸਾਹਿਤ ਰਚਨ ਦੀ ਹੈ।

**? ਤੁਹਾਡੇ ਪਰਿਵਾਰਕ ਮੈਂਬਰਾਂ, ਬੱਚਿਆਂ ਤੇ ਪਤਨੀ, ਵੱਲੋਂ ਤੁਹਾਡੇ ਸਾਹਿਤ- ਸਿਰਜਣਾ ਤੇ ਜਨਤਕ ਕੰਮ ਕਰਨ ਵਿਚ ਸਹਿਯੋਗ ਤਾਂ ਜ਼ਰੂਰ ਮਿਲਿਆ ਹੋਵੇਗਾ। ਪਰਿਵਾਰਕ ਸਹਿਯੋਗ ਬਾਰੇ ਕੀ ਕਹਿਣਾ ਚਾਹੋਗੇ?**

– ਢਾਅ ਜੀ, 1968 ਵਿਚ ਭਾਰਤ ਵਾਪਸ ਜਾ ਕੇ ਬੜੇ ਸਾਦੇ ਢੰਗ ਨਾਲ ਮੈਂ ਸ਼ਾਦੀ ਕਰਵਾਈ। ਮੇਰੇ ਪਰਿਵਾਰ ਵਿਚ ਤਿੰਨ ਲੜਕੀਆਂ ਅਤੇ ਛੋਟਾ ਇਕ ਲੜਕਾ ਹੈ। ਤਿੰਨੇ ਬੱਚੀਆਂ



ਆਪਣੇ ਆਪਣੇ ਖੇਤਰ ਵਿਚ ਵਿਸ਼ੇਸ਼ੱਗ ਹਨ। ਸ਼ਾਦੀ ਸ਼ੁਦਾ ਹਨ। ਆਪਣੇ ਘਰੀਂ ਸੁਖੀ ਵਸਦੀਆਂ ਹਨ। ਲੜਕਾ ਸਪੋਰਟਸਮੈਨ ਹੈ ਅਤੇ ਆਈ. ਟੀ. ਵਿਚ ਇੰਜਨੀਅਰ ਹੈ। ਅਸਾਡੇ ਨਾਲ ਰਹਿੰਦਾ ਹੈ। ਪਤਨੀ ਵਰਿੰਦਰ ਕੌਰ, ਸਾਹਿਤ ਵਿਚ ਚੋਖੀ ਦਿਲਚਸਪੀ ਰਖਦੀ ਹੈ। ਗਰੈਜੂਏਟ ਹੈ।ਧਾਰਮਿਕ ਮਾਹੌਲ ਵਿਚ ਪਲੀ ਹੈ। ਹੁਣ ਵੀ ਧਾਰਮਿਕ ਰਸਮ-ਰਿਵਾਜ ਕਰਦੀ ਅਤੇ ਗੁਰਬਾਣੀ ਪੜ੍ਹਦੀ, ਵਿਚਾਰਦੀ ਹੈ। ਪਰ ਮੈਂ ਆਪਣੇ ਖ਼ਿਆਲ ਉਸ ਉੱਤੇ ਨਹੀਂ ਠੋਸਦਾ। ਆਪਣੀ ਕਿਸੇ ਕਵਿਤਾ ਬਾਰ ਜੇ ਤਸੱਲੀ ਨਾ ਹੋਵੇ, ਤਾਂ ਰਾਏ ਪੁੱਛ ਲੈਂਦਾ ਹਾਂ। ਮੇਰੇ ਲਿਖਣ-ਪੜ੍ਹਨ ਦੇ ਕੰਮ ਵਿਚ ਉਸਦਾ ਪੂਰਾ ਸਹਿਯੋਗ ਹੁੰਦਾ ਹੈ। ਬੱਚਿਆਂ ਬਾਰੇ ਸੱਚੀ ਗੱਲ ਇਹ ਹੈ ਕਿ ਮੇਰਾ ਕੋਈ ਵੀ ਬੱਚਾ ਮੇਰੀ ਕਵਿਤਾ ਪੜ੍ਹ/ਸਮਝ ਨਹੀਂ ਸਕਦਾ। ਮੇਰੇ ਕਹਿਣ 'ਤੇ ਨੇੜੇ ਬੈਠ ਕੇ ਸੁਣ ਵੀ ਲੈਂਦੇ ਹਨ ਪਰ ਸਮਝ ਉਨ੍ਹਾਂ ਨੂੰ ਕੁਝ ਨਹੀਂ ਆਉਂਦ। ਆਪਸ ਵਿਚ ਗੱਲਾਂ ਅੰਗਰੇਜ਼ੀ ਵਿਚ ਕਰਦੇ ਹਨ। ਲੜਕਾ ਨਵਰੂਪ ਪਹਿਲਾਂ ਪਹਿਲਾਂ ਸਾਹਿਤਕ ਸਮਾਗਮਾਂ ਦਾ ਇੰਤਜ਼ਾਮ ਕਰਨ ਵਿਚ ਸਹਾਇਤਾ ਕਰਵਾ ਦਿੰਦਾ ਸੀ, ਹੁਣ ਨਾਂਹ ਕਰ ਗਿਆ ਹੈ।

**? ਤੁਸੀਂ ਬੜੇ ਲੰਮੇਂ ਸਮੇਂ ਤੋਂ ਇੰਗਲੈਂਡ ਵਿਚ ਰਹਿ ਕੇ ਵੀ ਆਪਣੇ ਦੇਸ਼ ਦੀ ਮਿੱਟੀ ਨਾਲ ਜੁੜ ਕੇ ਇਹਦੇ ਦੁੱਖਾਂ ਦਰਦਾਂ ਨੂੰ ਆਪਣੀ ਲੇਖਣੀ ਦਾ ਹਿੱਸਾ ਬਣਾਇਆ। ਕਦੇ ਲੇਖਾ ਜੋਖਾ ਕਰਨ ਦਾ ਯਤਨ ਕੀਤਾ ਕਿ ਇੰਗਲੈਂਡ ਵਿਚ ਆ ਕੇ ਕੀ ਖੱਟਿਆ ਕੀ ਗੁਆਇਆ?**

– ਮੈਂ ਤਿੰਨ ਪੌਂਡ ਨਕਦ, ਕੁਝ ਪਹਿਨਣ ਵਾਲੇ ਕਪੜੇ ਅਤੇ ਇਕ ਬਿਸਤਰਾ ਲੈ ਕੇ ਇੰਗਲੈਂਡ ਦੇ ਹੀਥਰੋ ਹਵਾਈ ਅੱਡੇ 'ਤੇ ਉੱਤਰਿਆ ਸੀ। ਏਥੇ ਆ ਕੇ ਖ਼ੂਬ ਇਮਾਨਦਾਰੀ ਨਾਲ ਮਿਹਨਤ ਕੀਤੀ। ਸਭ ਕੁਝ ਬਣਾਇਆ। ਕਿਸੇ ਚੀਜ਼ ਦਾ ਘਾਟਾ ਨਹੀਂ ਰਿਹਾ। ਪੜ੍ਹਾਈ ਕੀਤੀ। ਨਿੱਠ ਕੇ ਮਾਰਕਸਵਾਦ ਪੜ੍ਹਿਆ। ਕਾਮਾ ਜਮਾਤ ਦੇ ਘੋਲ ਦਾ ਸਾਥ ਨਿਭਾਇਆ। ਸ਼ਾਇਰੀ ਕੀਤੀ। ਬੱਚੇ ਪੜ੍ਹਾਏ। ਸਾਰੀ ਉਮਰ ਭਰਪੂਰ ਜ਼ਿੰਦਗੀ ਜੀਵੀ ਹੈ, ਹੁਣ ਵੀ ਭਰਪੂਰ ਜ਼ਿੰਦਗੀ ਜੀਅ ਰਿਹਾ ਹਾਂ। ਇਹ ਸਭ ਕੁਝ ਮੈਂ ਖੱਟਿਆ ਹੀ ਹੈ। ਮੇਰਾ ਸਿਧਾਂਤ ਕਹਿੰਦਾ ਹੈ: ਮਜ਼ਦੂਰ ਦਾ ਕੋਈ ਦੇਸ਼ ਨਹੀਂ ਹੁੰਦਾ। ਏਥੇ ਆ ਕੇ ਵੀ ਮੈਂ ਭਾਰਤ /ਪੰਜਾਬ ਦੇ ਲੋਕਾਂ ਦੇ ਦੁੱਖਾਂ-ਦਰਦਾਂ ਨਾਲ ਜੁੜਿਆ ਰਿਹਾ। ਉੱਥੇ, ਉਨ੍ਹਾਂ ਮਿੱਤਰਾਂ ਨੂੰ ਮਿਲਣ ਵੀ ਜਾਂਦਾ ਰਿਹਾ, ਜਿਨ੍ਹਾਂ ਨਾਲ ਮੈਂ ਆਪਣਾ ਬਚਪਨ ਬਿਤਾਇਆ ਸੀ। ਉਨ੍ਹਾਂ ਸੁਆਣੀਆਂ ਨੂੰ ਮਿਲਣ ਜਾਂਦਾ ਰਿਹਾ ਜਿਨ੍ਹਾਂ ਮੈਨੂੰ ਪੁੱਤ ਬਣਾਇਆ ਸੀ। ਜਿਨ੍ਹਾਂ ਵਿਚ ਮੈਂ ਪਰਵਰਿਸ਼ ਪਾਈ ਸੀ। ਜਿਨ੍ਹਾਂ ਵਿਚ ਰਹਿ ਕੇ ਮੈਂ ਪੜ੍ਹਾਈ ਕੀਤੀ ਸੀ। ਮੈਂ, ਉਨ੍ਹਾਂ ਨੂੰ ਵਿਸਾਰਿਆ ਨਹੀਂ। ਆਪਣੀ ਸ਼ਾਇਰੀ ਵਿਚ ਵੀ ਮੈਂ ਉਨ੍ਹਾਂ ਦੇ ਦੁੱਖਾਂ-ਦਰਦਾਂ ਦੀ ਬਾਤ ਪਾਈ ਹੈ।

**? ਤੁਹਾਡੇ ਸੁਭਾਅ ਦਾ ਸੱਚ ਕੀ ਹੈ?**

– ਸਤਨਾਮ ਜੀ, ਆਪਣੇ ਸੁਭਾਅ ਬਾਰੇ ਆਪ ਕੁਝ ਕਹਿਣਾ ਹੁੰਦਾ ਤਾਂ ਮੁਸ਼ਕਲ ਹੈ ਪਰ ਮੈਂ ਆਪਣੇ ਸਭਾਅ ਬਾਰੇ ਏਨਾ ਕੁ ਕਹਿ ਸਕਦਾ ਹਾਂ: ਦਿਲ ਦਾ ਸਾਫ਼, ਕਾਹਲਾ, ਮੂੰਹ ਫੱਟ, ਜੋਸ਼ੀਲਾ, ਭਾਵੁਕ, ਸਿਧਾਂਤਪ੍ਰਸਤ, 'ਸਾਥੀਆਂ' ਦੀ ਸਖ਼ਤ ਨੁਕਤਾਚੀਨੀ ਕਰਨੀ ਅਤੇ ਸਹਿਣੀ। ਉਮਰ ਹੰਢਾਉਣ ਅਤੇ ਜੀਵਨ ਦੇ ਤਜਰਬੇ ਨਾਲ ਮੇਰੇ ਸੁਭਾਅ ਵਿਚ ਤਬਦੀਲੀ ਵੀ ਆ ਗਈ ਹੈ। ਬਾਕੀ ਹੋਰ ਮੇਰੇ ਸਭਾਅ ਬਾਰੇ ਤਾਂ ਮੇਰੇ ਆਲੇ ਦੁਆਲੇ ਦੇ ਲੋਕ ਹੀ ਦੱਸ ਸਕਦੇ ਹਨ।

**? ਗੁਰਨਾਮ ਜੀ, ਅੱਜ ਪੰਜਾਬ ਖਾਲੀ ਹੋ ਰਿਹਾ ਹੈ। ਬਹੁਤ ਸਾਰੇ ਨੌਜਵਾਨ ਬੇਰੁਜ਼ਗਾਰੀ ਤੋਂ ਤੰਗ ਆ ਕੇ ਪਰਵਾਸ ਕਰਨ ਲਈ ਤਿਆਰ ਬੈਠੇ ਹਨ। ਪੈਸੇ ਦੇ ਨਾਲ ਨਾਲ ਬਹੁਤ ਸਾਰੇ ਤਾਂ ਆਪਣੀਆਂ ਜਾਨਾਂ ਵੀ ਗੁਆ ਚੁੱਕੇ ਹਨ। ਤੁਸੀਂ ਪੰਜਾਬ ਦੀ ਇਸ ਜੁਆਨੀ ਨੂੰ ਆਪਣੇ ਅਨੁਭਵ ਤੋਂ ਕੀ ਕਹਿਣਾ ਚਾਹੁੰਦੇ ਹੋ?**

– ਮੇਰੀ ਤਾਂ ਇਹ ਹੀ ਬੇਨਤੀ ਹੈ ਕਿ ਗੈਰ-ਕਾਨੂੰਨੀ ਢੰਗ ਨਾਲ ਕਿਸੇ ਦੇਸ਼ ਵਿਚ ਦਾਖ਼ਲ ਹੋਣ ਦੀ ਕੋਸ਼ਿਸ਼ ਨਾ ਕਰੋ। ਯੋਗਤਾ ਪੈਦਾ ਕਰੋ। ਆਪਣੇ ਦੇਸ਼ ਦੇ ਸਿਸਟਮ ਨੂੰ ਬਦਲਣ ਲਈ ਕ੍ਰਾਂਤੀਕਾਰੀ ਜਥੇਬੰਦੀਆਂ ਵਿਚ ਡਟ ਕੇ ਕੰਮ ਕਰੋ, ਜਿਹੜਾ ਤੁਹਾਨੂੰ ਅਜਿਹੇ ਖ਼ਤਰਨਾਕ ਕਦਮ

ਚੁੱਕਣ ਲਈ ਮਜਬੂਰ ਕਰ ਰਿਹਾ ਹੈ। ਜ਼ਿੰਦਗੀ ਦਾ ਇਹ ਮਨੋਰਥ ਤੁਹਾਨੂੰ ਅਜਾਈਂ ਮੌਤੇ ਮਰਨ ਦੀ ਥਾਂ ਅਮਰਤਾ ਬਖਸ਼ੇਗਾ।

**? ਜ਼ਿੰਦਗੀ ਵਿਚ ਹੁਣ ਤਕ ਦੇ ਕੀਤੇ ਸਾਹਿਤਕ ਕੰਮਾਂ, ਜਥੇਬੰਦੀਆਂ ਰਾਹੀਂ ਲੋਕ ਹਿਤਾਂ ਲਈ ਕੀਤੇ ਕੰਮਾਂ ਕਾਰਾਂ ਨਾਲ ਕਿੰਨੇ ਕੁ ਸੰਤੁਸ਼ਟ ਹੋ?**

- ਕੀਤੇ ਕੰਮਾਂ ਦਾ ਕੋਈ ਦਾਅਵਾ ਨਹੀਂ। ਫ਼ਰਜ਼ ਪੂਰਾ ਕੀਤਾ ਹੈ। ਭਵਿੱਖ ਵਿਚ ਵੀ ਫ਼ਰਜ਼ ਪੂਰਾ ਕਰਨ ਦੀ ਕੋਸ਼ਿਸ਼ ਜਾਰੀ ਰਹੇਗੀ। ਸਾਹਿਤ- ਰਚਨਾ ਬਾਰੇ ਏਹੀ ਕਹਾਂਗਾ ਕਿ ਆਪਣੀ ਸਭ ਤੋਂ ਵਧੀਆ ਰਚਨਾ ਅਜੇ ਮੈਂ ਕਰਨੀ ਹੈ।

**? ਗੁਰਨਾਮ ਜੀ, ਕੀ ਕੋਈ ਪੁਰਸਕਾਰ ਜਾਂ ਮਾਣ/ਸਨਮਾਨ ਪ੍ਰਾਪਤ ਹੋਇਆ ਹੈ?**

- ਮਾਣ/ਸਨਮਾਨ ਕਰਨ/ਕਰਵਾਉਣ ਵਿਚ ਮੇਰਾ ਵਿਸ਼ਵਾਸ ਨਹੀਂ। ਪੁਰਸਕਾਰ ਦੇਣ ਲਈ ਇੰਗਲੈਂਡ ਦੀ ਇਕ ਲੇਖਕ ਸਭਾ ਕੇ ਰਾਬਤਾ ਕੀਤਾ ਸੀ। 'ਮੈਂ ਇਸ ਦੇ ਯੋਗ ਨਹੀ' ਕਹਿ ਕੇ ਖ਼ਿਮਾ ਮੰਗ ਲਈ ਸੀ। ਬਾਕੀ ਗੱਲ ਹੈ ਕਿ ਜਦੋਂ ਕੋਈ ਸੁਹਿਰਦ ਪਾਠਕ ਜਾਂ ਤੁਹਾਡੇ ਵਰਗਾ ਮਿੱਤਰ ਦੋਸਤ ਮੇਰੀ ਕਿਸੇ ਰਚਨਾ ਨੂੰ ਪੜ੍ਹ ਕੇ ਫ਼ੋਨ ਕਰਦਾ ਹੈ ਤਾਂ ਇਸ ਤੋਂ ਵੱਡਾ ਮਾਣ ਸਤਿਕਾਰ ਮੇਰੇ ਜਾਚੇ ਕੋਈ ਨਹੀਂ ਹੋ ਹੀ ਸਕਦਾ।

**? ਤਮੰਨਾ ਜੋ ਤੁਸੀਂ ਪੂਰੀ ਕਰਨੀ ਲੋਚਦੇ ਹੋਵੋ?**

- ਬਸ, ਆਖ਼ਰੀ ਸਾਹ ਤਕ ਲੋਕ-ਹਿੱਤਾਂ ਲਈ ਸੰਘਰਸ਼ ਜਾਰੀ ਰਹੇ।

**? ਕੋਈ ਸੁਖ ਸਨੇਹਾ, ਨਵੇਂ ਸ਼ਾਇਰਾਂ ਨੂੰ ਜਿਹੜੇ ਕਵਿਤਾ ਲਿਖਣੀ ਚਾਹੁੰਦੇ ਹਨ, ਵਧੀਆ ਸ਼ਾਇਰੀ ਲਿਖਣ ਦਾ ਕੋਈ ਰਾਜ਼ ਦੱਸਣਾ ਚਾਹੋਗੇ?**

- ਹੱਸਦੇ ਹੋਏ, ਮੈਂ ਅਜੇ ਕਿਹੜਾ ਪੁਰਾਣਾ ਹੋ ਗਿਆਂ! ਰਾਜ਼ ਸੁਣੋ !! ਸੱਚ ਲਿਖੋ, ਬਹੁਤਾ ਪੜ੍ਹੋ (ਮਿਹਨਤ ਕਰੋ), ਘੱਟ ਲਿਖੋ, ਦਿਮਾਗ਼ ਦੀ ਸੁਣੋ, ਦਿਲ ਦੀ ਕਰੋ। ਇਸ਼ਤਿਹਾਰਬਾਜ਼ੀ ਤੋਂ ਬਚੋ

**? ਹੁਣ ਕੋਈ ਉਹ ਗੱਲ ਦੱਸੋ ਜੋ ਮੈਂ ਤੁਹਾਨੂੰ ਪੁੱਛ ਨਾ ਸਕਿਆ ਹੋਵਾਂ ਤੇ ਤੁਸੀਂ ਸਮਝ ਹੋ ਕਿ ਇਹ ਵੀ ਪਾਠਕਾਂ ਦੇ ਧਿਆਨ ਗੋਚਰੇ ਲਿਆਉਣ ਵਾਲੀ ਹੈ ?**

- ਸਤਨਾਮ ਜੀ, ਤੁਸੀਂ ਕਾਫ਼ੀ ਕੁਝ ਪੁੱਛ ਲਿਆ ਹੈ। ਦਾਸ ਨੇ ਆਪਣੇ ਵਿਵਹਾਰ ਅ ਵਿਅਕਤਿਤਵ ਦੀ ਸਚਾਈ ਬਾਰੇ ਆਪਣੀਆਂ ਗ਼ਜ਼ਲਾਂ ਅਤੇ ਨਜ਼ਮਾਂ ਵਿਚ ਬਹੁਤ ਕੁਝ ਲਿਖਿਆ ਹੋਇਆ ਹੈ। ਲੱਭਣ ਵਾਲੇ, ਬਾਕੀ ਰਹਿ ਗਈ ਗੱਲ ਉਨ੍ਹਾਂ ਵਿਚੋਂ ਲੱਭ ਲੈਣਗੇ। ਤੁਸੀਂ, ਮੈਨੂੰ ਇ ਮੁਲਾਕਾਤ ਦੇ ਯੋਗ ਸਮਝਿਆ ਇਸ ਲਈ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ।

**ਸਤਨਾਮ ਢਾਅ: ਗੁਰਨਾਮ ਜੀ, ਧੰਨਵਾਦ। ਤੁਸੀਂ ਇਸ ਮੁਲਾਕਾਤ ਲਈ ਸਮਾਂ ਕੱ ਕੇ ਬਹੁਤ ਹੀ ਸਹਿਜ ਧੀਰਜ ਨਾਲ ਗੱਲਬਾਤ ਕੀਤੀ। ਆਪਣੀ ਜ਼ਿੰਦਗੀ ਦੇ ਮਿੱਠੇ ਕੌ ਅਨੁਭਵ ਸਾਂਝੇ ਕੀਤੇ।** 000

***( 303 Aspen Ridge Pl SW, Calgary, Alberta T3H 1T2, Canad***

***Email: satnam.dhah@gmail.co***

***Ph.+1- 403-285-609***



# ਸਿੱਖ ਸਿਆਸਤ ਦੀ ਵੰਗਾਰ: ਲੇਖ: ਸੁਰਜੀਤ ਹਾਂਸ

ਪ੍ਰੇਮ ਭਾਟੀਆ 'ਟ੍ਰਿਬਿਊਨ' ਦਾ ਐਡੀਟਰ ਹੁੰਦਾ ਸੀ ਤਾਂ ਕਿਸੇ ਦਿਨ ਖਾਲਿਸਤਾਨ ਦੇ ਖ਼ਤਰੇ ਦੀ ਖਬਰ ਛਪਣੀ ਤਾਂ ਦੂਜੇ ਦਿਨ ਖ਼ਬਰ ਲੱਗਣੀ ਕਿ ਖਾਲਿਸਤਾਨੀ ਤਰੱਦਦ ਠੁੱਸ ਹੋ ਗਿਆ। ਮਰਹੂਮ ਹਰਭਜਨ ਹਲਵਾਰਵੀ ਨੇ ਕਹਿਣਾ ਕਿ ਖਾਲਿਸਤਾਨ ਬਣੇ ਚਾਹੇ ਨਾ ਬਣੇ ਪਰ ਭਾਟੀਏ ਨੇ ਜ਼ਰੂਰ ਬਣਾ ਦੇਣਾ ਹੈ।

ਹੁਣ ਵੀ ਖਾਲਿਸਤਾਨ ਦਾ ਖਤਰਾ ਕਨੇਡਾ ਵਿਚ ਰਹਿੰਦਾ ਹੈ। ਜੇ ਕਨੇਡਾ ਵਿਚ ਸਿੱਖ ਵਜ਼ੀਰ ਬਣੇ ਹਨ ਤਾਂ ਉਹਨਾਂ ਦੀ ਉਪਾਧੀ ਦਾ ਤੁਅੱਲਕ ਕਨੇਡਾ ਦੀ ਪਰਿਸਥਿਤੀ ਨਾਲ ਹੋਣਾ ਹੈ, ਨਾ ਕਿ ਪੰਜਾਬ 'ਚ ਖਾਲਿਸਤਾਨ ਬਣਾਉਣ ਨਾਲ। ਉਂਝ ਭਾਰਤੀ ਮੂਲ ਦੇ ਬੰਦਿਆਂ ਦੀਆਂ ਕਨੇਡਾ ਅਮਰੀਕਾ ਵਿਚ ਨਿੱਕੀਆਂ ਮੋਟੀਆਂ ਪ੍ਰਾਪਤੀਆਂ ਦੀਆਂ ਖ਼ੁਸ਼ਖਬਰੀਆਂ ਛਪਦੀਆਂ ਰਹਿੰਦੀਆਂ ਹਨ।

ਮੇਰਾ ਸੰਦੇਹ ਹੈ ਕਿ ਵਸੋਂ ਅਤੇ ਮਹੱਤਤਾ ਦੇ ਅਨੁਪਾਤ ਤੋਂ ਬਾਹਰਾ ਸਿੱਖਾਂ ਦਾ ਕਿਉਂ ਚਰਚਾ ਹੁੰਦਾ ਰਹਿੰਦਾ ਹੈ? ਗੈਰ-ਸਿੱਖਾਂ ਨੂੰ ਕੋਈ ਤਕਲੀਫ਼ ਮਹਿਸੂਸ ਹੋ ਰਹੀ ਹੈ ਜਿਹੜੀ ਸਿੱਖਾਂ ਲਈ ਖ਼ਤਰਨਾਕ ਹੈ।

ਪੱਕੇ ਪ੍ਰਤਿਕਰਮ ਜਾਂ ਰਵਯੀਏ ਦੀ ਗੱਲ ਹੈ। ਕੋਈ ਅਖ਼ਬਾਰ, ਵਕਤਾ, ਲਿਖਾਰੀ ਜਦੋਂ '84 ਦੇ ਸਿੱਖ-ਵਿਰੋਧੀ ਦੰਗਿਆਂ ਦਾ ਜ਼ਿਕਰ ਕਰਦਾ ਹੈ ਤਾਂ ਨਾਲ ਹੀ ਅਵੱਸ਼ 'ਇੰਦਰਾ ਗਾਂਧੀ ਦੇ ਕਤਲ ਮਗਰੋਂ' ਲਿਖਦਾ ਹੈ। ਕੋਈ ਨਹੀਂ ਲਿਖਦਾ 'ਇੰਦਰਾ ਗਾਂਧੀ ਦਾ ਕਤਲ ਦਰਬਾਰ ਸਾਹਿਬ ਉੱਤੇ ਹਮਲੇ ਮਗਰੋਂ'। ਮੇਰੇ 'ਤੇ ਇਲਾਜ਼ਾਮ ਲੱਗੇਗਾ ਜੋ ਮੈਂ ਇੰਦਰਾ ਦੇ ਕਤਲ ਨੂੰ ਠੀਕ ਸਮਝਦਾਂ। ਮੇਰਾ ਵੀ ਏਹੀ ਇਲਜ਼ਾਮ ਹੈ ਜੋ '84 ਦੇ ਦੰਗਿਆਂ ਨੂੰ ਇੰਦਰਾ ਗਾਂਧੀ ਦੇ ਕਤਲ ਮਗਰੋਂ ਕਹਿਣ ਵਾਲੇ ਇਹਨਾਂ ਨੂੰ ਜਾਇਜ਼ ਠਹਿਰਾਉਂਦੇ ਹਨ।

ਸਿਤਮ ਜ਼ਰੀਫ਼ੀ ਦੀ ਗੱਲ ਹੈ ਕਿ ਘੜੀ ਮੁੜੀ '84 ਦੀ ਤਫ਼ਤੀਸ਼ ਕਰਵਾਉਣ ਦੇ ਬਿਆਨਾਂ ਨਾਲ ਸਿੱਖਾਂ 'ਤੇ ਅਹਿਸਾਨ ਕਰਦੇ ਹਨ। ਪਰ ਚਿੱਲਰ, ਚਿੱਟੀਸਿੰਘਪੁਰਾ ਬਾਰੇ ਬਿਆਨ ਦੇਣ ਜਾਂ ਤਫ਼ਤੀਸ਼ ਕਰਾਉਣ ਤੋਂ ਸ਼ਰਮਾਉਂਦੇ ਹਨ।

ਸਿੱਖ ਸਿਆਸਤ ਦੀ ਵੰਗਾਰ ਉਸ ਰਾਸ਼ਟਰੀ ਤੱਥ ਤੋਂ ਬਚ ਕੇ ਰਹਿਣਾ ਹੈ। ਨਾਲੇ ਰਾਜਨੀਤੀ ਦੀਆਂ ਪਰਿਸਥਿਤੀਆਂ ਹੋਰ ਬਦਲ ਗਈਆਂ ਹਨ।

ਕੌਮ ਤਾਂ ਜਨ ਦੀ ਹੁੰਦੀ ਹੈ, ਰਿਆਸਤ ਸਰਕਾਰ ਦੀ। ਕੌਮੀ ਰਿਆਸਤ ਦਾ ਮੁੱਢ ਯੌਰਪ ਵਿਚ 1648 ਦੇ ਵੈੱਸਟਫੇਲੀਆ (westphalia) ਦੇ ਸਮਝੌਤੇ ਨਾਲ ਸ਼ੁਰੂ ਹੋਇਆ। ਰਿਆਸਤਾਂ ਨੇ ਇਕ ਦੂਜੇ ਵਿਚ ਦਖ਼ਲ ਦੇਣਾ ਬੰਦ ਕਰ ਦਿੱਤਾ ਜੋ ਰਿਆਸਤ ਆਪਣੀ ਸਵੈਨਿਯਮਤਾ (autonomy) ਅਨੁਸਾਰ ਆਪਣਾ ਕਾਰੋਬਾਰ ਚਲਾ ਸਕਦੀ ਸੀ। ਇਹਦੇ ਦੋ ਫੌਰੀ ਪਰਿਣਾਮ ਸੀ, ਇਕ ਤਾਂ ਇਹ ਆਪਣੇ ਭੂਖੰਡ 'ਤੇ ਸਾਂਝੇ ਤੌਰ ਤਰੀਕੇ ਦਾ ਰਾਜ ਚਲਾਉਣ ਲੱਗੀ, ਦੂਸਰੇ ਰਿਆਸਤੀ ਕਾਰਵਾਈ ਸਮਾਜ ਵਿਚ ਵਧੇਰੇ ਡੂੰਘੀ ਹੁੰਦੀ ਗਈ। ਅਮਰੀਕਾ ਦੀ 1776 ਦੀ ਸੁਤੰਤਰਤਾ ਅਤੇ ਫਰਾਂਸੀਸੀ ਇਨਕਲਾਬ 1789 ਨੇ ਦੁਨੀਆ ਵਿਚ ਰਾਸ਼ਟਰਵਾਦ ਦਾ ਹੀ ਲਕਸ਼ ਬਣਾ ਦਿੱਤਾ। ਇਸੇ ਵਿਚ ਕੌਮੀ ਸਵੈ-ਭਾਵਨ (national self-determination) ਦਾ ਵਿਕਲਪ ਉਪਜਿਆ ਜੋ ਕੋਈ ਜਨ-ਸਮੂਹ ਆਪਣਾ ਦੇਸ਼ ਬਣਾ ਸਕਦਾ ਹੈ ਜੇ ਉਹ ਕੌਮ ਦਾ ਰੂਪ ਧਾਰਦਾ ਹੈ। ਦੂਸਰੇ ਕੌਮੀ ਰਿਆਸਤ ਜਾਂ ਰਾਸ਼ਟਰ ਸਰਵ-ਸ਼ਕਤੀਮਾਨ ਹੋ ਗਿਆ ਜੋ ਆਪਣੇ ਖੰਡ ਵਿਚ ਕਿਸੇ ਬਾਹਰੀ

ਰੁਕਾਵਟ ਜਾਂ ਦਖਲ ਤੋਂ ਮੁਕਤ ਸੀ। ਇਹਦੇ ਤਿੰਨ ਮੁੱਖ ਗੁਣ ਸਨ ਦੇਸ਼ (space) ਦੀ ਖੰਡ-ਬੰਦੀ (ਹੱਦਬੰਦੀ) ਅਤੇ ਆਬਾਦੀ ਦੀ ਮਿਥਿਤ ਸਮਾਨ-ਭਾਵਨਾ। ਕਲਪਿਤ ਸਮਾਨ-ਭਾਵਨਾ ਪੂਰੀ ਸੂਰੀ ਨਾ ਹੋਵੇ ਪਰ ਤਰੀਕਾ-ਇ-ਜ਼ਿੰਦਗੀ ਜਾਂ ਸੰਸਕ੍ਰਿਤੀ ਦਾ ਪਹਿਰਨ ਇਹਦੀ ਪੂਰਤੀ ਨਜ਼ਰ ਆਉਂਦੀ ਸੀ। ਵਸੋਂ ਦੀ ਸਮਾਨ-ਭਾਵਨਾ ਦਾ ਕੋਈ ਵਿਚਾਰ ਨਹੀਂ ਸੀ।

ਪੂਰਵ-ਰਾਸ਼ਟਰ ਸਮਾਜ ਵਿ-ਲੌਕਿਕ (ethnic) ਭਿੰਨਤਾ ਦਾ ਸੰਗ੍ਰਹਿ ਸੀ ਜਿਸ ਦੀ ਸਮ-ਦ੍ਰਿਸ਼ਤਾ ਦੀ ਕੋਈ ਲੋੜ ਨਹੀਂ ਸੀ, ਨਾ ਜੀਵਨ ਦੇ ਵਿਹਾਰ ਦੀ ਸਮਾਨਤਾ ਦਾ ਲਕਸ਼ ਸੀ। ਰਾਸ਼ਟਰੀ ਰਿਆਸਤ ਨੇ ਹੌਲ਼ੀ-ਹੌਲ਼ੀ ਦੇਸ਼ 'ਚ ਸੰਸਕ੍ਰਿਤਕ ਭਿੰਨਤਾ ਘਟਾ ਲਈ, ਨਾਲੇ ਇਹਦੇ ਉਲਟ ਅੰਤਰ-ਰਾਸ਼ਟਰੀ ਭਿੰਨਤਾ ਵਧਾ ਲਈ ਜੋ ਹਰਿਕ ਦੇਸ਼ ਦੀ ਆਪਣੀ ਵਿਲੱਖਣ ਕਲਚਰ (culture) ਹੋ ਗਈ।

ਰਾਸ਼ਟਰਵਾਦ ਦੀ ਦੂਸਰੀ ਸਟੇਜ ਦੋ ਵਿਸ਼ਵ ਜੰਗਾਂ ਵਿਚਕਾਰ (1918-45) ਦੀ ਹੈ। ਇਕ ਤਾਂ ਤਿੰਨ ਸਾਮਰਾਜ ਹੈਬਸਬਰਗ (ਜਰਮਨ), ਉਸਮਾਨ (ਤੁਰਕੀ) ਅਤੇ ਰੂਸ ਦਾ ਸਾਮਰਾਜ ਜਾਂਦੇ ਲੱਗੇ, ਜਿਹਨਾਂ ਦੀ ਥਾਉਂ ਕਈ ਰਾਸ਼ਟਰਾਂ ਨੇ ਲੈ ਲਈ। ਪਰ ਸਮੁੰਦਰ-ਆਧਾਰਤ ਸਾਮਰਾਜ ਅੰਗਰੇਜ਼ੀ, ਫਰਾਂਸੀਸੀ ਵਧੇਰੇ ਮਹੱਤਵਪੂਰਨ ਹੋ ਗਏ। ਇਹਨਾਂ ਦਾ ਰਾਸ਼ਟਰਵਾਦ ਖ਼ਵਾਸ, ਯਾਨੀ ਕੁਲੀਨ (elite) ਦੀ ਉਪਜ ਸੀ ਜੋ ਅਵਾਮ (ਵਸੋਂ) ਨੇ ਗ੍ਰਹਿਣ ਕਰ ਲਿਆ। ਮਹੱਤਵਪੂਰਨ ਤੱਥ ਹੈ ਕਿ ਦੂਜੀ ਸਟੇਜ ਦਾ ਰਾਸ਼ਟਰਵਾਦ ਪਾਰ-ਵਿਚਾਰਧਾਰਾ (trans-ideological) ਸੀ ਜਿਸ 'ਤੇ ਲੈਨਿਨ ਅਤੇ ਵੁਡਰੋ ਵਿਲਸਨ ਸਹਿਮਤ ਸਨ। ਜੋ ਰਾਸ਼ਟਰੀ ਰਿਆਸਤਾਂ (states) ਦੀ ਗਿਣਤੀ ਵਿਚ ਡਰਾਮਾਈ ਵਾਧਾ ਹੋਇਆ, ਨਾਲੇ ਆਪਸੀ ਨਿਰਭਰਤਾ ਵੀ ਹੋ ਗਈ। League of Nation ਨੇ ਰਾਜਨੀਤੀ-ਕਲਾ ਦੇ ਨਿਯਮ ਅਤੇ ਇਹਦੀ ਬੁਨਿਆਦ ਦੀਆਂ ਜ਼ਰੂਰੀ ਸ਼ਰਤਾਂ ਉਲੀਕੀਆਂ। ਆਪਸੀ ਨਿਰਭਰਤਾ ਇਹਨਾਂ ਦੀ ਸਮਾਕਾਰਤਾ (isomorphism) ਤੋਂ ਨਜ਼ਰ ਆਉਂਦੀ ਹੈ ਜੋ ਮੁਲਕਾਂ ਦੀ ਵਿੱਦਿਆ, ਆਰਥਿਕਤਾ ਅਤੇ ਤਕਨੀਕ-ਤੰਤਰ (ਜੁਗਤ-ਪ੍ਰਣਾਲੀ) ਇਕੋ ਜਿਹੇ ਹੋ ਗਏ।

ਰਾਸ਼ਟਰਵਾਦ ਦੀ ਭਾਵਕ ਗਹਿਰਾਈ ਨੇ ਦੇਸ਼ (space) ਦੇ ਪ੍ਰਤੱਖਣ ਅਰਥਾਤ ਗ੍ਰਹਣ 'ਚ ਫਰਕ ਪਾਇਆ। ਪੂਰਵ-ਰਾਸ਼ਟਰੀ ਗ੍ਰਹਣ ਸਮਾਜ-ਵਿਗਿਆਨਕ ਸੀ, ਜਿਵੇਂ ਵਾਰਿਸ ਸ਼ਾਹ ਕੇਵਲ ਵਸਦੇ ਸਥਾਨ ਨੂੰ ਹੀ ਦੇਸ਼ (ਵਤਨ) ਸਮਝਦਾ ਹੈ ਅਤੇ ਜੰਗਲ ਨੂੰ ਜਹਾਨ ਤੋਂ ਬਾਹਰਾ ਮੰਨਦਾ ਹੈ। ਰਾਸ਼ਟਰਵਾਦ ਨੇ ਵਸਦੀ ਅਤੇ ਉਜਾੜ ਨੂੰ ਇਕੋ ਸਪੇਸ 'ਚ ਰੱਖ ਦਿੱਤਾ, ਜਿਸ ਵਿਚ ਨਕਸ਼ਾ-ਕਸ਼ੀ ਦੀ ਵਿੱਦਿਆ (cartography) ਨੇ ਸਹਾਇਤਾ ਕੀਤੀ। ਰਾਸ਼ਟਰਵਾਦ ਦਾ ਉਦੇਸ਼ ਆਪਣੀ ਸਪੇਸ ਅਰਥਾਤ ਇਲਾਕੇ ਨੂੰ ਵੱਧ ਤੋ ਵੱਧ ਅਪਣਾਉਣਾ ਸੀ ਜੋ ਸਪੇਸ ਦੀ ਭਿੰਨਤਾ ਨਾ ਰਹੀ ਪਰ ਸਾਮਾਨਯ ਹੋ ਗਈ। ਪੂਰਵ-ਰਾਸ਼ਟਰ ਸਪੇਸ ਵਿਚ ਸਾਮਾਰਾਜਾਂ ਵਿਚਕਾਰ ਅਨਿਸ਼ਚਤ ਇਲਾਕੇ ਹੁੰਦੇ ਸੀ ਜਿਹਨਾਂ ਦੇ ਅਖੌਤੀ ਵਾਰਿਸ ਸਥਾਨਕ ਲੋਕ ਹੀ ਸਨ। ਇਹਦੀ ਅੱਜੋਕੀ ਮਿਸਾਲ ਕਾਰਗਿਲ ਹੈ ਜਿਸ ਦੀ ਖਾਤਰ ਹਿੰਦ ਪਾਕਿਸਤਾਨ ਦੀ ਲੜਾਈ ਹੋਈ, ਕਿਉਂ ਜੋ ਇਹ ਨਕਸ਼ੇ ਤੋਂ ਬਾਹਰਾ ਸੀ. ਉਹ ਵੀ ਇਸ ਕਰਕੇ ਜੋ ਇੱਥੇ ਕਿਸੇ ਨੇ ਕੀ ਕਰਨ ਜਾਣਾ ਹੈ।

ਜਿੱਥੇ ਪੱਛਮੀ ਯੌਰਪੀ ਦੇਸ਼ਾਂ ਦਾ ਰਾਸ਼ਟਰੀ ਵਿਕਾਸ ਸਮ-ਉਪਜ ਸੀ, ਉੱਥੇ ਦੂਜੀ ਸਟੇਜ ਦੇ ਰਾਸ਼ਟਰ ਸੋਚ-ਵਿਚਾਰ ਆਧਾਰਤ, ਮਸਨੂਈ (ਬਨਾਵਟੀ) ਢਾਂਚੇ ਉੱਤੇ ਖੜ੍ਹੇ ਹੋਏ ਜਿਹੜੇ ਹੌਲ਼ੀ-ਹੌਲ਼ੀ, ਹੀਣ-ਵਾਧਿਆਂ ਨਾਲ ਸਵੈ-ਉਤਪੰਨ ਨਹੀਂ ਹੋਏ। ਨਤੀਜੇ ਵਜੋਂ ਇਹਨਾਂ ਦਾ ਸਮ-ਭਾਵ ਅਣ-ਚਿੰਤਤ, ਅਕਸਮਾਤੀ, ਨਿਯਮ-ਹੀਣ ਹਾਲਾਤ ਦੀ ਪੈਦਾਵਾਰ ਨਹੀਂ ਸੀ। ਰਿਆਸਤ ਨੇ ਸਰਗਰਮੀ ਨਾਲ ਆਪਣੀ ਆਬਾਦੀ ਦੀਆਂ ਸਾਂਝੇਦਾਰੀਆਂ ਤੋੜ ਕੇ ਇਹਦੀ ਭਾਸ਼ਾ ਅਤੇ ਕਾਨੂੰ ਰਾਹੀਂ ਸਮ-ਹੋਂਦ ਬਣਾਈ ਜੋ ਵਪਾਰ, ਆਵਾਜਾਈ ਅਤੇ ਸੰਚਾਰ ਇਹਦੇ ਸਹਾਈ ਹੋਏ। ਸਮ-



ਭਾਵਨ ਦਾ ਕਾਰਜ ਵਿਲੋਕਾਂ (ethnic) ਦਾ ਮਜਬੂਰੀ ਜਾਂ ਇੱਛਤ ਪਰਵਾਸ ਵਰਤਾ ਕੇ ਕੀਤਾ। ਇਹਦੀ ਖ਼ਾਤਰ ਚਿੰਨ੍ਹਾਤਮਕ (symbolic), ਵਿੱਦਿਅਕ, ਸੰਚਾਰੀ ਉਦਮਾਂ ਦੀ ਲੋੜ ਪਈ ਜਿਸ ਦੀ ਤੋੜ ਜਨ-ਘਾਤ (genocide) ਸੀ। ਭਾਵੇਂ ਆਬਾਦੀ ਦਾ ਸਮ-ਭਾਵਨ ਹੁੰਦਾ ਰਿਹਾ ਪਰ ਵਿਸ਼ਵ ਦਾ ਕੌਮ-ਰਿਆਸਤੀ ਪ੍ਰਬੰਧ ਵਧੇਰੇ ਪ੍ਰਤੱਖ ਹੋ ਗਿਆ।

ਕੌਮ-ਰਿਆਸਤੀ (nation state) ਸੰਸਥਾ ਦੀ ਤੀਸਰੀ ਸਟੇਜ ਸਮਾਜਵਾਦ ਦੇ ਪਤਨ ਅਤੇ ਬਸਤੀਵਾਦ (colonialism) ਤੋਂ ਛੁਟਕਾਰੇ ਵਾਲੇ ਦੇਸ਼ਾਂ ਦੀ ਹੈ ਜਿਹਨਾਂ ਬਾਰੇ ਇਹੀ ਕਹਿਣਾ ਯੋਗ ਹੈ ਜੋ- *'ਅਸਹੁ ਸ੍ਰ ਨਾਉ ਸਮੁੰਦ੍ਰ ਮਹਿ'* ਹੈ।

0 0 0

ਦੂਜੀ ਸਟੇਜ ਦੇ ਰਾਸ਼ਟਰਵਾਦ ਦਾ ਮੁੱਖ ਲੱਛਣ ਅਲਪਾਂ (minorities) ਦੀ ਸਮਾਪਤੀ ਹੈ। ਇਹਦੀ ਇਤਿਹਾਸਕ ਉਪਜ 1912-13 ਦੀ ਉਸਮਾਨੀ ਸਾਮਰਾਜ ਅਤੇ ਬਲਕਾਨ (ਦੱਖਣ-ਪੂਰਬੀ ਯੌਰਪ) ਦੀ ਜੰਗ ਸੀ ਜਿਸ ਵਿਚ ਥਰੇਸ (Thrace) ਤੋਂ ਬਿਨਾਂ ਯੌਰਪ 'ਚ ਉਸਮਾਨੀ ਦਖਲ ਨਾ ਰਿਹਾ ਜੋ ਬਲਕਾਨ (Balkan) 'ਚ ਮੁਸਲਮਾਨ ਵੀ ਮੁੱਕ ਗਏ। ਸਨ 1914 ਵਿਚ ਹਾਰੇ ਤੁਰਕੀ ਨੇ ਜਰਮਨੀ ਦਾ ਸਾਥ ਦਿੱਤਾ।

ਸਨ 1919 ਵਿਚ ਬਰਤਾਨੀਆ ਨੇ ਯੂਨਾਨ ਤੋਂ ਤੁਰਕੀ 'ਤੇ ਹਮਲਾ ਕਰਵਾ ਦਿੱਤਾ ਜਿਸ ਦੇ 1922 ਦੇ ਪ੍ਰਤਿਕਰਮਨ ਨੇ ਯੂਨਾਨੀਆਂ ਨੂੰ ਹਰਾ ਦਿੱਤਾ ਜੋ ਪਿੱਛੇ ਹਟਦੇ ਯੂਨਾਨੀ ਮੁਸਲਮਾਨੀ ਆਬਾਦੀ ਨੂੰ ਲੁੱਟਦੇ, ਮਾਰਦੇ, ਜਲਾਉਂਦੇ ਰਹੇ। ਸਮਿਰਨਾ (smyrna) ਬੰਦਰਗਾਹ 'ਤੇ ਤੁਰਕਾਂ ਨੇ ਉਹ ਕੁਝ ਕੀਤਾ ਜੋ ਉਹਨਾਂ ਨਾਲ ਹੁੰਦਾ ਆਇਆ ਸੀ। ਬਰਤਾਨੀਆ ਦੇ 21 ਜੰਗੀ ਜਹਾਜ਼ ਨਿੱਸਲ ਖੜ੍ਹੇ ਰਹੇ। ਝੂਠੀ ਆਸ ਤਾਂ ਉਹਦੇ ਵੱਲੋਂ ਜੰਗ 'ਚ ਮਦਦ ਦੀ ਸੀ ਜਿਹਨਾਂ ਕਿਸੇ ਡੁੱਬਦੇ ਯੂਨਾਨੀ ਨੂੰ ਬਚਾਇਆ ਵੀ ਨਾ। ਅੰਦਾਜ਼ਾ ਹੈ ਦੋ ਹਫ਼ਤਿਆਂ 'ਚ ਕੋਈ 30 ਹਜ਼ਾਰ ਯੂਨਾਨੀ, ਆਰਮੀਨੀਅਨ (Armenian) ਮਾਰੇ ਗਏ।

ਜਨ-ਘਾਤ (genocide) ਲਈ 'ਵਿ-ਲੌਕਿਕ ਸਫ਼ਾਈ' ethnic cleansing ਦਾ ਸ਼ਬਦ ਮਨੋਵਿਗਿਆਨਿਕ ਵੀ ਹੈ ਜੋ ਬਹੁ-ਗਣ ਦੇ ਅਲਪ ਪ੍ਰਤੀ ਰਵੱਈਏ ਦਾ ਲਖਾਇਕ ਹੈ। ਇਹਦੇ ਲਈ ਤੁਰਕਮਿਨਸਤਾਨੀ ਲਫ਼ਜ਼ 'ਤਸਫ਼ੀਆ'' ਹੈ ਜੋ ਦੋ ਧਿਰਾਂ ਦੇ 'ਫੈਸਲੇ' ਨੂੰ ਵੀ ਕਹਿੰਦੇ ਹਨ। ਸੋ ਜਨ-ਘਾਤ ਤਾਂ ਅਲਪ-ਬਹੁਗਣ ਦਾ ਠੀਕ ਫੈਸਲਾ ਕਰ ਦਿੰਦਾ ਹੈ।

ਜਨ-ਘਾਤ ਲਈ ਜ਼ਰੂਰੀ ਸ਼ਰਤ ਹੈ ਜੋ ਅਲਪ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਿਆ ਜਾਵੇ ਜੋ ਅੱਗੇ ਜਾ ਕੇ ਅਲਪ ਨੂੰ ਧ੍ਰੋਹੀ ਬਣਾ ਦਿੰਦੀ ਹੈ।

ਇਹਦੇ ਲਈ ਪਹਿਲੀ ਵਿਸ਼ਵ ਜੰਗ ਦੇ ਡਰਾਮਾਈ ਖ਼ਾਤਮੇ ਨੇ ਯੋਗਦਾਨ ਪਾਇਆ। ਰੂਸੀ ਇਨਕਲਾਬ ਕਾਰਨ ਡਿੱਗੀ ਜ਼ਾਰ-ਸ਼ਾਹੀ ਨੂੰ ਜਰਮਨੀ ਨੇ ਆਪਣੀ ਜਲਦ ਹੋਣਹਾਰ ਵਿਜਯ ਸਮਝਿਆ ਪਰ ਕੁਝ ਮਹੀਨਿਆਂ 'ਚ ਸ਼ਿਕਸਤ ਖਾ ਗਿਆ ਜੋ ਮੁਲਕ ਨੂੰ ਸਮਝ ਨਾ ਲੱਗੇ, ਖਾਸਕਰ ਉਸ ਭੂਦ੍ਰਿਸ਼ ਵਿਚ ਜੋ ਪ੍ਰਾਜਿਤ ਜਰਮਨੀ ਵਿਚ ਜਯਤਾ-ਸੰਘ ਦਾ ਕੋਈ ਸਿਪਾਹੀ ਵੀ ਨਜ਼ਰ ਨਹੀਂ ਆਉਂਦਾ ਸੀ। ਤਾਂ ਹੀ ਮਨੋਵਿਗਿਆਨ ਬਣ ਗਿਆ ਕਿ ਜਰਮਨੀ ਨਹੀਂ ਹਾਰਿਆ ਜੋ ਵਿਜਯ ਅੰਦਰੂਨੀ ਦੁਸ਼ਮਣ (internal enemy) ਦੀ ਹੋਈ ਹੈ। ਇਹਦੇ 'ਤੇ ਅਮਲ ਕਰਦਿਆਂ ਜਰਮਨੀ ਨੇ ਅੰਦਰੂਨੀ ਦੁਸ਼ਮਣ ਨੂੰ ਦੂਸਰੀ ਵਿਸ਼ਵ ਜੰਗ ਤਕ ਅੰਤ ਵਿਚ ਮਾਰਿਆ।

ਹੋਰ ਮੁਲਕਾਂ ਨੇ ਵੀ ਅਲਪਾਂ 'ਤੇ ਧ੍ਰੋਹ ਦਾ ਪੋਸ਼ਾਕਾ ਪਾ ਦਿੱਤਾ। ਇੰਝ ਦੂਸਰੀ ਸਟੇਜ ਦਾ ਰਾਸ਼ਟਰਵਾਦ ਨਸਲ-ਪਰਸਤ (racialise) ਜਾਂ ਖਾਸ ਮਜ਼ਹਬ-ਦੁਸ਼ਮਣ ਹੋ ਗਿਆ। ਬਹੁਤ ਹੀ ਅੱਜੋਕੇ ਸਮੇਂ ਵਿਚ ਵਿਦਵਾਨਾਂ ਨੇ ਰਾਸ਼ਟਰਵਾਦ ਦੇ ਕਲੂ-ਕਾਲੇ ਪੱਖ ਨੂੰ ਉਘਾੜਿਆ ਹੈ। ਸ਼ੁਰੂ ਵਿਚ ਰਾਸ਼ਟਰਵਾਦ ਮੁਕਤੀ-ਪਰਾਇਣ (redemptive) ਸੀ ਜਿਸ ਦਾ ਆਦਰਸ਼ਵਾਦੀ (egalitarian-

ism) ਦਾ ਪੱਖ ਸੀ ਜੋ ਹਰਿਕ ਨਾਲ ਏਕਤਾ ਵਾਲਾ ਸਮਾਜੀ, ਆਰਥਿਕ ਅਤੇ ਵਿਹਾਰਕ ਬਰਤਾਉ ਕਰਨਾ ਹੈ।

0 0 0

ਸਿੱਖ ਸਿਆਸਤ 'ਤੇ ਨਵਾਂ ਪ੍ਰਭਾਵ ਪਿਆ ਹੈ ਜਿਹੜਾ ਪਹਿਲਾਂ ਅਸਰ-ਅੰਦਾਜ਼ ਨਹੀਂ ਸੀ। ਇਹ ਹੈ ਕਰਤਾਰਪੁਰ ਸਾਹਿਬ ਦੀ ਬਾਬੇ ਨਾਨਕ ਲਈ ਸ਼ਰਧਾ ਦੀ ਉਸਾਰੀ ਜੋ ਗੁਰਦੁਆਰੇ ਦੇ ਆਸੇ ਪਾਸੇ ਸਿੱਖ ਵਸੋਂ ਤੋਂ ਕਸਬਾ, ਕਸਬੇ ਤੋਂ ਸ਼ਹਿਰ ਬਣ ਜਾਂਦਾ ਹੈ। ਦੂਜਾ ਪਾਕਿਸਤਾਨ ਵਿਚ ਪੰਜਾਬੀ ਦੀ ਮਾਨਤਾ ਅਤੇ ਵਿਕਾਸ ਹੈ। ਪੰਜਾਬੀ ਸਾਹਿਤ ਲਈ ਸਭ ਤੋਂ ਵੱਡਾ ਇਨਾਮ ਦੇਣ ਵਾਲੀ ਕਨੇਡਾ ਦੀ 'ਢਾਹਾਂ' ਪੰਜਾਬੀ ਸੰਸਥਾ ਤਾਂ ਇਕ ਇਨਾਮ ਅਵਸ਼ ਫਾਰਸੀ ਲਿੱਪੀ ਵਿਚ ਛਪੀ ਕਿਤਾਬ ਯਾਨੀ ਪਾਕਿਸਤਾਨੀ ਪੰਜਾਬੀ ਲਈ ਦਿੰਦੀ ਹੈ। ਜੇ ਸਮੱਸਿਆ ਦਾ ਸਾਮਾਨਯ-ਕਰਨ (generalisation) ਕਰਨਾ ਹੋਵੇ ਤਾਂ ਇਹ ਸੀਮਾ ਪਾਰ ਸਹਾਨੁਭੂਤੀ ਹੈ। ਇਹਦੀ ਮਿਸਾਲ ਸੋਵੀਅਤ ਰੂਸ ਦੀ ਯੂਕਰੇਨ ਦੇ ਪੱਛਮੀ ਬਾਰਡਰ Marchlevsk Polish Autonomous Region, Paulin German Autonomous Region ਅਤੇ ਸੈਆਂ ਯਹੂਦੀ, ਪੋਲਿਸ਼ ਅਤੇ ਜਰਮਨ ਨਗਰ ਅਤੇ ਗ੍ਰਾਮ ਕੌਂਸਲਾਂ ਦੀ ਹੈ। ਉਹਨਾਂ ਵਰਗੀ ਅਲਪ ਹੋਣੀ ਅਟੱਲ ਨਹੀਂ ਪਰ ਵਰਤ ਸਕਦੀ ਹੈ, ਜੋ ਅਜਿਹੇ ਪੱਖ ਦਾ ਸਿੱਖ ਚਿੰਤਕਾਂ ਨੂੰ ਫਿਕਰ ਹੋਣਾ ਚਾਹੀਦਾ ਹੈ। ਸੋਵੀਅਤ ਰੂਸ ਨੇ ਇਹ ਸੁਨਿਯਮੀ (autonomous) ਸੰਸਥਾਵਾਂ ਇਸ ਲਈ ਬਣਾਈਆਂ ਸੀ ਜੋ ਦੁਨੀਆ ਵੇਖ ਲਏ ਕਿ ਰੂਸ ਵਿਚ ਅਲਪਾਂ 'ਤੇ ਹੋਰ ਮੁਲਕਾਂ ਵਾਂਗੂੰ ਬਹੁ-ਗਣ ਜਾਂ ਕੁਲੀਨ ਵਰਗ ਦਾ ਧੱਕਾ ਨਹੀਂ ਹੁੰਦਾ। ਆਪਣੇ ਵੇਲੇ ਇਹ ਪੱਛਮੀ ਜਗਤ ਵਿਚ ਪ੍ਰਗਤੀਸ਼ੀਲ-ਤਮ ਕੌਮੀਅਤ (nationality) ਦੀ ਪਾਲਸੀ (policy) ਸੀ।

'ਕੌਮੀਅਤ' ਰਾਸ਼ਟਰਤਾ (nationalism) ਨਹੀਂ ਸਗੋਂ ਰਾਸ਼ਟਰ ਬਹੁ-ਕੌਮੀਅਤੀ ਹੋ ਸਕਦਾ ਹੈ, ਸੀ ਵੀ, ਹੁਣ ਵੀ ਹਨ (ਮਿਸਾਲ ਵਜੋਂ ਕਨੇਡਾ, ਸਵਿਟਜ਼ਰਲੈਂਡ)।

ਮਾਰਸ਼ਲੈਵਿਸਕ (Marchlevsk) ਪੋਲਿਸ਼ ਸੁਨਿਯਮੀ ਇਲਾਕੇ ਦਾ ਕੇਂਦਰਬ ਣਿਆ ਜਿਸ ਦੀ 70 ਫ਼ੀਸਦੀ ਆਬਾਦੀ ਪੋਲ ਸੀ। ਸਾਲਿਵਿਚ (Saulevich) ਇਹਦਾ ਬਾਨੀ ਕਿਹਾ ਜਾ ਸਕਦਾ ਹੈ ਜੋ ਯੂਕਰੇਨ ਦੇ ਅਲਪ ਕੌਮੀਅਤ ਮਾਮਲਿਆਂ ਦੇ ਕਮਿਸ਼ਨ ਦਾ ਉਪ-ਨਿਰਦੇਸ਼ਕ ਸੀ।

ਸਨ 1930 ਵਿਚ ਸੋਵੀਅਤ ਪੋਲਿਸ਼ ਜੰਗ ਵਿਚ ਸੋਵੀਅਤ ਸਫ਼ਲਤਾ ਦੀ ਪੰਜਵੀਂ ਸਾਲਗ੍ਰਹ ਮਨਾਈ ਗਈ। ਉਸ ਜਰਨੈਲ ਨੇ ਪ੍ਰਮੁੱਖ ਭਾਸ਼ਨ ਦਿੱਤਾ ਜਿਸ ਨੇ 1920 ਵਿਚ ਪੋਲਿਸ਼ ਹਮਲੇ ਨੂੰ ਮਾਰਸ਼ਲੈਵਿਸਕ ਰੋਕ ਪਾਈ ਸੀ। ਨਾਲ ਦੇ ਜਰਮਨ ਪੁਲਿਨ (Pulin) ਜਰਮਨ ਸੁਨਿਯਮੀ ਜਰਮਨ ਇਲਾਕੇ ਦੇ ਮੁਖੀ ਨੇ ਕਿਹਾ ਜੋ ਹੁਣ ਸਾਡਾ ਪੁਰਾਣਾ ਦਲਦਲ ਵਾਲਾ ਨਿਰਾਸਾ, ਪਛੜਿਆ ਖੰਡ ਨਹੀਂ ਰਿਹਾ। ਮਾਰਸ਼ਲੈਵਿਸਕ ਦਾ ਅਖ਼ਬਾਰ ਉਦਮ, ਆਸ਼ਾਵਾਦ ਦਾ ਲਖਾਇਕ ਸੀ ਜੋ ਆਦਰਸ਼ਕ ਨਬਜ਼-ਤੇਜ਼ ਪ੍ਰੇਰਨਾ ਵਾਲਾ ਸੀ। ਭਾਵੇਂ ਪਦਾਰਥਕ ਗ਼ਰੀਬੀ ਸੀ ਪਰ ਕਲਪਨਾ ਦੀ ਅਮੀਰੀ ਸੀ।

ਸਾਲਿਵਿਚ 1897 ਵਿਚ ਪੋਲੈਂਡ ਦੇ ਕਰੈਸੀ ਖੰਡ ਵਿਚ ਕੁਲੀਨ ਘਰਾਣੇ 'ਚ ਪੈਦਾ ਹੋਇਆ ਜਿਸ ਨੇ ਆਪਣਾ ਜੀਵਨ ਕਿਰਸਾਨ ਮਜ਼ਦੂਰ ਦੀ ਖ਼ਿਦਮਤ ਲਈ ਅਰਪਨ ਕੀਤਾ ਸੀ। ਵਿਸ਼ਵ ਲੜਾਈ, ਰੂਸੀ ਇਨਕਲਾਬ, ਸੋਵੀਅਤ ਪੋਲੈਂਡ ਜੰਗ 1921 'ਚ ਮੁੱਕੀ ਜੋ ਯੂਕਰੇਨ ਦਾ ਸੱਜਾ ਪਾਸਾ ਬਾਲਸ਼ਵਿਕਾਂ ਦਾ ਹੋ ਗਿਆ, ਏਥੋਂ ਦੇ ਬਹੁਤ ਸਾਰੇ ਪੋਲ-ਭੂਪਤੀ ਪੋਲੈਂਡ ਭੱਜ ਗਏ ਅਤੇ ਕੁਝ ਸੋਵੀਅਤ ਇੰਤਜ਼ਾਮੀਏ 'ਚ ਰਲ ਗਏ।

ਪੋਲੈਂਡ 'ਚ ਲਿਖਾਰੀਆਂ ਦਾ ਕਰੈਸੀ ਸਕੂਲ (ਜੁੰਡੀ) ਪੈਦਾ ਹੋਇਆ ਜੋ ਪੋਲਿਸ਼ ਸੋਵੀਅਤ ਜੰਗ ਨੂੰ ਧਰਮ ਯੁੱਧ ਸਮਝਦਾ ਸੀ, ਈਸਾਈ ਕਿਸਾਨਾਂ ਨੂੰ ਪੂਰਬੀ ਕਾਫ਼ਿਰਾਂ ਤੋਂ ਬਚਾਉਣਾ ਸੀ, ਜੋ ਹੁਣ ਕਾਫ਼ਿਰ ਮਜ਼ਹਬੀ ਨਹੀਂ ਵਿਚਾਰਧਾਰਾ ਦੇ ਸੀ। ਕਰੈਸੀ ਚਿਤਰਕਾਰੀ ਵੀ ਸ਼ੁਰੂ ਹੋਈ ਜੋ ਨਦੀ



ਨਾਲਿਆਂ ਵਾਲੇ ਪਿੱਛੋ-ਦ੍ਰਿਸ਼ (background) ਵਿਚ ਉਪਜਾਊ ਧਰਤ 'ਤੇ ਯੁਵਤੀਆਂ ਸੁੱਤੀਆਂ ਪਈਆਂ ਹਨ।

ਸਾਲਿਵਿਚ 1914 ਵਿਚ ਖਾਰਕੋਵ (Kharkov) ਦੇ ਕ੍ਰਿਸ਼ੀ ਇੰਸਟੀਚਿਊਟ ਵਿਚ ਦਾਖ਼ਲ ਹੋ ਗਿਆ ਜੋ ਯੂਕਰੇਨ ਵਿਚ ਬਾਲਸ਼ਵਿਕ ਤਹਿਰੀਕ ਦਾ ਗੜ੍ਹ ਸੀ। ਸਾਲਿਵਿਚ ਆਪਣੀ ਭੋਇੰ ਭੁੱਲ ਪੋਲਿਸ਼ ਸੋਸ਼ਲਿਸਟ ਯੂਨੀਅਨ 'ਚ ਦਾਖ਼ਲ ਹੋ ਗਿਆ। ਲਾਲ ਫ਼ੌਜ ਨੇ ਉਹਦੇ ਜਮ-ਪਲ ਇਲਾਕੇ 'ਤੇ ਕਬਜ਼ਾ ਕਰ ਲਿਆ ਤਾਂ ਇਹ ਆਪਣੇ ਗ੍ਰਾਮ 'ਚ ਸੋਵੀਅਤੇ ਰਾਜ ਸਥਾਪਤ ਕਰਨ ਲਈ ਲਾਲ ਫ਼ੌਜ ਵਿਚ ਭਰਤੀ ਹੋ ਗਿਆ ਅਤੇ ਸ਼ਵੇਤ (ਕ੍ਰਾਂਤੀ-ਵਿਰੋਧੀ) ਫ਼ੌਜ ਖ਼ਿਲਾਫ਼ ਲੜਦਾ ਰਿਹਾ।

ਸਾਲਿਵਿਚ ਬਹੁਤ ਸੁਹਣੀ ਪੋਲਿਸ਼ ਅਤੇ ਰੂਸੀ ਲਿਖਦਾ ਸੀ। ਲਗਦਾ ਹੈ ਕਿ ਜਰਮਨ ਪੜ੍ਹ ਸਕਦਾ ਸੀ, ਸੰਭਵ ਹੈ ਕਿ ਯਿੱਡਿਸ਼ (ਯਹੂਦੀ ਭਾਖਾ) ਵੀ ਸਮਝ ਸਕਦਾ ਸੀ। ਉਹਨੇ ਰਫ਼ਲ ਛੱਡ ਕੇ ਜੋ ਕਲਮ ਧਾਰੀ ਤਾਂ ਹੋਰ ਸਾਥੀਆਂ ਵਾਂਗ ਟੁੱਟੇ, ਖਿੰਡੇ, ਅਨਪੜ੍ਹ, ਮੱਧ-ਯੁਗੀ ਲੋਕ ਦਾ ਸੁਧਾਰ ਕਰਨ ਲੱਗਿਆ; ਜ਼ਮੀਨ ਦਾ ਸੁਧਾਰ, ਫਸਲਾਂ ਦਾ ਤਬਾਦਲਾ, ਸਾਖਰਤਾ, ਅਰੋਗਤਾ ਅਤੇ ਸਫਾਈ।

ਭਾਸ਼ਾ ਜਾਂ ਕੌਮੀਅਤ ਦੇ ਸੁਨਿਯਮੀ ਖੰਡ ਬਣਾਉਣ ਲਈ ਜਨ ਦੀ ਕੌਮੀਅਤ ਨਿਰਧਾਰਤ ਕਰਕੇ ਉਹਨਾਂ ਦੀ ਗਿਣਤੀ ਕਰਨੀ ਪੈਂਦੀ ਸੀ। ਜਰਮਨਾਂ ਯਹੂਦੀਆਂ ਦੀ ਗਿਣਤੀ ਸੌਖੀ ਸੀ ਜੋ ਪਹਿਲੀ ਲੜਾਈ 'ਚ ਜ਼ਾਰ ਨੇ ਉਹਨਾਂ ਨੂੰ ਦੇਸ਼-ਬਦਰ ਕਰਨ ਦਾ ਹੁਕਮ ਦੇ ਦਿੱਤਾ ਸੀ। ਪੋਲ ਰੋਮਨ ਕੈਥੋਲਿਕ ਧਰਮ ਕਰਕੇ ਪਛਾਣੇ ਜਾਂਦੇ। ਬਾਕੀ ਥੋੜ੍ਹੇ ਜਾਂ ਬਹੁਤੇ ਯੂਕਰੇਨੀ ਲਗਦੇ ਸੀ, ਜਿਹਾ ਦੇਸ ਤਿਹਾ ਭੇਸ। ਨਾਲੇ ਉਹਨਾਂ ਦੀ ਬੋਲਚਾਲ ਵਿਚ ਕੇਵਲ ਆਪਣੇ ਆਪਣੇ ਪਿਛੋਕੜ ਦਾ ਆਂਸ਼ਿਕ ਉਚਾਰਨ ਸੀ।

ਮੁਸ਼ਕਿਲ ਇਹ ਹੈ ਕਿ ਚਿੰਤਨੀ ਵਿਕਲਪ concepts of thought ਗ੍ਰਹਣ-ਯੋਗ ਰੂਪ (percepts) ਵਿਚ ਸਨਮਾਨ 'ਚ ਦਰਸ਼ਨੀ ਨਹੀਂ ਹੁੰਦੇ। ਰਾਸ਼ਟਰ ਹੋਵੇ ਜਾਂ ਰਾਸ਼ਟਰਵਾਦੀ ਹੋਣ; ਚਿੰਤਕੀ ਰਾਸ਼ਟਰਵਾਦ ਦੇ ਤਾਂ ਕੇਵਲ 'ਰੋਸ਼ਨ ਖ਼ਿਆਲ' ਬੰਦੇ ਹੁੰਦੇ ਹਨ ਜਿਹੜੇ ਪ੍ਰਤੱਖ ਰਾਸ਼ਟਰਵਾਦੀ ਨਹੀਂ ਦਿਸਦੇ। ਏਹੀ ਹਾਲ 'ਕੌਮੀਅਤ' ਦਾ ਹੈ।

ਅਜਿਹੀ ਮੁਸ਼ਕਿਲ ਏਸ਼ੀਆ 'ਚ ਉਜ਼ਬੇਕਸਤਾਨ ਤੁਰਕਮਿਨਸਤਾਨ 'ਚ ਆਈ ਜੋ ਸ਼ਰੀਕੇ (ਸਾਂਝੇ, communal) ਸਮਾਜ ਦਾ ਸ਼੍ਰੈਣਿਕ ਵਿਸ਼ਲੇਸ਼ਣ ਮੁਸ਼ਕਿਲ ਹੈ। ਉੱਚਤਾ, ਨੀਚਤਾ ਦਾ ਕਾਰਨ ਪੈਦਾਵਾਰ ਦਾ ਸਾਧਨ ਨਹੀਂ ਸਗੋਂ ਪੈਦਾਵਾਰ ਦੇ ਸਾਧਨ ਉੱਚਤਾ ਨੀਚਤਾ 'ਤੇ ਨਿਰਭਰ ਹਨ। ਸ਼ਰੀਕੇ 'ਚ ਦੁਸ਼ਮਣੀ ਤਾਂ ਹੋ ਸਕਦੀ ਹੈ ਪਰ ਸ਼੍ਰੈਣਿਕ ਅਨੁਭਵ ਨਹੀਂ ਹੁੰਦਾ। ਜੇ ਯੂਕਰੇਨ 'ਚ ਕੌਮੀਅਤ ਪ੍ਰਤੱਖ ਨਹੀਂ ਸੀ ਤਾਂ ਏਸ਼ੀਆ 'ਚ ਕੌਮੀਅਤ ਤਾਂ ਪ੍ਰਤੱਖ ਸੀ ਪਰ ਸ਼੍ਰੈਣਿਕ ਸੰਘਰਸ਼ ਦ੍ਰਿਸ਼ਟਮਾਨ ਨਹੀਂ ਸੀ।

ਸਨ 1920-22 ਵਿਚ ਲੋਕ ਆਪਣੇ ਆਪ ਨੂੰ ਪੋਲਿਸ਼ ਕਹਿਣ ਤੋਂ ਡਰਦੇ ਸੀ। ਜਿਵੇਂ ਸਾਡੇ ਹੁੰਦਾ ਹੈ ਕਿ ਕਿਸੇ ਫਿਰਕੇ ਦੀ ਗਿਣਤੀ ਹੁੰਦੀ ਹੈ ਤਾਂ ਦੂਸਰੇ ਫਿਰਕੇ ਨੂੰ ਆਪਣੀ ਗਿਣਤੀ ਦਾ ਫਿਕਰ ਲੱਗ ਜਾਂਦਾ ਹੈ। ਇੰਝ ਪੋਲਾਂ ਦੀ ਭਾਲ ਕਰਦੀ ਸੰਸਥਾ ਨੇ ਯੂਕਰੀਨਾਂ ਨੂੰ ਕਹਿਣ ਲਾ ਦਿੱਤਾ ਕਿ ਸਾਨੂੰ ਮੱਲੋ-ਮੱਲੀ ਪੋਲ ਬਣਾਇਆ ਜਾ ਰਿਹਾ। ਕਰੈਸੀ ਵਿਚ ਪੁਲਸ ਨੇ ਮਾਮਲਾ ਤੈਅ ਕੀਤਾ ਜੋ ਭਾਸ਼ਾ ਤੋਂ ਵੱਧ ਦੇਸ਼ ਦੀ ਸੁਰੱਖਿਆ ਦੀ ਗੱਲ ਹੈ ਪਰ ਫ਼ੈਸਲਾ ਪੋਲਾਂ ਦੇ ਹੱਕ ਵਿਚ ਸੀ।

ਸਨ 1923 ਵਿਚ ਯੂਕਰੇਨ ਵਿਚ 90 ਹਜ਼ਾਰ ਪੋਲ ਸੀ ਜੋ 1925 ਵਿਚ 309 ਹਜ਼ਾਰ ਹੋ ਗਏ। ਇਹ ਸੋਵੀਅਤ ਰਿਆਸਤ ਦੇ 1922 ਦੇ ਕੌਮੀਅਤ ਦੀ ਸੁਨਿਯਮੀ ਖੰਡਾਂ ਦੇ ਹੁਕਮ ਦੀ ਪਾਲਣਾ ਦਾ ਨਤੀਜਾ ਸੀ।

1927 ਵਿਚ ਜੰਗ ਦਾ ਖ਼ਤਰਾ ਸੀ ਜੋ ਪੱਛਮੀ ਯੂਕਰੇਨ ਵਿਚ ਕੌਮੀਅਤਾਂ 'ਤੇ ਭਰੋਸੇ ਦਾ ਫ਼ਿਕਰ ਖੜ੍ਹਾ ਹੋ ਗਿਆ।

ਸਨ 1932 ਵਿਚ ਕ੍ਰਿਸਾਨ ਕ੍ਰਿਸ਼ੀ ਦੇ ਸਮੁੱਚ-ਕਰਮਨ (collectivization) ਦੀ ਰਾਸ਼ਟਰੀ ਔਸਤ 58.8 ਫੀਸਦੀ ਸੀ। ਮਾਰਸ਼ਲੈਵਿਸਕ ਦੀ ਕੇਵਲ 7 ਫੀਸਦੀ। 1933-34 ਵਿਚ ਹੋਰ ਕੌਮੀਅਤੀ ਖੰਡਾਂ ਵਿਚ ਮਾਲ ਡੰਗਰ ਵਿਚ ਵਾਧਾ ਹੋਇਆ; ਮਾਰਸ਼ਲੈਵਿਸਕ ਦੇ ਘੋੜੇ, ਸੂਰ, ਭੇਡਾਂ 40 ਫ਼ੀਸਦੀ ਘਟ ਗਏ।

ਸਨ 1934 ਵਿਚ ਇੱਥੋਂ ਦੇ 1789 ਟੱਬਰ ਸਰਕਾਰੀ ਕਾਗ਼ਜ਼ਾਂ ਜਾਂ ਪਾਸਪੋਰਟਾਂ ਬਿਨਾਂ ਹੀ ਭੱਜ ਗਏ। ਜੋ 1930-35 ਵਿਚਕਾਰ 1500 ਤੋਂ ਵੱਧ ਟੱਬਰ 'ਵਿਸ਼ੇਸ਼' 'ਦੁਸ਼ਮਣ ਰਵੱਯੀਏ' ਕਾਰਨ ਖੰਡ ਬਦਰ ਕੀਤੇ ਗਏ। ਇਕ ਤਰੀਕੇ ਕਿਹਾ ਜਾ ਸਕਦਾ ਹੈ, ਇਨਕਲਾਬੀ ਖੜੋਤ ਸਦਕੇ ਸਦੀਆਂ ਦੇ ਪਛੜੇਪਨ ਦੀ ਚੜ੍ਹਤ ਹੋ ਗਈ।

ਸਨ 1936 ਵਿਚ 1500 ਪੋਲਿਸ਼, ਜਰਮਨ ਟੱਬਰਾਂ ਨੂੰ ਕਜ਼ਾਕਸਤਾਨ (Kazakhstan) ਜਲਾਵਤਨ ਕਰ ਦਿੱਤਾ।

ਸਨ 1935 ਮਗਰੋਂ ਮਾਰਸ਼ਲੈਵਿਸਕ ਦੀ ਹੋਂਦ ਮੁੱਕ ਗਈ ਜੋ ਇਹਦੀ ਆਯੂ ਕੋਈ ਦਸ ਸਾਲ ਹੀ ਰਹੀ। ਸਾਲਿਵਿਚ ਨੂੰ 1935 ਵਿਚ ਪਾਰਟੀ ਵਿਚੋਂ ਕੱਢ ਦਿੱਤਾ ਗਿਆ ਜੋ 1937 ਵਿਚ ਫਾਂਸੀ ਲੱਗਿਆ।

ਰੁਮਾਨੀਆ (Romania) ਨਾਲ ਲਗਦੇ Moldova ਵਿਚ ਜਰਮਨ ਕੌਮੀਅਤ ਨੂੰ ਕੋਈ ਮੁਸ਼ਕਿਲ ਨਹੀਂ ਆਈ ਕਿਉਂ ਜੋ ਦੁਸ਼ਮਣ ਦੇਸ਼ ਦੀ ਹੱਦ ਨਾਲ ਨਹੀਂ ਲਗਦੀ ਸੀ ਜੋ ਉਹਨਾਂ ਤੋਂ ਰਾਸ਼ਟਰ ਦੀ ਸੁਰੱਖਿਆ ਨੂੰ ਕੋਈ ਖਤਰਾ ਨਹੀਂ ਸੀ। ਰਾਸ਼ਟਰੀ ਸੁਰੱਖਿਆ ਅਧੀਨ ਸਰਕਾਰ ਅਪਵਾਦ (exception) ਨੂੰ ਹੀ ਨਿਯਾਯ ਬਣਾ ਲੈਂਦੀ ਹੈ ਜੋ ਸ਼ਹਿਰੀ ਕਾਨੂੰਨੀ ਆਜ਼ਾਦੀਆਂ ਦਾ ਹੱਕ ਅਮਲੀ ਤੌਰ 'ਤੇ ਖਤਮ ਹੋ ਜਾਂਦਾ ਹੈ।

0 0 0

ਕਰਤਾਰਪੁਰ ਗੁਰਦਵਾਰੇ ਦੀ ਸਥਾਪਤੀ ਅਤੇ ਪਾਕਿਸਤਾਨ ਵਿਚ ਪੰਜਾਬੀ ਦੇ ਵਿਕਾਸ ਨੇ ਸਿੱਖਾਂ ਵਿਚ ਪਾਕਿਸਤਾਨ ਨਾਲ ਵੈਰ-ਭਾਵ ਨੂੰ ਆਪਣੇ ਰਾਜਸੀ ਚਿੰਤਨ ਦਾ ਨਵਾਂ ਵਿਸ਼ਾ ਪੇਸ਼ ਕੀਤਾ ਹੈ। ਕੀ ਧਰਮ, ਕੀ ਭਾਸ਼ਾ ਕਰਕੇ ਸਿੱਖ ਅਵਲੋਕਨ (vision) ਵਿਚ ਵੈਰ ਨਾਲੋਂ ਸੁਲਹ ਵਧੇਰੇ ਸੁਮੁੱਲ ਹੈ। ਕਈਆਂ ਨੂੰ ਇਹ ਗੱਲ ਨਾ-ਪਸੰਦ ਹੋਵੇ, ਕਿਸੇ ਨੂੰ ਕੀ ਗਿਲਾ ਹੋ ਸਕਦਾ ਹੈ। ਵਿਚਾਰ ਤੇ ਤਫ਼ਰਕਾਤ (differences) ਕਿੰਨੇ ਵੀ ਹੋਣ, ਜਿਵੇਂ ਵਾਰਿਸ ਕਹਿੰਦਾ ਹੈ:

*ਸੰਖ ਮੁੱਲਾਂ ਨੂੰ ਬਾਂਗ ਜਿਓ ਬਾਹਮਨਾਂ ਨੂੰ*
*ਜਿਵੇਂ ਸੰਖੀਆ ਹੁੰਦਾ ਹੈ ਚੂਹਿਆਂ ਨੂੰ।*

ਪਰ ਵਿਹਾਰ ਤਾਂ

*ਘੁਗ ਵਸਦਿਆਂ ਜੇਡ ਨਾ ਭਲਾ ਕੋਈ*
*ਬੁਰਾ ਕੰਮ ਨਾ ਕੋਈ ਫ਼ਤੂਰ ਜੇਹਾ।*

ਸਿੱਖ ਸਿਆਸਤ ਦੇ ਨਵੇਂ ਮੋੜ ਤੋਂ ਮੈਂ ਫੌਰੀ ਲਾਹਾ ਲੈਂਦਾ ਹਾਂ ਜਿਹੜਾ ਮੈਨੂੰ ਪੰਜਾਬੀ ਭਾਸ਼ਾ ਬਾਰੇ ਭੋਰਾ-ਭਰ ਹੋਰ ਗੱਲ ਕਰਨ ਨੂੰ ਕਹਿੰਦਾ ਹੈ। ਜੇ ਇਤਿਹਾਸਕ ਤੌਰ 'ਤੇ ਦੇਵਨਾਗਰੀ ਹਿੰਦੂ ਧਰਮ ਦਾ ਅੰਗ ਹੈ, ਜਾਂ ਉਰਦੂ ਫ਼ਾਰਸੀ ਲਿੱਪੀ ਇਸਲਾਮੀ ਹੈ, ਸਿੱਖਾਂ ਦੀ ਗੁਰਮੁਖੀ ਧਾਰਮਿਕ (script) ਹੈ ਤਾਂ ਪੰਜਾਬੀ ਪ੍ਰੇਮੀਆਂ ਨੂੰ ਤਿੰਨੇ ਲਿੱਪੀਆਂ ਮਨਜ਼ੂਰ-ਇ ਨਜ਼ਰ (favourite) ਹੋਣੀਆਂ ਚਾਹੀਦੀਆਂ ਹਨ ਜੋ ਮੌਕੇ ਤੋਂ ਪਹਿਲਾਂ ਦੱਸਣ ਵਾਲੀ ਗੱਲ ਹੈ। ਸਨ 2020 ਤੋਂ ਐੱਮ.ਏ. ਪੰਜਾਬੀ 'ਚ ਦਾਖਲਾ ਉਹਨਾਂ ਵਿਦਿਆਰਥੀਆਂ ਨੂੰ ਮਿਲਣਾ ਹੈ ਜੋ ਤਿੰਨੇ ਸਕਰਿਪਟ (script) ਜਾਣਦੇ ਹੋਣ। ਸਾਡੇ ਨਾਲ ਜੱਗੋਂ ਤੇਰ੍ਹਵੀਂ ਨਹੀਂ ਹੋਈ। ਪੀਰੂ (Peru) ਨੂੰ ਵੀ ਆਪਣੇ ਵਾਂਪੀ (wampis) ਆਦਿਵਾਸੀਆਂ ਦੀ ਸਨਿਯਮਤਾ ਦਾ ਫ਼ਿਕਰ ਲੱਗਿਆ ਹੈ ਕਿਉਂਕਿ ਈਕੂਡਾਰ (Ecuador) ਅਤੇ



ਬੋਲਿਵੀਆ (Bolivia) ਵਿਚ ਵੀ ਵਾਂਪੀ ਹਨ (LMD, August 2018)।

ਸੀਮਾ-ਪਾਰ ਵਿਲੋਕਿਕ (ethnic) ਸੰਬੰਧਾਂ ਦਾ ਕੋਈ ਪੱਕਾ ਸੁਭਾਉ ਨਹੀਂ ਹੁੰਦਾ। ਔਖ-ਗ੍ਰਸਤ ਸੋਵੀਅਤ ਸੰਘ ਵਿਚ ਕੌਮੀਅਤ ਦਾ ਵੇਰਵਾ ਪ੍ਰਤਿ-ਪ੍ਰਵਾਸ ਦਾ ਟਿਕਟ (ticket) ਬਣਨ ਲੱਗਿਆ। ਸਨ 1929 'ਚ ਪੁਲਿਨ (Pulin) ਜਰਮਨ ਸੁਨਿਯਮ ਖੰਡ ਵਿਚ ਖੁੱਲਮ ਖੁੱਲ੍ਹਾ ਪ੍ਰਤਿ-ਪ੍ਰਵਾਸ ਦਾ ਹੱਕ ਜਤਾਇਆ ਗਿਆ। ਸਰਕਾਰ ਏਸ ਉੱਦਮ ਦੇ ਖ਼ਿਲਾਫ਼ ਸੀ ਜੋ ਇਹਨੂੰ ਸਰਮਾਏਦਾਰੀ ਦੀ ਹਮਾਇਤ ਸਮਝਦੀ ਸੀ। ਜੋ 1930 'ਚ ਸਮੁੱਚ-ਕਰਮਨ (collectivzation) ਦਾ ਦਬਾਉ ਵਧਿਆ, ਉਹ ਵਹੀਰਾਂ ਘੱਤ ਕੇ ਪੋਲਿਸ਼ ਬਾਰਡਰ ਲੰਘਣ ਦੀ ਕੋਸ਼ਿਸ਼ ਕਰਨ ਲੱਗੇ, ਨਾਲੇ ਪੋਲਿਸ਼ ਸਫਾਰਤੀ (consulate) ਮਦਦ ਮੰਗੀ। ਹਿਟਲਰ ਵਿਲੋਕ ਜਰਮਨਾਂ ਬਾਰੇ ਭੜਕਾਉ ਭਾਸ਼ਨ ਕਰਨ ਲੱਗਿਆ। ਇਹਨਾਂ ਲਈ 'ਹਿਟਲਰ ਸਹਾਇਤਾ' ਵਿਦੇਸ਼ੀ ਜਾਸੂਸੀ ਦਾ ਕਾਰਜ ਸੀ। ਸਨ 1934 ਵਿਚ ਉੱਭਰਦੇ ਕਮਿਊਨਿਸਟ ਨੇਤਾ ਕੀਰੋਫ (Kirov) ਦਾ ਕਤਲ ਹੋ ਗਿਆ ਜੋ ਸਰਕਾਰ ਜਰਮਨ ਅਤੇ ਪੋਲਿਸ਼ ਪ੍ਰਵਾਸੀਆਂ 'ਤੇ ਸਖਤੀ ਮਾਇਲ ਹੋ ਗਈ। ਗ਼ੈਰ ਕਾਨੂੰਨ ਪ੍ਰਤਿ-ਪ੍ਰਵਾਸ ਜ਼ੋਰ ਫੜ ਗਿਆ। ਸਨ 1934 'ਚ ਪੁਲਿਨ ਸੁਨਿਯਮ ਖੰਡ ਦੀ 14 ਫੀਸਦੀ ਵਸੋਂ ਚਲੀ ਗਈ ਸੀ। ਹੁਣ ਅ-ਸਹਿਮਤੀ (dissent) ਸ਼੍ਰੇਨਿਕ ਨਹੀਂ ਸੀ ਜੋ ਕੌਮੀਅਤੀ ਹੋ ਗਈ ਸੀ। ਮਾਰਸ਼ਲੈਵਿਸਕ ਵਿਚ 54 ਫੀਸਦੀ ਕਮਿਊਨਿਸਟ ਮੈਂਬਰਾਂ ਦਾ ਧੋਣ (purge) ਹੋਇਆ ਜਦੋਂਕਿ ਰਾਸ਼ਟਰੀ ਔਸਤ **94** ਫ਼ੀਸਦੀ ਸੀ।

ਮੂਲ ਰਾਸ਼ਟਰ ਦੇ ਆਪਣੇ ਪਾਰ-ਸੀਮਾ ਵਿਲੋਕਾਂ ਲਈ ਸਹਾਨੁਭੂਤੀ ਦਾ ਆਰਥਿਕ ਸਤਰ (level) ਵੀ ਹੁੰਦਾ ਹੈ। ਜਰਮਨੀ ਨੇ 1991 ਤੋਂ ਲੈ ਕੇ ਕਜ਼ਾਕਸਤਾਨ ਤੋਂ ਕੋਈ ਦਸ ਲੱਖ ਜਰਮਨਾਂ ਨੂੰ ਪ੍ਰਕਿਰਤਕ (natural) ਜਨਮਤ ਦੇ ਉਲਟ ਨਾਗਰਿਕ ਬਣਾਇਆ ਹੈ। ਜਦੋਂ ਕਿ ਕਜ਼ਾਕਸਤਾਨ ਦੇ ਇਕ ਲੱਖ ਪੋਲਾਂ ਨੂੰ 1991-97 ਵਿਚ 300 ਨੂੰ ਪ੍ਰਤਿ-ਪ੍ਰਵਾਸ ਦੀ ਆਗਯਾ ਦਿੱਤੀ ਹੈ ਜੋ ਕੁੱਲ ਦਾ ਅੱਧਾ ਫੀਸਦੀ ਪ੍ਰਤਿ ਸਾਲ ਬਣਦੀ ਹੈ।

ਫੇਰ ਪਾ ਕੇ ਗੱਲ ਕਰਨ ਦੀ ਹਰਜ ਨਹੀਂ ਜੇ ਗੱਲ ਬਣ ਸਕੇ। ਬਸ ਮਾਮੂਲੀ ਇਤਲਾਹ ਦੇਣੀ ਸੀ ਜੋ ਭਵਿਖ ਵਿਚ ਭਾਰਤੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ ਦੀਆਂ ਆਪਸੀ ਨਜ਼ਰਾਂ ਵਿਚ ਇਕ ਦੂਜੇ ਦੀ ਆਰਥਿਕਤਾ ਦਾ ਪੱਖ ਹੋਵੇਗਾ। ਕਿਤੇ ਇਹ ਨਾ ਹੋਵੇ ਜਿਵੇਂ ਬੋਲੀ ਕਹਿੰਦੀ ਹੈ- 'ਦੋਵਾਂ ਨੂੰ ਪੈਣ ਗਸ਼ੀਆਂ'।

ਸਿੱਖ ਸਿਆਸਤ ਨੂੰ ਅਤੇ ਪਾਕਿਸਤਾਨੀ ਪੰਜਾਬੀ ਨੂੰ ਸਾਵਧਾਨੀ ਦੀ ਸਥਾਈ ਲੋੜ ਰਹਿਣੀ ਹੈ ਜੋ ਦੂਜੇ ਦੇਸ਼ ਦੀ ਖ਼ੁਫ਼ੀਆ ਏਜੰਸੀ (Secret Service) ਨੂੰ ਮਕਾਮੀ ਸੋਮੇ ਲੱਭਣ ਨਹੀਂ ਦੇਣੇ। ਇਹਦੀ ਮਿਸਾਲ ਹੈ ਜੋ 1980 ਵਿਚ ਵਲਾਇਤ 'ਚ ਪੰਜਾਬੀ ਕਾਨਫਰੰਸ 'ਚ ਪਾਕਿਸਤਾਨੀ ਲਿਖਾਰੀ ਕਹਿਣ ਲੱਗੇ ਕਿ ਸਾਡੇ ਘਰੀਂ ਆ ਕੇ ਸਾਨੂੰ ਪੁਲਿਸ ਪੁੱਛਦੀ ਹੈ ਜੋ ਅਸੀਂ ਸਿੱਖ ਹਾਂ। ਐਨ ਇਹੀ ਸਥਿਤੀ, ਵੇਖਦੇ ਜਾਓ, ਸਾਡੇ ਵੀ ਵਰਤਣੀ ਹੈ।

ਸਿੱਖ ਸਿਆਸਤ ਨੂੰ ਪਾਕਿਸਤਾਨ ਨਾਲ ਸਹਾਨੁਭੂਤੀ ਦੀ ਲੋੜ ਅਤੇ ਜ਼ਿੰਮੇਵਾਰੀ ਵੀ ਹੈ। ਦੂਜੇ ਪਾਸੇ ਕੇਂਦਰੀ ਸਰਕਾਰ ਨੂੰ ਪਾਕਿਸਤਾਨ ਨਾਲ ਕਦੇ ਨਾ ਕਦੇ ਦੋਖ ਦੀ ਲੋੜ ਹੋ ਸਕਦੀ ਹੈ। ਸਿੱਖ ਸਿਆਸਤ ਲਈ ਦੋਵੇਂ ਗੱਲਾਂ ਦਾ ਤਵਾਜ਼ਨ (balance) ਰੱਖਣਾ ਬੋਲ ਬਾਣੀ, ਵਿਹਾਰ, ਸੋਚ ਸਮਝ ਦੀ ਬਾਰੀਕੀ ਅਤੇ ਰੌਸ਼ਨ ਦਿਮਾਗੀ ਦੀ ਮੰਗ ਕਰਦਾ ਹੈ। ਇੱਥੇ ਵੀ 'ਮਨ ਨੀਵਾਂ, ਮੱਤ ਉੱਚੀ' ਦੀ ਪਰਖ ਹੋਣੀ ਹੈ। ਜੋ 'ਬੋਲੇ ਸੋ ਨਿਹਾਲ' ਜ਼ਰੂਰੀ ਹੈ ਪਰ ਕਾਫ਼ੀ ਨਹੀਂ।

0 0 0

ਸਿੱਖ ਸਿਆਸਤ ਦਾ ਭਾਰਤੀ ਸੰਦਰਭ ਹੈ। ਅੱਜੋਕੇ ਭਾਰਤ ਦੀ ਦੁਨੀਆ ਦੇ ਸੱਜੇ-ਪਿੱਛਾਖੜ ਮੁਲਕਾਂ ਨਾਲ ਸਾਂਝ ਹੈ- ਹੰਗਰੀ, ਤੁਰਕੀ, ਅਮਰੀਕਾ, ਇਜ਼ਰਾਈਲ ਅਤੇ ਬਰਾਜ਼ੀਲ ਜਿਹਨਾਂ ਦਾ

ਸੱਜਾ-ਪੱਖੀ ਕੌਮਾਂਤਰਨ (international) ਬਣਿਆ ਹੋਇਆ ਹੈ, ਇਕ ਦੂਸਰੇ ਤੋਂ ਸੱਤਾਵਾਦੀ, ਅਵਾਮੀ ਹੁਕਮ-ਰਵਾਨੀ ਸਿੱਖਦੇ ਹਨ। ਇਹਨਾਂ ਨੂੰ ਫਾਸ਼ਿਸਟ (fascist) ਕਹਿਣਾ ਭੁੱਲ ਹੈ ਜੋ ਰਾਤ-ਪ੍ਰੇਖਣ ਦੀ ਥਾਉਂ ਵਰਤਮਾਨੀ ਸਥਿਤੀ ਸਮਝਦੀ ਹੈ। ਇਹਨਾਂ ਨੂੰ ਇੰਨੀ ਕੁ ਸਮਝ ਹੈ ਜੋ ਹਿਟਲਰੀ ਵਿਹਾਰ ਲੋਕਤੰਤਰੀ, ਮਨੁੱਖੀ ਅਧਿਕਾਰਾਂ ਵਾਲੀ ਦੁਨੀਆ ਨੂੰ ਪਸੰਦ ਨਹੀਂ। ਦੁਖੀ ਵਸੋਂ ਜਗਤ ਨਿਰਭਰ ਨਹੀਂ ਹੋ ਸਕਦੀ ਜੋ ਆਪਣਾ ਕੰਮ ਆਪ ਸੰਵਾਰਨਾ ਪੈਣਾ ਹੈ। ਭਾਵੇਂ ਦੇਸ ਦਾ ਫੌਜੀ-ਕਰਨ ਨਹੀਂ ਹੋ ਰਿਹਾ ਪਰ ਅਲਪਾਂ ਨਾਲ ਦਵੈਖ ਭਖ ਰਿਹਾ ਹੈ। ਵਿਚੇ ਵਿਚ ਨਸਲੀ ਅਤੇ ਧਾਰਮਿਕ ਦੋਖ ਰੜਕਦਾ ਹੈ ਜੋ ਉੱਚ ਰਾਜ-ਭਾਗ ਤੋਂ ਇਹਦੀ ਜਾਇਜ਼-ਕੁਮਰੀ ਹੋ ਰਹੀ ਲਗਦੀ ਹੈ। ਇਹਨਾਂ ਨੂੰ 'ਅਸਲੀ' ਹੰਗੇਰੀਅਨ, 'ਅਸਲੀ' ਤੁਰਕ, 'ਅਸਲੀ' ਅਮਰੀਕਣ ਅਤੇ 'ਅਸਲੀ' ਭਾਰਤੀ ਨੂੰ ਹੋਰਾਂ ਤੋਂ ਵੱਖ ਕਰਨ ਦਾ ਹੀ ਵਿਹਲ ਮਿਲਦਾ ਹੈ।

ਕਿਸੇ ਨੂੰ ਧਮਕੀ, ਕਿਸੇ ਨੂੰ ਫ਼ਾਇਦਾ ਪਹੁੰਚਾਉਣ ਦੇ ਹਥਕੰਡਿਆਂ ਨਾਲ ਸਿੱਧੇ ਪੱਧਰੇ ਦਮਨ ਤੋਂ ਬਿਨਾਂ ਸਮਾਜ ਨੂੰ ਕਾਬੂ ਰਖਿਆ ਜਾ ਸਕਦਾ ਹੈ। ਇਹਨਾਂ 'ਚ ਟਰੰਪ, ਉਰਬਾਨ, ਬਲਯੋਨਾਰੋ, ਅਰਡੋਗਾਨ ਦਾ 'ਖਾਨਦਾਨੀ' ਰਾਜ ਹੈ ਜਿਹਨਾਂ ਵਿਚ 'ਜਵਾਈਆਂ' ਦੀ ਖਾਸ ਸ਼ਮੂਲੀਅਤ ਹੈ। ਪਾਠਕ ਹੋਰ ਬਹੁਤ ਮਿਸਾਲਾਂ ਜਾਣਦੇ ਹੋਣਗੇ।

ਇਹਨਾਂ ਦੀ ਸਿਆਣਪ ਵੇਖੋ ਜੋ ਇਹਨਾਂ ਦੀ ਮਾਸੂਮ ਨੂੰ ਤੰਗ ਕਰਨ ਦੀ ਸ਼ਕਤੀ ਥੋੜ੍ਹੀ ਹੈ ਪਰ ਅਪਰਾਧੀ ਨੂੰ ਬਚਾਉਣ ਦੀ ਤਾਕਤ ਬਹੁਤੀ ਹੈ। ਇਹਨਾਂ ਦਾ ਕਾਰਵਿਹਾਰ ਤਾਂ ਸਿਆਸੀ ਹੁੰਦਾ ਹੈ ਪਰ ਇਹਨੂੰ ਆਰਥਿਕ ਲੋੜ ਵਾਂਗੂੰ ਪੇਸ਼ ਕੀਤਾ ਜਾਂਦਾ ਹੈ।

ਜੇ ਅਦਾਲਤ ਸਰਕਾਰ ਨੂੰ ਨਾ-ਮਨਜ਼ੂਰ ਫ਼ੈਸਲਾ ਕਰੇ ਤਾਂ ਸ਼ੋਰ ਸ਼ਰਾਬਾ ਹੁੰਦਾ ਹੈ ਜੋ 'ਕਚਹਿਰੀ ਨੂੰ ਕਿਸੇ ਨੇ ਚੁਣਿਆ? ਜੋ ਕਚਹਿਰੀ-ਤੰਤਰ ਨਹੀਂ ਚੱਲਣਾ'। ਦੱਖਣ ਵਿਚ ਪ੍ਰਸ਼ਾਸਨ ਕਿਸੇ ਮੰਦਰ ਬਾਰੇ ਉਚਤਮ ਨਯਾਲਯਾ ਖ਼ਿਲਾਫ਼ ਕਿੰਨਾ ਬੋਲਿਆ ਹੈ ਜੋ ਰਿਆਸਤ ਦੀਆਂ ਤਿੰਨ ਸੰਸਥਾਵਾਂ (ਪ੍ਰਤਿਨਿਧਤਾ, ਪ੍ਰਸ਼ਾਸਨ ਅਤੇ ਨਯਾਲਯ) ਦੀ ਵੰਡ ਨੂੰ ਭੁੱਲ ਗਿਆ। ਚੋਣ ਦਾ ਮਨੋਰਥ ਜਨਤਕ ਹੁਕਮਨਾਮੇ (mandate) 'ਤੇ ਅਮਲ ਨਹੀਂ ਸਗੋਂ ਦੇਸ ਦੇ ਕਿਸੇ ਭਾਗ ਨੂੰ ਦਬਾਈ ਰੱਖਣਾ ਹੈ। ਬਾਗ਼ੀਆਂ ਦੇ ਚੋਣ ਜਿੱਤਦੇ ਸਾਰ ਦੇਸ ਦੀਆਂ ਸੰਸਥਾਵਾਂ ਦੀ ਭੰਨਤੋੜ ਕਰੀ ਜਾਣੀ ਹੈ (LRB 23/5/2019)।

ਭਾਰਤ ਦੀ ਆਧੁਨਿਕਤਾ ਵਿਚ ਚੜ੍ਹਤ ਹੈ, ਜਿਵੇਂ ਹਰ ਗੱਲ 'ਚ ਹੋਈ ਜਾਂਦੀ ਹੈ। ਵੋਟ ਖਰੀਦਣੀ ਅਪਰਾਧ ਹੈ ਪਰ ਅਸੰਬਲੀ ਦੇ ਮੈਂਬਰ, ਸੂਬਾਈ ਸਰਕਾਰ ਖਰੀਦਣੀ ਪੁੰਨ ਹੈ। ਇੰਡੋਨੇਸ਼ੀਆ ਵਿਚ ਦੁਕਾਨਾਂ 'ਤੇ ਫੱਟੇ ਲੱਗੇ ਹੁੰਦੇ ਹਨ- 'ਇੱਥੇ ਜਾਅਲੀ ਸਰਟੀਫ਼ਿਕੇਟ ਵਿਕਦੇ ਹਨ'। ਅਗਲੀ ਚੋਣ ਵੇਲੇ ਸਾਡੀਆਂ ਦੁਕਾਨਾਂ 'ਤੇ ਬੋਰਡ ਲੱਗ ਜਾਣੇ ਹਨ- 'ਇੱਥੇ ਸਿਆਸਤਦਾਨ ਵਿਕਦੇ ਹਨ'। ਦੁਨੀਆ ਭਾਰਤੀ 'ਸਿਫ਼ਰ' (zero) ਦੀ ਕਾਢ ਦੀ ਦੇਣਦਾਰ ਹੈ; ਅਗਲੀ ਦੇਣ ਰਾਜਨੀਤੀ ਨੂੰ ਵਿਕ੍ਰੀਤ (commodity) ਬਣਾਉਣ ਦੀ ਹੈ। 000

*A biography of No place : From Ethnic Borderland To Soviet Heartland, Kate Brown, Harvard University Press, 2004.*

***(144, ਸੈਕਟਰ 65, ਫੇਜ਼ 11, ਐੱਸ.ਏ.ਐੱਸ ਨਗਰ - ਮੁਹਾਲੀ 160 062)***



# ਪਿਆਰਾ ਸਿੰਘ ਪਦਮ: ਇਤਿਹਾਸ ਦ੍ਰਿਸ਼ਟੀ

**ਹਰਭਜਨ ਸਿੰਘ ਭਾਟੀਆ**

ਪਿਆਰਾ ਸਿੰਘ ਪਦਮ (28 ਮਈ 1921 - 1 ਮਈ 2001) ਇਕ ਬਹੁ-ਪੱਖੀ ਪ੍ਰਤਿਭਾ ਦਾ ਸੁਆਮੀ ਦਾਨਿਸ਼ਵਰ ਸੀ। ਉਹ ਅੱਧੀ ਤੋਂ ਵੀ ਵੱਧ ਸਦੀ ਸਾਹਿਤ ਅਧਿਐਨ ਦੇ ਵਿਭਿੰਨ ਖੇਤਰਾਂ ਜਿਵੇਂ ਖੋਜ, ਸਿਧਾਂਤ, ਇਤਿਹਾਸ ਅਤੇ ਆਲੋਚਨਾ ਵਿਚ ਤਾਂ ਗਤੀਸ਼ੀਲ ਰਿਹਾ ਹੀ, ਨਾਲ ਹੀ ਨਾਲ ਉਹ ਪੰਜਾਬੀ ਬੋਲੀ, ਗੁਰਮੁਖੀ ਲਿੱਪੀ, ਕੋਸ਼ਕਾਰੀ, ਮੱਧ ਕਾਲੀਨ ਪੰਜਾਬੀ ਸਾਹਿਤ. ਆਧੁਨਿਕ ਸਾਹਿਤ/ਸਾਹਿਤਕਾਰਾਂ, ਤਰਜਮਾਕਾਰੀ ਅਤੇ ਸੰਪਾਦਨ ਦੇ ਖੇਤਰ ਵਿਚ ਵੀ ਚੋਖਾ ਸਰਗਰਮ ਰਿਹਾ। ਵਿਭਿੰਨ ਖੇਤਰਾਂ ਵਿਚ ਉਸਦੀ ਕਾਰਗੁਜ਼ਾਰੀ ਉਪਰ ਸਰਸਰੀ ਨਿਗਾਹ ਵੀ ਮਾਰੀਏ ਤਾਂ ਉਸ ਦੁਆਰਾ ਕੀਤਾ ਕਾਰਜ ਕਿਸੇ ਵੀ ਸੰਸਥਾ ਵੱਲੋਂ ਕੀਤੇ ਜਾਂਦੇ ਕਾਰਜਾਂ ਨਾਲ ਮੋਢਾ ਮੇਚਣ ਦੇ ਸਮਰੱਥ ਹੈ। ਪਦਮ ਨੇ ਜਿਸ ਸ਼ਿੱਦਤ, ਲਗਨ ਅਤੇ ਤਨਦੇਹੀ ਨਾਲ ਪੰਜਾਬੀ ਵਿੱਦਿਅਕ ਅਤੇ ਖੋਜ ਦੇ ਖੇਤਰ ਵਿਚ ਕਾਰਜ ਕੀਤਾ, ਠੀਕ ਉਸੇ ਸੁਹਿਰਦਤਾ ਤੇ ਲਗਨ ਨਾਲ ਉਸਦੇ ਕਾਰਜਾਂ ਨੂੰ ਗੌਲਿਆ ਅਤੇ ਘੋਖਿਆ-ਪਰਖਿਆ ਨਹੀਂ ਗਿਆ। ਇਹ ਤੱਥ ਪੰਜਾਬੀਆਂ ਦੀ, ਕਾਬਲੀਅਤ ਅਤੇ ਸਿਰਜਣਾਤਮਕਤਾ ਨੂੰ ਘੱਟ ਗੌਲਣ ਜਾਂ ਅਣਗੌਲਿਆਂ ਕਰਨ ਦੀ ਆਦਤ ਵੱਲ ਹੀ ਇਸ਼ਾਰਾ ਕਰਦਾ ਹੈ। ਤੱਥ ਬੋਲਦੇ ਹਨ ਕਿ ਆਜ਼ਾਦੀ ਤੋਂ ਪਹਿਲਾਂ ਉਸ ਗਿਆਨੀ, ਪ੍ਰਭਾਕਰ ਅਤੇ ਐੱਫ.ਏ. ਦੀਆਂ ਪਰੀਖਿਆਵਾਂ ਹੀ ਪਾਸ ਕੀਤੀਆਂ ਅਤੇ ਉਸਨੂੰ ਕਿਸੇ ਕਾਲਿਜ ਜਾਂ ਯੂਨੀਵਰਸਿਟੀ ਵਿਚ ਬਾਕਾਇਦਾ ਪੜ੍ਹਨ-ਲਿਖਣਾ ਦਾ ਮੌਕਾ ਨਾ ਮਿਲਿਆ। ਰਸਮੀ ਤਾਲੀਮ ਅਤੇ ਉਪਾਧੀਆਂ ਦੀ ਘਾਟ ਨੇ ਨਾ ਤਾਂ ਉਸ ਅੰਦਰ ਕਦੀ ਅਹਿਸਾਸ-ਏ-ਕਮਤਰੀ ਪੈਦਾ ਹੋਣ ਦਿੱਤਾ ਅਤੇ ਨਾ ਉਸਦੇ ਕੰਮ ਦੀ ਨਿਰੰਤਰਤਾ ਵਿਚ ਕੋਈ ਵਿਘਨ ਪਾਈ। ਉਸ ਜ਼ਮਾਨੇ ਵਿਚ ਉਸ ਜਿਹੇ ਹੋਰ ਵੀ ਬਥੇਰੇ ਦਾਨਿਸ਼ਵਰ ਸਨ (ਜਿਵੇਂ ਭਾਈ ਵੀਰ ਸਿੰਘ, ਕਾਨ੍ਹ ਸਿੰਘ ਨਾਭਾ, ਸ਼ਮਸ਼ੇਰ ਸਿੰਘ ਅਸ਼ੋਕ, ਗਿਆਨੀ ਗੁਰਦਿੱਤ ਸਿੰਘ ਆਦਿ) ਜਿਹੜੇ ਅਹੁਦੇ ਅਤੇ ਡਿਗਰੀਆਂ ਕਰਕੇ ਨਹੀਂ ਬਲਕਿ ਆਪਣੇ ਕੰਮ ਕਰਕੇ ਸਿਰਕੱਢ ਵਿਦਵਾਨਾਂ ਵਿਚ ਗਿਣੇ ਜਾਂਦੇ ਸਨ। ਵਿਹਲੜਾਂ ਦੀ ਸੰਗਤ ਤੋਂ ਫਾਸਲਾਸਾਜ਼ੀ ਕਰ ਕੇ ਹੀ ਪਦਮ ਵਿੱਦਿਅਕ ਖੇਤਰ ਵਿਚ ਮੁੱਲਵਾਨ, ਬੁਨਿਆਦੀ, ਮੁੱਢਲਾ ਅਤੇ ਗੌਲਣਯੋਗ ਕਾਰਜ ਕਰਨ ਦੇ ਸਮਰੱਥ ਹੋਇਆ। ਡਾ. ਗੰਡਾ ਸਿੰਘ, ਡਾ. ਫੌਜਾ ਸਿੰਘ, ਡਾ. ਤਾਰਨ ਸਿੰਘ, ਡਾ. ਰਤਨ ਸਿੰਘ ਜੱਗੀ, ਸ.ਸ.ਅਮੋਲ, ਪ੍ਰੋ. ਸਾਹਿਬ ਸਿੰਘ, ਗੁਰਬਚਨ ਸਿੰਘ ਤਾਲਿਬ, ਰੌਸ਼ਨ ਲਾਲ ਆਹੂਜਾ ਅਤੇ ਪ੍ਰੋ. ਪ੍ਰੀਤਮ ਸਿੰਘ ਵਰਗੇ ਦਾਨਿਸ਼ਵਰਾਂ ਦੇ ਸੰਗ-ਸਾਥ ਵਿਚ ਉਹ ਸਿਰਕੱਢ ਅਤੇ ਸਨਾਤਨੀ ਪਰੰਪਰਾ ਦੇ ਮੋਹਰੀ ਵਿਦਵਾਨਾਂ ਵਿਚ ਆਪਣਾ ਨਾਂ ਦਰਜ ਕਰਵਾ ਸਕਿਆ। ਜਿਨ੍ਹਾਂ ਖੇਤਰਾਂ ਨੂੰ ਪਦਮ ਨੇ ਆਪਣਾ ਅਧਿਐਨ-ਖੇਤਰ ਚੁਣਿਆ, ਨਿਰਸੰਦੇਹ ਉਨ੍ਹਾਂ ਖੇਤਰਾਂ ਵਿਚ ਬ੍ਰਜ, ਸੰਸਕ੍ਰਿਤ, ਪ੍ਰਕ੍ਰਿਤਾਂ,ਅਪਭ੍ਰੰਸ਼. ਅਰਬੀ-ਫਾਰਸੀ ਆਦਿ ਭਾਸ਼ਾਵਾਂ ਦੀ ਬਹੁਭਾਸ਼ੀ ਯੋਗਤਾ ਬਗ਼ੈਰ ਪ੍ਰਵੇਸ਼ ਕਰ ਸਕਣਾ ਮੁਮਕਿਨ ਹੀ ਨਹੀਂ ਸੀ।

ਪਿਆਰਾ ਸਿੰਘ ਪਦਮ ਨੂੰ ਆਪਣੀਆਂ ਉਪਾਧੀਆਂ ਦੇ ਹਿਸਾਬ ਨਾਲ ਨਹੀਂ, ਆਪਣੀ ਕਾਬਲੀਅਤ, ਸਮਰੱਥਾ ਅਤੇ ਸੁਹਿਰਦਤਾ ਮੁਤਾਬਕ ਅਹੁਦੇ ਮਿਲਦੇ ਰਹੇ। ਉਸ ਨੇ ਕਦੇ ਵੀ ਆਪਣੇ ਅਹੁਦੇ ਨੂੰ ਆਪਣੀ ਕਾਬਲੀਅਤ ਤੋਂ ਉਤਾਂਹ ਸਿਰ ਨਹੀਂ ਕੱਢਣ ਦਿੱਤਾ। ਵਿੱਦਿਅਕ ਅਤੇ ਅਕਾਦਮਿਕ ਖੇਤਰਾਂ ਵਿਚ ਅਸਲ ਵਿਚ ਨਿਰੰਤਰ ਹਰਕਤ ਵਿਚ ਰਹੀ ਸ਼ਖ਼ਸੀਅਤ ਦਾ ਨਾਮ ਹੀ ਪ੍ਰੋਫੈਸਰ ਪਿਆਰਾ ਸਿੰਘ ਪਦਮ ਹੈ। ਉਸਨੇ ਆਪਣੇ ਅਕਾਦਮਿਕ ਸਫਰ ਦੀ ਸ਼ੁਰੂਆਤ ਸ਼ਹੀਦ

ਸਿੱਖ ਮਿਸ਼ਨਰੀ ਕਾਲਿਜ, ਅੰਮ੍ਰਿਤਸਰ ਤੋਂ ਕੀਤੀ ਅਤੇ ਇਸ ਸਫਰ ਦੇ ਮੁੱਢ ਵਿਚ ਗੁਜ਼ਾਰੇ ਚਾਰ ਵਰ੍ਹਿਆਂ (1943-47) ਨੇ ਉਸਨੂੰ ਗੁਰਬਾਣੀ, ਗੁਰਮਤਿ ਗਿਆਨ, ਪਰੰਪਰਾਵਾਂ ਅਤੇ ਇਤਿਹਾਸ ਦੀ ਘੋਖ-ਪੜਤਾਲ ਨਾਲ ਜੋੜੀ ਰੱਖਿਆ। ਕਰੀਬ ਤਿੰਨ ਕੁ ਵਰ੍ਹੇ (1948-50) ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ *ਗੁਰਦੁਆਰਾ ਗਜ਼ਟ* ਦੇ ਸੰਪਾਦਨ ਨਾਲ ਜੁੜ ਕੇ ਉਸ ਆਪਣੇ ਦੁਆਰਾ ਆਰੰਭੇ ਕਾਰਜਾਂ ਨੂੰ ਨਿਰੰਤਰਤਾ ਪ੍ਰਦਾਨ ਕੀਤੀ। ਇੱਥੋਂ ਉਹ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਅੱਪੜਿਆ, ਜਿੱਥੇ ਉਸ ਕਰੀਬ ਡੇਢ ਦਹਾਕਾ ਨਿੱਠ ਕੇ ਖੋਜ, ਸੰਪਾਦਨ, ਇਤਿਹਾਸ, ਆਲੋਚਨਾ ਅਤੇ ਸਿਧਾਂਤਕਾਰੀ ਦਾ ਕਾਰਜ ਕੀਤਾ। ਅਸਲ ਵਿਚ ਭਾਸ਼ਾ ਵਿਭਾਗ ਵਿਚ ਅੱਪੜ ਕੇ ਹੀ ਉਸ ਦੇ ਕਾਰਜਾਂ ਨੂੰ ਫੈਲਾਉ ਅਤੇ ਗਹਿਰਾਈ ਪ੍ਰਾਪਤ ਹੋਈ। ਗੁਰਮਤਿ ਅਤੇ ਗੁਰਬਾਣੀ ਦੇ ਨਾਲ ਨਾਲ ਉਸ ਮਧਕਾਲੀਨ ਪੰਜਾਬੀ ਸਾਹਿਤ ਅਤੇ ਉਸ ਦੇ ਮੂਲ ਸ੍ਰੋਤਾਂ ਨੂੰ ਵੀ ਫੰਡੋਲਣਾ ਆਰੰਭ ਕੀਤਾ। ਪੰਜਾਬੀ ਬੋਲੀ ਅਤੇ ਗੁਰਮਖੀ ਲਿੱਪੀ ਦੇ ਇਤਿਹਾਸਾਂ ਦੀ ਸਿਰਜਣਾ ਤੋਂ ਇਲਾਵਾ ਬਹੁਤ ਸਾਰੀਆਂ ਰਚਨਾਵਾਂ ਦੇ ਪ੍ਰਮਾਣਿਕ ਪਾਠ ਤਿਆਰ ਕਰਨ ਅਤੇ ਸੰਪਾਦਨ ਦਾ ਕਾਰਜ ਉਸ ਇਸੇ ਜ਼ਮਾਨੇ ਵਿਚ ਹੀ ਕੀਤਾ। ਸੰਪਾਦਨ ਕਾਰਜ, ਅੱਜੋਕੇ ਦੌਰ ਵਾਂਗ, ਉਸ ਲਈ ਵਾਹ-ਵਾਹ ਖੱਟਣ, ਵਿਦਵਾਨ ਅਖਵਾਉਣ ਜਾਂ ਨਾਂ ਚਮਕਾਉਣ ਦਾ ਮਾਧਿਅਮ ਨਹੀਂ, ਮੱਧਕਾਲੀਨ ਪਾਠਾਂ ਦੇ ਪ੍ਰਮਾਣਿਕ ਮਤਨ ਤਿਆਰ ਕਰ ਕੇ ਉਨ੍ਹਾਂ ਨੂੰ ਇਤਿਹਾਸ-ਰੇਖਾ ਵਿਚ ਟਿਕਾਉਣ, ਉਨ੍ਹਾਂ ਦੀ ਅਦੁੱਤੀਅਤਾ ਦੀ ਪਛਾਣ ਕਰਨ ਅਤੇ ਉਨ੍ਹਾਂ ਦੀ ਪਰਖ-ਜੋਖ ਕਰਨ ਦਾ ਗੰਭੀਰ ਕਾਰਜ ਸੀ। ਅਸਲ ਵਿਚ ਉਹ ਉੱਤਮ 'ਸਾਹਿਤ ਦਾ ਪਰਿਚਯ' ਵੀ ਦੇਣਾ ਲੋੜਦਾ ਸੀ ਅਤੇ ਉਸਦੀ ਪ੍ਰਮਾਣਿਕ ਪੇਸ਼ਕਾਰੀ ਕਰਨਾ ਵੀ। ਇਨ੍ਹਾਂ ਦੋਵਾਂ ਦੀ ਆਪਣੇ ਬੌਧਿਕ ਵਿਰਸੇ ਵਿਚੋਂ ਉਸਨੂੰ ਕਮੀ ਜਾਂ ਘਾਟ ਨਜ਼ਰ ਆਉਂਦੀ ਸੀ। ਡਾ. ਪ੍ਰੀਤਮ ਸਿੰਘ ਕੈਂਬੋ ਨਾਲ ਕੀਤੀ ਮੁਲਾਕਾਤ ਵਿਚ ਉਸ ਆਪਣੇ ਮਕਸਦ ਅਤੇ ਸਾਧਨਾ ਦੀ ਦਿਸ਼ਾ ਵੱਲ ਸਪਸ਼ਟ ਇਸ਼ਾਰਾ ਕੀਤਾ ਕਿ:

> *ਮੈਂ ਪੰਜਾਬੀ ਸਾਹਿਤ ਬਾਰੇ ਡੂੰਘਾ ਅਧਿਐਨ ਕਰਨ ਦਾ ਫੈਸਲਾ ਕੀਤਾ। ਪੁਰਾਣੇ ਹੱਥ-ਲਿਖਤ ਖਰੜੇ ਦੇਖੇ। ਸੰਸਕ੍ਰਿਤ ਤੇ ਫਾਰਸੀ ਦੀਆਂ ਪੁਸਤਕਾਂ ਵੀ ਵਾਚੀਆਂ। ਇਹ ਸਾਰੀਆਂ ਚੀਜ਼ਾਂ ਪੜ੍ਹਨ ਦਾ ਮੇਰੇ 'ਤੇ ਇਹ ਅਸਰ ਹੋਇਆ ਕਿ ਪੰਜਾਬੀ ਸਾਹਿਤ ਦੀ ਸਥਾਪਨਾ ਕਰਨੀ ਹੈ। ਜਿੰਨਾ ਚਿਰ ਪੰਜਾਬੀ ਸਾਹਿਤ ਸਾਡੇ ਪਾਸ ਸ਼ੁੱਧ ਰੂਪ ਵਿਚ ਮੌਜੂਦ ਨਹੀਂ ਹੈ, ਉਨਾ ਚਿਰ ਸਹੀ ਮਾਇਨਿਆਂ ਵਿਚ ਅਸੀਂ ਪੰਜਾਬੀ ਭਾਸ਼ਾ ਦੀ ਸਹੀ ਸੇਵਾ ਨਹੀਂ ਕਰ ਸਕਦੇ।*

ਸੇਵਾ ਦੀ ਭਾਵਨਾ ਅਤੇ ਸੇਵਾ ਦੀ ਦਿਸ਼ਾ ਨੂੰ ਉਹ ਭਲੀ-ਭਾਂਤ ਜਾਣਦਾ ਸੀ। ਉਹ ਆਪਣੇ ਮਨ ਨਾਲ ਕੀਤੇ ਫੈਸਲਿਆਂ ਅਤੇ ਵਾਅਦਿਆਂ ਤੋਂ ਫਿਰਿਆ ਹਰਗਜ਼ਿ ਨਹੀਂ, ਸਗੋਂ ਸਾਬਤ ਕਦਮੀ ਨਾਲ ਉਨ੍ਹਾਂ ਉਪਰ ਡਟਿਆ ਰਿਹਾ। ਉਸ ਨੇ ਆਪਣੇ ਸੁਪਨਿਆਂ ਨੂੰ ਆਪਣੀ ਮਿਹਨਤ ਅਤੇ ਸਿਰੜ ਨਾਲ ਸਾਕਾਰ ਕੀਤਾ। ਭਾਸ਼ਾ ਵਿਭਾਗ ਵਿਚ ਕੰਮ ਦੌਰਾਨ ਉਸ *ਪੰਜਾਬੀ ਦੁਨੀਆ* ਦੇ ਜਿਹੜੇ ਵਿਸ਼ੇਸ਼ ਅੰਕ ਪ੍ਰਕਾਸ਼ਤ ਕੀਤੇ, ਉਹ ਪੰਜਾਬੀ ਅਧਿਐਨ-ਅਧਿਆਪਨ ਦਾ ਮੁੱਲਵਾਨ ਸਰਮਾਇਆ ਹੋ ਨਿਬੜੇ। ਪ੍ਰੋ. ਪਦਮ ਦਾ 1966 ਈ. ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਵਿਚ ਬਤੌਰ ਸੀਨੀਅਰ ਓਰੀਐਂਟਲ ਫੈਲੋ ਤਕ ਅੱਪੜਨਾ ਅਤੇ 1983 ਈ. ਯਾਨੀ ਸੇਵਾ-ਮੁਕਤ ਹੋਣ ਤਕ ਇੱਥੇ ਟਿਕੇ ਰਹਿਣਾ ਅਧਿਐਨ ਅਤੇ ਖੋਜ ਕਾਰਜਾਂ ਲਈ ਹੋਰ ਵੀ ਮਹੱਤਵਪੂਰਨ ਹੋ ਨਿਬੜਿਆ। ਇੱਥੇ ਹੀ ਉਸ *ਦਸਮ ਗ੍ਰੰਥ ਦਰਸ਼ਨ* (1968), *ਗੁਰੂ ਗ੍ਰੰਥ ਰਤਨਾਵਲੀ* (1971), *ਗੁਰੂ ਗ੍ਰੰਥ ਵਿਚਾਰ ਕੋਸ਼* (1969), *ਗੁਰੂ ਗ੍ਰੰਥ ਮਹਿਮਾ ਕੋਸ਼* (1969) *ਸ੍ਰੀ ਗੁਰੂ ਗ੍ਰੰਥ ਪ੍ਰਕਾਸ਼* (1977) ਅਤੇ *ਗੁਰੂ ਕੀਆਂ ਸਾਖੀਆਂ* (1986) ਜਿਹੇ ਗ੍ਰੰਥਾਂ ਦੀ ਰਚਨਾ ਕੀਤੀ। ਅਸਲ ਵਿਚ ਆਪਣੇ ਅਧਿਐਨ ਅਤੇ ਖੋਜ ਕਾਰਜ ਦੇ ਤੀਸਰੇ ਪੜਾਅ ਉਪਰ ਉਸ ਪਹਿਲੇ ਤੇ ਦੂਸਰੇ ਪੜਾਅ ਉਪਰ ਕੀਤੇ ਕਾਰਜਾਂ ਵਿਚ ਰਹਿ ਗਏ ਖੱਪਿਆਂ ਨੂੰ ਪੂਰਨਾ ਸ਼ੁਰੂ ਕੀਤਾ ਅਤੇ ਕੁਝ



ਨਵੇਂ ਕਾਰਜਾਂ ਨੂੰ ਛੋਹਿਆ ਵੀ। ਗੁਰਮਤਿ ਗਿਆਨ ਅਤੇ ਪੰਜਾਬੀ ਸਾਹਿਤ ਦੀ ਸਾਂਭ-ਸੰਭਾਲ ਦੇ ਨਾਲ ਨਾਲ ਇਸ ਜ਼ਮਾਨੇ ਵਿਚ ਉਸ ਦਾ ਧਿਆਨ ਪੰਜਾਬੀ ਸਾਹਿਤ ਦੇ ਹਿੰਦੀ ਕਵੀਆਂ ਵੱਲ ਵੀ ਗਿਆ ਅਤੇ ਉਸ ਨੇ *ਖਲੀਲ ਜਿਬਰਾਨ ਦੇ ਬਚਨ ਬਿਲਾਸ* (1988) ਅਤੇ *ਟੈਗੋਰ ਤ੍ਰਿਬੈਣੀ* (2000) ਵਰਗੀਆਂ ਰਚਨਾਵਾਂ ਵੀ ਪ੍ਰਕਾਸ਼ਤ ਕੀਤੀਆਂ। ਮੌਲਾ ਬਖਸ਼ ਕੁਸ਼ਤਾ ਦੀ ਪੁਸਤਕ *ਪੰਜਾਬ ਦੇ ਹੀਰੇ* (1932) ਦੀ ਤਰਜ਼ ਉਪਰ ਉਸ ਭਾਸ਼ਾ ਵਿਭਾਗ ਵਿਚ ਕੰਮ ਕਰਦਿਆਂ *ਕਲਮ ਦੇ ਧਨੀ* (1965-66) ਦੇ ਸਿਰਲੇਖ ਹੇਠ ਕੰਮ ਕਰਨਾ ਆਰੰਭ ਕਰ ਦਿੱਤਾ ਸੀ, ਜਿਸ ਨੂੰ ਮੁੜ ਨਵੀਂ ਵਿਉਂਤ ਵਿਚ ਇਕੱਠਾ ਕਰ ਕੇ *ਕਲਮ ਦੇ ਧਨੀ* ਨਾਂ ਦੇ ਇਕ ਗ੍ਰੰਥ ਵਿਚ ਸੇਵਾ-ਮੁਕਤ ਹੋਣ ਉਪਰੰਤ 1997 ਵਿਚ ਪ੍ਰਕਾਸ਼ਤ ਕੀਤਾ। ਪੰਜਵੇਂ ਦਹਾਕੇ ਤੋਂ ਆਰੰਭ ਹੋਇਆ ਉਸਦਾ ਖੋਜ ਕਾਰਜ ਉਸ ਦੇ ਇਸ ਜਹਾਨ ਤੋਂ ਰੁਖਸਤ ਹੋਣ ਯਾਨੀ 2001 ਈ. ਤਕ ਬਾਕਾਇਦਾ ਜਾਰੀ ਰਿਹਾ। ਉਸ ਦੇ ਖੋਜ ਕਾਰਜ ਵਿਚ ਉਸਦੀ ਸਿਧਾਂਤ ਅਤੇ ਆਲੋਚਨਾ-ਦ੍ਰਿਸ਼ਟੀ; ਇਤਿਹਾਸ ਸੰਬੰਧੀ ਕੀਤੇ ਕਾਰਜਾਂ ਵਿਚ ਖੋਜ, ਸਿਧਾਂਤ ਅਤੇ ਆਲੋਚਨਾ-ਦ੍ਰਿਸ਼ਟੀ; ਸਿਧਾਂਤਕ ਕਾਰਜਾਂ ਵਿਚ ਖੋਜ, ਇਤਿਹਾਸ ਅਤੇ ਸਿਧਾਂਤ-ਦ੍ਰਿਸ਼ਟੀ ਹਾਜ਼ਰ ਨਜ਼ਰ ਆਉਂਦੀ ਹੈ। ਉਂਝ ਉਹ ਸਾਹਿਤ ਅਧਿਐਨ ਦੇ ਵਿਭਿੰਨ ਅਨੁਸ਼ਾਸਨਾਂ ਦੀ ਸੁਤੰਤਰ ਅਤੇ ਖੁਦਮੁਖਤਾਰ ਹੋਂਦ ਤੋਂ ਖੂਬ ਵਾਕਫ ਸੀ।

ਇੰਝ ਉਸਦੀ ਖੋਜ, ਇਤਿਹਾਸ ਅਤੇ ਆਲੋਚਨਾ-ਦ੍ਰਿਸ਼ਟੀ ਉਸ ਦੁਆਰਾ ਕੀਤੇ ਵਧੇਰੇ ਕਾਰਜਾਂ ਵਿਚੋਂ ਨਜ਼ਰ ਪੈਂਦੀ ਹੈ, ਪਰੰਤੂ ਜੇਕਰ ਉਸਦੀ ਇਤਿਹਾਸ-ਦ੍ਰਿਸ਼ਟੀ ਦੇ ਦੀਦਾਰ ਕਰਨੇ ਹੋਣ ਤਾਂ ਉਸ ਦੁਆਰਾ ਰਚੀਆਂ ਦੋ ਪੁਸਤਕਾਂ *ਪੰਜਾਬੀ ਸਾਹਿਤ ਦੀ ਰੂਪ ਰੇਖਾ* (1971) ਅਤੇ *ਕਲਮ ਦੇ ਧਨੀ* (1997) ਸਾਡੀ ਚੋਖੀ ਸਹਾਇਤਾ ਕਰ ਸਕਦੀਆਂ ਹਨ। ਉਸ ਦੁਆਰਾ ਸੰਪਾਦਤ ਪੁਸਤਕਾਂ *ਹਾਸ਼ਮ ਰਚਨਾਵਲੀ* (1957), *ਪੰਜਾਬੀ ਬਾਰਾਂਮਾਹੇ* (1959), *ਬਾਬਾ ਵਜੀਦ* (1966), *ਸਾਈਂ ਬੁਲ੍ਹੇ ਸ਼ਾਹ* (1968), *ਪੰਜਾਬੀ ਝਗੜੇ* (1974), *ਪੰਜਾਬੀ ਜੰਝਾਂ* (1974), *ਦੋਹੜੇ ਸੁਲਤਾਨ ਬਾਹੂ* (1984), *ਸੂਫੀ ਕਾਵਿ ਧਾਰਾ* (1992) ਅਤੇ *ਜੰਗਨਾਮਾ ਸਿੰਘਾਂ ਤੇ ਫਰੰਗੀਆਂ* (1973) ਵਿਚੋਂ ਵੀ ਉਸਦੀ ਖੋਜ ਚੇਤਨਾ ਤੋਂ ਇਲਾਵਾ ਸਿਧਾਂਤ, ਇਤਿਹਾਸ ਅਤੇ ਆਲੋਚਨਾ-ਦ੍ਰਿਸ਼ਟੀ ਦੇ ਨਕਸ਼ ਪਛਾਣੇ ਜਾ ਸਕਦੇ ਹਨ। ਉਸ ਇਨ੍ਹਾਂ ਕਾਰਜਾਂ ਰਾਹੀਂ ਸਿਰਫ ਪ੍ਰਮਾਣਿਕ ਪਾਠ ਹੀ ਤਿਆਰ ਨਹੀਂ ਕੀਤੇ ਬਲਕਿ ਰਚਨਾਵਾਂ ਨੂੰ ਵਿਸ਼ੈ-ਵਸਤੂ ਅਤੇ ਰੂਪ ਪੱਖ ਵਿਚ ਵੰਡੀਜ ਕੇ ਉਨ੍ਹਾਂ ਦੇ ਗੁਣ ਔਗੁਣ ਨੂੰ ਪਛਾਣਨ ਉਪਰੰਤ ਮੁੱਲੰਕਣ ਕਾਰਜ ਵੀ ਕੀਤਾ। ਨਿਰਸੰਦੇਹ, ਉਸ ਦੁਆਰਾ ਕੀਤੇ ਇਹ ਕਾਰਜ ਬਾਵਾ ਬੁੱਧ ਸਿੰਘ, ਮੌਲਾ ਬਖਸ਼ ਕੁਸ਼ਤਾ ਅਤੇ ਡਾ. ਮੋਹਨ ਸਿੰਘ ਦੀਵਾਨਾ ਦੁਆਰਾ ਕੀਤੇ ਕਾਰਜਾਂ ਨਾਲ ਮੇਲ ਖਾਂਦੇ ਅਤੇ ਉਨ੍ਹਾਂ ਨੂੰ ਅਗਾਂਹ ਤੋਰਦੇ ਦਿਖਾਈ ਦਿੰਦੇ ਹਨ। ਹੱਥਲੇ ਕਾਰਜ ਵਿਚ ਬੇਸ਼ੱਕ ਅਸੀਂ ਖੁਦ ਨੂੰ ਉਸਦੀ ਇਤਿਹਾਸ-ਦ੍ਰਿਸ਼ਟੀ ਦੀ ਪਛਾਣ ਤਕ ਸੀਮਤ ਰੱਖਾਂਗੇ, ਪਰੰਤੂ ਨਾਲ ਦੀ ਨਾਲ ਉਸਦੀ ਇਸ ਦ੍ਰਿਸ਼ਟੀ ਦੇ ਅਧੀਨ ਜਾਂ ਮਤੀਹ ਵਿਚਰਦੀ ਉਸਦੀ ਖੋਜ, ਸਿਧਾਂਤ ਅਤੇ ਆਲੋਚਨਾ-ਦ੍ਰਿਸ਼ਟੀ ਦੇ ਸਰੂਪ ਦੀ ਪਛਾਣ ਦਾ ਉੱਦਮ ਵੀ ਕੀਤਾ ਜਾਵੇਗਾ।

000

ਇਤਿਹਾਸ ਹੋਏ-ਵਾਪਰੇ ਜਾਂ ਬੀਤੇ ਦੀਆਂ ਘਟਨਾਵਾਂ ਨੂੰ ਕਾਲ-ਕ੍ਰਮ ਅਨੁਸਾਰ ਪੇਸ਼ ਕਰਨ ਦਾ ਨਾਂ ਹੈ। ਇਤਿਹਾਸ ਦੇ ਸ਼ਾਬਦਿਕ ਅਰਥਾਂ ਮਗਰ ਜਾਈਏ ਤਾਂ ਇਸਦੇ ਅਰਥ ਹਨ: 'ਐਸਾ ਹੀ ਸੀ' ਜਾਂ ਐਸਾ ਹੀ ਹੋਇਆ'। ਅਤੀਤ ਜਾ ਬੀਤੇ ਵਿਚ ਘਟਨਾਵਾਂ ਅਤੇ ਉਨ੍ਹਾਂ ਨਾਲ ਸੰਬੰਧਤ ਵਿਅਕਤੀ ਆਉਂਦੇ ਹਨ ਅਤੇ ਇਤਿਹਾਸ ਵਿਚ ਉਨ੍ਹਾਂ ਦਾ ਹੀ ਕਾਲ-ਕ੍ਰਮ ਅਨੁਸਾਰ ਵਰਣਨ, ਵਿਵੇਚਨ, ਵਿਸ਼ਲੇਸ਼ਣ ਅਤੇ ਮੁਲਾਂਕਣ ਕੀਤਾ ਜਾਂਦਾ ਹੈ। ਕਾਲ-ਕ੍ਰਮ ਅਨੁਸਾਰ ਵਰਣਨ, ਵਿਵੇਚਨ ਅਤੇ ਵਿਸ਼ਲੇਸ਼ਣ ਦਾ ਕਾਰਜ ਇਤਿਹਾਸ-ਦ੍ਰਿਸ਼ਟੀ ਤੋਂ ਬਗ਼ੈਰ ਨੇਪਰੇ ਨਹੀਂ ਚਾੜ੍ਹਿਆ ਜਾ ਸਕਦਾ। ਇਤਿਹਾਸਕਾਰ ਨੇ ਇਸੇ ਇਤਿਹਾਸ- ਦ੍ਰਿਸ਼ਟੀ ਨਾਲ ਬੀਤੇ ਦਾ ਮਹਾਂਦ੍ਰਿਸ਼ ਅਤੇ ਉਸਾਰ ਉਸਾਰਨਾ

ਹੁੰਦਾ ਹੈ। ਇਸ ਮਹਾਂਦ੍ਰਿਸ਼ ਦੀ ਸਹਾਇਤਾ ਨਾਲ ਬੀਤੇ ਨੂੰ ਜਾਣਿਆ-ਸਮਝਿਆ ਵੀ ਜਾ ਸਕਦਾ ਹੈ ਅਤੇ ਉਸਦੀ ਸਹਾਇਤਾ ਨਾਲ ਵਰਤਮਾਨ ਨੂੰ ਸਮਝਣ ਅਤੇ ਭਵਿੱਖ ਨੂੰ ਸਿਰਜਣ ਵਿਚ ਵੀ ਸਹਾਇਤਾ ਮਿਲਦੀ ਹੈ। ਇਤਿਹਾਸ ਨੂੰ ਅਤੀਤ ਅਤੇ ਵਰਤਮਾਨ ਵਿਚਾਲੇ 'ਨਿਰੰਤਰ ਸੰਵਾਦ' ਦਾ ਨਾਮ ਵੀ ਦਿੱਤਾ ਗਿਆ ਹੈ। ਇਹ ਸੰਵਾਦ ਹੀ ਸਾਨੂੰ ਬੀਤੇ, ਅਤੀਤ ਜਾਂ ਵਿਰਸੇ ਨੂੰ ਉਚਿਤ ਸੰਦਰਭ ਜਾਂ ਸਹੀ ਪਰਿਪੇਖ ਵਿਚ ਸਮਝਣ ਦੀ ਜਾਚ ਸਿਖਾਉਂਦਾ ਹੈ, ਵਰਤਮਾਨ ਦੀ ਸੋਝੀ ਲਈ ਨੀਝ ਪ੍ਰਦਾਨ ਕਰਦਾ ਹੈ ਅਤੇ ਸਭ ਤੋਂ ਵੱਧ ਭਵਿੱਖ ਦੇ ਨਕਸ਼ਾਂ ਨੂੰ ਘੜਨ ਲਈ ਅੰਤਰ-ਦ੍ਰਿਸ਼ਟੀਆਂ ਮੁਹੱਈਆ ਕਰਦਾ ਹੈ। ਅਤੀਤ ਜਾਂ ਬੀਤੇ ਨਾਲ ਅਜਿਹੇ ਸੰਵਾਦੀ ਰਿਸ਼ਤੇ ਤੋਂ ਬਗ਼ੈਰ ਵਰਤਮਾਨ ਵਿਚ ਹੋ ਰਿਹਾ ਸਭ ਕੁਝ ਦਿਸ਼ਾਹੀਣ ਵਿਸਥਾਰ ਹੀ ਜਾਪਦਾ ਹੈ। ਹੋਏ-ਵਾਪਰੇ ਤੱਥਾਂ ਜਾਂ ਘਟਨਾਵਾਂ ਨੂੰ ਯਥਾਰਥਕ ਦ੍ਰਿਸ਼ਟੀ ਨਾਲ ਪੇਸ਼ ਕੀਤਾ ਜਾਣਾ ਚਾਹੀਦਾ ਹੈ ਪਰੰਤੂ ਤੱਥਾਂ ਨੂੰ ਇਤਿਹਾਸਕਾਰ ਦੁਆਰਾ ਸਿਰਜੀ ਤਰਤੀਬ ਅਤੇ ਸੰਦਰਭ ਅਨੁਸਾਰ ਹੀ ਸਥਾਨ ਅਤੇ ਮਹੱਤਵ ਪ੍ਰਾਪਤ ਹੁੰਦਾ ਹੈ। ਇਤਿਹਾਸ-ਦ੍ਰਿਸ਼ਟੀ ਤੱਥਾਂ ਦੇ ਇਕੱਤ੍ਰੀਕਰਣ ਤੋਂ ਅਗਾਂਹ ਉਨ੍ਹਾਂ ਨੂੰ ਕਾਲ-ਕ੍ਰਮ ਵਿਚ ਟਿਕਾਉਣ, ਉਨ੍ਹਾਂ ਵਿਚਾਲੇ ਨਿਰੰਤਰਤਾ ਦੀ ਧਾਰਾ ਪ੍ਰਵਾਹਤ ਕਰਨ, ਕਾਲਾਂ ਵਿਚ ਵੰਡਣ ਅਤੇ ਕਾਲਾਂ ਦਾ ਨਾਮਕਰਣ ਕਰਨ ਤਕ ਫੈਲਦੀ ਹੈ। ਇਸ ਪ੍ਰਕਿਰਿਆ ਥਾਣੀਂ ਗੁਜ਼ਰਦਿਆਂ ਇਤਿਹਾਸਕਾਰ ਨੂੰ ਵਿਚਾਰਧਾਰਕ-ਦਾਰਸ਼ਨਿਕ ਪਰੰਪਰਾਵਾਂ, ਸਮਕਾਲੀਨ ਅਤੇ ਸਦੀਵੀ ਮਾਨਵੀ ਮੁੱਲਾਂ ਉਪਰ ਧਿਆਨ ਟਿਕਾਉਣਾ ਹੁੰਦਾ ਹੈ। ਪ੍ਰਥਮ ਕਾਰਜ ਸਾਹਿਤ ਇਤਿਹਾਸਕਾਰ ਲਈ ਤੱਥਾਂ ਦੇ ਇਕੱਤ੍ਰੀਕਰਣ ਦਾ ਹੁੰਦਾ ਹੈ ਅਤੇ ਇਹ ਕਾਰਜ ਯਾਨੀ ਸਾਹਿਤਕ ਤੱਥ ਇਕੱਠੇ ਕਰਨ ਦੀ ਸੋਝੀ ਸਾਹਿਤ ਸਿਧਾਂਤ ਦੀ ਸਮਝ ਹੀ ਮੁਹੱਈਆ ਕਰਦੀ ਹੈ। ਅੱਗੋਂ ਕੁਝ ਤੱਥ ਉਪਲਬਧ ਹੁੰਦੇ ਹਨ ਅਤੇ ਕੁਝ ਕਾਲ-ਪ੍ਰਵਾਹ ਵਿਚ ਗੁੰਮੇ-ਗਵਾਚੇ, ਇਨ੍ਹਾਂ ਦੀ ਢੂੰਡ-ਭਾਲ ਲਈ ਤੱਥਿਕ ਖੋਜ ਸਹਾਇਕ ਸਾਬਤ ਹੁੰਦੀ ਹੈ। ਇਹ ਤੱਥਿਕ ਖੋਜ (factual research) ਹੀ ਰਚਨਾ ਦੇ ਕਰਤਿੱਤਵ, ਕਾਲ ਅਤੇ ਪ੍ਰਮਾਣਿਕ ਮਤਨ ਦੇ ਮਸਲਿਆਂ ਨਾਲ ਨਜਿੱਠਣ ਵਿਚ ਸਹਾਇਕ ਸਾਬਤ ਹੁੰਦੀ ਹੈ। ਅਗਲਾ ਪੜਾਅ ਤੱਥਾਂ ਦੀ ਵਿਆਖਿਆ, ਵਿਵੇਚਨ ਤੇ ਮੁਲਾਂਕਣ ਦਾ ਹੁੰਦਾ ਹੈ, ਜਿਸਨੂੰ ਆਲੋਚਨਾ-ਦ੍ਰਿਸ਼ਟੀ ਦੀ ਸਹਾਇਤਾ ਬਗ਼ੈਰ ਨੇਪਰੇ ਨਹੀਂ ਚਾੜ੍ਹਿਆ ਜਾ ਸਕਦਾ। ਇੰਝ ਇਤਿਹਾਸਕਾਰੀ ਦਾ ਕਾਰਜ ਕਰਦਿਆਂ ਖੋਜ ਸਿਧਾਂਤ ਅਤੇ ਆਲੋਚਨਾ ਦੇ ਅਨੁਸ਼ਾਸਨ ਇਤਿਹਸਕਾਰ ਦੀ ਇਤਿਹਾਸ-ਦ੍ਰਿਸ਼ਟੀ ਦੇ ਅੰਗ ਸੰਗ ਹੀ ਵਿਚਰਦੇ ਹਨ। ਡਾ. ਅਤਰ ਸਿੰਘ ਦੀ ਇਹ ਟਿੱਪਣੀ ਕਿ "ਸਾਹਿਤਕ ਤੱਥ ਦੇ ਨਿਰਧਾਰਣ ਦਾ ਅੰਕੁਸ਼ ਧਾਰਨ ਕੀਤੇ ਬਿਨਾਂ ਸਾਹਿਤਕ ਆਲੋਚਨਾ ਦਰਸ਼ਨ, ਵਿਗਿਆਨ, ਧਰਮ ਜਾਂ ਸਮਾਜ ਸ਼ਾਸਤਰ ਦੀ ਦਾਸੀ ਬਣ ਕੇ ਰਹਿ ਜਾਂਦੀ ਹੈ", ਸਾਹਿਤਕ ਇਤਿਹਾਸ ਦੇ ਪ੍ਰਸੰਗ ਵਿਚ ਤਾਂ ਕੀ ਸਾਹਿਤਕ ਅਧਿਐਨ ਦੇ ਸਮੁੱਚੇ ਕਾਰਜਾਂ ਦੇ ਪ੍ਰਸੰਗ ਵਿਚ ਵੀ ਸਹੀ ਹੈ। ਸਪਸ਼ਟ ਹੈ ਕਿ ਸਾਹਿਤ-ਬੋਧ, ਸਿਧਾਂਤ-ਬੋਧ, ਖੋਜ-ਵਿਵੇਕ ਅਤੇ ਆਲੋਚਨਾ-ਦ੍ਰਿਸ਼ਟੀ ਤੋਂ ਫਾਸਲਾ ਬਣਾ ਕੇ ਸਾਹਿਤ-ਇਤਿਹਾਸਕਾਰੀ ਦਾ ਕਾਰਜ ਨੇਪਰੇ ਚਾੜ੍ਹ ਸਕਣਾ ਸੰਭਵ ਨਹੀਂ। ਉਪਰੋਕਤ ਸੰਖੇਪ ਚਰਚਾ ਨੇ ਪ੍ਰੋ. ਪਿਆਰਾ ਸਿੰਘ ਪਦਮ ਦੀ ਇਤਿਹਾਸ-ਦ੍ਰਿਸ਼ਟੀ ਨੂੰ ਜਾਣਨ-ਸਮਝਣ ਲਈ ਸਾਨੂੰ ਕੁਝ ਸਵਾਲਾਂ ਦੇ ਰੂਬਰੂ ਕੀਤਾ ਹੈ। ਪਹਿਲਾ, ਉਸਨੇ ਸਾਹਿਤ ਤੱਥਾਂ ਦੀ ਲੱਭਤ ਅਤੇ ਪਛਾਣ ਕਿਵੇਂ ਕੀਤੀ ਹੈ? ਕੀ ਉਸ ਨੇ ਵੱਖ ਵੱਖ ਰੂਪਾਂ/ਵਿਧਾਵਾਂ ਨਾਲ ਸੰਬੰਧਤ ਵੱਖ ਵੱਖ ਤੱਥਾਂ ਨੂੰ ਪਰਿਭਾਸ਼ਤ ਵੀ ਕੀਤਾ ਹੈ? ਉਨ੍ਹਾਂ ਨੂੰ ਧਾਰਾਵਾਂ ਅਨੁਸਾਰ ਕਾਲ-ਕ੍ਰਮ ਵਿਚ ਟਿਕਾਇਆ ਹੈ? ਉਨ੍ਹਾਂ ਤੱਥਾਂ ਵਿਚਾਲੇ ਆਪਸੀ ਸਾਂਝ ਤੇ ਵੱਖਰਤਾ ਨੂੰ ਕਿਵੇਂ ਪਛਾਣਿਆ ਹੈ? ਉਸ ਕਾਲ-ਪ੍ਰਵਾਹ ਵਿਚ ਲੁਪਤ ਤੱਥਾਂ ਨੂੰ ਵੀ ਤਲਾਸ਼ਿਆ ਹੈ ਜਾਂ ਪ੍ਰਾਪਤ ਤੱਥਾਂ ਦੀ ਹੀ ਵਿਆਖਿਆ-ਵਿਵੇਚਨ ਦਾ ਕਾਰਜ ਕੀਤਾ ਹੈ? ਸਾਹਿਤ ਦੇ ਇਤਿਹਾਸ ਦੀ ਸਿਰਜਣਾ ਲਈ ਕੀ ਉਹ ਇਤਿਹਾਸ-ਦ੍ਰਿਸ਼ਟੀ ਦੀ ਜ਼ਰੂਰਤ ਮਹਿਸੂਸਦਾ ਹੈ? ਉਸ ਦੀ ਇਤਿਹਾਸ-ਦ੍ਰਿਸ਼ਟੀ ਬੀਤੇ ਜਾਂ ਹੋਏ-ਵਾਪਰੇ ਦਾ ਕਿਸ ਪ੍ਰਕਾਰ ਦਾ ਮੁਹਾਂਦਰਾ ਉਘਾੜਦੀ ਹੈ? ਉਸਦੀ ਇਤਿਹਾਸ-ਦ੍ਰਿਸ਼ਟੀ ਵਿਚੋਂ



ਸਮਕਾਲੀਨ ਸਮਾਜ ਦੀ ਹਕੀਕਤ ਦਾ ਕਿਸ ਕਿਸਮ ਦਾ ਮੁਹਾਂਦਰਾ ਉਘੜ ਕੇ ਸਾਹਮਣੇ ਆਉਂਦਾ ਹੈ? ਕੀ ਇਸ ਇਤਿਹਾਸ-ਦ੍ਰਿਸ਼ਟੀ ਰਾਹੀਂ ਇਤਿਹਾਸ ਦੇ ਨਿਰਮਾਣ ਦੀ ਪ੍ਰਕਿਰਿਆ ਵਿਚ ਵੀ ਕੋਈ ਸਹਾਇਤਾ ਮਿਲਦੀ ਹੈ? ਕੀ ਉਸਦੀ ਇਤਿਹਾਸ-ਦ੍ਰਿਸ਼ਟੀ ਸਾਡੀ ਆਲੋਚਨਾ-ਦ੍ਰਿਸ਼ਟੀ ਅਤੇ ਸਿਧਾਂਤ-ਦ੍ਰਿਸ਼ਟੀ ਦੇ ਨਿਰਮਾਣ ਵਿਚ ਵੀ ਸਹਾਇਤਾ ਕਰਦੀ ਹੈ? ਉਹ ਇਤਿਹਾਸ ਨੂੰ ਕਿਸ ਨਜ਼ਰੀਏ ਜਾਂ ਦ੍ਰਿਸ਼ਟੀਕੋਣ ਤੋਂ ਵੇਖਦਾ ਅਤੇ ਉਸਦਾ ਵਿਸ਼ਲੇਸ਼ਣ-ਵਿਵੇਚਨ ਕਰਦਾ ਹੈ? ਉਸਦੇ ਵਿਆਖਿਆ-ਵਿਸ਼ਲੇਸ਼ਣ ਦੇ ਪਿਛੋਕੜ ਵਿਚ ਕਿਸ ਪ੍ਰਕਾਰ ਦਾ ਸਿਧਾਂਤ-ਬੋਧ ਕਾਰਜਸ਼ੀਲ ਹੈ? ਅਰਥਾਤ ਕੀ ਉਹ ਵਿਆਖਿਆ-ਵਿਸ਼ਲੇਸ਼ਣ ਲਈ ਲੋੜੀਂਦੀ ਸਿਧਾਂਤ-ਦ੍ਰਿਸ਼ਟੀ ਨੂੰ ਆਪਣੇ ਤੱਥਾਂ ਦੀ ਘੋਖ ਵਿਚੋਂ ਨਿਤਾਰਦਾ ਹੈ ਅਤੇ ਜਾਂ ਪੂਰਬੀ ਤੇ ਪੱਛਮੀ ਸਾਹਿਤ ਚਿੰਤਨ ਤੋਂ ਸਹਾਇਤਾ ਲੈਂਦਾ ਹੈ? ਉਸਦੇ ਸਾਹਿਤ-ਵਿਵੇਕ ਪਿੱਛੇ ਕਿਸ ਪ੍ਰਕਾਰ ਦਾ ਇਤਿਹਾਸ-ਬੋਧ ਕਾਰਜਸ਼ੀਲ ਹੈ? ਉਸ ਦੁਆਰਾ ਪੇਸ਼ ਕੀਤਾ ਸ਼ਾਹਕਾਰ ਰਚਨਾਵਾਂ ਦਾ ਬੋਧ ਇਤਿਹਾਸ-ਯੁਕਤ ਹੈ ਜਾਂ ਇਤਿਹਾਸ-ਮੁਕਤ? ਕੀ ਉਹ ਸਾਹਿਤਕ ਪ੍ਰਵਿਰਤੀਆਂ ਦੀ ਵਿਆਖਿਆ ਯੁਗ-ਅਨੁਕੂਲ ਚੇਤਨਾ ਦੇ ਆਧਾਰ ਉਪਰ ਕਰਦਾ ਹੈ? ਅਤੇ ਉਸ ਦੁਆਰਾ ਉਲੀਕੀ ਗਈ ਸਾਹਿਤ ਦੀ ਵਿਕਾਸ-ਪ੍ਰਕਿਰਿਆ ਦੀ ਅੱਜੋਕੇ ਯੁਗ ਵਿਚ ਵੀ ਕੋਈ ਸਾਰਥਿਕਤਾ ਜਾਂ ਪ੍ਰਸੰਗਕਤਾ ਨਜ਼ਰ ਆਉਂਦੀ ਹੈ।

0 0 0

ਪਿਆਰਾ ਸਿੰਘ ਪਦਮ ਪੰਜਾਬੀ ਸਾਹਿਤ ਦਾ ਇਤਿਹਾਸ ਲਿਖਣ ਤੋਂ ਪਹਿਲਾਂ ਸਾਹਿਤ ਦਾ ਇਤਿਹਾਸ 'ਤਿਆਰ ਕਰਨਾ' ਲੋੜਦਾ ਸੀ। ਇਸ ਕਾਰਜ ਲਈ ਸਾਹਿਤਕ ਤੱਥ ਇਕੱਠੇ ਕਰਨ ਅਤੇ ਉਨ੍ਹਾਂ ਦਾ ਕਾਲ ਨਿਰਧਾਰਨ ਕਰਨ, ਲੇਖਕ ਦੀ ਪਛਾਣ ਕਰਨ ਅਤੇ ਪ੍ਰਮਾਣਿਕ ਪਾਠ ਤਿਆਰ ਕਰਨ ਦੀ ਜ਼ਰੂਰਤ ਸੀ। ਸਾਹਿਤ-ਤੱਥ ਦੀ ਪਛਾਣ ਦੀ ਕਸਵੱਟੀ ਉਸ ਅਨੁਭਵੀ ਧਰਾਤਲ ਉਪਰ ਹੀ ਪ੍ਰਾਪਤ ਕਰ ਲਈ ਸੀ। ਇਸ ਖੇਤਰ ਵਿਚ ਮੀਰ ਕਰਾਮਤੁੱਲਾ, ਬਾਵਾ ਬੁਧ ਸਿੰਘ, ਮੌਲਾ ਬਖਸ਼ ਕੁਸ਼ਤਾ, ਮੋਹਨ ਸਿੰਘ ਦੀਵਾਨਾ ਅਤੇ ਬਨਾਰਸੀ ਦਾਸ ਜੈਨ ਵਰਗੇ ਦਾਨਿਸ਼ਵਰ ਪਹਿਲਾਂ ਹੀ ਗਤੀਸ਼ੀਲ ਸਨ। ਇਨ੍ਹਾਂ ਨਾਵਾਂ ਵਿਚੋਂ ਬਹੁਤੇ, ਜਿੱਥੇ ਸੇਵਾ-ਸੰਭਾਲ, ਮੋਹ-ਪਿਆਰ ਅਤੇ ਪੰਜਾਬੀਅਤ ਦੀ ਭਾਵਨਾ ਤਹਿਤ ਇਹ ਕਾਰਜ ਕਰ ਰਹੇ ਸਨ, ਉੱਥੇ ਮੋਹਨ ਸਿੰਘ ਦੀਵਾਨਾ ਨੇ, ਇਸ ਤੋਂ ਇਲਾਵਾ, ਇਹ ਕਾਰਜ ਵਿੱਦਿਅਕ ਜ਼ਿੰਮੇਵਾਰੀ ਦੀ ਭਾਵਨਾ ਤਹਿਤ ਕੀਤਾ। ਪਿਆਰਾ ਸਿੰਘ ਪਦਮ ਦੇ ਕਾਰਨਾਂ ਤੋਂ ਜ਼ਾਹਰ ਹੈ ਕਿ ਉਸ ਅੰਦਰ ਸੇਵਾ-ਸੰਭਾਲ ਅਤੇ ਵਿੱਦਿਅਕ ਜ਼ਿੰਮੇਵਾਰੀ ਦੀਆਂ ਭਾਵਨਾਵਾਂ ਕਾਰਜ ਕਰਦੀਆਂ ਵਿਖਾਈ ਦੇਂਦੀਆਂ ਸਨ। ਹੋਏ ਕਾਰਜਾਂ ਦੇ ਮਹੱਤਵ ਨੂੰ ਸਵੀਕਾਰਨਾ ਅਤੇ ਉਸ ਦੀਆਂ ਸੀਮਾਵਾਂ ਵਿਚੋਂ ਆਪਣੀ ਦਿਸ਼ਾ ਤਲਾਸ਼ ਕਰਨੀ ਉਸਦੀ ਖੋਜੀ ਸ਼ਖਸੀਅਤ ਦਾ ਹਿੱਸਾ ਸੀ। *ਪੰਜਾਬੀ ਸਾਹਿਤ ਦੀ ਰੂਪ ਰੇਖਾ* ਦੀ ਭੂਮਿਕਾ ਵਿਚ ਉਸ ਪਹਿਲਾਂ ਹੋਏ ਕਾਰਜਾਂ ਦੀ ਸਰਾਹਨਾ ਕਰਦੇ ਹੋਏ ਲਿਖਿਆ ਕਿ "ਸ਼ਾਇਦ ਇਹ ਕਹਿਣਾ ਗੁਸਤਾਖੀ ਨਹੀਂ ਹੋਵੇਗੀ ਕਿ ਬਾਵਾ ਬੁੱਧ ਸਿੰਘ, ਮੌਲਾ ਬਖਸ਼ ਕੁਸ਼ਤਾ ਤੇ ਡਾ. ਮੋਹਨ ਸਿੰਘ ਤੋਂ ਬਾਅਦ ਸ਼ਾਇਦ ਹੀ ਕਿਸੇ ਆਲੋਚਕ ਨੇ ਸਾਰੀਆਂ ਚੀਜ਼ਾਂ ਨੂੰ ਖੁਦ ਪੂਰੀ ਤਰ੍ਹਾਂ ਦੇਖਣ ਦੀ ਖੇਚਲ ਕੀਤੀ ਹੋਵੇ, ਬਹੁਤਿਆਂ ਇਨ੍ਹਾਂ ਵਿਚੋਂ ਹੀ ਟੂਕ ਜਾਂ ਰਾਇ ਲੈ ਕੇ ਬੁੱਤਾ ਸਾਰ ਲਿਆ ਹੈ"। ਇਸ 'ਲੋੜ' ਨੂੰ ਸ਼ਿੱਦਤ ਨਾਲ ਮਹਿਸੂਸ ਕਰਦਿਆਂ ਅਤੇ 'ਬੁਤਾ ਸਾਰਣ' ਦਾ ਸਰਲ ਰਾਹ ਚੁਣਨ ਦੀ ਬਜਾਇ ਉਸ ਮਿਹਨਤ-ਮੁਸ਼ੱਕਤ ਦਾ ਰਾਹ ਪੂਰੀ ਲਗਨ ਨਾਲ ਚੁਣਿਆ। ਉਸ ਇਸੇ ਲਗਨ ਨਾਲ 'ਉੱਤਮ ਸਾਹਿਤ' ਦਾ ਪਰਿਚਯ ਦੇਣ ਅਤੇ ਉਸਦੀ ਪ੍ਰਮਾਣਿਕ ਪੇਸ਼ਕਾਰੀ ਦੀ ਪੂਰੀ ਵਾਹ ਲਾਈ। ਉਸਦੀ ਨਿਸਚਤ ਧਾਰਨਾ ਸੀ ਕਿ "ਪੰਜਾਬੀ ਲੋਕ, ਪੰਜਾਬੀ ਧਰਤੀ, ਪੰਜਾਬੀ ਸਭਿਅਤਾ ਅਤੇ ਪੰਜਾਬੀਆਂ ਦਾ ਜੀਵਨ ਇਤਿਹਾਸ ਸਭੋ ਕੁਝ ਪੰਜਾਬੀ ਸਾਹਿਤ ਵਿਚ ਪ੍ਰਤੀਬਿੰਬਤ ਹੋਇਆ ਹੈ"। ਇਸੇ ਲਈ ਪਹਿਲਾਂ ਉਹ ਇਸ ਸਾਹਿਤ ਨੂੰ ਇਕੱਠਾ ਕਰਦਾ ਅਤੇ ਫਿਰ ਇਸ ਵਿਚੋਂ ਇਹ ਸਭ ਕੁਝ ਤਲਾਸ਼ਦਾ ਰਿਹਾ। ਮੱਧਕਾਲ ਦਾ ਸਮਾਂ ਉਸ 1501 ਤੋਂ

1900 ਈ. ਮਿਥਿਆ ਅਤੇ ਇਸ ਤੋਂ ਪਹਿਲਾਂ ਦੇ ਸਮੇਂ ਨੂੰ ਉਸ 'ਪ੍ਰਾਚੀਨ ਯੁਗ' ਦਾ ਨਾਂ ਦਿੱਤਾ। ਇਸ ਪ੍ਰਾਚੀਨ ਯੁਗ ਦੀ ਮੱਧ ਯੁਗ ਨਾਲ ਨਿਰੰਤਰਤਾ ਨੂੰ ਉਸ ਮੋਹਨ ਸਿੰਘ ਦੀਵਾਨਾ ਵਾਂਗ ਹੀ ਘੋਖਿਆ-ਫਰੋਲਿਆ। ਸਮੁੱਚੀ ਸਾਹਿਤ-ਧਾਰਾ ਪਿੱਛੇ ਉਸ ਲੋਕ-ਸਾਹਿਤ ਦੀ ਪਰੰਪਰਾ ਨੂੰ ਸਾਹ ਲੈਂਦੇ ਮਹਿਸੂਸ ਕੀਤਾ ਅਤੇ ਇਸਦੇ ਮਹੱਤਵ ਨੂੰ ਪੂਰੀ ਭਾਵੁਕਤਾ ਅਤੇ ਪ੍ਰਸ਼ੰਸਾਮਈ ਭਾਵਨਾ ਨਾਲ ਅੰਕਤ ਕੀਤਾ। ਉਸ ਲਿਖਿਆ ਕਿ "ਲੋਕ-ਸਾਹਿਤ ਦਾ ਦੇਣਾ ਅਸੀਂ ਦੇ ਹੀ ਨਹੀਂ ਸਕਦੇ, ਜੋ ਸਦੀਆਂ ਤੋਂ ਇਕ-ਰਸ ਪੰਜਾਬੀ ਜੀਵਨ ਨੂੰ ਸੰਤੁਸ਼ਟ ਕਰਦਾ ਆਇਆ ਹੈ। ਪੰਜਾਬ ਦਾ ਹਰ ਨੱਢਾ ਬੁੱਢਾ ਲੋਕ-ਗੀਤਾਂ ਵਿਚ ਗੜੂੰਦ ਹੈ ... ਇਹ ਵੇਦਨਾ ਭਰਪੂਰ ਗੀਤ, ਲੋਕ ਕਲਾਕਾਰਾਂ ਜਿਗਰ ਦੇ ਖ਼ੂਨ ਨਾਲ ਲਿਖੇ ਹਨ, ਜੋ ਕਿ ਪੰਜਾਬੀਆਂ ਦੇ ਅਨੁਭਵੀ ਜੀਵਨ ਦਾ ਪ੍ਰਮਾਣ ਹਨ। ਇਨ੍ਹਾਂ ਲੋਕ-ਗੀਤਾਂ ਸਾਡੇ ਸਾਹਿਤ ਨੂੰ ਸਦਾ ਤੋਂ ਪ੍ਰਭਾਵਤ ਕੀਤਾ ਹੈ ਅਤੇ ਆਧੁਨਿਕ ਕਵੀ ਤਾਂ ਇਨ੍ਹਾਂ ਦੀ ਬਿੰਬਾਵਲੀ ਤੇ ਸ਼ਬਦਾਵਲੀ ਨੂੰ ਗ੍ਰਹਿਣ ਕਰ ਕੇ ਆਪਣੀ ਕਾਵਿ-ਰਚਨਾ ਨੂੰ ਸਿੱਕੇਬੰਦ ਬਣਾਉਣ ਵਿਚ ਫਖ਼ਰ ਸਮਝਦੇ ਹਨ"। ਪਿਆਰਾ ਸਿੰਘ ਪਦਮ ਅਤੇ ਉਸ ਜਿਹੇ ਹੋਰ ਵਿਦਵਾਨਾਂ ਦੁਆਰਾ ਪ੍ਰਭਾਵਵਾਦੀ, ਪ੍ਰਸ਼ੰਸਾਵਾਦੀ ਲੋਕ-ਸਾਹਿਤ ਦੇ ਪਛਾਣੇ ਗਏ ਇਸ ਮਹੱਤਵ ਨੇ ਵਰਤਮਾਨ ਯੁਗ ਵਿਚ ਲੋਕਧਾਰਾ ਸ਼ਾਸਤਰੀਆਂ ਨੂੰ , ਇਸ ਦੀ ਖੋਜ ਅਤੇ ਵਿਸ਼ਲੇਸ਼ਣ-ਵਿਵੇਚਨ ਲਈ, ਜ਼ਮੀਨ ਤਿਆਰ ਕਰ ਕੇ ਦਿੱਤੀ। ਦੀਵਾਨਾ ਵਾਂਗ ਉਸ ਵੀ ਨਾਥਾਂ ਜੋਗੀਆਂ ਦੇ ਸਾਹਿਤ ਵਿਚੋਂ ਪੰਜਾਬੀ ਅੰਸ਼ਾਂ ਦੀ ਤਲਾਸ਼ ਕੀਤੀ। ਫਰੀਦ ਬਾਣੀ ਦੇ ਨਿਖੜਵੇਂ ਚਿਹਰੇ ਦੀ ਗੱਲ ਛੋਹਣ ਤੋਂ ਪਹਿਲਾਂ ਉਸ ਕਈ ਹੋਰ ਸ਼ਾਇਰਾਂ ਜਿਵੇਂ ਅੱਦਹਾਮਾਣ, ਅਬੂ ਸਾਅਦ, ਅਬੁਲ ਫਜ਼ਲ, ਮਸਊਦ ਅਤੇ ਪ੍ਰਿਥਵੀ ਰਾਜ ਰਾਸੋ ਦਾ ਜ਼ਿਕਰ ਤਾਂ ਕੀਤਾ ਪਰੰਤੂ ਇਨ੍ਹਾਂ ਦੀਆਂ ਰਚਨਾਵਾਂ ਦੀ ਅਣਹੋਂਦ ਸਦਕਾ ਇਨ੍ਹਾਂ ਸੰਬੰਧੀ ਕੁਝ ਵੀ ਕਹਿਣ ਤੋਂ ਆਪਣੀ ਅਸਮਰੱਥਾ ਪ੍ਰਗਟਾਈ। ਲੋਕ-ਸਾਹਿਤ ਅਤੇ ਅਣਲੱਭਦ ਸਾਹਿਤ ਨੂੰ ਸਾਹਮਣੇ ਲਿਆਉਣ ਅਤੇ ਉਸਦੀ ਜਾਣ ਪਛਾਣ ਕਰਾਉਣ ਦੇ ਪ੍ਰਸੰਗ ਵਿਚ ਉਸਦੀ ਵੱਡੀ ਦੇਣ *ਪੰਜਾਬੀ ਜੰਝਾਂ, ਮਲਵਈ ਕਵੀਸ਼ਰਾਂ ਦੇ ਬੋਲ, ਪੰਜਾਬੀ ਝਗੜੇ, ਮਿਰਜ਼ੇ ਦੀਆਂ ਸੱਦਾਂ* ਅਤੇ *ਝਗੜਾਲੂ ਕਿੱਸੇ* ਵਰਗੀਆਂ ਰਚਨਾਵਾਂ ਨੂੰ ਸਾਹਮਣੇ ਲਿਆਉਣ ਵਿਚ ਹੈ। ਅਜਿਹੀਆਂ ਰਚਨਾਵਾਂ ਨੇ ਹੀ ਅਸਲ ਵਿਚ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਮੁੱਢਲਾ ਸਰੂਪ ਤਿਆਰ ਕਰਨ ਵਿਚ ਸਹਾਇਤਾ ਕੀਤੀ। ਇਸ ਤੋਂ ਇਲਾਵਾ *ਪੰਜਾਬੀ ਵਾਰਾਂ* (1951), *ਹੀਰ ਭਗਵਾਨ ਸਿੰਘ* (1958), *ਹੀਰ ਅਹਿਮਦ* (1960), *ਪੰਜਾਬੀ ਬਾਰਾਂਮਾਹੇ* (1959), *ਸ਼ਾਹ ਹੁਸੈਨ ਰਚਨਾਵਲੀ* (1968), *ਸਾਈਂ ਬੁਲ੍ਹੇ ਸ਼ਾਹ* (1968), *ਵਾਰਿਸ ਸ਼ਾਹ* (1977) *ਦੋਹੜੇ ਸੁਲਤਾਨ ਬਾਹੂ* (1984) ਅਤੇ *ਜੰਗਨਾਮਾ ਸਿੰਘਾਂ ਤੇ ਫਰੰਗੀਆਂ* (1973) ਉਸ ਦੁਆਰਾ ਤਿਆਰ ਕੀਤੇ ਗਏ ਸ਼ੁਧ ਪਾਠ ਵੀ ਮੁੱਲਵਾਨ ਅਤੇ ਜ਼ਿਕਰਯੋਗ ਹਨ। ਅਗਲੇਰੇ ਪੜਾਵਾਂ ਵਿਚ ਹੋਏ ਖੋਜ ਅਤੇ ਵਿਵੇਚਨ-ਮੁਲਕਾਂਣ ਦੇ ਕਾਰਜਾਂ ਲਈ ਇਨ੍ਹਾਂ ਕਾਰਜਾਂ ਨੇ ਮੁੱਲਵਾਨ ਅਤੇ ਭਰੋਸੇਯੋਗ ਤੱਥਿਤ-ਸਮੱਗਰੀ ਦਾ ਆਧਾਰ ਮੁਹੱਈਆ ਕੀਤਾ। ਵਿਦਿਆਰਥੀਆਂ ਦੀਆਂ ਇਮਤਿਹਾਨੀ ਲੋੜਾਂ ਦੀ ਪੂਰਤੀ ਤੋਂ ਇਲਾਵਾ ਇਨ੍ਹਾਂ ਪਾਠਾਂ ਉਪਰ ਸਰਸਰੀ ਨਿਗਾਹ ਮਾਰਿਆਂ ਹੀ ਇਨ੍ਹਾਂ ਵਿਚੋਂ ਉਸਦੀ ਕਾਵਿ-ਸ਼ਾਸਤਰੀ, ਭਾਸ਼ਾਈ, ਇਤਿਹਾਸਕ, ਸਭਿਆਚਾਰਕ, ਸਮਾਜਕ, ਰਾਜਨੀਤਕ ਅਤੇ ਭੂਗੋਲਿਕ ਸੋਝੀ ਦੀ ਝਲਕ ਦਿਖਾਈ ਦੇਂਦੀ ਹੈ। ਉਹ ਸ਼ੁਧ ਪਾਠ ਦੀ ਤਿਆਰੀ ਤੋਂ ਪੂਰਵ ਪਹਿਲਾਂ ਪ੍ਰਾਪਤ ਪਾਠਾਂ ਨੂੰ ਵੀ ਘੋਖਦਾ ਸੀ ਅਤੇ ਕਲਮੀ ਨੁਸਖਿਆਂ ਦੀ ਸੋਧ-ਸੁਧਾਈ ਦਾ ਕਾਰਜ ਵੀ ਕਰਦਾ ਸੀ। ਸ਼ੁੱਧ ਪਾਠ ਤਿਆਰ ਕਰਨ ਉਪਰੰਤ ਉਹ ਉਸਦੇ ਮਹੱਤਵ ਅਤੇ ਵਿਲੱਖਣਤਾ ਦੀ ਪਛਾਣ ਲਈ ਉਸਨੂੰ ਵਿਭਿੰਨ ਕੋਣਾਂ ਤੋਂ ਨਿਹਾਰਦਾ ਸੀ। ਇਸੇ ਲਈ ਇਹ ਸ਼ੁੱਧ ਪਾਠ ਅਗਲੇਰੀ ਖੋਜ ਲਈ ਸਮੱਗਰੀ ਬਣਨ ਤੋਂ ਇਲਾਵ ਭਰੋਸੇਯੋਗ ਪਾਠ ਪੁਸਤਕਾਂ ਦਾ ਰੂਪ ਵੀ ਅਖਤਿਆਰ ਕਰ ਗਏ। ਪ੍ਰਾਚੀਨ ਯੁਗ ਯਾਨੀ 1000-1500 ਈ. ਤਕ ਰਚੇ ਗਏ ਸਾਹਿਤ ਸੰਬੰਧੀ ਇਕ ਤਾਂ ਉਹ ਆਪਣੀ ਅਫਸੋਸ ਭਾਵਨਾ (ਕੋਈ ਵੀ ਚੀਜ਼ ਪ੍ਰਾਪਤ ਨਹੀਂ) ਪ੍ਰਗਟ ਕਰਦਾ



ਅਤੇ ਪ੍ਰਾਪਤ ਨਮੂਨਿਆਂ ਦੇ ਆਧਾਰ ਉਪਰ ਇਸ ਸੰਬੰਧੀ ਆਪਣੀ ਰਾਇ ਬਣਾਉਂਦਾ ਹੈ ਕਿ "ਪੰਜਾਬੀ ਸਾਹਿਤ ਦੀ ਪਰੰਪਰਾ ਦੇ ਪੈਰ ਡੂੰਘੇ ਹਨ ਤੇ ਇਸ ਵਿਚ ਚੰਗੇ ਆਲਮ ਫਾਜ਼ਲ ਸ਼ਾਇਰ ਰਚਨਾ ਕਰਦੇ ਰਹੇ ਹਨ"। ਇਸ ਅਫਸੋਸ ਭਾਵਨਾ ਅਤੇ ਰਾਇ ਵਿਚੋਂ ਇਕ ਗੱਲ ਤਾਂ ਪ੍ਰਤੱਖ ਹੈ ਕਿ ਪੰਜਾਬੀ ਬੰਦੇ ਨੇ ਜਿਸ ਤੀਬਰਤਾ ਅਤੇ ਸੁਹਿਰਦਤਾ ਨਾਲ ਸਿਰਜਣਾ ਦਾ ਕਾਰਜ ਕੀਤਾ ਹੈ, ਉਸੇ ਪ੍ਰਕਾਰ ਦੀ ਸਭ ਕੁਝ ਦੀ ਸਾਂਭ-ਸੰਭਾਲ ਦੀ ਸੋਝੀ ਵਿਖਾਈ ਨਹੀਂ ਦੇਂਦੀ। ਇਸੇ ਲਈ ਸਾਡੀ ਇਤਿਹਾਸ-ਭਾਵਨਾ ਦੀ ਕੁਲ ਆਯੂ ਬਹੁਤ ਛੋਟੀ ਹੈ। ਅਸੀਂ ਅਤੀਤ ਜਾਂ ਬੀਤੇ ਵਿਚ ਕੀਤੇ ਚੰਗੇ ਅਤੇ ਗ੍ਰਹਿਣਯੋਗ ਕਾਰਜਾਂ ਨੂੰ, ਅੱਗੇ ਲੈ ਜਾਣ ਦੀ ਬਜਾਏ, ਜਲਦੀ ਭੁੱਲ-ਵਿਸਰ ਜਾਂਦੇ ਹਾਂ। ਪਦਮ ਦੀ ਇਤਿਹਾਸ-ਦ੍ਰਿਸ਼ਟੀ ਗੁੰਮੇ-ਗੁਆਚੇ ਜਾਂ ਦੁਰਲੱਭ ਨੂੰ ਪੂਰੀ ਬਾਰੀਕ-ਬੀਨੀ ਨਾਲ ਢੂੰਡਦੀ ਅਤੇ ਮੁੜ ਉਸਦੇ ਮਹੱਤਵ ਨੂੰ ਉਜਾਗਰ ਕਰਦੀ ਹੈ। ਮੂਲ ਸਮੱਗਰੀ ਨੂੰ ਲੱਭਣ ਅਤੇ ਸਾਹਿਤ ਦਾ ਇਤਿਹਾਸ ਤਿਆਰ ਕਰਨ ਵਿਚ ਇਤਿਹਾਸ-ਦ੍ਰਿਸ਼ਟੀ ਦੇ ਬੁਨਿਆਦੀ ਮਸਲੇ ਅਤੇ ਸਰੋਕਾਰ ਉਸਦੀ ਸਹਾਇਕ ਸ਼ਕਤੀ ਬਣਦੇ ਹਨ। ਪਦਮ ਦੀ ਇਤਿਹਾਸ-ਦ੍ਰਿਸ਼ਟੀ ਦੇ ਪਿਛੋਕੜ ਵਿਚ ਕੰਮ ਕਰਦੇ ਉਸਦੇ ਸਿਧਾਂਤ-ਬੋਧ ਅਤੇ ਆਲੋਚਨਾ-ਦ੍ਰਿਸ਼ਟੀ ਦੇ ਸਰੂਪ, ਪ੍ਰਕਿਰਤੀ ਅਤੇ ਸੀਮਾਵਾਂ ਦੀ ਪਛਾਣ ਤੋਂ ਪਹਿਲਾਂ ਉਸਦੀ ਮੱਧਕਾਲੀਨ ਸਾਹਿਤ ਅਤੇ ਆਧੁਨਿਕ ਸਾਹਿਤ ਪ੍ਰਤਿ ਸਮੁੱਚੀ ਦ੍ਰਿਸ਼ਟੀ ਨੂੰ ਪਛਾਣ ਲੈਣਾ ਲਾਹਵੰਦ ਰਹੇਗਾ।

ਪਿਆਰਾ ਸਿੰਘ ਪਦਮ ਨੇ ਮੱਧਕਾਲ ਨੂੰ ਮੱਧ ਯੁਗ ਦਾ ਨਾਮ ਦੇਂਦੇ ਹੋਏ ਇਸਦਾ ਸਮਾਂ 1501 ਤੋਂ 1900 ਈ. ਤਕ ਮਿਥਿਆ। ਅੱਗੋਂ ਉਸ ਇਸ ਵਿਚੋਂ ਅਧਿਆਤਮ ਸਾਹਿਤ, ਬੀਰ ਗਾਥਾ ਸਾਹਿਤ ਅਤੇ ਪ੍ਰੇਮ ਗਾਥਾ ਸਾਹਿਤ ਦੀ ਪਛਾਣ ਕੀਤੀ। ਇਨ੍ਹਾਂ ਤਿੰਨ ਪ੍ਰਮੁਖ ਧਾਰਾਵਾਂ ਤੋਂ ਇਲਾਵਾ ਉਸ ਮੱਧਕਾਲ ਵਿਚਲੇ ਵਾਰਤਕ-ਵਿਕਾਸ (ਸਾਖੀਆਂ, ਪਰਚੀਆਂ, ਮਸਲੇ, ਗੋਸ਼ਟਾਂ, ਬਚਨ, ਪਰਮਾਰਥ, ਟੀਕੇ ਅਤੇ ਉਪਨਿਸ਼ਦ, ਯੋਗ ਵਸ਼ਿਸ਼ਟ ਅਤੇ ਪਾਰਸ ਭਾਗ ਵਰਗੇ ਉਲਥੇ) ਸੰਬੰਧੀ ਵੀ ਜਾਣ ਪਛਾਣ ਕਰਵਾਈ। ਅਧਿਆਤਮਕ ਸਾਹਿਤ ਨੂੰ ਅੱਗੋਂ ਉਸ ਤਿੰਨ ਭਾਂਤ ਦਾ (ਗੁਰੂ-ਕਾਵਿ, ਸੰਤ-ਕਵਿ ਅਤੇ ਸੂਫੀ-ਕਾਵਿ) ਦੱਸਦੇ ਹੋਏ ਇਸ ਸੰਬੰਧੀ ਇਹ ਸੂਤਰ ਪੇਸ਼ ਕੀਤਾ ਕਿ "ਗੁਰੂ-ਕਾਵਿ ਵਿਚ ਭਗਤੀ ਨਾਲ ਕਰਮਯੋਗ ਦਾ ਸੰਗਮ ਕੀਤਾ ਗਿਆ ਸੀ ਕਿਉਂਕਿ ਉਹ ਨਿਰੇ-ਪੁਰੇ ਸੰਸਾਰ ਤਿਆਗ ਨੂੰ ਧਰਮ ਨਹੀਂ ਸੀ ਮੰਨਦੇ। ਸੰਤ-ਕਾਵਿ ਵਿਚ ਵੇਦਾਂਤੀ ਪ੍ਰਭਾਵ ਸੀ ਤੇ ਕਰਮਯੋਗ ਦਾ ਅਭਾਵ ਸੀ। ਸੂਫੀ-ਕਾਵਿ ਪੰਜਾਬੀ ਬਿੰਬਾਵਲੀ ਨਾਲ ਸ਼ਿੰਗਾਰਿਆ ਪ੍ਰੇਮ-ਕਾਵਿ ਸੀ, ਜੋ ਥੋਥੀ ਸ਼ਰ੍ਹਾ ਦੀ ਨਿਖੇਧੀ ਕਰ ਕੇ ਅਸਲ ਈਮਾਨ 'ਤੇ ਜ਼ੋਰ ਦੇਂਦਾ ਸੀ"। ਜਿੱਥੇ ਗੁਰੂ ਅਰਜਨ ਦੇਵ ਜੀ ਦੁਆਰਾ ਪੈਂਤੀ ਮਹਾਂਪੁਰਸ਼ਾਂ ਦੀ ਸੰਚਿਤ ਬਾਣੀ 'ਆਦਿ ਗ੍ਰੰਥ' ਦੀ ਬੀੜ ਦੇ ਰੂਪ ਵਿਚ ਪ੍ਰਾਪਤ ਹੋ ਗਈ, ਉੱਥੈ ਸੂਫੀ ਕਾਵਿਧਾਰਾ ਬਾਰੇ ਆਪਣੀ ਰਾਇ ਬਣਾਉਣ ਤੋਂ ਪਹਿਲਾਂ ਉਸ ਇਨ੍ਹਾਂ ਦੇ ਪ੍ਰਮਾਣਿਕ ਅਤੇ ਸ਼ੁੱਧ ਪਾਠ ਵੀ ਤਿਆਰ ਕੀਤੇ। ਇੰਝ ਹੀ ਕਿੱਸਾ-ਸਾਹਿਤ ਦੇ ਮਹੱਤਵ (ਇਨ੍ਹਾਂ ਰਚਨਾਵਲੀਆਂ ਵਿਚ ਕੇਵਲ ਪ੍ਰੀਤ ਦੀ ਗੱਲ ਹੀ ਨਹੀਂ ਸਗੋਂ ਨੇਕੀ ਤੇ ਸ਼ੁਭ ਗੁਣਾਂ ਦੀ ਸਿੱਖਿਆ ਵੀ ਥਾਂ ਥਾਂ ਪਰੋਈ ਮਿਲਦੀ ਹੈ) ਨੂੰ ਪਛਾਣਦੇ ਹੋਏ ਇਨ੍ਹਾਂ ਦੇ ਸ਼ੁੱਧ ਪਾਠ ਤਿਆਰ ਕਰਨ ਵਿਚ ਵੀ ਖਾਸੀ ਦਿਲਚਸਪੀ ਦਿਖਾਈ। ਉਸਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਮੱਧ ਯੁਗ ਦੇ ਸਾਹਿਤ ਵਿਚ ਬਹੁਤ ਕੁਝ ਅਸ਼ੁੱਧ, ਵਾਧੂ ਜਾਂ ਫਾਲਤੂ ਮੌਜੂਦ ਹੈ। ਪੁਰਾਣੇ ਖਰੜਿਆਂ ਤਕ ਰਸਾਈ, ਸਾਹਿਤ ਯੋਗਤਾ ਅਤੇ ਬਹੁ-ਭਾਸ਼ੀ (ਸੰਸਕ੍ਰਿਤ ਅਤੇ ਫਾਰਸੀ) ਗਿਆਨ ਦੇ ਸਹਾਰੇ ਹੀ ਉਸ ਪਾਠਾਂ ਨੂੰ ਸ਼ੁਧ ਰੂਪ ਵਿਚ ਸੰਪਾਦਤ ਕਰਨ ਦਾ ਉੱਦਮ ਕੀਤਾ। ਅਸਲ ਵਿਚ ਉਹ ਇਸੇ ਕਾਰਜ ਨੂੰ ਪੰਜਾਬੀ ਭਾਸ਼ਾ ਦੀ 'ਸਹੀ ਸੇਵਾ' ਦ ਨਾਮ ਦੇਂਦਾ ਸੀ। ਏਸੇ ਸਹੀ ਸੇਵਾ ਵੱਲ ਇਸ਼ਾਰਾ ਕਰਦੇ ਹੋਏ ਉਸ ਆਖਿਆ:

> *ਪੁਰਾਣਾ ਉਤਾਰਾ ਕਰਨ ਵਾਲੇ ਲਿਖਾਰੀ ਕਵਿਤਾ ਦੇ ਵਿਦਵਾਨ ਨਹੀਂ ਸੀ ਹੁੰਦੇ, ਉਹ ਬਤੌਰ ਰੁਜ਼ਗਾਰ ਦੇ ਇਹ ਕਿੱਤਾ ਅਪਣਾਉਂਦੇ ਸਨ। ਇਸ ਕਰਕੇ ਉਨ੍ਹਾਂ ਵਿਚ ਗ਼ਲਤੀਆਂ ਹੋਣ ਦੀ*

> *ਸੰਭਾਵਨਾ ਰਹੀ ਹੈ ਤੇ ਗ਼ਲਤੀਆਂ ਹੋਈਆਂ ਹਨ, ਕੁਝ ਲੋਕਾਂ ਨੇ ਜਾਣ ਬੁੱਝ ਕੇ ਵਾਧੇ ਕੀਤੇ ਹਨ। ਵਾਰਿਸ ਸ਼ਾਹ ਦੀ ਹੀਰ ਵਿਚ 600 ਬੈਂਤਾਂ ਦੀ ਬਜਾਏ 1200 ਬੈਂਤ ਮਿਲਦੇ ਹਨ। ਲੋਕਾਂ ਦਾ ਖ਼ਿਆਲ ਸੀ ਇਸਨੂੰ ਵੱਡਾ ਬਣਾਇਆ ਜਾਵੇ।...ਹਾਸ਼ਮ ਬਾਰੇ ਮੈਂ ਕੰਮ ਕੀਤਾ ਹੈ। ਹਾਸ਼ਮ ਦੀਆਂ 8-10 ਰਚਨਾਵਾਂ ਇਕੱਠੀਆਂ ਕਰ ਕੇ ਪ੍ਰਕਾਸ਼ਤ ਕੀਤੀਆਂ ਹਨ। ਪਾਠਾਂ ਵਿਚ ਬੜੀਆਂ ਅਸ਼ੁੱਧੀਆਂ ਸਨ ( ਭਾਵੇਂ ਉਹ ਸੱਸੀ ਸੀ, ਸੋਹਣੀ ਸੀ ਜਾਂ ਸ਼ੀਰੀਂ ਫਰਹਾਦ)। ਮੈਂ ਇਨ੍ਹਾਂ ਰਚਨਾਵਾਂ ਦੇ ਪਾਠਾਂ ਨੂੰ ਪੁਰਾਣੇ ਖਰੜਿਆਂ ਨਾਲ ਮੁਕਾਬਲਾ ਕਰ ਕੇ ਉਸ ਵੇਲੇ ਦੀ ਬੋਲੀ ਤੇ ਸ਼ੈਲੀ ਨੂੰ ਸਾਹਮਣੇ ਰੱਖਕੇ ਇਨ੍ਹਾਂ ਨੂੰ ਸੋਧਿਆ ਤੇ ਇਸ ਤਰ੍ਹਾਂ ਸ਼ੁੱਧ ਰੂਪ ਵਿਚ ਸੰਪਾਦਨ ਕੀਤਾ ਹੈ।*

'ਸਹੀ ਸੇਵਾ' ਦਾ ਇਹ ਕਾਰਜ ਤੱਥਕ ਖੋਜ (factual research) ਦੇ ਖੇਤਰ ਵਿਚ ਪੈਰ ਪਸਾਰਦਾ ਹੈ ਅਤੇ ਇਸ ਨੂੰ ਕੁਝ ਸਿਆਣੇ ਸ਼ੁੱਧ ਖੋਜ (pure research) ਦਾ ਨਾਂ ਵੀ ਦੇਂਦੇ ਹਨ। ਸਾਹਿਤ ਦੀ ਪਰਖ ਦੇ ਪੈਮਾਨੇ, ਬਹੁਭਾਸ਼ੀ ਗਿਆਨ, ਪੁਰਾਣੇ ਹੱਥ-ਲਿਖਤ ਖਰੜਿਆਂ ਤਕ ਰਸਾਈ, ਪ੍ਰਚੱਲਤ ਰਿਵਾਜਾਂ ਤੇ ਤੱਤਕਾਲੀਨ ਭਾਸ਼ਾ ਦੇ ਸਰੂਪ ਤੇ ਸ਼ੈਲੀ ਦੀ ਸੋਝੀ ਅਤੇ ਇਸ ਸਭ ਕੁਝ ਰਾਹੀਂ ਸ਼ੁੱਧ ਪਾਠ ਤਿਆਰ ਕਰਨ ਦੀ ਲਗਨ ਤੋਂ ਬਗ਼ੈਰ ਇਸ ਕਾਰਜ ਨੂੰ ਸਿਰੇ ਨਹੀਂ ਚਾੜ੍ਹਿਆ ਜਾ ਸਕਦਾ। ਪਦਮ ਪਾਸ ਲਗਨ, ਸੇਵਾ-ਭਾਵਨਾ, ਮਿਹਨਤ-ਮੁਸ਼ੱਕਤ ਰਾਹੀਂ ਗ੍ਰਹਿਣ ਕੀਤਾ ਅਨੁਭਵ ਅਤੇ ਹੱਥ-ਲਿਖਤ ਵਿਗਿਆਨ ਦੀ ਸੋਝੀ ਮੌਜੂਦ ਸੀ, ਜਿਸਦੇ ਸਹਾਰੇ ਹੀ ਉਹ ਇਸ ਕਾਰਜ ਨੂੰ ਲਗਾਤਾਰ ਕਰਦਾ ਰਿਹਾ। ਉਸ ਦੁਆਰਾ ਕੀਤੇ ਵਿਆਖਿਆ-ਵਿਸ਼ੇਲਸ਼ਣ (ਜੋ ਵਿਆਖਿਆਮੂਲਕ ਖੋਜ ਨਾਲ ਸੰਬੰਧਤ ਹੈ) ਤੋਂ ਕਿਤੇ ਵਧੇਰੇ ਮਹੱਤਵ ਹੈ, ਉਸ ਦੁਆਰਾ ਤਿਆਰ ਕੀਤੇ ਗਏ ਪੰਜਾਬੀ ਸਾਹਿਤ ਦੇ ਇਤਿਹਾਸ ਅਤੇ ਵੱਖ ਵੱਖ ਲੇਖਕਾਂ ਤੇ ਉਨ੍ਹਾਂ ਦੀਆਂ ਸ਼ਾਹਕਾਰ ਰਚਨਾਵਾਂ (ਜੋ ਪੰਜਾਬੀ ਸਾਹਿਤ ਦੀਆਂ ਸ਼ਾਹਕਾਰ ਲਿਖਤਾਂ ਅਤੇ ਮੁੱਲਵਾਨ ਸਰਮਾਇਆ ਹਨ) ਦੇ ਮੂਲ ਅਤੇ ਸ਼ੁੱਧ ਪਾਠ ਤਿਆਰ ਕਰਨ ਦਾ। ਉਸ ਦੁਆਰਾ ਕੀਤਾ ਗਿਆ ਵਧੇਰੇ ਕਾਰਜ ਤੱਥਕ ਖੋਜ ਦੇ ਖੇਤਰ ਵਿਚ ਹੀ ਪੈਰ ਪਸਾਰਦਾ ਨਜ਼ਰੀਂ ਆਉਂਦਾ ਹੈ।

ਸਮੁੱਚੇ ਮੱਧਕਾਲੀਨ ਸਾਹਿਤ ਪ੍ਰਤਿ, ਜਿਸਦੀ ਉਸ ਸਾਂਭ-ਸੰਭਾਲ ਵੀ ਕੀਤੀ ਅਤੇ ਉਸਦੀ ਵਿਆਖਿਆ-ਵਿਸ਼ਲੇਸ਼ਣ ਵੀ, ਉਸਦਾ ਸਮੁੱਚਾ ਵਤੀਰਾ ਸ਼ਰਧਾਮਈ ਤੇ ਪ੍ਰਸ਼ੰਸਾਭਾਵੀ ਸੀ। ਗੁਰੂ ਗ੍ਰੰਥ ਸਾਹਿਬ ਨੂੰ ਉਸ ਸਿੱਖ ਸਾਹਿਤ ਦੇ ਮੂਲ ਸੋਮੇ ਵਜੋਂ ਗ੍ਰਹਿਣ ਕੀਤਾ। ਉਹ ਅਸਲ ਵਿਚ ਵਿਭਿੰਨ ਕੋਣਾਂ ਜਿਵੇਂ ਧਾਰਮਿਕ, ਸਭਿਆਚਾਰਕ, ਸਾਹਿਤਕ, ਭਾਸ਼ਾਈ ਅਤੇ ਸੰਗੀਤਕ ਪੱਖ ਤੋਂ ਇਸ ਸਾਹਿਤ ਦੀ ਵਡਿਆਈ ਤੇ ਮਹੱਤਵ ਨੂੰ ਉਘਾੜਨਾ ਲੋੜਦਾ ਸੀ। ਇਸ ਪ੍ਰਸੰਗ ਵਿਚ ਉਸਦੀਆਂ ਕੁਝ ਕ੍ਰਿਤਾਂ ਜਿਵੇਂ *ਗੁਰੂ ਗ੍ਰੰਥ ਵਿਚਾਰ ਕੋਸ਼*, *ਸੰਕੇਤ ਕੋਸ਼*, *ਗੁਰੂ ਗ੍ਰੰਥ ਮਹਿਮਾ ਕੋਸ਼* ਅਤੇ *ਗੁਰੂ ਗ੍ਰੰਥ ਪ੍ਰਕਾਸ਼* ਉਚੇਚੇ ਤੌਰ ਉਪਰ ਜ਼ਿਕਰਯੋਗ ਹਨ। ਗੁਰੂ ਗ੍ਰੰਥ ਸਾਹਬ ਤੋਂ ਬਾਅਦ ਉਸ *ਦਸਮ ਗ੍ਰੰਥ* ਦੀ ਅਹਿਮੀਅਤ ਨੂੰ ਉਭਾਰਨ ਅਤੇ ਇਸਦੇ ਮਨੁੱਖਤਾਵਾਦੀ ਸੁਨੇਹੇ ਨੂੰ ਸ਼ਰਧਾਲੂਆਂ ਅਤੇ ਚਿੰਤਕਾਂ ਤਕ ਪਹੁੰਚਾਉਣ ਦਾ ਉੱਦਮ ਕੀਤਾ। ਵਰਣਨਯੋਗ ਹੈ ਕਿ ਉਸਦੀ ਸਾਂਭ-ਸੰਭਾਲ ਅਤੇ ਵਿਆਖਿਆ ਬਿਰਤੀ ਪਿੱਛੇ ਇਹ ਤੱਥ ਨਿਰੰਤਰ ਕਾਰਜਸ਼ੀਲ ਰਿਹਾ ਕਿ ਉਹ ਇਸਦੇ ਬਹੁਪੱਖੀ ਮਹੱਤਵ ਦੇ ਨਾਲ ਨਾਲ ਇਸ ਵਿਚਲੇ ਮਾਨਵੀ ਸੁਨੇਹੇ ਅਤੇ ਸੱਚ ਤੇ ਨਿਆਂ ਲਈ ਨਿਰੰਤਰ ਜਦੋ-ਜਹਿਦ ਕਰਨ ਦੇ ਭਾਵ ਨੂੰ ਮੁੜ ਮੁੜ ਉਭਾਰਦਾ ਰਿਹਾ। ਜਿੱਥੇ ਉਸਦੀ ਸਾਂਭ-ਸੰਭਾਲ ਦੀ ਬਿਰਤੀ ਮੁੱਲਵਾਨ ਸੀ, ਉੱਥੇ ਉਸਦੇ ਇਸ ਨਜ਼ਰੀਏ ਦੀ ਪਛਾਣ ਕਰਨ ਦਾ ਵੀ ਕੋਈ ਮੁਕਾਬਲਾ ਨਹੀਂ ਸੀ। ਮੱਧ ਯੁਗ ਦੀ ਦੂਸਰੀ ਸਾਂਭਣਯੋਗ ਤੇ ਗੌਲਣਯੋਗ ਇਕਾਈ ਉਸ ਲਈ ਸੂਫੀ ਕਾਵਿ ਸੀ। ਉਸ ਸੂਫੀ ਕਾਵਿ-ਧਾਰਾ ਸੰਬੰਧੀ ਚਰਚਾ ਸੂਫੀ ਵਿਚਾਰਧਾਰਾ, ਸੂਫੀ ਮਤ ਤੇ ਇਸਲਾਮ. ਭਾਰਤ ਵਿਚ ਸੂਫੀ, ਸੂਫੀ ਸਾਧਨਾ ਦੇ ਮਾਰਗ ਅਤੇ ਸੂਫੀ ਸੰਪ੍ਰਦਾਵਾਂ ਦੇ ਪ੍ਰਸੰਗ ਜਾਂ ਪਿਛੋਕੜ ਵਿਚ ਕੀਤੀ। ਅਰਬੀ ਫਾਰਸੀ ਦਾ ਗਿਆਤਾ ਹੋਣ ਕਾਰਣ ਉਹ ਇਸ ਕਾਵਿ-ਧਾਰਾ ਨੂੰ ਇਸਦੇ ਪ੍ਰਾਸੰਗਿਕ ਪਹਿਲੂ ਤੋਂ ਵਿਚਾਰਦਾ ਸੀ।



ਇਸ ਲਈ ਉਸਦਾ ਸ਼ੁਮਾਰ ਉਨ੍ਹਾਂ ਪੰਜਾਬੀ ਚਿੰਤਕਾਂ ਜਿਵੇਂ ਡਾ. ਮੋਹਨ ਸਿੰਘ ਦੀਵਾਨਾ, ਡਾ. ਲਾਜਵੰਤੀ ਰਾਮਾਕ੍ਰਿਸਨਾ, ਪ੍ਰੋ. ਗੁਲਵੰਤ ਸਿੰਘ, ਡਾ. ਦੀਵਾਨ ਸਿੰਘ ਅਤੇ ਪ੍ਰੋ, ਪ੍ਰੀਤਮ ਸਿੰਘ, ਵਿਚ ਕਰਨਾ ਹੀ ਉਚਿਤ ਹੈ, ਜਿਨ੍ਹਾਂ ਦੀ ਇਸ ਕਾਵਿ-ਧਾਰਾ ਸੰਬੰਧੀ ਸਮਝ ਅਤੇ ਗਿਆਨ ਨੂੰ ਪ੍ਰਮਾਣਿਕ ਅਤੇ ਭਰੋਸੇਯੋਗ ਸਵੀਕਾਰਿਆ ਜਾਂਦਾ ਹੈ। ਉਸ ਇਸ ਕਾਵਿ-ਧਾਰਾ ਅਤੇ ਇਸਦੇ ਪ੍ਰਮੁਖ ਸ਼ਾਇਰਾਂ ਦੀ ਸਾਂਭ-ਸੰਭਾਲ ਹੀ ਨਹੀਂ ਕੀਤੀ, ਸਗੋਂ ਭਗਤੀ ਲਹਿਰ ਨਾਲ ਇਸਦੇ ਤੁਲਨਾਤਮਕ ਪਰਿਪੇਖ ਨੂੰ ਵੀ ਖੋਲ੍ਹਿਆ। ਇਸ ਪ੍ਰਸੰਗ ਵਿਚ ਉਸਦੀ ਹੇਠ ਲਿਖੀ ਉਕਤੀ ਧਿਆਨ ਦੀ ਮੰਗ ਕਰਦੀ ਹੈ:

> *ਸੂਫੀ ਮੱਤ ਇਸਲਾਮੀ ਸੰਤ ਮੱਤ ਹੈ ਤੇ ਸੂਫੀ ਵਿਚਾਰਧਾਰਾ ਰਹੱਸਵਾਦੀ ਵਿਚਾਰਧਾਰਾ ਹੈ। ਭਾਰਤੀ ਸੰਤਾਂ ਦੀ ਭਗਤੀ ਲਹਿਰ ਤੇ ਮੁਸਲਮਾਨੀ ਦਰਵੇਸ਼ਾਂ ਫਕੀਰਾਂ ਦੀ ਸੂਫੀ ਲਹਿਰ ਕਈਆਂ ਗੱਲਾਂ ਵਿਚ ਰਲਦੀ ਮਿਲਦੀ ਹੈ। ਪਹਿਲਾਂ ਤਾਂ ਦੋਹਾਂ ਦਾ ਜਨਮ ਮਜ਼ਹਬੀ ਕੱਟੜਤਾ ਦੀ ਪ੍ਰਤਿਕਿਰਿਆ ਵਜੋਂ ਹੋਇਆ, ਫਿਰ ਇਨ੍ਹਾਂ ਦੋਹਾਂ ਦਾ ਨਿਸ਼ਾਨਾ ਵੀ ਰੱਬੀ ਪਿਆਰ ਅਤੇ ਮਨੁੱਖੀ ਪਿਆਰ ਦਾ ਪ੍ਰਚਾਰ ਇਕੋ ਜਿਹਾ ਸੀ। ਫਰਕ ਕੇਵਲ ਇਤਨਾ ਸੀ ਕਿ ਭਗਤੀ ਲਹਿਰ ਸ਼ਰਧਾ-ਪ੍ਰਧਾਨ ਸੀ, ਸੂਫੀ ਲਹਿਰ ਪ੍ਰੇਮ-ਪ੍ਰਧਾਨ।*

ਧਿਆਨਯੋਗ ਹੈ ਕਿ ਪ੍ਰੋ. ਪਦਮ ਥੀਮਿਕ ਧਰਾਤਲ ਉਪਰ ਦੋਹਾਂ ਦੀ ਸਾਂਝ ਤੇ ਵੱਖਰਤਾ ਨੂੰ ਇਨ੍ਹਾਂ ਧਾਰਾਵਾਂ ਦੀ ਅੰਦਰੂਨੀ ਬਣਤਰ ਦੀ ਘੋਖ ਪੜਤਾਲ ਵਿਚੋਂ ਨਿਤਾਰਦਾ ਹੈ। ਸਾਂਝ ਲਈ ਤਲਾਸ਼ ਕੀਤੇ ਗਏ ਮੁੱਲ ਜਿਵੇਂ ਮਜ਼ਹਬੀ ਕੱਟੜਤਾ ਦਾ ਵਿਰੋਧ, ਰੱਬੀ ਪਿਆਰ ਅਤੇ ਮਨੁੱਖੀ ਪਿਆਰ ਇਸ ਕਾਵਿ-ਧਾਰਾ ਦੇ ਸਦੀਵੀ ਮਾਨਵੀ ਮੁੱਲ ਦੇ ਮਹੱਤਵ ਨੂੰ ਉਭਾਰਦੇ ਹਨ। ਅੰਤਰ ਦਰਸਾਉਣ ਲਈ ਤਲਾਸ਼ ਕੀਤੇ ਗਏ ਸੂਤਰ ਜਿਵੇਂ 'ਭਗਤੀ' ਤੇ 'ਪ੍ਰੇਮ' ਵੀ ਉਨ੍ਹਾਂ ਦੇ ਕਿਸੇ ਪ੍ਰਕਾਰ ਦੇ ਵਿਰੋਧ ਨੂੰ ਨਹੀਂ ਦਰਸਾਉਂਦੇ। ਉਸ ਲਈ "ਸੂਫੀ ਕਾਵਿ-ਧਾਰਾ ਰੂਹਾਨੀਅਤ ਦੇ ਰੰਗ ਵਿਚ ਰੰਗੀ ਪ੍ਰੇਮ-ਧਾਰਾ ਹੈ"। ਇਸ ਧਾਰਾ ਵਿਚਲੀਆਂ ਇਸ਼ਕ-ਹਕੀਕੀ ਨੂੰ ਇਸ਼ਕ-ਮਜਾਜ਼ੀ ਦੀਆਂ ਆਮ ਮਿਸਾਲਾਂ ਦੇ ਕੇ ਗਾਉਣ ਦੀ ਜੁਗਤ ਅਤੇ ਇਸਦਾ ਪੰਜਾਬੀ ਪ੍ਰਤੀਕਾਂ ਨਾਲ ਸ਼ਿੰਗਾਰੇ ਹੋਣਾ ਉਸਨੂੰ ਬਹੁਤ ਭਾਉਂਦਾ ਹੈ। ਸੂਫੀ ਕਾਵਿ-ਧਾਰਾ ਦੇ ਸਰੂਪ ਨੂੰ ਨਿਖਾਰਨ ਤੋਂ ਇਲਾਵਾ ਪਦਮ ਨੇ ਪ੍ਰਮੁੱਖ ਸੂਫੀ ਕਵੀਆਂ ਦੀਆਂ ਰਚਨਾਵਾਂ ਨੂੰ ਪੇਸ਼ ਵੀ ਕੀਤਾ ਅਤੇ ਉਨ੍ਹਾਂ ਦੀ ਵਿਆਖਿਆ-ਵਿਸ਼ਲੇਸ਼ਣ ਵੀ। ਇਸੇ ਮਾਰਗ ਉਪਰ ਤੁਰਦਿਆਂ ਕਿੱਸਾ ਕਾਵਿ-ਧਾਰਾ ਅਤੇ ਉਸਦੇ ਪ੍ਰਮੁੱਖ ਸ਼ਾਇਰਾਂ ਜਿਵੇਂ ਵਾਰਿਸ, ਹਾਸ਼ਮ, ਅਹਿਮਦ. ਕਿਸ਼ਨ ਸਿੰਘ ਆਰਿਫ ਅਤੇ ਭਗਵਾਨ ਸਿੰਘ ਵੀ ਉਸਦੀ ਦਿਲਚਸਪੀ ਦਾ ਕੇਂਦਰ ਬਣੇ। ਸਮੁੱਚੀ ਕਿੱਸਾ ਕਾਵਿ-ਧਾਰਾ ਵਿਚੋਂ ਕਿੱਸਾਕਾਰਾਂ ਦੁਆਰਾ ਕੀਤਾ ਗਿਆ ਪ੍ਰਚਾਰ ਅਤੇ ਇੱਥੋਂ ਦੇ ਬੰਦੇ ਨੂੰ ਸ਼ਰ੍ਹਾ ਤੇ ਭੇਖ ਦੀ ਜਕੜ ਤੋਂ ਮੁਕਤ ਕਰਨ ਦੀ ਬਿਰਤੀ ਨੇ ਉਸਨੂੰ ਸਭ ਤੋਂ ਵੱਧ ਮੋਹਿਆ। ਉਸਦੀ ਨਜ਼ਰ ਵਿਚ ਕਿੱਸਾ ਕਾਵਿ-ਧਾਰਾ "ਅਜਿਹੇ ਨਾਇਕ ਨਾਇਕਾਵਾਂ ਦੀ ਕਹਾਣੀ ਹੈ, ਜਿਨ੍ਹਾਂ ਮੁਹੱਬਤ, ਮਜ਼ਹਬ ਜਾਂ ਮਹਾਂਯੁੱਧ ਦੇ ਮੈਦਾਨ ਵਿਚ ਮਹਾਨ ਕਾਰਨਾਮੇ ਕੀਤੇ। ਇਸ ਸਾਹਿਤ ਦੇ ਰਚਣਹਾਰ ਪੇਂਡੂ ਕਵੀ ਸਨ ਜੋ ਪੇਂਡੂ ਬੋਲੀ ਤੇ ਪੇਂਡੂ ਸ਼ੈਲੀ ਵਿਚ ਹੀ ਸਾਰੀ ਕਹਾਣੀ ਸੁਣਾਉਂਦੇ ਸਨ ਤਾਕਿ ਉਨ੍ਹਾਂ ਦੇ ਸਰੋਤੇ ਪੂਰੀ ਤਰ੍ਹਾਂ ਪ੍ਰਸੰਨ ਹੋਣ ... ਕਿੱਸਾ ਸਾਹਿਤ ਨੇ ਸੰਸਾਰੀ ਜੀਵਨ ਦੀ ਗੱਲ ਕਰ ਕੇ ਤੇ ਮਨੁੱਖੀ ਮਨੋਭਾਵਾਂ ਦਾ ਚਿਤਰਣ ਕਰ ਕੇ ਨਵੀਂ ਦਿਲਚਸਪੀ ਜਗਾਈ ਅਤੇ ਦੇਵਤਿਆਂ ਦੀ ਥਾਂ ਮਨੁੱਖ ਨੂੰ ਨਾਇਕ ਬਣਾ ਕੇ ਪੇਸ਼ ਕੀਤਾ। ਜਿਵੇਂ ਬਾਕੀ ਸਾਹਿਤ ਵਿਚ ਸ਼ਿੰਗਾਰ ਰਸਾਂ ਦਾ ਬਾਦਸ਼ਾਹ ਹੈ. ਤਿਵੇਂ ਪ੍ਰੀਤ ਕਿੱਸਿਆਂ ਵਿਚ ਇਸਨੂੰ ਵਧੇਰੇ ਮਹੱਤਵ ਮਿਲਿਆ"। ਧਿਆਨਯੋਗ ਹੈ ਕਿ ਧਾਰਾ ਚਾਹੇ ਕੋਈ ਵੀ ਹੋਵੇ, ਉਸਦੇ ਮਹਾਂਦ੍ਰਿਸ਼ ਨੂੰ ਉਭਾਰਨਾ, ਦੂਸਰੀਆਂ ਕਾਵਿ-ਧਾਰਾਵਾਂ ਨਾਲ ਉਸਦੀ ਤੁਲਨਾ ਦੇ ਪਰਿਪੇਖ ਨੂੰ ਖੋਲ੍ਹਣਾ, ਉਸਦੀ ਬਣਤਰ ਦੇ ਉਭਰਵੇਂ ਤੇ ਮਹੱਤਵਪੂਰਣ ਪੱਖਾਂ ਨੂੰ ਖੋਲ੍ਹਣਾ ਅਤੇ ਪ੍ਰਮੁੱਖ ਕਿੱਸਾਕਾਰਾਂ ਅਤੇ ਉਨ੍ਹਾਂ ਦੀਆਂ ਸ਼ਾਹਕਾਰ ਰਚਨਾਵਾਂ ਦਾ ਸ਼ੁੱਧ ਪਾਠ ਤਿਆਰ ਕਰ ਕੇ ਉਨ੍ਹਾਂ ਦੀ ਵਿਆਖਿਆ ਅਤੇ ਵਿਵੇਚਨ ਕਰਨਾ ਉਸਦੀ

ਇਤਿਹਾਸ-ਦ੍ਰਿਸ਼ਟੀ ਦਾ ਹਿੱਸਾ ਬਣਦਾ ਹੈ। ਪਦਮ ਦੀ ਇਤਿਹਾਸ-ਦ੍ਰਿਸ਼ਟੀ ਪ੍ਰਾਚੀਨ ਅਤੇ ਮੱਧ ਯੁਗ ਦਾ ਭਰਵਾਂ ਦ੍ਰਿਸ਼ ਦਿਖਾਉਂਦੀ ਹੀ ਨਹੀਂ, ਸਗੋਂ ਵੱਖ ਵੱਖ ਧਾਰਾਵਾਂ ਵਿਚਲੀ ਨਿਰੰਤਰਤਾ, ਸਾਂਝ ਤੇ ਵੱਖਰਤਾ ਦੀ ਪਛਾਣ ਨੂੰ ਉਭਾਰਦੀ ਅਤੇ ਸ਼ਾਹਕਾਰ ਰਚਨਾਵਾਂ ਦੇ ਗੌਲਣਯੋਗ ਪੱਖਾਂ ਨੂੰ ਉਜਾਗਰ ਕਰਦੀ ਹੈ। ਇਸ ਸਾਹਿਤ ਵਿਚੋਂ ਮਾਨਵੀ ਅਤੇ ਸਾਂਝ-ਆਧਾਰਤ ਮੁੱਲਾਂ ਦੀ ਤਲਾਸ਼ ਕਰਨਾ ਉਸਦੇ ਜੀਵਨ ਨਜ਼ਰੀਏ ਦਾ ਹਿੱਸਾ ਰਹਿੰਦਾ ਹੈ।

000

ਪ੍ਰੋ. ਪਿਆਰਾ ਸਿੰਘ ਪਦਮ ਦੇ ਪੂਰਵਕਾਲੀ ਇਤਿਹਾਸਕਾਰਾਂ ਜਾਂ ਤਜ਼ਕਰਾ ਨਿਗਾਰਾਂ ਜਿਵੇਂ ਮੀਰ ਕਰਾਮਤੁੱਲਾ, ਬਾਵਾ ਬੁੱਧ ਸਿੰਘ ਅਤੇ ਮੌਲਾ ਬਖ਼ਸ਼ ਕੁਸ਼ਤਾ ਦੀ ਨਜ਼ਰ ਮੱਧਕਾਲ ਤਕ ਹੀ ਸੁੰਗੜੀ ਰਹਿੰਦੀ ਹੈ। ਉਹ ਇਸੇ ਸਾਹਿਤ ਦੀ ਸਾਂਭ-ਸੰਭਾਲ, ਸਾਹਿਤਕਾਰਾਂ ਸੰਬੰਧੀ ਮੁੱਢਲੀ ਜਾਣ-ਪਛਾਣ ਅਤੇ ਰਚਨਾਵਾਂ ਦੇ ਨਮੂਨੇ ਪੇਸ਼ ਕਰਨ ਤਕ ਹੀ ਆਪਣੇ ਕਾਰਜ ਨੂੰ ਸੀਮਤ ਰੱਖਦੇ ਹਨ। ਮੋਹਨ ਸਿੰਘ ਦੀਵਾਨਾ ਵੀ 1708 ਈ. ਤਕ ਰਚੇ ਗਏ ਸਾਹਿਤ ਨੂੰ ਮਾਰਗ-ਦਰਸ਼ਕ, ਪ੍ਰਮਾਣਿਕ ਸਾਹਿਤ ਦਾ ਦਰਜਾ ਦੇਂਦਾ ਹੈ ਅਤੇ ਇਸ ਸਮੇਂ-ਬਿੰਦੂ ਤੋਂ ਪਿੱਛੋਂ ਰਚੇ ਗਏ ਸਾਹਿਤ ਨੂੰ ਨਾ ਸਿਰਫ ਮੂਲੋਂ ਨਕਾਰ ਦੇਂਦਾ ਹੈ, ਸਗੋਂ ਇਸਨੂੰ ਅਸਲੋਂ ਨਖਿੱਧ, ਕਮਜ਼ੋਰ, ਪ੍ਰੇਰਨਾਹੀਣ ਅਤੇ ਸਮਿਅਕ ਦੱਸਦਾ ਹੈ। ਇਸ ਸਮੇਂ-ਬਿੰਦੂ ਉਪਰ ਪ੍ਰਿੰ. ਤੇਜਾ ਸਿੰਘ ਨਾ ਸਿਰਫ ਨਵੇਂ ਲੇਖਕਾਂ ਦੀ ਹੌਸਲਾ-ਅਫਜ਼ਾਈ ਕਰਦਾ ਹੈ, ਸਗੋਂ ਉਨ੍ਹਾਂ ਦੀਆਂ ਨਵ-ਪ੍ਰਕਾਸ਼ਤ ਪੁਸਤਕਾਂ ਦੇ ਉਭਰਵੇਂ ਗੁਣਾਂ ਨੂੰ ਪ੍ਰਭਾਵਵਾਦੀ-ਪ੍ਰਸ਼ੰਸਾਵਾਦੀ ਦ੍ਰਿਸ਼ਟੀ ਨਾਲ ਉਭਾਰਨਾ ਸ਼ੁਰੂ ਕਰਦਾ ਹੈ। ਨੱਵੇਂ ਸਾਹਿਤਕਾਰਾਂ ਦੀ ਜਾਣ-ਪਛਾਣ, ਹੌਸਲਾ-ਅਫਜ਼ਾਈ ਅਤੇ ਉਨ੍ਹਾਂ ਦੇ ਉਭਰਵੇਂ ਗੁਣਾਂ ਨੂੰ ਉਭਾਰਨ ਪੱਖੋਂ ਪ੍ਰਿੰ. ਤੇਜਾ ਸਿੰਘ ਦੁਆਰਾ ਦੱਸੇ-ਦਿਖਾਏ ਰਾਹ ਉਪਰ ਤੁਰਦਾ ਹੈ। ਨਵੇਂ ਯੁਗ ਨੂੰ ਉਹ ਉਨ੍ਹੀਵੀਂ ਸਦੀ ਤੋਂ ਆਰੰਭ ਕਰਦਾ ਹੈ ਅਤੇ ਇਸ ਯੁਗ ਦੇ ਆਰੰਭ ਪਿੱਛੇ ਪੱਛਮੀ ਗਿਆਨ ਅਤੇ ਪ੍ਰੈੱਸ ਦੀ ਵੱਡੀ ਭੂਮਿਕਾ ਨੂੰ ਪਛਾਣਦਾ ਹੈ। ਜਿਸ ਵੀ ਧਾਰਾ ਨੂੰ ਉਹ ਪੇਸ਼ ਕਰਦਾ ਹੈ, ਨਾਲ ਦੀ ਨਾਲ ਉਹ ਉਸ ਸੰਬੰਧੀ ਆਪਣੀ ਧਾਰਨਾ ਨੂੰ ਅੰਕਤ ਕਰਦਾ ਜਾਂਦਾ ਹੈ। ਭਾਈ ਵੀਰ ਸਿੰਘ ਤੋਂ ਆਰੰਭ ਹੋ ਕੇ ਸ਼ਿਵ ਕੁਮਾਰ ਤਕ ਅੱਪੜੀ ਕਾਵਿ-ਧਾਰਾ ਸੰਬੰਧੀ ਉਹ ਆਪਣੀ ਧਾਰਨਾ ਸੂਤਰਬੱਧ ਕਰਦਾ ਹੈ:

> *ਨਵੇਂ ਯੁਗ ਦੀ ਇਹ ਕਵਿਤਾ ਕੇਵਲ ਪ੍ਰੇਮ-ਭਾਵਾਂ ਨਾਲ ਬੱਧੀ ਨਹੀਂ, ਇਸ ਵਿਚ ਸਮਾਜਕ ਚੇਤਨਾ, ਯਥਾਰਥਕ ਪਕੜ, ਮਾਨਸਿਕ ਵਿਸ਼ਲੇਸ਼ਣ, ਅਨੁਭਵ ਦੀ ਸੁਹਿਰਦਤਾ, ਵਿਸ਼ਵ ਸਾਂਝ ਦਾ ਅਹਿਸਾਸ ਤੇ ਕੌਮਾਂਤਰੀ ਮਸਲਿਆਂ ਦਾ ਨਿਰੂਪਣ ਵਧਿਆ ਹੈ ਜੋ ਕਿ ਵਿਗਿਆਨਕ ਪ੍ਰਾਪਤੀਆਂ ਕਾਰਨ ਹੋਏ ਪਰਿਵਰਤਨ ਦਾ ਸਿੱਟਾ ਹੈ।*

ਕਵਿਤਾ ਦੇ ਨਾਲ ਨਾਲ ਵਾਰਤਕ, ਗਲਪ, ਨਾਟਕ ਅਤੇ ਆਲੋਚਨਾ ਦੇ ਖੇਤਰ ਵਿਚ ਵਾਪਰ ਰਹੀਆਂ ਤਬਦੀਲੀਆਂ ਅਤੇ ਨਵੇਂ ਰੁਝਾਨ ਵੀ ਉਸਦਾ ਧਿਆਨ ਖਿੱਚਦੇ ਹਨ। ਇੱਥੋਂ ਤਕ ਕਿ ਪੰਜਾਬੀ ਸਾਹਿਤ ਤੇ ਚਿੰਤਨ ਦੇ ਖੇਤਰ ਵਿਚ ਦਾਖਲ ਹੋ ਰਹੀ ਅੰਤਰ-ਰਾਸ਼ਟਰੀ ਚੇਤਨਾ ਵੀ ਉਸਦੇ ਧਿਆਨ ਤੋਂ ਪਰੋਖੇ ਨਹੀਂ ਰਹਿੰਦੀ। ਮਿਸਾਲ ਵਜੋਂ ਪ੍ਰਗਤੀਵਾਦੀ ਸੰਮੇਲਨ ਅਤੇ ਉਸਦੇ ਮੂਲ ਮੁੱਦਿਆਂ ਬਾਰੇ ਧਿਆਨ ਦੁਆਉਂਦਾ ਉਹ ਲਿਖਦਾ ਹੈ ਕਿ:

> *1935 ਵਿਚ ਪੈਰਿਸ (ਫਰਾਂਸ) ਵਿਚ ਪ੍ਰਗਤੀਵਾਦੀ ਲੇਖਕਾ ਇਕ ਸੰਮੇਲਨ ਕੀਤਾ ਤੇ 1936 ਵਿਚ ਭਾਰਤੀ ਲੇਖਕਾਂ ਤੇ ਕਵੀਆਂ ਕਈ ਕੁਝ ਬੁਨਿਆਦੀ ਫੈਸਲੇ ਕੀਤੇ ਕਿ ਸਾਮਰਾਜ, ਮਜ਼ਹਬੀ ਅੰਧ- ਵਿਸ਼ਵਾਸ, ਜਾਤ-ਪਾਤ, ਸੰਪ੍ਰਦਾਇਕਤਾ, ਭਰਮ-ਵਹਿਮ ਤੇ ਲੁੱਟ-ਖਸੁੱਟ ਦਾ ਵਿਰੋਧ ਕਰਨਾ ਹੈ। ਇਸਤਰੀ ਤੇ ਕਿਰਤੀ ਕਿਸਾਨ ਦੇ ਹੱਕੀ ਘੋਲ ਦੀ ਹਮਾਇਤ ਕਰਨੀ ਹੈ। ਇਨ੍ਹਾਂ ਸਰਬ-ਸਾਂਝੇ ਉਦੇਸ਼ਾਂ ਨੇ ਪੰਜਾਬੀ ਲੇਖਕ ਨੂੰ ਨਰੋਈ ਸੇਧ ਦਿੱਤੀ ਤੇ ਸਭ ਨੇ ਚੇਤੰਨ ਤੌਰ 'ਤੇ ਆਪਣੀ ਬੌਧਿਕ ਸਮਰੱਥਾ ਅਨੁਸਾਰ ਪ੍ਰਗਤੀਵਾਦੀ ਧਾਰਾ ਦਾ ਸਾਥ ਦਿੱਤਾ।*



ਜਿੱਥੇ ਨਵੇਂ ਯੁਗ ਦੇ ਹਾਂ-ਪੱਖੀ ਰੁਝਾਨਾਂ ਦਾ ਉਸ ਸੁਆਗਤ ਕੀਤਾ, ਉੱਥੇ ਨਾਂਹ-ਪੱਖੀ ਰੁਝਾਨਾਂ ਜਿਵੇਂ ਪਰੰਪਰਾ ਨੂੰ ਤੋੜਨਾ-ਨਿਕਾਰਨਾ, ਅਸ਼ਲੀਲਤਾ ਜਾਂ ਨਿਲੱਜਤਾ ਦਾ ਉਭਾਰ, ਅਦਬ ਨੂੰ ਰਾਜਨੀਤੀ ਦੀ ਬਾਂਦੀ ਬਣਾਉਣਾ ਅਤੇ ਰੂਪ-ਚੇਤਨਾ ਦੇ ਮਹੱਤਵ ਨੂੰ ਅਸਲੋਂ ਅਸਵੀਕਾਰ ਕਰਨਾ, ਉਪਰ ਉਹ ਉਂਗਲ ਵੀ ਧਰਦਾ ਹੈ। ਪੁਰਾਣੇ ਤੇ ਨਵੇਂ ਯੁਗ ਵਿਚਾਲੇ ਉਹ ਸਪਸ਼ਟ ਨਿਖੇੜਾ ਜ਼ੂਰਰ ਕਰ ਲੈਂਦਾ ਹੈ ਪਰ ਫਿਰ ਵੀ ਉਸਦੀ ਇਤਿਹਾਸ-ਦ੍ਰਿਸ਼ਟੀ ਪ੍ਰਾਚੀਨ ਅਤੇ ਮੱਧ ਯੁਗ ਦੀ ਨਵੀਨ ਯੁਗ ਨਾਲੋਂ ਉੱਤਮਤਾ, ਪ੍ਰਮਾਣਿਕਤਾ ਅਤੇ ਬਿਹਤਰੀ ਨੂੰ ਦਰਸਾਉਣੋਂ ਨਹੀਂ ਉੱਕਦੀ। ਪ੍ਰਾਚੀਨ ਤੇ ਮੱਧ ਯੁਗ ਦੇ ਸਾਹਿਤ ਵਿਚੋਂ ਉਹ ਮੂਲ ਮਾਨਵੀ ਸਰੋਕਾਰਾਂ, ਇਸਦੀ ਲੋਕਵਾਦੀ ਤੇ ਸੁਹਜਵਾਦੀ ਰੁਚੀ, ਇਸ ਵਿਚਲਾ ਵਿਸ਼ਵ ਸਾਂਝ, ਮਾਨਵੀ ਏਕਤਾ ਤੇ ਸਾਂਝੀਵਾਲਤਾ ਦਾ ਸੁਨੇਹਾ, ਇਸ ਵਿਚਲਾ ਆਦਰਸ਼ਵਾਦ ਤੇ ਯਥਾਰਥਵਾਦ ਦਾ ਸੰਗਮ, ਬੌਧਿਕ ਪ੍ਰਕਾਸ਼, ਇਸ ਵਿਚਲੀ ਸੁਹਜਵੰਤਤਾ ਤੇ ਰੂਪਵੰਤਤਾ, ਇਸ ਵਿਚ ਛੁਪੇ ਅਗਰਗਾਮੀ ਅੰਸ਼, ਇਸ ਵਿਚ ਪੋਸ਼ੀਦਾ ਮੂਲ ਮਾਨਵੀ ਸਰੋਕਾਰ, ਇਤਿਹਾਸਕ ਤੇ ਪੌਰਾਣਕ ਹਵਾਲੇ, ਭਾਸ਼ਾਈ ਵੰਨ-ਸੁਵੰਨਤਾ ਦੇ ਨਾਲ ਨਾਲ ਭਾਸ਼ਾਈ ਨਿੱਜਤਵ ਦੀ ਵਿਲੱਖਣਤਾ, ਵਸਤੂ ਤੇ ਰੂਪ ਦਾ ਸਾਵਾਂਪਨ, ਰੂਪਾਤਮਕ ਅਮੀਰੀ ਅਤੇ ਇਸ ਵਿਚਲੀ ਸਰੋਦੀ ਲਯ ਉਸਨੂੰ ਵਧੇਰੇ ਖਿੱਚਦੀ ਹੈ। ਚਾਹੇ ਕਿਸੇ ਮੱਧਕਾਲ ਦੀ ਧਾਰਾ ਦੀ ਵਿਲੱਖਣਤਾ ਦੀ ਪਛਾਣ ਕਰਨੀ ਹੋਵੇ ਜਾਂ ਕਿਸੇ ਵੀ ਸ਼ਾਹਕਾਰ ਦਾ ਵਿਆਖਿਆ-ਵਿਸ਼ਲੇਸਣ, ਉਹ ਇਸੇ ਪੈਮਾਨੇ ਦੀ ਵਰਤੋਂ ਕਰਦਾ ਹੈ। ਨਵੀਆਂ ਤਬਦੀਲੀਆਂ ਨੂੰ ਸਵੀਕਾਰ ਕਰਨਾ ਤੇ ਪਛਾਣਨਾ ਅਤੇ ਇਸ ਯੁਗ ਵੱਲ ਪਿੱਠ ਨਾ ਕਰਨਾ ਉਸਦੀ ਇਤਿਹਾਸ-ਦ੍ਰਿਸ਼ਟੀ ਦਾ ਗੁਣ ਹੈ। ਇਸ ਸਾਹਿਤ ਨੂੰ ਖੰਡਨੀ ਸੁਰ ਨਾਲ ਵੇਖਣ-ਭਾਂਪਣ ਦੇ ਰਾਹ ਉਹ ਹਰਗਿਜ਼ ਨਹੀਂ ਤੁਰਦਾ। ਇੰਝ ਪੁਰਾਣੇ ਤੇ ਨਵੇਂ ਦੀ ਨਿਰੰਤਰਤਾ ਦੀ ਪਛਾਣ, ਸਾਂਝ ਤੇ ਵੱਖਰਤਾ ਨੂੰ ਉਭਾਰਨਾ ਉਸਦੀ ਇਤਹਾਸ-ਦ੍ਰਿਸ਼ਟੀ ਦਾ ਉਭਰਵਾਂ ਲੱਛਣ ਹੋ ਨਿੱਬੜਦਾ ਹੈ। ਉਹ ਆਧੁਨਿਕ ਸਾਹਿਤ ਦੇ ਬਹੁਮੁਖੀ ਵਿਕਾਸ ਨੂੰ ਸਵੀਕਾਰ ਕਰਦਾ ਹੈ ਅਤੇ ਇਸ ਸਾਹਿਤ ਨਾਲ ਜੁੜੇ ਪ੍ਰਮੁੱਖ ਸਾਹਿਤਕਾਰਾਂ, ਉਨ੍ਹਾਂ ਦੇ ਜੀਵਨ ਸਮਾਚਾਰਾਂ, ਸਾਹਿਤ ਸਮਾਚਾਰਾਂ ਅਤੇ ਸਮੁੱਚੀ ਪ੍ਰਾਪਤੀ ਦਾ ਪੂਰੀ ਸ਼ਰਧਾ ਨਾਲ ਸੰਕਲਨ ਕਰਦਾ ਹੈ। ਨਵੇਂ ਨੂੰ ਸਾਂਭਣਾ ਅਤੇ ਨਿੱਗਰ ਨੂੰ ਸਰਾਹੁਣਾ ਉਸ ਵੱਲੋਂ *ਕਲਮ ਦੇ ਧਨੀ* ਪੁਸਤਕ ਵਿਚ ਆਧੁਨਿਕ ਸਾਹਿਤ ਸੰਬੰਧੀ ਕੀਤੀ ਚਰਚਾ ਦਾ ਪ੍ਰਮੁੱਖ ਪਛਾਣ-ਚਿੰਨ੍ਹ ਹੈ। ਇਸ ਸਾਹਿਤ ਵਿਚਲੀ ਸਮਾਜਕ ਚੇਤਨਾ, ਮਨੋਵਿਸ਼ਲੇਸ਼ਣ ਦੀ ਬਿਰਤੀ, ਅਨੁਭਵ ਦੀ ਸੁਹਿਰਦਤਾ, ਵਿਸ਼ਵ ਸਾਂਝ ਦਾ ਅਹਿਸਾਸ ਤੇ ਕੌਮਾਂਤਰੀ ਮਸਲਿਆਂ ਦਾ ਨਿਰੂਪਣ ਉਸਦੀ ਸਿਫਤ-ਸਲਾਹ ਦਾ ਪਾਤਰ ਬਣਦਾ ਹੈ। ਉਹ ਪ੍ਰਿੰ. ਤੇਜਾ ਸਿੰਘ ਵਾਂਗ ਆਧੁਨਿਕ ਸਾਹਿਤ ਨੂੰ ਸਤਿਕਾਰਦਾ, ਪਿਆਰਦਾ ਅਤੇ 'ਪੰਜਾਬੀਅਤ ਦੇ ਬਾਗ਼' ਦੇ ਵੱਖ ਵੱਖ ਰੰਗਾਂ ਤੇ ਰੂਪਾਂ ਦੇ 'ਦਰਸ਼ਨ' ਕਰਵਾਉਂਦਾ ਹੈ।

000

ਪਿਆਰਾ ਸਿੰਘ ਪਦਮ ਦੀ ਇਤਿਹਾਸ-ਦ੍ਰਿਸ਼ਟੀ ਅਤੇ ਆਲੋਚਨਾ-ਦ੍ਰਿਸ਼ਟੀ, ਜੋ ਉਸਦੀ ਇਤਿਹਾਸ-ਦ੍ਰਿਸ਼ਟੀ ਦੇ ਪਿਛੋਕੜ ਵਿਚ ਕਾਰਜਸ਼ੀਲ ਹੈ, ਮੂਲ ਸੂਤਰ ਤੇ ਸੁਭਾਅ ਨੂੰ ਪਛਾਣੇ ਬਗ਼ੈਰ ਉਸਦੀ ਇਤਿਹਾਸ-ਦ੍ਰਿਸ਼ਟੀ ਦਾ ਨਿਰੀਖਣ ਵੀ ਅਧੂਰਾ ਰਹੇਗਾ। ਉਹ ਪੰਜਾਬੀ ਭਾਸ਼ਾ, ਸਾਹਿਤ, ਸਾਹਿਤਕਾਰਾਂ ਅਤੇ ਪੰਜਾਬੀਅਤ ਦੇ ਵਿਭਿੰਨ ਰੰਗਾਂ ਨੂੰ ਅੰਤਾਂ ਦੀ ਮੁਹੱਬਤ ਕਰਦਾ ਸੀ। ਇਸ ਲਈ ਉਸ ਪਹਿਲਾਂ ਸਾਂਭ-ਸੰਭਾਲ ਦੇ ਜ਼ਰੀਏ ਪੰਜਾਬੀ ਸਾਹਿਤ ਦਾ ਇਤਿਹਾਸ ਤਿਆਰ ਕਰਨ ਦੀ ਵਾਹ ਲਾਈ, ਮੁੜ ਇਸਨੂੰ ਵੱਖ ਵੱਖ ਕਾਲਾਂ ਵਿਚ ਵੰਡਿਆ, ਹਰ ਕਾਲ ਦੇ ਮੂਲ ਤੱਥਾਂ ਦੇ ਅਦੁਤੀ ਸੁਭਾਅ ਅਤੇ ਉਨ੍ਹਾਂ ਦੀ ਆਪਸੀ ਸਾਂਝ ਨੂੰ ਪਛਾਣਿਆ, ਫਿਰ ਹਰ ਯੁਗ ਦੀ ਆਪਣੀ ਮੂਲ ਪ੍ਰਕਿਰਤੀ ਦੀ ਪਛਾਣ ਅਤੇ ਉਨ੍ਹਾਂ ਦੀ ਵਿਆਖਿਆ-ਵਿਸ਼ਲੇਸ਼ਣ ਦਾ ਕਾਰਜ ਸਿਧਾਂਤਕ ਸੋਝੀ ਤੋਂ ਬਗ਼ੈਰ ਨੇਪਰੇ ਨਹੀਂ ਸੀ ਚੜ੍ਹ ਸਕਦਾ। ਉਸ ਪਾਸ ਫਾਰਸੀ ਅਸਨਾਫੇ ਅਦਬ, ਭਾਰਤੀ ਕਾਵਿ ਸ਼ਾਸਤਰ ਦੀ ਭਰੋਸੇਯੋਗ ਵਾਕਫੀ ਤੋਂ ਇਲਾਵਾ, ਸਾਹਿਤ ਪਾਠਾਂ ਨੂੰ ਢੂੰਡਣ ਅਤੇ ਉਨ੍ਹਾਂ ਦੇ ਅੰਦਰਲੇ ਨੂੰ ਢੰਡੋਲਣ ਦਾ

ਲੰਬਾ ਤਜਰਬਾ ਮੌਜੂਦ ਸੀ। ਉਹ ਹਰ ਧਾਰਾ, ਲੇਖਕ ਅਤੇ ਉਸਦੀ ਰਚਨਾ ਉਪਰ ਕੋਈ ਬਾਹਰੀ ਸਿਧਾਂਤ ਥੋਪਣ ਦੀ ਬਜਾਇ ਉਨ੍ਹਾਂ ਦੇ ਮੂਲ ਸੁਭਾਅ ਨਾਲ ਸੰਬੰਧਤ ਸੂਤਰ ਉਨ੍ਹਾਂ ਦੇ ਅੰਦਰੋਂ ਹੀ ਟੋਲਦਾ ਲੋੜਦਾ ਸੀ। ਉਸਦੀ ਪ੍ਰਾਪਤ ਸਮਝ, ਗਿਆਨ ਅਤੇ ਸਿਰਜਣਾਤਮਕ ਸ਼ਕਤੀ ਕਿਸੇ ਧਾਰਾ ਜਾਂ ਲੇਖਕ ਸੰਬੰਧੀ ਰਾਇ ਬਣਾਉਣ ਸਮੇਂ ਇਕ ਦੂਸਰੇ ਵਿਚ ਰਚ-ਮਿਚ ਜਾਂਦੇ ਸਨ। ਅਧਿਐਨ-ਕਾਰਜ ਕਰਦਾ ਹੋਇਆ ਕਈ ਵਾਰ ਉਹ ਬਾਵਾ ਬੁੱਧ ਸਿੰਘ ਅਤੇ ਗੋਪਾਲ ਸਿੰਘ ਦਰਦੀ ਵਾਂਗ ਸਿਰਜਣਾ ਅਤੇ ਅਧਿਐਨ ਦਾ ਫਰਕ ਹੀ ਮੇਟ ਦੇਂਦਾ ਸੀ। ਫਲਸਰੂਪ ਅਧਿਐਨ-ਕਾਰਜ ਸਿਰਜਣਾਤਮਕ ਕਾਰਜ ਜਿਹਾ ਹੀ ਸੁਹਜੀਲਾ ਰੂਪ ਅਖਤਿਆਰ ਕਰ ਜਾਂਦਾ ਸੀ। ਚਾਹੇ ਵਿਭਿੰਨ ਸਾਹਿਤ ਰੂਪਾਂ ਨੂੰ ਪਰਿਭਾਸ਼ਤ ਕਰਨਾ ਹੋਵੇ ਜਾਂ ਸਹਿਤ ਰਚਨਾਵਾਂ ਦੀ ਵਿਆਖਿਆ-ਵਿਸ਼ਲੇਸ਼ਣ ਦਾ ਕਾਰਜ। ਮਿਸਾਲ ਵਜੋਂ ਉਹ ਬਾਰਾਂਮਾਹ ਕਾਵਿ-ਰੂਪ ਨੂੰ ਇੰਝ ਪਰਿਭਾਸ਼ਤ ਕਰਦਾ ਹੈ:

> *ਕਵਿਤਾ ਰਾਣੀ ਦੀ ਕੁਦਰਤ ਤੇ ਮੁਹੱਬਤ ਨਾਲ ਦੋਸਤੀ ਜੁਗਾਂ ਜੁਗਾਂ ਦੀ ਹੈ। ਕਿਤੇ ਇਸਦਾ ਜੀਵਨ-ਆਧਾਰ ਪ੍ਰਕਿਰਤੀ-ਚਿਤ੍ਰਣ ਬਣਦਾ ਹੈ ਤੇ ਕਿਧਰੇ ਪ੍ਰੀਤ ਚਿਤ੍ਰਣ। ਪਰੰਤੂ ਬਾਰਾਂਮਾਹ ਕਾਵਿ-ਰੂਪ ਐਸਾ ਹੈ ਜੱਥੇ ਕਵਿਤਾ ਨੂੰ ਕੁਦਰਤ ਅਤੇ ਮੁਹੱਬਤ ਦੀ ਦੇਵੀ ਦੋਵੇਂ ਕਲਿੰਗੜੀ ਪਾ ਕੇ ਮਿਲਦੀਆਂ ਹਨ ਤੇ ਅਜਿਹਾ ਰੁਮਾਂਸ ਭਰਿਆ ਸਹਗਾਨ ਛੇੜਦੀਆਂ ਹਨ ਜੋ ਬਾਰਾਂ ਮਹੀਨਿਆਂ ਦੇ ਪ੍ਰਕਿਰਤੀ-ਨੇਮਾਂ ਦੇ ਆਧਾਰ 'ਤੇ ਬਿਰਹੁ ਦੀਆਂ ਸੁਰਾਂ ਛੇੜਦਾ ਹੋਇਆ ਮਿਲਾਪ ਦਾ ਨਗ਼ਮਾ ਗਾਉਂਦਾ ਹੈ।*

ਹਕੀਕਤ ਇਹ ਹੈ ਕਿ ਪ੍ਰੋ. ਪਦਮ ਆਪਣੇ ਵਿਸ਼ਾਲ ਅਨੁਭਵ, ਸਮਝ ਅਤੇ ਗਿਆਨ ਨੂੰ ਇਕ ਸੰਯੋਗੀ ਰਿਸ਼ਤੇ ਵਿਚ ਬੰਨ੍ਹਦਾ ਅਤੇ ਫਿਰ ਸਿਰਜਣਾਤਮਕ ਢੰਗ ਨਾਲ ਆਪਣੀ ਲਿਖਤ ਨੂੰ ਮੁਹਾਂਦਰਾ ਪ੍ਰਦਾਨ ਕਰਦਾ ਹੈ। ਉਸ ਦੁਆਰਾ ਸਿਰਜੀ ਇਸ ਦੁਨੀਆਂ ਵਿਚ ਉਧਾਰਾ ਅਤੇ ਬੇਸੁਰ ਕੁਝ ਵੀ ਦਿਖਾਈ ਨਹੀਂ ਦੇਂਦਾ। ਸਭ ਕੁਝ ਹਜ਼ਮ ਕਰਨ ਉਪਰੰਤ ਚੱਜ ਨਾਲ ਸਿਰਜਿਆ ਦਿਖਾਈ ਦੇਂਦਾ ਹੈ। ਉਸਦੇ ਚਿੰਤਨ ਕਾਰਜ ਵਿਚੋਂ ਨਾ ਕਿਸੇ ਵਿਸ਼ੇਸ਼ ਧਾਰਾ ਨਾਲ ਉਸਦੀ ਸਾਂਝ ਨਜ਼ਰੀਂ ਪੈਂਦੀ ਹੈ, ਨਾ ਕਿਸੇ ਪੱਛਮੀ ਅਧਿਐਨ ਪ੍ਰਣਾਲੀ ਨਾਲ ਵਾਹ-ਵਾਸਤਾ ਅਤੇ ਨਾ ਵਿਚਾਰਧਾਰਕ ਪ੍ਰਤੀਬੱਧਤਾ। ਸਾਂਭ-ਸੰਭਾਲ਼, ਪਰਿਚਯ ਜਾਂ ਜਾਣ-ਪਛਾਣ, ਅਦੀਬਾਂ ਤੇ ਉਨ੍ਹਾਂ ਦੀਆਂ ਲਿਖਤਾਂ ਪ੍ਰਤਿ ਸ਼ਰਧਾ ਤੇ ਸਤਿਕਾਰ, ਲਿਖਤਾਂ ਵਿਚੋਂ ਸਦੀਵੀ ਮਾਨਵੀ ਮੁੱਲਾਂ, ਵਿਸ਼ਵ ਸਾਂਝ ਅਤੇ ਮਾਨਵੀ ਏਕਤਾ ਦੀ ਤਲਾਸ਼ ਅਤੇ ਪ੍ਰਾਪਤ ਸੋਝੀ ਦੇ ਆਧਾਰ ਉਪਰ ਪ੍ਰਭਾਵਵਾਦੀ-ਪ੍ਰਸ਼ੰਸਾਵਾਦੀ ਢੰਗ ਨਾਲ ਵਿਵੇਚਨ ਉਸਦੀ ਇਤਿਹਾਸ-ਦ੍ਰਿਸ਼ਟੀ ਦਾ ਅਟੁੱਟ ਹਿੱਸਾ ਹਨ। ਉਸ ਦੁਆਰਾ ਲੇਖਕਾਂ ਅਤੇ ਉਨ੍ਹਾਂ ਦੀਆਂ ਸ਼ਾਹਕਾਰ ਰਚਨਾਵਾਂ ਸੰਬੰਧੀ ਪ੍ਰਸੰਨ-ਚਿੱਤ, ਪ੍ਰਸ਼ੰਸਾਤਮਕ ਬਿਰਤੀ ਰਾਹੀਂ ਪੇਸ਼ ਟਿੱਪਣੀਆਂ ਕਈ ਵਾਰ ਅਤਿਕਥਨੀਆਂ ਦੇ ਬਿੰਦੂ ਉਪਰ ਅੱਪੜ ਜਾਂਦੀਆਂ ਹਨ। ਕਿਧਰੇ ਉਹ ਇਸੇ ਪ੍ਰਸੰਨਤਾ ਅਤੇ ਸ਼ਰਧਾ ਤਹਿਤ ਅਨਮੇਲ ਤੁਲਨਾਵਾਂ ਕਰਦਾ ਵਿਸ਼ੇਸ਼ਣਾਂ ਦੀ ਛਹਿਬਰ ਲਾਉਂਦਾ ਵੀ ਦਿਖਾਈ ਦੇਂਦਾ ਹੈ। ਪਰੰਤੂ ਇਹ ਸਭ ਸੀਮਾਵਾਂ ਉਸਦੇ ਸਮੁੱਚੇ ਕਾਰਜ ਸਾਹਵੇਂ ਅਪਵਾਦ ਦਿਖਾਈ ਦੇਂਦੀਆ ਹਨ।

ਪਿਆਰਾ ਸਿੰਘ ਪਦਮ ਨੇ ਸਾਹਿਤ ਅਧਿਐਨ ਦੇ ਸਾਰੇ ਅਨੁਸ਼ਾਸਨਾਂ (ਖੋਜ, ਇਤਿਹਾਸ, ਸਿਧਾਂਤ ਅਤੇ ਆਲੋਚਨਾ) ਵਿਚ ਮੁੱਲਵਾਨ ਅਤੇ ਯਾਦਗਾਰੀ ਦੇਣ ਦਿੱਤੀ ਹੈ। ਉਸ ਦੁਆਰਾ ਕੀਤਾ ਕਾਰਜ ਸਾਡੇ ਗ੍ਰਹਿਣਯੋਗ ਬੌਧਿਕ ਵਿਰਸੇ ਦਾ ਹਿੱਸਾ ਹੈ। ਉਸਦੇ ਇਤਿਹਾਸ ਤਿਆਰ ਕਰਨ ਅਤੇ ਉਸਦੀ ਵਿਆਖਿਆ ਕਰਨ ਦੇ ਕਾਰਜ ਪਿੱਛੇ ਉਸਦੀ ਸਾਹਿਤ-ਅਧਿਐਨ ਦੇ ਵਿਭਿੰਨ ਅਨੁਸ਼ਾਸਨਾਂ ਦੀ ਸੋਝੀ ਨੂੰ ਪਛਾਣਿਆ ਜਾ ਸਕਦਾ ਹੈ। ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦਾ ਅਧਿਐਨ-ਵਿਸ਼ਲੇਸ਼ਣ ਕਰਨ ਵਾਲਿਆਂ ਨੇ ਨਿਰਸੰਦੇਹ, ਸੁਚੇਤ ਜਾਂ ਅਚੇਤ ਪੱਧਰ ਉਪਰ, ਉਸਦੀ ਦੇਣ ਨੂੰ ਅਣਗੌਲ਼ਿਆਂ ਕੀਤਾ ਹੈ। ਇਹ ਕਾਰਜ ਮੁੱਲਵਾਨ ਵੀ ਹੈ ਤੇ ਗੌਲਣਯੋਗ ਵੀ। 000

***(ਪ੍ਰੋਫੈਸਰ, ਪੰਜਾਬੀ ਅਧਿਐਨ ਸਕੂਲ, ਗ.ਨ.ਦ. ਯੂਨੀਵਰਸਿਟੀ, ਅੰਮ੍ਰਿਤਸਰ)***



# ਬਾਜ਼ੀਗਰ ਕਬੀਲੇ ਦੀਆਂ ਔਰਤਾਂ ਦਾ ਗਿੱਧਾ: ਵਿਧੀ ਵਿਧਾਨ ਤੇ ਬਦਲਦੇ ਪਰਿਪੇਖ: ਲੇਖ: ਸੰਦੀਪ ਕੌਰ

ਮਨੁੱਖੀ ਜੀਵਨ ਵਿਚ ਮਨੋਰੰਜਨ ਦੀ ਵਿਸ਼ੇਸ਼ ਸਾਰਥਿਕਤਾ ਹੈ। ਮਨੋਰੰਜਨ ਮਨੁੱਖ ਜਾਤੀ ਦੀ ਰੂਹ ਦੀ ਖੁਰਾਕ ਹੈ। ਸਰੀਰਕ ਸਿਹਤਯਾਬੀ ਅਤੇ ਜਗਿਆਸਾ ਦੀ ਅਧਾਰ ਭੂਮੀ ਬਣਦਾ ਹੈ। ਇਸ ਦੀ ਪਰੰਪਰਾ ਮਨੁੱਖੀ ਜੀਵਨ ਦੇ ਇਤਿਹਾਸ ਜਿੰਨੀ ਹੀ ਪ੍ਰਾਚੀਨ ਹੈ। ਜਿਉਂ-ਜਿਉਂ ਮਨੁੱਖ ਵਿਕਸਤ ਹੁੰਦਾ ਗਿਆ, ਤਿਉਂ-ਤਿਉਂ ਉਸ ਨੇ ਆਪਣੇ ਮਨੋਰੰਜਨ ਦੇ ਸਾਧਨਾਂ ਨੂੰ ਤਰਾਸ਼ਿਆ, ਬਣਾਇਆ ਅਤੇ ਨਵਿਆਇਆ ਹੈ। ਲੋਕ ਮਨੋਰੰਜਨ ਸਮੂਹਕ ਚਿੱਤਰ ਦਾ ਧਾਰਨੀ ਹੁੰਦਾ ਹੈ। ਇਸ ਵਿਚ ਮਾਨਸਿਕ ਪੱਧਰ 'ਤੇ ਸਾਰੀ ਜਾਤੀ ਦੇ ਸ਼ਿਰਕਤ ਹੁੰਦੀ ਹੈ। ਲੋਕ ਮਨੋਰੰਜਨ ਕਿਸੇ ਕਰੜੇ ਨਿਯਮਾਂ ਜਾਂ ਬੰਧਨਾਂ ਦਾ ਮੁਹਤਾਜ ਨਹੀਂ ਹੁੰਦਾ। ਇਹ ਲਚਕੀਲਾ ਅਤੇ ਆਪ ਮੁਹਾਰਤਾ ਰੱਖਣ ਵਾਲਾ ਹੋਣ ਸਦਕਾ ਨਿਰੰਤਰ ਵਹਿਣ ਵਹਿੰਦਾ ਜਾਂਦਾ ਹੈ। ਇਸ ਵਿਚੋਂ ਕਿਸੇ ਲੋਕ ਸਮੂਹ ਜਾਂ ਜਾਤੀ ਵਿਸ਼ੇਸ਼ ਦੇ ਲੋਕ ਮਨਾਂ ਦੇ ਜਜ਼ਬਿਆਂ, ਵਿਸ਼ਵਾਸਾਂ ਅਤੇ ਰਹੁ-ਰੀਤਾਂ, ਸਮਾਜਕ ਸਭਿਆਚਾਰ ਮੁੱਲ ਵਿਧਾਨ ਅਤੇ ਇਸ ਦੀ ਵਿਵਹਾਰਕਤਾ ਕਰਕ-ਪ੍ਰਣਾਲੀ ਦੀ ਸਹਿਜ ਤਰਜਮਾਨੀ ਵਿਆਪਕ ਪੱਧਰ 'ਤੇ ਸਮੋਈ ਹੋਈ ਹੁੰਦੀ ਹੈ।

ਲੋਕ ਮਨੋਰੰਜਨ ਦੇ ਪਰੰਪਰਾਗਤ ਅਧਿਐਨ ਤੋਂ ਕਿਸੇ ਜਾਤੀ ਦੀ ਸਰਬਾਂਗੀ ਜੀਵਨ ਤੋਰ ਨੂੰ ਪਛਾਣਿਆ ਭਾਂਪਿਆਂ ਜਾ ਸਕਦਾ ਹੈ। ਜੀਵਨ ਦੇ ਹਰ ਮੰਗਲਮਈ ਮੌਕਿਆਂ ਨੂੰ ਕਈ-ਕਈ ਮਾਧਿਅਮਾਂ ਜਾਂ ਤਰੀਕਿਆਂ ਨਾਲ ਮਾਣਿਆਂ ਜਾ ਸਕਦਾ ਹੇ। ਕਿਸੇ ਜਾਤੀ ਦੇ ਮਨੋਰੰਜਨ ਦੇ ਉਦਗਮ ਅਤੇ ਪ੍ਰਚਲਣ ਵਿਚ ਜਾਤੀ ਦੀਆਂ ਭੂ-ਖੰਡੀ, ਸਮਾਜਕ-ਸਭਿਆਚਾਰਕ, ਰਾਜਨੀਤਕ ਅਤੇ ਇਤਿਹਾਸਕ ਆਦਿ ਪਰਿਸਥਿਤੀਆਂ ਦਾ ਚੋਖਾ ਹੱਥ ਹੁੰਦਾ ਹੈ। ਪੰਜਾਬੀਆਂ ਦੇ ਪਰੰਪਰਾਗਤ ਲੋਕ-ਮਨੋਰੰਜਨ ਦੇ ਸਾਧਨ, ਪੰਜਾਬੀ ਸਭਿਆਚਾਰ ਦੇ ਇਤਿਹਾਸ ਦਾ ਦਰਪਣ ਹਨ।

ਪੰਜਾਬੀ ਲੋਕਧਾਰਾ ਦੀਆਂ ਪ੍ਰਮੁੱਖ ਵੰਨਗੀਆਂ ਨੂੰ ਸਿਰਜਣ ਵਿਚ ਪੇਸ਼ਾਵਰ ਜਾਤੀਆਂ ਨੇ ਪ੍ਰਮੁੱਖ ਭੂਮਿਕਾ ਨਿਭਾਈ ਹੈ। ਇਹਨਾਂ ਜਾਤੀਆਂ ਨੇ ਨਾ ਕੇਵਲ ਲੋਕ ਕਲਾਵਾਂ ਦੀ ਸਿਰਜਣਾ ਹੀ ਕੀਤੀ ਹੈ ਸਗੋਂ ਆਧੁਨਿਕ ਸਮੇਂ ਵਿਚ ਪ੍ਰਚਲਤ ਕਲਾਵਾਂ ਦੀ ਪਿੱਠ-ਭੂਮੀ ਵੀ ਤਿਆਰ ਕੀਤੀ ਹੈ। ਪੇਸ਼ਾਵਰ ਜਾਤੀਆਂ ਦੇ ਲੋਕ ਕਲਾਕਾਰ ਨਿਮਨ ਜਾਤੀਆਂ ਨਾਲ ਸੰਬੰਧਤ ਰਹੇ ਹਨ। ਇਹਨਾਂ ਕਲਾਕਾਰਾਂ ਵਿਚ ਜ਼ਿੰਦਗੀ ਸਮਝਣ ਅਤੇ ਮਾਨਵ ਦੀ ਵਿਸ਼ੇਸ਼ ਦ੍ਰਿਸ਼ਟੀ ਰਸੀ ਹੋਈ ਹੈ। ਜਿਸ ਚਿ ਹੱਸਣ ਹਸਾਉਣ ਦੀਆਂ ਜੁਗਤਾਂ, ਸਥਿਤੀਆਂ, ਭਾਸ਼ਾ ਤੇ ਭਾਸ਼ਾ ਪ੍ਰਯੋਗ ਹਮੇਸ਼ਾ ਹੀ ਮਹੱਤਵਪੂਰਨ ਰਹੇ ਹਨ। ਏਸੇ ਲਈ ਜ਼ਿੰਦਗੀ ਦੇ ਵੱਖ-ਵੱਖ ਪੜਾਵਾਂ 'ਤੇ ਹਾਸਰਸ ਭਰਪੂਰ ਮਸ਼ਕਰੀ ਟਿੱਚਰ, ਮਖੌਲ, ਵਿਅੰਗ, ਚੋਟ, ਕਟਾਕਸ਼, ਤਨਜ਼ ਅਤੇ ਵਿਡੰਬਣਾ ਮੂਲਕ ਸਥਿਤੀਆਂ ਲਈ ਸਿੱਠਣੀਆਂ, ਮੇਲ਼ ਸੰਵਾਦ, ਜੰਞ ਬੰਨ੍ਹਣ ਜਾਂ ਅਜਿਹੇ ਬਹੁਤ ਸਾਰੇ ਅਵਸਰ ਠਿੱਠ ਅਤੇ ਹਾਸਰਸ ਵਾਲੀ ਭਾਸ਼ਾ ਵਿਉਂਤ ਦੀ ਵਰਤੋਂ ਕਰਦੇ ਹਨ। ਪੇਸ਼ਾਵਰ ਲੋਕਾਂ ਦੀ ਜੁਗਤ ਤੇ ਜੁਗਲਬੰਦੀ ਨੇ ਲੋਕਧਾਰਾਈ ਸਮੱਗਰੀ ਨੂੰ ਅਮੀਰ ਹੀ ਨਹੀਂ ਬਣਾਇਆ ਸਗੋਂ ਨਿਰੰਤਰ ਇਸ ਵਿਚ ਵਾਧੇ ਦੇ ਅਮਲ ਨੂੰ ਜਾਰੀ ਵੀ ਰੱਖਿਆ ਹੈ। ਭੰਡਾਂ ਮਰਾਸੀਆਂ, ਡੂੰਮਾਂ, ਖੁਸਰਿਆਂ ਆਦਿ ਨੇ ਨਿਰੰਤਰ ਸੁਰਜੀਤ ਰੱਖਿਆ ਹੈ।

ਬਾਜ਼ੀਗਰ ਕਬੀਲਾ ਇਹਨਾਂ ਜਾਤੀਆਂ ਵਿਚੋਂ ਇਕ ਹੈ। ਲੋਕ ਕਲਾ ਬਾਜ਼ੀ ਪਾਉਣਾ, ਲੋਕ ਨਾਚ, ਲੋਕ ਸਾਜ਼ ਤੇ ਲੋਕ ਗਾਇਕੀ ਤਿੰਨ ਅਜਿਹੇ ਖੇਤਰ ਹਨ ਜਿਨ੍ਹਾਂ ਨਾਲ ਬਾਜ਼ੀਗਰ ਕਬੀਲਾ ਸਿੱਧੇ ਰੂਪ ਵਿਚ ਸੰਬੰਧਤ ਹੈ। ਬਾਜ਼ੀਗਰ ਮਰਦ ਬਾਜ਼ੀ ਪਾਉਣ ਦਾ ਕਿੱਤਾ ਕਰਦੇ ਹਨ। ਬਾਜ਼ੀਗਰ ਔਰਤਾਂ

ਸੂਈਆਂ, ਘਦੂਈਆਂ ਆਦਿ ਵੇਚਣ ਤੋਂ ਇਲਾਵਾ ਨੱਚ ਗਾ ਕੇ ਸ਼ੁਕਰਾਨੇ ਵਜੋਂ ਆਟਾ, ਕੱਪੜੇ ਲੈਂਦੀਆਂ ਰਹੀਆਂ ਹਨ।

ਲੋਕ ਪ੍ਰਦਰਸ਼ਨ ਕਲਾ ਦੇ ਮਾਧਿਅਮ ਵਿਚ ਬਾਜ਼ੀਗਰ ਕਬੀਲੇ ਦੀਆਂ ਔਰਤਾਂ ਦਾ ਗਿੱਧਾ ਵੀ ਮਹੱਤਵਪੂਰਨ ਸਥਾਨ ਰੱਖਦਾ ਹੈ। ਇਹ ਇਕ ਵਿਲੱਖਣ ਕਲਾ, ਮਨੋਰੰਜਨ ਦਾ ਸਾਧਨ ਅਤੇ ਲੋਕ ਕਿੱਤਾ ਹੈ। ਜਿਸ ਵਿਚ ਪੰਜਾਬੀ ਲੋਕ-ਸਮੂਹ ਦੀ ਸਮਾਜਕ-ਸਭਿਆਚਾਰਕ, ਨੈਤਿਕ-ਧਾਰਮਿਕ ਅਤੇ ਇਤਿਹਾਸਕ ਜੀਵਨ ਤੌਰ ਦੀਆਂ ਵਿਭਿੰਨ ਪਰਤਾਂ ਦਾ ਬੋਧ ਹੁੰਦਾ ਹੈ। ਇਹਨਾਂ ਔਰਤਾਂ ਦੁਆਰਾ ਸਿਰਜੀ ਗਈ ਇਹ ਕਲਾ ਵਾਸਤਵ ਰੂਪ ਵਿਚ ਸ਼ਰਧਾ ਭਰਪੂਰ ਅਤੇ ਨਿਸ਼ਠਾਪੂਰਨ ਹੁੰਦੀ ਹੈ। ਇਸ ਪ੍ਰਕਾਰ ਇਸ ਕਲਾ ਵਿਚ ਅਡੰਬਰ ਰਚਣ ਦੀ ਕੋਈ ਗੁੰਜਾਇਸ਼ ਨਹੀਂ ਹੁੰਦੀ।

ਬਾਜ਼ੀਗਰਨੀਆਂ ਗਿੱਧੇ ਦੀ ਪੇਸ਼ਕਾਰੀ ਸਮੇਂ ਕੋਈ ਵਿਸ਼ੇਸ਼ ਕਿਸਮ ਦਾ ਪਹਿਰਾਵਾ ਨਹੀਂ ਪਹਿਨਦੀਆਂ, ਸਗੋਂ ਆਪਣੀ ਰੋਜ਼ਮਰਾ ਦੀ ਜ਼ਿੰਦਗੀ ਵਿਚ ਪਾਉਣ ਵਾਲਾ ਲਿਬਾਸ ਹੀ ਧਾਰਨ ਕਰਦੀਆਂ ਹਨ। ਖੁੱਲ੍ਹੀ ਸਲਵਾਰ, ਕਫ਼ਾਂ ਤੇ ਕਾਲਰਾਂ ਵਾਲਾ ਕਮੀਜ਼, ਖੱਬੀ ਬੁੱਕਲ, ਸੱਜੇ ਪਾਸਿਓਂ ਵਿੰਨ੍ਹਿਆ ਹੋਇਆ ਨੱਕ, ਨੱਕ ਵਿਚ ਪਾਇਆ ਮੋਟਾ ਕੋਕਾ, ਮੱਥੇ 'ਤੇ ਚੰਨ ਤਾਰਾ, ਠੋਡੀ 'ਤੇ ਖੁਣਿਆਂ ਤਿੰਨ ਦਾਣਾ, ਦੰਦਾਂ ਵਿਚ ਸੋਨੇ ਦੀਆਂ ਮੇਖਾਂ, ਪੈਰਾਂ ਵਿਚ ਪਾਏ ਬਿਛੂਏ, ਬਾਜ਼ੀਗਰਨੀਆਂ ਦੀ ਪਹਿਚਾਣ ਬਣਦੇ ਹਨ।

ਬਾਜ਼ੀਗਰਨੀਆਂ ਦੇ ਗਿੱਧੇ ਦੇ ਵਿਧੀ ਵਿਧਾਨ ਬਾਰੇ ਗੱਲ ਕਰਨ ਤੋਂ ਪਹਿਲਾਂ ਇਹ ਸਪੱਸ਼ਟ ਕਰਨਾ ਬਣਦਾ ਹੈ ਕਿ ਇਸਨੂੰ ਬਾਜ਼ੀਗਰਨੀਆਂ ਦੇ ਗਿੱਧੇ ਦਾ ਨਾਮ ਕਿਉਂ ਦਿੱਤਾ ਗਿਆ। ਇਸ ਲਈ ਨਾਚ ਸ਼ਬਦ ਵੀ ਵਰਤਿਆ ਜਾ ਸਕਦਾ ਸੀ। ਇਸ ਪ੍ਰਸ਼ਨ ਦੀ ਪੁਸ਼ਟੀ ਲਈ ਅਸੀਂ ਬਾਜ਼ੀਗਰਨੀਆਂ ਦੀਆਂ ਨਾਟ ਮੁਦਰਾਵਾਂ ਵਿਚੋਂ ਉਹਨਾਂ ਗੁਣਾਂ ਨੂੰ ਉਭਾਰਿਆ ਹੈ ਜਿਹੜੇ ਇਸ ਪਰੰਪਰਾਗਤ ਕਲਾ ਨੂੰ ਗਿੱਧੇ ਦੇ ਕਰੀਬ ਲੈ ਆਉਂਦੇ ਹਨ।

ਬਾਜ਼ੀਗਰਨੀਆਂ ਦੁਆਰਾ ਗਿੱਧਾ ਪਰੰਪਰਾਗਤ ਗਿੱਧੇ ਵਾਂਗ ਕੇਵਲ ਤਾੜੀ ਦੇ ਨਾਮ 'ਤੇ ਹੀ ਸੱਦਿਆ ਜਾਂਦਾ ਹੈ। ਇਸ ਵਿਚ ਵੱਖਰੇ ਲੋਕ ਸਾਜ਼ਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ। ਪਰੰਪਰਾਗਤ ਗਿੱਧੇ ਵਾਂਗ ਹੀ ਇਸ ਵਿਚ ਬੋਲੀਆਂ ਪਾਈਆਂ ਜਾਂਦੀਆਂ ਹਨ। ਜਿਨ੍ਹਾਂ ਦੀ ਸਿਰਜਣਾ ਮੌਕੇ, ਸਮੇਂ ਅਤੇ ਸਥਾਨ ਅਨੁਸਾਰ ਤੁਰੰਤ ਕੀਤੀ ਜਾ ਸਕਦੀ ਹੈ। ਆਮ ਗਿੱਧੇ ਵਾਂਗ ਹੀ ਇਸਦੀ ਸ਼ੁਰੂਆਤ ਮੰਗਲਾ ਚਰਨ ਦੀਆਂ ਬੋਲੀਆਂ ਤੋਂ ਕੀਤੀ ਜਾਂਦੀ ਹੈ। ਆਮ ਗਿੱਧੇ ਵਾਂਗ ਇਹ ਗਿੱਧਾ ਵੀ ਕੋਈ ਕਰੜੀ ਨਿਯਮਵਾਲੀ 'ਤੇ ਆਧਾਰਤ ਨਹੀਂ। ਇਸ ਗਿੱਧੇ ਵਿਚ ਵੀ ਪਰੰਪਰਾਗਤ ਗਿੱਧੇ ਵਾਂਗ ਸਵਾਂਗ ਅਤੇ ਤਮਾਸ਼ੇ ਸ਼ਾਮਲ ਹੁੰਦੇ ਹਨ। ਇਸ ਗਿੱਧੇ ਦੀ ਪੇਸ਼ਕਾਰੀ ਆਮ ਗਿੱਧੇ ਵਾਂਗ ਔਰਤਾਂ ਹੀ ਕਰਦੀਆਂ ਹਨ। ਇਸ ਵਿਚ ਮਰਦ ਸ਼ਾਮਿਲ ਨਹੀਂ ਹੁੰਦੇ।

ਇਹ ਗਿੱਧਾ ਪੇਸ਼ਾਵਰ ਜਾਤੀਆਂ ਦੁਆਰਾ ਪੇਸ਼ ਕੀਤਾ ਜਾਂਦਾ ਹੈ, ਜਿਸ ਦਾ ਸੰਬੰਧ ਉਹਨਾਂ ਦੇ ਪੇਸ਼ਕਾਰਾਂ ਦੇ ਰੁਜ਼ਗਾਰ ਨਾਲ ਜੁੜਿਆਂ ਹੋਇਆ ਹੈ। ਕਿੱਤਾ ਮੁੱਖੀ ਨਾਚ ਹੋਣ ਕਰਕੇ ਇਸ ਵਿਚ ਕੁਝ ਅੱਜੋਕੇ ਲੱਛਣ ਵੀ ਹਨ ਜਿਹੜੇ ਇਸ ਨੂੰ ਪਰੰਪਰਾਗਤ ਗਿੱਧੇ ਨਾਲੋਂ ਵੱਖਰਾ ਕਰ ਕੇ ਇਸਦੀ ਵੱਖਰੀ ਹੋਂਦ ਨੂੰ ਰੂਪਮਾਨ ਕਰਦੇ ਹਨ।ਇਸ ਨਾਚ ਵਿਚੋਂ ਸਮੁੱਚੀ ਜਾਤੀ ਦੇ ਰਹਿਣ-ਸਹਿਣ ਦੀ ਅਭਿਵਿਅਕਤੀ ਵੀ ਹੁੰਦੀ ਹੈ।

ਡਾ. ਨਾਹਰ ਸਿੰਘ ਅਨੁਸਾਰ: ਲੋਕ ਨਾਚ, ਜਾਦੂ-ਟੂਣਾ, ਜਾਦੂਧਾਰਾ ਆਪਣੀ ਲੋਕਧਾਰਾ ਦੇ ਰੂਪ ਵਿਚ ਕਬੀਲੇ ਦੀਆਂ ਆਰਥਿਕ, ਸਮਾਜਕ ਅਤੇ ਮਾਨਸਿਕ ਲੋੜਾਂ ਦੀ ਪੂਰਤੀ ਵਜੋਂ ਪੈਦਾ ਹੋਇਆ ਹੈ।ਇਹ ਸਿਰਜਣਾਤਮਕ ਕੰਮ ਦੇ ਅਨਿੱਖੜਵੇਂ ਅੰਗ ਵਜੋਂ ਸਮੂਹਕ ਸਮਾਜਕ ਭਾਵਨਾ ਦੇ ਪ੍ਰਗਟਾ ਵਜੋਂ ਹੋਂਦ ਵਿਚ ਆਇਆ ਹੈ। ਇਹ ਆਪਣੇ ਸੁਭਾਅ ਵਿਚ ਪ੍ਰਕਾਰਜਾਤਮਕ ਤੇ ਸਮੂਹ ਭਾਵੀ ਹੈ।

ਬਾਜ਼ੀਗਰਨੀਆਂ ਦੇ ਗਿੱਧੇ ਦਾ ਆਧਾਰ ਆਰਥਿਕਤਾ 'ਤੇ ਉਸਰਿਆ ਹੋਇਆ ਹੈ ਪਰ



ਬਾਜ਼ੀਗਰ ਔਰਤਾਂ ਨੇ ਆਪਣੀ ਵਿਲੱਖਣ ਪ੍ਰਤਿਭਾ ਨਾਲ ਇਸ ਗਿੱਧੇ ਨੂੰ ਵੱਖਰੀ ਪਹਿਚਾਣ ਵੀ ਦਿੱਤੀ ਹੈ,ਜਿਸ ਨੇ ਪੰਜਾਬੀ ਲੋਕਧਾਰਾ ਦੇ ਘੇਰੇ ਨੂੰ ਹੋਰ ਵੀ ਵਿਸ਼ਾਲ ਕੀਤਾ ਹੈ।

ਪਰੰਪਰਾਗਤ ਗਿੱਧੇ ਵਿਚ ਦਰਸ਼ਕਾਂ ਅਤੇ ਨਚਾਰਾਂ ਵਿਚ ਕੋਈ ਅੰਤਰ ਨਹੀਂ ਹੁੰਦਾ। ਗੋਲ ਘੇਰੇ ਵਿਚ ਕੁਝ ਕਾਵਿ ਸਤਰਾਂ ਖੜ੍ਹੇ-ਖਲੋਤੇ ਹੀ ਬਗ਼ੈਰ ਸਰੀਰਕ ਮੁਦਰਾਵਾਂ ਤੋਂ ਉੱਚੀ ਹੇਕ ਵਿਚ ਗਾ ਕੇ ਪੇਸ਼ ਕੀਤੀਆਂ ਜਾਂਦੀਆਂ ਹਨ। ਬੋਲੀ ਪਾਉਣ ਦੌਰਾਨ ਤ੍ਰੀਮਤਾਂ ਹੱਥਾਂ ਨਾਲ ਤਾੜੀ ਮਾਰਨ ਦਾ ਐਕਸ਼ਨ ਕਰਦੀਆਂ ਹਨ। ਪਰ ਤਾੜੀ ਨਹੀਂ ਮਾਰਦੀਆਂ। ਅਖ਼ੀਰਲੀ ਸਤਰ ਦਾ ਦੁਹਰਾਉ ਕਰਦੀਆਂ ਹਨ ਜਿਸ ਨੂੰ ਬੋਲੀ ਚੁੱਕਣਾ ਕਿਹਾ ਜਾਂਦਾ ਹੈ। ਬੋਲੀ ਪਾਉਣ ਵਾਲੀ ਮੁਟਿਆਰ ਬੋਲੀ ਚੁੱਕਣ ਸਮੇਂ ਪੈਰਾਂ ਨੂੰ ਸਰਕਾਉਂਦੀ ਹੋਈ ਕੋਈ ਸਾਦੀਆ ਜਿਹੀਆਂ ਮੁਦਰਾਵਾਂ ਵੀ ਵਿਖਾਉਂਦੀ ਹੈ। ਝੁਕਦੀ ਹੋਈ ਤਾੜੀ ਮਾਰ ਕੇ ਜ਼ਮੀਨ ਨਾਲ ਅੱਡੀ ਟਕਰਾਉਂਦੀ ਹੋਈ ਤਾਲ ਵੀ ਪੈਦਾ ਕਰਦੀ ਹੈ। ਹੋਰ ਨਚਾਰ ਉਸਦਾ ਸਾਥ ਦੇਣ ਲਈ ਆ ਜਾਂਦੀ ਹੈ। ਜਿਸ ਨਾਲ ਆਹਮੋ-ਸਾਹਮਣੇ ਹੋ ਕੇ ਉਹ ਘੁੰਮਦੀਆਂ ਹੋਈਆਂ ਘੁੰਮਣ ਘੇਰੀ ਜਿਹੀ ਬਣਾਉਂਦੀਆਂ ਹਨ।

ਬਾਜ਼ੀਗਰਨੀਆਂ ਨੱਚਦੀਆਂ ਹੋਈਆਂ ਘੱਗਰੀ ਪਿੜ ਨਹੀਂ ਬਣਾਉਂਦੀਆਂ। ਉਹਨਾਂ ਦਾ ਮੂੰਹ ਦਰਸ਼ਕਾਂ ਵੱਲ ਹੋਣ ਕਰਕੇ ਅਰਧ ਚੰਨ ਦੇ ਅਕਾਰ ਦਾ ਪਿੜ ਬਣਾਇਆ ਜਾਂਦਾ ਹੈ, ਜਿਸ ਨਾਲ ਉਹ ਦਰਸ਼ਕ ਧਿਰ ਨੂੰ ਬਿਲਕੁਲ ਸਾਹਮਣੇ ਹੋ ਕੇ ਸੰਬੋਧਨ ਕਰਦੀਆਂ ਹਨ। ਪਰੰਪਰਾਗਤ ਗਿੱਧੇ ਵਾਂਗ ਇਕ ਤੋਂ ਬਾਅਦ ਇਕ ਕਰਕੇ ਗਿੱਧੇ ਵਿਚ ਗੇੜੇ ਨਹੀਂ ਦਿੰਦੀਆਂ ਸਗੋਂ ਪੂਰੇ ਟੋਲੇ ਵਿਚੋਂ ਦੋ ਜਾਂ ਤਿੰਨ ਨ੍ਰਿਤਕੀਆਂ ਹੀ ਵਾਰ-ਵਾਰ ਆਪਣੀਆਂ ਨਾਚ ਮੁਦਰਾਵਾਂ ਨੂੰ ਪੇਸ਼ ਕਰਦੀਆਂ ਹਨ। ਬਾਜ਼ੀਗਰਨੀਆਂ ਦੇ ਗਿੱਧੇ ਵਿਚ ਸਾਜ਼ਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ ਸਗੋਂ ਹੱਥਾਂ ਦੀਆਂ ਤਾੜੀਆਂ ਨਾਲ ਤਾਲ ਦਿੱਤਾ ਜਾਂਦਾ ਹੈ।ਅਕਸਰ ਖੱਬੇ ਹੱਥ ਦੀ ਤਲੀ ਉੱਤੇ ਸੱਜੇ ਹੱਥ ਦੀ ਤਲੀ ਮਾਰੀ ਜਾਂਦੀ ਹੈ। ਤਲੀ ਦੇ ਵਿਚਕਾਰ ਇਕ ਛੋਟਾ ਜਿਹਾ ਟੋਆ ਬਣਾ ਲਿਆ ਜਾਂਦਾ ਹੈ। ਉਹਨਾਂ ਨੂੰ ਲਗਪਗ ਸੱਠ ਸੱਤਰ ਦੇ ਕੋਣ 'ਤੇ ਰੱਖਿਆ ਜਾਂਦਾ ਹੈ ਜਾਂ ਦੋਵਾਂ ਹੱਥਾਂ ਨੂੰ ਛਾਤੀ ਦੇ ਸਾਹਮਣੇ ਲਿਆ ਕੇ ਸਮਾਨ ਰੂਪ ਵਿਚ ਟਕਰਾਇਆ ਜਾਂਦਾ ਹੈ ਜਿਸ ਨਾਲ ਠੱਪ-ਠੱਪ ਦੀ ਆਵਾਜ਼ ਪੈਦਾ ਹੁੰਦੀ ਹੈ। ਇਸ ਤਾੜੀ ਦੀ ਤਾਲ 'ਤੇ ਬਾਜ਼ੀਗਰਨੀਆਂ ਅੱਖਾਂ ਨੂੰ ਮਟਕਾਉਂਦੀਆਂ ਅਤੇ ਹੱਥ ਨੂੰ ਹਿਲਾਉਂਦੀਆਂ ਵਿਸ਼ੇਸ਼ ਮੁਦਰਾਵਾਂ ਪੇਸ਼ ਕਰਦੀਆਂ ਹਨ।

ਪਰੰਪਰਾਗਤ ਗਿੱਧੇ ਵਿਚ ਆਮ ਕਰਕੇ ਔਰਤਾਂ ਵਿਹੜੇ ਦੇ ਵਿਚਕਾਰ ਆਪੇ ਪਿੜ ਬਣਾਉਂਦੀਆਂ ਹਨ। ਪਰ ਬਾਜ਼ੀਗਰਨੀਆਂ ਦਰਾਂ ਵਿਚ ਜਾਂ ਵਿਹੜੇ ਦੇ ਇਕ ਪਾਸੇ ਨੱਚਣਾ ਸ਼ੁਰੂ ਕਰਦੀਆਂ ਹਨ। ਪਰੰਪਰਾਗਤ ਗਿੱਧੇ ਵਿਚ ਨਚਾਰਾਂ ਅਤੇ ਦਰਸ਼ਕਾਂ ਵਿਚ ਕੋਈ ਅੰਤਰ ਨਹੀਂ ਹੁੰਦਾ। ਉਹਨਾਂ ਦੀ ਸਮਾਜਕ ਸਥਿਤੀ ਲਗਪਗ ਇਕੋ ਜਿਹੀ ਹੁੰਦੀ ਹੈ ਜਿਸ ਕਾਰਨ ਇਕ ਦੂਸਰੀ ਨੂੰ ਸਿੱਠਣੀਆਂ ਬਿਨਾਂ ਗੁਰੇਜ਼ ਕੀਤੇ ਦਿੱਤੀਆਂ ਜਾਂਦੀਆਂ ਹਨ। ਪਰ ਬਾਜ਼ੀਗਰਨੀਆਂ ਨਿਮਨ ਜਾਤੀ ਨਾਲ ਸੰਬੰਧਤ ਹੋਣ ਕਰਕੇ ਸਿੱਠਣੀਆਂ ਦਿੰਦੀਆਂ ਹੋਈਆਂ ਆਪਣੀ ਸੀਮਾ ਦੀ ਉਲੰਘਣਾ ਨਹੀਂ ਕਰਦੀਆਂ। ਪਰੰਪਰਾਗਤ ਗਿੱਧੇ ਵਿਚ ਬੋਲੀ ਪਾਉਣ ਸਮੇਂ ਔਰਤਾਂ ਤਾੜੀ ਮਾਰਦੀਆਂ ਹਨ ਪਰ ਤਾੜੀ ਦੀ ਆਵਾਜ਼ ਨਹੀਂ ਆਉਂਦੀ, ਉੱਥੇ ਬਾਜ਼ੀਗਰਨੀਆਂ ਔਰਤਾਂ ਬਿਨਾਂ ਰੁਕੇ ਤਾੜੀ ਨਾਲ ਤਾਲ ਦਿੰਦੀਆਂ ਹਨ। ਅਗਵਾਈ ਕਰ ਰਹੀ ਨਚਾਰ ਪਹਿਲੀ ਸਤਰ ਦਾ ਉਚਾਰਨ ਕਰਦੀ ਹੈ। ਪਿਛਲੀਆਂ ਤ੍ਰੀਮਤਾਂ ਉਸ ਦਾ ਉੱਚੀ ਆਵਾਜ਼ ਵਿਚ ਦੁਹਰਾਉ ਕਰਦੀਆਂ ਸਾਥ ਦਿੰਦੀਆਂ ਹਨ। ਬਾਜ਼ੀਗਰਨੀਆਂ ਦੇ ਗਿੱਧੇ ਦੀਆਂ ਕੁਝ ਮੁਦਰਾਵਾ ਸੰਮੀ ਨਾਲ ਵੀ ਮਿਲਦੀਆਂ ਹਨ। ਬਾਜ਼ੀਗਰਨੀਆਂ ਦਾ ਅੱਖਾਂ ਮਟਕਾਉਣਾ, ਲੱਕ ਹਿਲਾਉਣਾ ਅਤੇ ਬਾਹਾਂ ਨੂੰ ਉਗਾਹ ਕੇ ਉਲਾਰਨਾ ਸੰਮੀ ਦੀ ਝਲਕ ਪਾਉਂਦਾ ਹੈ। ਸੰਮੀ ਬਾਰੇ ਡਾ. ਨਾਹਰ ਸਿੰਘ ਲਿਖਦੇ ਹਨ: 'ਇਹ ਨਾਚ ਔਰਤਾਂ ਦੇ ਅੰਗਾਂ ਦੀਆਂ ਸੈਨਤਾਂ ਦਾ ਨਾਚ ਹੈ। ਇਸ ਵਿਚ ਚੰਚਲਤਾ, ਨਖਰਾ, ਲੱਕ ਦੇ ਹੁਲਾਰੇ, ਹੱਥਾਂ ਦੇ ਇਸ਼ਾਰੇ, ਅੱਖਾਂ ਦੀਆਂ ਰਮਜ਼ਾਂ, ਬਾਕੀ ਨਾਚ ਅਦਾਵਾਂ

ਵਿਚੋਂ ਇਸ਼ਕ ਦੇ ਰੰਗ ਰੱਤੇ ਜੋਬਨ ਦਾ ਲਚਕ ਭਰੇ ਰੂਪ ਵਿਚ ਜਿਸਮਾਨੀ ਪ੍ਰਗਟਾਵਾ ਹੁੰਦਾ ਹੈ।'

ਜੇਕਰ ਬਾਜ਼ੀਗਰ ਕਬੀਲੇ ਦੇ ਨਾਚ ਪਿਛੋਕੜ 'ਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਰਾਜਸਥਾਨੀ ਘੂਮਰ ਨੂੰ ਝੂਮਰ ਵਿਚ ਤਬਦੀਲ ਕਰਨ ਵਾਲੇ ਬਾਜ਼ੀਗਰ ਹੀ ਹਨ। ਪੰਜਾਬ ਦਾ ਪ੍ਰਸਿੱਧ ਲੋਕ ਨਾਚ ਸੰਮੀ ਵੀ ਬਾਜ਼ੀਗਰ ਹੀ ਨੱਚਦੇ ਰਹੇ ਹਨ। ਬਾਜ਼ੀਗਰਾਂ ਦਾ ਇਸ ਨਾਚ ਨਾਲ ਗੂੜ੍ਹਾ ਸੰਬੰਧ ਹੈ। ਕਿਉਂਕਿ ਸੰਮੀ ਮਾਰਵਾੜ ਦੀ ਰਾਜ ਕੁਮਾਰੀ ਸੀ ਅਤੇ ਢੋਲ ਨਰਵਰ ਵੰਸ਼ ਦਾ ਰਾਜਾ ਸੀ। ਬਾਜ਼ੀਗਰਨੀਆਂ ਦਾ ਗਿੱਧਾ ਕੇਵਲ ਲੋਕਾਂ ਦੇ ਮਨੋਰੰਜਨ ਨਾਲ ਹੀ ਨਹੀਂ ਜੁੜਿਆਂ ਸਗੋਂ ਇਸ ਵਿਚਲੇ ਚਿੰਨ੍ਹਾਂ ਵਿਚ ਬਾਜ਼ੀਗਰ ਕਬੀਲੇ ਦਾ ਇਤਿਹਾਸ, ਸਮਾਜਕ, ਆਰਥਿਕ ਸਥਿਤੀ ਵੀ ਵੇਖੀ ਜਾ ਸਕਦੀ ਹੈ।

ਪੰਜਾਬੀ ਪਰੰਪਰਾਗਤ ਗਿੱਧੇ ਵਿਚ ਕੇਵਲ ਨਾਨਕਾ ਧਿਰ ਵੱਲੋਂ ਛੱਜ ਤੋੜਿਆ ਜਾਂਦਾ ਹੈ। ਪਰ ਬਾਜ਼ੀਗਰ ਕਬੀਲੇ ਦੀਆਂ ਔਰਤਾਂ ਵੱਲੋਂ ਪਰਾਤ ਅਤੇ ਥਾਲੀ ਦਾ ਖੜਕਾਏ ਜਾਂਦੇ ਹਨ। ਦੋਵੇਂ ਚਿੰਨ੍ਹ ਵੱਖਰੀ-ਵੱਖਰੀ ਆਰਥਿਕ ਸਥਿਤੀ ਵੱਲ ਇਸ਼ਾਰਾ ਕਰਦੇ ਹਨ।

ਬਾਜ਼ੀਗਰ ਔਰਤਾਂ ਦਾ ਵਿਹੜੇ ਦੀ ਇਕ ਨੁੱਕਰ ਵਿਚ ਨੱਚਣਾ, ਪੇਸ਼ਾਵਰ ਜਾਤੀ ਦੀ ਹਾਸ਼ੀਆਗਤ ਸਥਿਤੀ ਨੂੰ ਦਰਸਾਉਂਦਾ ਹੈ। ਵਿਦਵਾਨਾਂ ਦਾ ਮੰਨਣਾ ਹੈ ਨ੍ਰਿਤ ਨੂੰ ਪੇਸ਼ ਕਰਦੇ ਸਮੇਂ ਜਿਸ ਸਮਾਜ ਦੀਆਂ ਔਰਤਾਂ ਝੁਕਦੀਆਂ ਹਨ, ਉਸ ਸਮਾਜ ਵਿਚ ਔਰਤਾਂ ਦੀ ਸਥਿਤੀ ਗੌਣ ਹੁੰਦੀ ਹੈ। ਨਾਚ ਪੇਸ਼ ਕਰਦੇ ਸਮੇਂ ਬਾਹਾਂ ਦਾ ਉੱਪਰ ਵੱਲ ਨੂੰ ਫੈਲਾਉਣਾ ਔਰਤਾਂ ਦੀ ਆਜ਼ਾਦੀ ਦਾ ਪ੍ਰਤੀਕ ਹੈ। ਜਿੱਥੇ ਪੰਜਾਬਣਾਂ ਦਾ ਗਿੱਧਾ ਝੁਕ ਕੇ ਪਾਇਆ ਜਾਂਦਾ ਹੈ ਉੱਥੇ ਬਾਜ਼ੀਗਰ ਕਬੀਲੇ ਦੀਆਂ ਔਰਤਾਂ ਪੂਰੇ ਗਿੱਧੇ ਦੌਰਾਨ ਝੁਕਦੀਆਂ ਨਹੀਂ ਹਨ। ਉਹ ਬਿਨਾਂ ਝੁਕੇ ਆਪਣੇ ਲੱਕ ਨੂੰ ਹਿਲਾਉਂਦੀਆਂ ਹਨ। ਬਾਹਾਂ ਨੂੰ ਆਕਾਸ਼ ਵੱਲ ਫੈਲਾਉਂਦੀਆਂ ਹਨ, ਜੋ ਉਹਨਾਂ ਦੀ ਕਬੀਲੇ ਵਿਚਲੀ ਸਥਿਤੀ ਨੂੰ ਦਰਸਾਉਂਦਾ ਹੈ। ਡਾ. ਦਰਿਆ ਨੇ ਆਪਣੇ ਖੋਜ-ਪੱਤਰ 'ਕਬੀਲਾਈ ਸਭਿਆਚਾਰ ਵਿਚਲੀ ਔਰਤ ਦੀ ਸਥਿਤੀ ਦੇ ਵਿਭਿੰਨ ਪ੍ਰਤੀਮਾਨ' ਵਿਚ ਔਰਤ ਦੀ ਬਰਾਬਰੀ ਵਾਲੀ ਸਥਿਤੀ ਨੂੰ ਪੇਸ਼ ਕਰਦਿਆਂ ਲਿਖਿਆ ਹੈ: 'ਕਬੀਲਾਈ ਸਭਿਆਚਾਰ ਵਿਚ ਔਰਤ ਘਰ ਦੇ ਕੰਮਾਂ ਤਕ ਸੀਮਤ ਨਾ ਰਹਿ ਕੇ ਆਰਥਿਕਤਾ ਨਾਲ ਜੁੜੀ ਹੋਈ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇਸ ਕਰਕੇ ਉਸਦੀ ਸਥਿਤੀ ਦਮਨ ਵਾਲੀ ਨਾ ਹੋ ਕੇ ਬਰਾਬਰਤਾ ਵਾਲੀ ਹੋ ਜਾਂਦੀ ਹੈ। ਮਨੁੱਖ ਦੀ ਆਜ਼ਾਦੀ ਵਿਚ ਆਰਥਿਕ ਸੰਪੰਨਤਾ ਮੂਲ ਆਧਾਰ ਬਣਾਈ ਹੈ। ਕਬੀਲਾਈ ਔਰਤ ਕਬੀਲੇ ਨਾਲ ਜੁੜੇ ਹੋਏ ਕਿੱਤੇ ਅਤੇ ਕਾਰੋਬਾਰ ਨਾਲ ਜੁੜੀ ਹੋਣ ਕਰਕੇ ਪਰਿਵਾਰ ਵਿਚ ਆਪਣੀ ਇਕ ਬਰਾਬਤਾ ਵਾਲੀ ਹੋਂਦ ਦਾ ਅਹਿਸਾਸ ਕਰਦੀ ਹੈ। ਬਹੁਤ ਸਾਰਿਆਂ ਕਬੀਲਿਆਂ ਵਿਚ ਕਬੀਲੇ ਦੇ ਕਿੱਤਿਆਂ ਅਤੇ ਕਾਰੋਬਾਰਾਂ ਵਿਚ ਔਰਤ ਗੌਣ ਨਹੀਂ ਸਗੋਂ ਪ੍ਰਮੁੱਖ ਭੂਮਿਕਾ ਨਿਭਾਉਂਦੀ ਹੈ'।

ਪਰੰਪਰਾਗਤ ਗਿੱਧਾ ਆਪਣੇ ਮਨ ਦੇ ਵਲਵਲਿਆਂ ਖ਼ਵਾਹਿਸ਼ਾਂ ਅਤੇ ਉਮੰਗਾਂ ਨੂੰ ਪੇਸ਼ ਕਰਦਾ ਹੈ। ਇਸਦੀ ਪੇਸ਼ਕਾਰੀ ਕਰਨ ਵਾਲੀਆਂ ਦੇ ਵਿਸ਼ੇ ਅਸੀਮ ਹੁੰਦੇ ਹਨ। ਬਾਜ਼ੀਗਰਨੀਆਂ ਦੀਆਂ ਬੋਲੀਆਂ ਦੇ ਵਿਸ਼ੇ ਉਹ ਹਨ ਜਿਹੜੇ ਉਹਨਾਂ ਦੀ ਆਰਥਿਕਤਾ ਦੁਆਲੇ ਘੁੰਮਦੇ ਹਨ। ਬਾਜ਼ੀਗਰਨੀਆਂ ਦੀਆਂ ਬੋਲੀਆਂ ਜ਼ਿਆਦਾਤਰ ਅਸੀਮਨੁਮਾ ਅਤੇ ਪ੍ਰਸ਼ੰਸਾਨੁਮਾ ਹੀ ਹੁੰਦੀਆਂ ਹਨ। ਮਿਸਾਲ ਵਜੋਂ ਪਰੰਪਰਾਗਤ ਗਿੱਧੇ ਦੀ ਬੋਲੀ ਹੈ:

*ਊਰੀ-ਊਰੀ-ਊਰੀ*
*ਇਹ ਦਿਨ ਸ਼ਗਨਾਂ ਦਾ, ਨੱਚ-ਨੱਚ ਹੋ ਜਾ ਦੂਹਰੀ*

ਬਾਜ਼ੀਗਰਨੀਆਂ ਦੀ ਬੋਲੀ ਹੈ:

*ਖੱਟ ਕੇ ਲਿਆਂਦਾ ਕਾਂ*
*ਗਿੱਧਾ ਤਾਂ ਰਚਨਾ, ਜੇ ਵੇਲ ਕਰਾਵੇ ਮਾਂ*



*ਗਿੱਧਾ ਤਾਂ ਰਚਨਾ......*।

ਬਾਜ਼ੀਗਰਨਾਂ ਦੇ ਗਿੱਧੇ ਵਿਚ ਲੜੀਦਾਰ ਬੋਲੀਆਂ ਆਉਂਦੀਆਂ ਹਨ। ਇਕ ਤੋਂ ਬਾਅਦ ਇਕ ਬੋਲੀ ਪਾਈ ਜਾਂਦੀ ਹੈ। ਦੋਹਾਂ ਬੋਲੀਆਂ ਵਿਚਕਾਰ ਕੇਵਲ ਇਕ ਛਿਣ ਮਾਤਰ ਦਾ ਹੀ ਫ਼ਰਕ ਹੁੰਦਾ ਹੈ। ਪਹਿਲੀ ਤੁਕ ਕੇਵਲ ਕਾਵਿ ਸਤਰ ਦੀ ਪੂਰਤੀ ਲਈ ਹੁੰਦੀ ਹੈ। ਪ੍ਰਧਾਨਗੀ ਹਰੇਕ ਹਾਲ ਵਿਚ ਅਖੀਰਲੇ ਬੋਲ ਦੀ ਹੀ ਹੁੰਦੀ ਹੈ:

*ਖੱਟ ਕੇ ਲਿਆਂਦਾ ਘਿਓ*
*ਗਿੱਧਾ ਤਾਂ ਰਚਨਾ, ਜੇ ਨੱਚੇ ਮੁੰਡੇ ਦਾ ਪਿਉ*
*ਖੱਟ ਕੇ ਲਿਆਂਦਾ ਘਾਹ*
*ਮੁੰਡੇ ਦੇ ਵੀਰੇ ਨੂੰ, ਗੋਡੇ-ਗੋਡੇ ਚਾਅ....*

ਬਾਜ਼ੀਗਰਨੀਆਂ ਦੇ ਗਿੱਧੇ ਵਿਚ ਹੋਰ ਰੰਗ ਵੀ ਵੇਖਣ ਨੂੰ ਮਿਲਦੇ ਹਨ। ਉਹ ਆਪਣੇ ਸਰੋਤਿਆਂ ਅਨੁਸਾਰ ਆਪਣੀਆਂ ਬੋਲੀਆਂ ਨੂੰ ਬਦਲਦੀਆਂ ਹਨ:

*ਅੰਬਰਸਰੇ ਦੇ ਮੁੰਡੇ ਸੁਣੀ ਦੇ*
*ਪੱਗਾਂ ਬੰਨ੍ਹਦੇ ਹਰੀਆਂ*
*ਮਾੜੀ ਕੁੜੀ ਨਾਲ ਵਿਆਹ ਨੀ ਕਰਾਉਂਦੇ*
*ਵਿਆਹ ਕੇ ਲਿਆਉਂਦੇ ਪਰੀਆਂ*
*ਸੁਣ ਲੈ ਬਚਨ ਕੁਰੇ*
*ਗੱਲਾਂ ਹੋ ਗਈਆਂ ਖਰੀਆ।*

ਬਾਜ਼ੀਗਰ ਔਰਤਾਂ ਕੁਝ ਖਾਸ ਮੌਕਿਆਂ 'ਤੇ ਆਪਣਾ ਨਾਚ ਪੇਸ਼ ਕਰਦੀਆਂ ਹਨ। ਮੁੰਡੇ ਦੀ ਲੋਹੜੀ ਅਤੇ ਵਿਆਹ ਸਮੇਂ ਪੇਸ਼ਕਾਰੀ ਦੇ ਸੰਦਰਭ ਦੇ ਨਾਲ ਹੀ ਇਹਨਾਂ ਦੀਆਂ ਬੋਲੀਆਂ ਦੇ ਵਿਸ਼ੇ ਵੀ ਬਦਲ ਜਾਂਦੇ ਹਨ। ਮੁੰਡੇ ਦੇ ਜੰਮਣ ਸਮੇਂ ਉਹਨਾਂ ਦੀਆਂ ਬੋਲੀਆਂ ਵਿਚ ਲੋਕ ਕਾਵਿ ਰੂਪ ਲੋਰੀ ਦੇ ਤੱਤ ਪਾਏ ਜਾਂਦੇ ਹਨ।

ਮੌਖਿਕ ਤੌਰ 'ਤੇ ਪ੍ਰਚਲਤ ਲੋਕ ਪਰੋਪਰਕ ਸਿਰਜਣਾ ਨੇ ਲੰਬੇ ਸਮੇਂ ਦੇ ਅੰਤਰਾਲ ਵਿਚੋਂ ਲੰਘ ਕੇ ਹੁਣ ਪੂੰਜੀਵਾਦੀ ਯੁੱਗ ਦਾ ਸਫ਼ਰ ਤੈਅ ਕੀਤਾ ਹੈ। ਅੱਜ ਸੰਚਾਰ ਵਿਧੀਆਂ ਬਹੁਤ ਹੀ ਵਿਸਤ੍ਰਿਤ ਰੂਪ ਵਿਚ ਸਾਡੇ ਸਾਹਮਣੇ ਹਨ। ਜਿਨ੍ਹਾਂ ਵਿਚ ਸਮਾਚਾਰ ਪੱਤਰ, ਰੇਡੀਓ, ਟੈਲੀਵਿਜ਼ਨ, ਇੰਟਰਨੈੱਟ ਸ਼ਾਮਲ ਹਨ। ਮੋਬਾਇਲ ਅਤੇ ਹੋਰ ਬਿਹਤਰ ਬਿਜਲੀ ਸਾਧਨਾਂ ਨੂੰ ਵੀ ਅਸੀਂ ਆਧੁਨਿਕ ਸੰਚਾਰ ਸਾਧਨ ਕਹਿ ਸਕਦੇ ਹਾਂ। ਇਸਦਾ ਪ੍ਰਭਾਵ ਹਰ ਤਰ੍ਹਾਂ ਦੀਆਂ ਕਦਰਾਂ-ਕੀਮਤਾਂ 'ਤੇ ਪਿਆ ਹੈ। ਜੇਕਰ ਅਸੀਂ ਇਸ ਨੂੰ ਬਾਜ਼ੀਗਰਨੀਆਂ ਦੇ ਗਿੱਧੇ ਦੇ ਸੰਦਰਭ ਵਿਚ ਰੱਖ ਕੇ ਵੇਖੀਏ ਤਾਂ ਸਾਨੂੰ ਇਸ ਵਿਚ ਵੀ ਅੰਤਰ ਸਪੱਸ਼ਟ ਰੂਪ ਵਿਚ ਦਿਖਾਈ ਦੇਵੇਗਾ। ਬਹੁਤ ਸਾਰੀਆਂ ਅਮੀਰ ਪਰੰਪਰਾਵਾਂ ਹੌਲੀ-ਹੌਲੀ ਅਲੋਪ ਹੋ ਰਹੀਆਂ ਹਨ। ਵਿਸ਼ਵੀਕਰਨ ਨੇ ਖੁਲ੍ਹੀ ਮੰਡੀ ਦਾ ਸੰਕਲਪ ਦਿੱਤਾ ਹੈ। ਉਪਭੋਗਤਾ ਦਾ ਬੋਲਬਾਲਾ ਹੈ। ਬਾਜ਼ਾਰ ਵਿਚ ਹਰ ਚੀਜ਼, ਵਸਤੂਆਂ ਵਾਂਗ ਵਿਕ ਰਹੀ ਹੈ। ਮੀਡੀਆ ਜਿਸਦਾ ਵੱਡਾ ਸਾਧਨ ਹੈ। ਹਾਈ ਬੀਟ 'ਤੇ ਵੱਜਦੇ ਗਾਣੇ ਵੱਡੇ-ਵੱਡੇ ਬਰੈਂਡਾਂ ਦੀ ਮਸ਼ਹੂਰੀ ਕਰਦੇ ਹੋਏ ਦਿਖਾਈ ਦਿੰਦੇ ਹਨ। ਜੇਕਰ ਅੱਜ ਦੇ ਬਦਲਦੇ ਸਮੇਂ ਵਿਚ ਬਾਜ਼ੀਗਰਨੀਆਂ ਦੇ ਗਿੱਧੇ ਨੂੰ ਰੱਖ ਕੇ ਵੇਖੀਏ ਤਾਂ ਇਹ ਅੰਤਰ ਸਾਨੂੰ ਭਲੀਭਾਂਤ ਸਪੱਸ਼ਟ ਰੂਪ ਵਿਚ ਦਿਖਾਈ ਦੇਵੇਗਾ। ਅੱਜ ਦੇ ਦੌਰ ਵਿਚ ਬਾਜ਼ੀਗਰਨੀਆਂ ਦਾ ਲਿਬਾਸ ਕੋਈ ਵਿਸ਼ੇਸ਼ ਨਹੀਂ ਰਿਹਾ। ਸਗੋਂ ਆਮ ਬਾਕੀਆਂ ਵਾਂਗ ਸਾਧਾਰਨ ਸਲਵਾਰ ਕਮੀਜ਼ ਪਹਿਨਦੀਆਂ ਹਨ। ਬਾਜ਼ੀਗਰਨੀਆਂ ਦੇ ਗਿੱਧੇ ਵਿਚ ਬੋਲੀਆਂ ਨਾਲੋਂ ਜ਼ਿਆਦਾ ਉਹਨਾਂ ਗੀਤਾਂ ਨੂੰ ਵੇਖਿਆ ਜਾ ਸਕਦਾ ਹੈ ਜਿਹੜੇ ਗੀਤ ਡੀ.ਜੇ.ਦੀ ਧੁਨ 'ਤੇ ਵੱਜਦੇ ਹਨ ਅਤੇ ਹਿੱਟ ਹੁੰਦੇ ਹਨ। ਇਸਦਾ ਮੁੱਖ ਕਾਰਨ ਉਹਨਾਂ ਦੇ ਦਰਸ਼ਕਾਂ ਦੀ ਪਸੰਦ ਹੈ। ਉਹ ਆਪਣੇ

ਦਰਸ਼ਕਾਂ ਦੀ ਪਸੰਦ ਨੂੰ ਮੱਦੇ ਨਜ਼ਰ ਰੱਖਦੀਆਂ ਹੋਈਆਂ ਹਿੱਟ ਗੀਤਾਂ ਨੂੰ ਆਪਣੀ ਤਰਜ਼ ਅਤੇ ਆਪਣੇ ਮੁਤਾਬਕ ਬਦਲਾਵ ਕਰਦੀਆਂ ਹੋਈਆਂ ਗਾਉਂਦੀਆਂ ਹਨ। ਹੁਣ ਇਹਨਾਂ ਦੀ ਸ਼ਬਦਾਵਲੀ ਵਿਚ ਨਾ ਕੇਵਲ ਹਿੰਦੀ, ਪੰਜਾਬੀ ਸਗੋਂ ਅੰਗਰੇਜ਼ੀ ਦੇ ਵੀ ਬੀਟ ਸੌਂਗ ਆਮ ਵੇਖੇ ਜਾ ਸਕਦੇ ਹਨ। ਅੱਜ ਤੋਂ ਤੀਹ ਸਾਲ ਪਹਿਲਾਂ ਜਦ ਮੈਰਿਜ ਪੈਲਸਾਂ ਵਿਚ ਵਿਆਹ ਕਰਨ ਦਾ ਰਿਵਾਜ ਨਹੀਂ ਸੀ, ਬਾਜ਼ੀਗਰ ਔਰਤਾਂ ਜੰਞ ਸਾਹਮਣੇ ਆਪਣੇ ਹੁਨਰ ਦੀ ਪੇਸ਼ਕਾਰੀ ਕਰਦੀਆਂ ਸਨ। ਲੈਅ ਵਿਚ ਸਿੱਠਣੀਆਂ ਉਚਾਰਨ ਕਰਦੀਆਂ ਹੋਈਆਂ ਨਾਚ ਪੇਸ਼ ਕਰਦੀਆਂ ਸਨ।

*ਸਾਲੀ ਸ਼ਗਨ ਲਾਉਂਦੀ, ਸਾਲੀ ਤਰਗੇ ਪਾਇਆ*
*ਸਾਲਾ ਤੈਨੂੰ ਕੌਣ ਛੁਡਾਵੇ*
*ਲੇਖਾ ਦੇਵੇ ਬਾਪੂ ਤੇਰਾ ਵੇ, ਤੈਨੂੰ ਆਪ ਛੁਡਾਵੇ*
... ... ...
*ਲੈ ਲੈ ਲੋਰੀਆਂ ਤੇਰੇ ਸ਼ਗਨ ਮਨਾਵਾਂ*
*ਇਹ ਲੋਰੀ ਤੇਰੀ ਦਾਦੀ ਦਵਾਵੇ*
*ਸ਼ਾਵਾ ਬਈ ਵੇ ਲੋਰੀਆਂ, ਬੱਬਲੂ ਨੂੰ ਲੋਰੀਆਂ।*
... ... ...
*ਤੇਰੀ ਥਾਲੀ ਵਿਚ ਪਤਾਸ਼ਾ, ਤੇਰੀ ਮਾਂ ਮਲੇ ਦੰਦਾਸਾ*
*ਤੇਰੀ ਮਾਂ ਮਲੇ ਦੰਦਾਸਾ, ਤੇਰੇ ਪਿਉ ਨੂੰ ਆਵੇ ਹਾਸਾ*
*ਲੋਹੜੀ ਵਾਲਿਆਂ ਗੋਪੀ , ਵੇ ਤੇਰੀ ਸੋਨੇ ਦੀ ਟੋਪੀ*
*ਤੇਰੀ ਲੋਹੜੀ ਗਾਵਾਂ ਵੇ , ਸਾਰੇ ਪਿੰਡ ਨੂੰ ਸੁਣਾਵਾਂ ਵੇ।*

"ਪੰਜਾਬੀ ਲੋਕ ਕਾਵਿ ਵਿਚ ਕਾਵਿ ਰੂਪ ਘੋੜੀਆਂ ਬਾਜ਼ੀਗਰ ਔਰਤਾਂ ਵੱਲੋਂ ਵੱਖਰੀ ਗਾਇਨ ਸ਼ੈਲੀ ਵਿਚ ਗਾਈਆਂ ਜਾਂਦੀਆਂ ਹਨ, ਜਿਹੜੀਆਂ ਇਸ ਕਬੀਲੇ ਦੀਆਂ ਔਰਤਾਂ ਨੂੰ ਹੀ ਆਉਂਦੀਆਂ ਹਨ। ਬਾਜ਼ੀਗਰ ਔਰਤਾਂ ਆਪਣੇ ਨਾਚ ਲਈ ਕੋਈ ਬੱਝਵਾਂ ਲਾਗ ਨਹੀਂ ਲੈਂਦੀਆਂ ਸਗੋਂ ਇਹਨਾਂ ਦੀ ਆਮਦਨ ਹੋਣ ਵਾਲੇ ਸਿਰਵਾਰਨਿਆਂ ਅਤੇ ਵੇਲਾਂ 'ਤੇ ਆਧਾਰਤ ਹੈ। ਬਾਜ਼ੀਗਰਨੀਆਂ ਜਦੋਂ ਆਪਣੇ ਗਿੱਧੇ ਦੀ ਪੇਸ਼ਕਾਰੀ ਕਰਦੀਆਂ ਹਨ ਤਾਂ ਜਜਮਾਨਾਂ ਵੱਲੋਂ ਆਂਢ-ਗੁਆਂਢ, ਸਰੀਕੇ ਭਾਈਚਾਰੇ ਦੀਆਂ ਔਰਤਾਂ ਨੂੰ ਬੁਲਾਇਆ ਜਾਂਦਾ ਹੈ। ਇਹ ਔਰਤਾਂ ਆਪੋ ਆਪਣੀ ਥਾਲੀਆਂ ਵਿਚ ਆਟਾ, ਗੁੜ, ਕਣਕ ਆਦਿ ਲੈ ਕੇ ਆਉਂਦੀਆਂ ਹਨ ਜਿਸਨੂੰ ਵੇਲਾਂ ਆਖਿਆ ਜਾਂਦਾ ਹੈ। ਇਸ ਤੋਂ ਇਲਾਵਾ ਜਜਮਾਨਾਂ ਵੱਲੋਂ ਆਪਣੇ ਪਿਆਰਿਆਂ ਦੇ ਸਿਰ ਤੋਂ ਪੈਸੇ ਆਦਿ ਵਾਰ ਕੇ ਦਿੱਤੇ ਹਨ।"

ਪਿਛਲੇ ਸਮੇਂ ਵਿਚ ਇਹ ਮਨੋਰੰਜਨ ਦਾ ਇਕ ਪ੍ਰਮੁੱਖ ਸਾਧਨ ਸੀ। ਪਰ ਅੱਜ ਦੇ ਦੌਰ ਵਿਚ ਚਮਕਦੀਆਂ ਚੀਜ਼ਾਂ ਸਾਡੇ ਰੁਤਬੇ ਨਾਲ ਜੁੜ ਗਈਆਂ ਹਨ। ਹਰ ਵਰਗ ਦੇ ਲੋਕ ਆਪਣੇ ਆਪ ਨੂੰ ਅਮੀਰ ਅਤੇ ਕਲਾਸਿਕ ਦਿਖਾਉਣ ਲਈ ਵਿਆਹ ਸਮੇਂ ਨਾਚ ਗਾਣੇ ਦੇ ਵਿਸ਼ੇਸ਼ ਪ੍ਰਬੰਧ ਕਰਦਾ ਹੈ। ਬੁੱਕ ਕੀਤੀਆਂ ਮਾਡਲਾਂ ਸਟੇਜ 'ਤੇ ਪ੍ਰਫੌਰਮ ਕਰ ਰਹੀਆਂ ਹੁੰਦੀਆਂ ਹਨ। ਉੱਥੇ ਇਹ ਬਾਜ਼ੀਗਰਨੀਆਂ ਆਪਣੇ ਸਾਦੇ ਲਿਬਾਸ ਵਿਚ ਮੈਰਿਜ ਪੈਲਸ ਦੀ ਇਕ ਨੁੱਕਰ ਵਿਚ ਖਲੋਤੀਆਂ ਵਧਾਈ ਲੈਣ ਦੀ ਉਡੀਕ ਕਰ ਰਹੀਆਂ ਹੁੰਦੀਆਂ ਹਨ। ਇਸ ਹਾਈਪਰ ਰਿਆਲਟੀ ਦੇ ਸ਼ੋਰ ਸ਼ਰਾਬੇ ਵਿਚ ਨਾ ਕੇਵਲ ਇਹਨਾਂ ਦਾ ਕਿੱਤਾ ਅਲੋਪ ਹੋ ਰਿਹਾ ਹੈ ਸਗੋਂ ਵਿਸ਼ੇਸ਼ ਗਾਇਨ ਸ਼ੈਲੀ ਵਿਚ ਗਾਈਆਂ ਜਾਂਦੀਆਂ ਘੋੜੀਆਂ, ਲੋਰੀਆਂ ਅਤੇ ਉਹਨਾਂ ਨਾਲ ਜੁੜੀਆਂ ਅਨੇਕਾਂ ਦੁਆਵਾਂ ਵੀ ਅਲੋਪ ਹੁੰਦੀਆਂ ਜਾ ਰਹੀਆਂ ਹਨ।000

***(ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ,***
***ਦਸਮੇਸ਼ ਗਰਲਜ਼ ਕਾਲਿਜ, ਬਾਦਲ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ)***





## ਜ਼ਿੰਦਗੀ ਦੇ ਆਰ-ਪਾਰ (ਲੇਖ) ਮਨਮੋਹਨ ਸਿੰਘ ਢਿਲੋਂ

'ਜ਼ਿੰਦਗੀ ਦੇ ਆਰ-ਪਾਰ' (ਪੰਜਾਬੀ ਸਾਹਿਤ ਸੰਗਮ ਅੰਮ੍ਰਿਤਸਰ, ਪੰਨੇ 104, ਮੁੱਲ 200 ਰੁਪਏ) ਮਨਮੋਹਨ ਸਿੰਘ ਢਿਲੋਂ ਦੇ ਚੋਣਵੇਂ ਲੇਖਾਂ ਦੀ ਪੁਸਤਕ ਹੈ। ਮਨਮੋਹਨ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪਬਲਿਕੇਸ਼ਨ ਵਿਭਾਗ ਵਿਚ ਨੌਕਰੀ ਕਰਦੇ ਸਮੇਂ ਅੰਮ੍ਰਿਤਸਰ ਤੋਂ 'ਪੰਜਾਬੀ ਟ੍ਰਿਬਿਊਨ' ਨੂੰ ਖ਼ਬਰਾਂ ਭੇਜਦਾ ਰਿਹਾ ਹੈ ਤੇ ਅੱਜ ਵੀ ਭੇਜ ਰਿਹਾ ਹੈ। ਨਿੱਕੇ ਲੇਖ ਤੇ ਅਖ਼ਬਾਰ ਦੇ ਸੰਪਾਦਕੀ ਪੰਨੇ ਲਈ ਮਿਡਲਾਂ ਸਮੇਤ। ਉਹ ਮੇਰੀ ਮਾਸੀ ਦਾ ਭਤੀਜਾ ਹੈ। ਮੈਂ ਉਸ ਦੀਆਂ ਪੱਤਰਕਾਰੀ ਗਤੀਵਿਧੀਆਂ ਨੂੰ ਪੱਤਰਕਾਰੀ ਵਜੋਂ ਲੈਂਦਾ ਰਿਹਾ ਹਾਂ। ਇਸ ਵਿਚ ਸਾਹਿਤਕ ਕਣ ਵੀ ਹੈ, ਇਹਦੇ ਬਾਰੇ ਕਦੀ ਸੋਚਿਆ ਹੀ ਨਹੀਂ ਸੀ। ਘਰ ਦਾ ਜੋਗੀ ਜੋਗੜਾ ਜੁ ਹੋਇਆ। ਜਿਸ ਦਿਨ ਡਾਕ ਵਿਚ ਉਸ ਦੀਆਂ ਲਿਖਤਾਂ ਵਾਲੀ ਪੁਸਤਕ ਮਿਲੀ, ਤਦ ਵੀ ਇਹੀਓ ਸੋਚਿਆ ਕਿ ਉਹ ਸਾਹਿਤਕਾਰਾਂ ਵਿਚ ਹਾਜ਼ਰ ਹੋਣ ਦਾ ਯਤਨ ਕਰ ਰਿਹਾ ਹੈ। ਫੇਰ ਵੀ ਨਿੱਕੀਆਂ ਰਚਨਾਵਾਂ ਹੋਣ ਕਾਰਨ ਮੈਂ ਪੁਸਤਕ ਦੇ ਪੰਨੇ ਫਰੋਲਣ ਲੱਗ ਪਿਆ। ਜਦੋਂ ਵੇਖਿਆ ਕਿ ਇਨ੍ਹਾਂ ਮਿੰਨੀ ਤੇ ਮੈਕਸੀ ਰਚਨਾਵਾਂ ਵਿਚ ਦਮ ਹੈ ਤਾਂ ਹੈਰਾਨ ਹੋਣਾ ਕੁਦਰਤੀ ਸੀ।

ਸਭ ਤੋਂ ਪਹਿਲਾਂ 'ਮਾਂ ਦੇ ਸੰਸਕਾਰ' ਪੜ੍ਹੀ। ਲੇਖਕ ਦੀ ਮਾਂ ਤੇ ਆਪਣੀ ਮਾਸੀ ਬਾਰੇ। ਮੈਂ ਆਪਣੀ ਮਾਸੀ ਦੇ ਦਿਆਲੂ ਸੁਭਾਅ ਤੋਂ ਜਾਣੂ ਸਾਂ ਪਰ ਲੇਖ ਵਿਚ ਉਸ ਬਿਜਲੀ ਦਾ ਨਕਸ਼ਾ ਹੈ ਜਿਹੜੀ ਮਨਮੋਹਨ ਦੇ ਬਚਪਨ ਵਿਚ ਉਨ੍ਹਾਂ ਦੇ ਘਰ ਹੀ ਡਿੱਗੀ ਸੀ। ਧਮਾਕੇ ਤੋਂ ਪਿੱਛੋਂ ਪਿੰਡ ਵਾਲੇ ਉਨ੍ਹਾਂ ਦੇ ਘਰ ਪਹੁੰਚੇ ਤਾਂ ਕੀ ਵੇਖਦੇ ਹਨ ਕਿ ਉਹਦੀ ਮਾਂ (ਮੇਰੀ ਮਾਸੀ) ਦਰਵਾਜ਼ੇ ਵਿਚ ਬੇਹੋਸ਼ ਪਈ ਸੀ, ਉਸ ਦੇ ਨੇੜੇ ਚਿੜੀ ਮਰੀ ਪਈ ਤੱਕ ਕੇ ਲੋਕਾਂ ਸਮਝਿਆ ਚਿੜੀ ਮਰੀ ਹੈ। ਫੇਰ ਸੋਚਣ ਲੱਗੇ, ਇਸ ਦਾ ਧਮਾਕਾ ਏਨਾ ਵੱਡਾ ਨਹੀਂ ਸੀ ਹੋ ਸਕਦਾ। ਮਾਂ ਨੂੰ ਹੋਸ਼ ਵਿਚ ਲਿਆਂਦਾ ਤਾਂ ਅੰਦਰ ਜਾ ਕੇ ਵੇਖਿਆ ਕਿ ਜਿਹੜੀ ਦੁਨਾਲੀ ਬੰਦੂਕ ਦਲਾਨ ਦੇ ਕਿਲੇ ਉੱਤੇ ਟੰਗੀ ਹੋਈ ਸੀ, ਉਹ ਭੁੰਜੇ ਡਿੱਗੀ ਪਈ ਹੈ ਤੇ ਬੰਦੂਕ ਦਾ ਬੱਟ ਦੁਫਾੜ ਹੈ। ਕਹਿਣ ਲੱਗੇ- 'ਰੱਖੇ ਰੱਬ ਤਾਂ ਮਾਰੇ ਕੌਣ' ਪਰ ਜਿਹੜੀ ਔਰਤ ਸਵੇਰੇ-ਸਵੇਰੇ ਮਾਸੀ ਦੇ ਘਰੋਂ ਆਟਾ ਲੈ ਕੇ ਗਈ ਸੀ, ਪੁਆਧੀ ਭਾਸ਼ਾ ਵਿਚ ਬੋਲੀ- 'ਯੋਹ ਤੋ ਸਦਾਂ ਗਰੀਬਾਂ ਕੀ ਮਦਦ ਕਰਾ, ਇਸ ਕੋ ਕੋਈ ਨਾ ਮਾਰਾ, ਊਪਰ ਵਾਲਾ ਬੀ ਨਾ'।

'ਅਨੂਠਾ ਮੰਗਤਾ - ਕੇਵਲ ਧਾਲੀਵਾਲ' ਨਾਂ ਦੇ ਲੇਖ ਵਿੱਚ ਕੇਵਲ ਦੀਆਂ ਉਨ੍ਹਾਂ ਨਾਟਕੀ ਗਤੀਵਿਧੀਆਂ ਦਾ ਚਿੱਤਰ ਹੈ ਜਿਹੜੀਆਂ ਉਹ ਆਪਣੇ ਸਥਾਪਤ ਕੀਤੇ 'ਵਿਰਸਾ ਵਿਹਾਰ ਕੇਂਦਰ' ਦੇ ਵਿਕਾਸ ਲਈ ਵਰਤਦਾ ਹੈ। 'ਗੁਆਚੇ ਸ਼ਬਦ', 'ਇੰਝ ਮੋੜੇ ਤਾਂਤ੍ਰਿਕ ਨੇ ਪੈਸੇ', 'ਆਪਣਿਆਂ ਤੋਂ ਬਚੋ', 'ਰੱਬਾ ਮੇਰੀਆਂ ਜੇਬਾਂ ਭਰਦਾ ਰਵ੍ਹੀਂ', 'ਘੁੱਗੀ ਤੇ ਕਬੂਤਰ ਹੁਣ ਅਮਨ ਦੇ ਪ੍ਰਤੀਕ ਨਹੀਂ' ਆਦਿ ਲਿਖਤਾਂ ਦੇ ਸਿਰਲੇਖ ਹੀ ਦੱਸਦੇ ਹਨ ਕਿ ਇਨ੍ਹਾਂ ਵਿਚ ਰਸਮ ਰਿਵਾਜਾਂ ਤੇ ਮਾਨਵੀ ਬਿਰਤੀਆਂ 'ਤੇ ਮਿੱਠੀਆਂ ਟਕੋਰਾਂ ਹਨ।

ਹੈਰਾਨ ਕਰਨ ਵਾਲੀ ਗੱਲ ਇਹ ਕਿ ਦੇਸ਼-ਵੰਡ ਤੋਂ ਬਹੁਤ ਪਿੱਛੋਂ ਪੈਦਾ ਹੋਇਆ ਮਨਮੋਹਨ ਢਿਲੋਂ ਆਪਣੀ ਪਾਕਿਸਤਾਨ ਫੇਰੀ ਸਮੇਂ ਇਹੋ ਜਿਹੀਆਂ ਦਿਲਚਸਪ ਘਟਨਾਵਾਂ ਨੋਟ ਕਰ ਕੇ ਲਿਆਉਂਦਾ ਹੈ ਜਿਹੜੀਆਂ ਏਧਰੋਂ ਓਧਰ ਜਾ ਕੇ ਵਸੇ ਮੁਸਲਮਾਨ ਭਰਾਵਾਂ ਦੇ ਮਨ ਵਿਚ ਭਰੇ ਏਧਰਲੀ ਮਿੱਟੀ ਦੇ ਮੋਹ ਦੀ ਬਾਤ ਪਾਉਂਦੀਆਂ ਹਨ। 'ਸਾਡਾ ਕੀ ਹੈ ਦੋਸ਼ ਵੇ ਲੋਕੋ', 'ਬਿੰਦੀ ਦੇ ਜਾਓ ਨਿਸ਼ਾਨੀ', 'ਮਿੱਟੀ ਦਾ ਮੋਹ', 'ਸੰਤਾਪ ਅਜੇ ਮੁੱਕਿਆ ਨਹੀਂ', 'ਆਪਣਾ ਅੰਮ੍ਰਿਤਸਰ'

ਆਦਿ ਲੇਖਾਂ ਵਿਚ ਓਧਰ ਜਾ ਕੇ ਵਸੇ ਲੋਕ ਅੱਜ ਵੀ ਏਧਰਲੇ ਪੰਜਾਬ ਨੂੰ ਆਪਣਾ ਕਹਿੰਦੇ ਹਨ। ਅੰਮ੍ਰਿਤਸਰ ਤੋਂ ਗਿਆ ਸ਼ਹਿਬਾਜ਼ ਆਪਣੇ ਜੱਦੀ ਪੁਸ਼ਤੀ ਸ਼ਹਿਰ ਨੂੰ ਆਪਣਾ ਅੰਮ੍ਰਿਤਸਰ ਕਹਿੰਦਾ ਹੈ। ਇਹ ਪੁੱਛੇ ਜਾਣ ਉੱਤੇ ਕਿ ਉਹ ਆਪਣਾ ਦੀ ਥਾਂ ਮੇਰਾ ਕਿਉਂ ਨਹੀਂ ਕਹਿੰਦਾ ਤਾਂ ਉਸ ਦਾ ਉੱਤਰ ਸੀ, "ਅੰਮ੍ਰਿਤਸਰ ਇਕੱਲੇ ਉਸਦਾ ਨਹੀਂ, ਸਾਰੇ ਪਰਿਵਾਰ ਦਾ ਹੈ ਤੇ ਉਨ੍ਹਾਂ ਸਭਨਾਂ ਦਾ ਜਿਹੜੇ ਉੱਥੋਂ ਉਜੜ ਕੇ ਆਏ ਹਨ।" ਅਜਿਹੇ ਲੋਕਾਂ ਵਿਚ ਤਿੰਨ ਵਾਰ ਪ੍ਰਧਾਨ ਮੰਤਰੀ ਰਹਿ ਚੁੱਕਿਆ ਨਵਾਜ਼ ਸ਼ਰੀਫ਼ ਵੀ ਹੈ ਜਿਸ ਦੇ ਪੁਰਖੇ ਜੰਡਿਆਲਾ ਗੁਰੂ ਤੋਂ ਦਸ ਕਿਲੋਮੀਟਰ ਦੂਰ ਪਿੰਡ ਜਾਤੀ ਉਮਰਾ ਤੋਂ ਸਨ। ਲੇਖਕ ਉਸ ਪਿੰਡ ਦੀ ਬਿਰਧ ਇਸਤਰੀ ਤੇਜੋ ਨੂੰ ਮਿਲਦਾ ਹੈ। ਉਸ ਨੇ ਦੱਸਿਆ ਕਿ ਨਵਾਜ਼ ਦੇ ਪਿਤਾ ਮੀਆਂ ਮੁਹੰਮਦ ਸ਼ਰੀਫ਼ ਨੇ ਲਾਹੌਰ ਜਾ ਕੇ ਲੋਹੇ ਦਾ ਕਾਰਖਾਨਾ ਲਾਇਆ ਸੀ ਜਿਸ ਦੇ ਭੱਠਿਆਂ ਵਿਚ ਉਸ (ਤੇਜੋ) ਦੇ ਪਤੀ ਸਮੇਤ ਕਈ ਬੰਦਿਆਂ ਦੀ ਨੌਕਰੀ ਲੱਗ ਗਈ ਸੀ। ਜਦੋਂ ਉਹ ਤਨਖ਼ਾਹ ਦੇ ਪੈਸੇ ਦੇਣ ਆਪਣੇ ਪਿੰਡ ਨਹੀਂ ਸਨ ਆ ਸਕਦੇ ਤਾਂ ਤੇਜੋ ਤੇ ਹੋਰ ਔਰਤਾਂ ਘਗਰੇ ਪਹਿਨ ਕੇ ਲਾਹੌਰ ਦੇ ਕਾਰਖਾਨੇ ਤੋਂ ਪੈਸੇ ਲੈ ਕੇ ਆਉਂਦੀਆਂ ਸਨ। ਤੇਜੋ ਨੇ ਦੱਸਿਆ ਕਿ ਦੇਸ਼-ਵੰਡ ਦੇ ਐਲਾਨ ਤੋਂ ਪਿੱਛੋਂ ਜਿਸ ਦਿਨ ਲਾਹੌਰ ਦੇ ਮੁਸਲਮਾਨ ਉੱਥੋਂ ਦੇ ਹਿੰਦੂਆਂ ਸਿੱਖਾਂ ਨੂੰ ਕਤਲ ਕਰਨ ਲੱਗੇ, ਉਹ ਲਾਹੌਰ 'ਚ ਫਸ ਗਈਆਂ ਸਨ ਤੇ ਮੁਹੰਮਦ ਸ਼ਰੀਫ਼ ਦੇ ਬੰਦੇ ਉਨ੍ਹਾਂ ਨੂੰ ਜੰਡਿਆਲਾ ਗੁਰੂ ਦੀ ਗੱਡੀ ਚੜ੍ਹਾ ਕੇ ਗਏ ਸਨ।

ਸ਼ਰੀਫ਼ ਖਾਨਦਾਨ ਦਾ ਸ਼ੁਕਰਾਨਾ ਕਰਨ ਵਾਲਾ ਏਸ ਪਿੰਡ ਦਾ ਕਰਨੈਲ ਸਿੰਘ ਵੀ ਸੀ ਜਿਸ ਨੇ ਦੱਸਿਆ ਕਿ ਪਹਿਲੀ ਵਾਰ ਪ੍ਰਧਾਨ ਮੰਤਰੀ ਬਣਨ ਸਮੇਂ ਪਿੰਡ ਦੀ ਮੰਗ ਉੱਤੇ ਨਵਾਜ਼ ਸ਼ਰੀਫ਼ ਨੇ ਪਿੰਡ ਵਿਚ ਗੁਰਦੁਆਰਾ ਸਾਹਿਬ ਦੇ ਨਿਰਮਾਣ ਲਈ ਚੋਖੀ ਰਕਮ ਭੇਜੀ ਸੀ। ਲੇਖਕ ਨੇ ਉਸ ਪਿੰਡ ਦੀ ਬਿਰਧ ਇਸਤਰੀ ਮਹਿੰਦਰ ਕੌਰ ਤੇ ਬਜ਼ੁਰਗ ਸੁਖਦੇਵ ਸਿੰਘ ਨੂੰ ਮਿਲ ਕੇ ਉਨ੍ਹਾਂ ਦੇ ਬਿਆਨ ਵੀ ਕਲਮਬੰਦ ਕੀਤੇ ਹਨ। ਇਸ ਤਰ੍ਹਾਂ ਮਨਮੋਹਨ ਸਿੰਘ ਦੀ ਇਹ ਰਚਨਾ ਇਕ ਤਰ੍ਹਾਂ ਨਾਲ ਸੰਤਾਲੀ ਦੀ ਵੰਡ ਦਾ ਦਸਤਾਵੇਜ਼ ਵੀ ਹੈ। ਉਸ ਦੀ ਪਾਕਿਸਤਾਨ ਫੇਰੀ ਸਮੇਂ ਨਨਕਾਣਾ ਸਾਹਿਬ, ਲਾਹੌਰ ਤੇ ਹੋਰ ਥਾਵਾਂ ਉੱਤੇ ਉਸ ਨੂੰ ਅਜਿਹੇ ਲੋਕ ਵੀ ਮਿਲੇ ਜਿਹੜੇ ਹੋਕੇ ਦੇ-ਦੇ ਕੇ ਪੁੱਛ ਰਹੇ ਸਨ ਕਿ ਏਧਰੋਂ ਜਾਣ ਵਾਲਿਆਂ ਵਿਚ ਕੋਈ ਅਜਿਹਾ ਵੀ ਹੈ ਜਿਹੜਾ ਏਧਰੋਂ ਉਨ੍ਹਾਂ ਦੇ ਜੱਦੀ ਇਲਾਕੇ ਤੋਂ ਗਿਆ ਹੋਵੇ। ਬਿੰਦੀ ਦੀ ਮੰਗ ਪਾਉਣ ਵਾਲੀਆਂ ਇਸਤਰੀਆਂ ਤੇ ਕੜੇ ਮੰਗਣ ਵਾਲੇ ਮਰਦਾਂ ਦਾ ਵੀ ਅੰਤ ਨਹੀਂ ਸੀ।

ਮੈਂ ਅੰਤ ਵਿਚ 'ਰੱਬ ਤੈਨੂੰ ਪਟਵਾਰੀ ਬਣਾਵੇ' ਅਸੀਸ ਵਾਲੇ ਲੇਖ ਦੀ ਗੱਲ ਕਰਨਾ ਚਾਹਾਂਗਾ। ਉਨ੍ਹਾਂ ਸਮਿਆਂ ਵਿਚ ਪਿੰਡਾਂ ਦੇ ਜੱਟਾਂ ਲਈ ਪਟਵਾਰੀ ਹੀ ਰੱਬ ਸੀ ਜਿਹੜਾ ਉਨ੍ਹਾਂ ਦੇ ਹੱਦ ਬੰਨਿਆਂ ਦੀ ਪੈਰਵੀ ਕਰਦਾ ਸੀ। ਏਥੇ ਇਹ ਦੱਸਣਾ ਵੀ ਕੁਥਾਂ ਨਹੀਂ ਕਿ ਮੇਰਾ ਬਾਪ ਖੇਤੀ ਨਹੀਂ ਸੀ ਕਰਦਾ, ਊਠ ਵਾਹੁੰਦਾ ਸੀ। ਏਸ ਡਰ ਤੋਂ ਕਿ ਉਸ ਦੇ ਹੱਦ ਬੰਨਿਆਂ ਨਾਲ ਕੋਈ ਛੇੜਖਾਨੀ ਨਾ ਹੋਵੇ, ਉਸ ਨੇ ਆਪਣੀ ਹਵੇਲੀ ਵਾਲੀ ਬੈਠਕ ਪਟਵਾਰੀ ਨੂੰ ਦੇ ਰੱਖੀ ਸੀ। ਫੇਰ ਜਦੋਂ ਉਸ ਪਟਵਾਰੀ ਦਾ ਪੁੱਤਰ ਕਾਨੂੰਗੋ ਦੀ ਪਦਵੀ ਉੱਤੇ ਪਹੁੰਚਿਆ ਤਾਂ ਮੇਰੇ ਬਾਪ ਨੂੰ ਇਹ ਵੀ ਲਾਲਚ ਹੋ ਗਿਆ ਸੀ ਕਿ ਉਹ ਮੈਨੂੰ ਪਟਵਾਰੀ ਲਗਵਾ ਸਕਦਾ ਹੈ। ਦੂਜੀ ਵਿਸ਼ਵ ਜੰਗ ਦੇ ਦਿਨਾਂ ਵਿਚ ਪਿੰਡ ਵਾਸੀਆਂ ਦੀਆਂ ਇਹੀਓ ਲੋੜਾਂ ਸਨ।

ਪੁਸਤਕ ਵਿਚ ਕੇਵਲ ਧਾਲੀਵਾਲ ਤੋਂ ਬਿਨਾਂ 'ਮੇਰਾ ਦਾਗਿਸਤਾਨ' ਦੇ ਅਨੁਵਾਦਕ ਡਾ. ਗੁਰਬਖ਼ਸ਼ ਸਿੰਘ ਫਰੈਂਕ, ਪੱਛਮੀ ਬੰਗਾਲ ਦੀ ਕੋਲਾ ਖਾਣ ਵਿਚੋਂ ਕੀਮਤੀ ਜਾਨਾਂ ਬਚਾਉਣ ਵਾਲੇ ਮਾਈਨਿੰਗ ਇੰਜਨੀਅਰ ਗਿੱਲ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪ੍ਰਥਮ ਵਾਈਸ ਚਾਂਸਲਰ ਬਿਸ਼ਨ ਸਿੰਘ ਸਮੁੰਦਰੀ ਦੀ ਦਰਿਆ ਦਿਲੀ ਦੇ ਕਿੱਸੇ ਹੀ ਨਹੀਂ, ਹੋਰ ਵੀ ਬੜਾ ਕੁਝ ਪੜ੍ਹਨ ਤੇ ਮਾਣਨ ਵਾਲਾ ਹੈ। ਖ਼ੂਬੀ ਇਹ ਕਿ ਮਨਮੋਹਨ ਸਿੰਘ ਦੀ ਲਿਖਤ ਸ਼ੈਲੀ ਪੱਤਰਕਾਰਾਂ ਵਾਲੀ ਹੀ ਨਹੀਂ, ਇਸ ਵਿਚ ਸਾਹਿਤਕ ਰਸ ਹੈ। ਐਵੇਂ ਤਾਂ ਨਹੀਂ ਇਸ ਪੁਸਤਕ ਦੇ ਮੁੱਖ ਬੰਦ ਵਿਚ ਡਾ. ਸ.ਪ. ਸਿੰਘ, ਸਾਬਕਾ



ਉਪ ਕੁਲਪਤੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਇਸ ਰਚਨਾ ਨੂੰ ਸੁਹਿਰਦ ਪਾਤਰ ਦੀ ਸੰਵੇਦਨਸ਼ੀਲ ਲੇਖਣੀ ਕਿਹਾ। ਹੁਣ ਉਹ ਮੇਰੇ ਲਈ ਜੋਗੜਾ ਨਹੀਂ, ਸਿੱਧ ਹੈ।

ਜਾਂਦੇ ਜਾਂਦੇ ਮੈਂ ਮਨਮੋਹਨ ਦੇ ਤਾਏ ਅਤੇ ਆਪਣੇ ਮਾਸੜ ਨਿਹਾਲ ਸਿੰਘ ਦੀ ਇਕ ਗੱਲ ਵੀ ਦੱਸ ਦਿਆਂ ਜਿਹੜਾ ਸੁੰਢਰਾਂ ਖੇੜੀ ਦਾ ਨੰਬਰਦਾਰ ਹੈ। ਇਹ ਪਿੰਡ ਡੇਰਾਬਸੀ (ਅੰਬਾਲਾ) ਦੀ ਤਹਿਸੀਲ ਵਿਚ ਪੈਂਦਾ ਹੈ। ਇਕ ਵਾਰੀ ਮਾਸੜ ਨੇ ਮੇਰੇ ਵਿਆਹ ਲਈ ਇਕ ਕੁੜੀ ਦੀ ਦੱਸ ਪਾਈ ਤੇ ਮੈਨੂੰ ਭਰਮਾਉਣ ਲਈ ਇਹ ਵੀ ਕਿਹਾ ਕਿ ਉਸ ਦੇ ਮਾਪੇ ਦਾਜ ਵਿਚ ਮੈਨੂੰ ਸਾਈਕਲ ਦੇਣਗੇ। ਉਨ੍ਹਾਂ ਸਮਿਆਂ ਵਿਚ ਜੇ ਕੋਈ ਸਾਈਕਲ ਖਰੀਦਦਾ ਸੀ ਤਾਂ ਪਿੰਡ ਵਾਲੇ ਨਵੇਂ ਸਾਈਕਲ ਨੂੰ ਦੇਖਣ ਆਉਂਦੇ ਸਨ। ਮੈਂ ਕਿਹਾ, ਮਾਸੜ ਜੀ ਦਾਜ ਦੀ ਛੱਡੋ, ਕੁਝ ਕੁੜੀ ਬਾਰੇ ਵੀ ਦੱਸੋ। ਮਾਸੜ ਦਾ ਉੱਤਰ ਸੀ, "ਛੋਕਰੀ? ਛੋਕਰੀ ਕੀ ਕਿਆ ਬਾਤਾਂ ਕਰਾ ਬਾਈ; ਛੋਕਰੀ ਤੋ ਕਾਗਤਾਂ ਮਾਂ ਲਪੇਟੀ ਪੜੀ।" ਨਿਸਚੇ ਹੀ ਮਨਮੋਹਨ ਸਿੰਘ ਢਿਲੋਂ ਨੂੰ ਸ਼ੈਲੀ ਦੀ ਗੁੜ੍ਹਤੀ ਆਪਣੇ ਤਾਇਆ ਜੀ ਤੋਂ ਮਿਲੀ ਹੋਵੇਗੀ, ਮੇਰੇ ਮਾਸੜ ਨਿਹਾਲ ਸਿੰਘ ਨੰਬਰਦਾਰ ਤੋਂ। **-ਗੁਲਜ਼ਾਰ ਸਿੰਘ ਸੰਧੂ**

## ਆਦਮ-ਗ੍ਰਹਿਣ (ਨਾਵਲ) ਹਰਕੀਰਤ ਕੌਰ ਚਹਿਲ

ਕੈਨੇਡਾ ਵੱਸਦੀ ਗਲਪਕਾਰ ਹਰਕੀਰਤ ਕੌਰ ਚਹਿਲ ਨੇ ਆਪਣੇ ਨਵੇਂ ਨਾਵਲ 'ਆਦਮ-ਗ੍ਰਹਿਣ' (ਰਹਾਓ ਪਬਲੀਕੇਸ਼ਨ, ਨਿਹਾਲ ਸਿੰਘ ਵਾਲਾ, ਪੰਨੇ 142, ਮੁੱਲ 250 ਰੁਪਏ/10 ਡਾਲਰ) ਵਿਚ, ਉਸ ਦੇ ਆਪਣੇ ਕਹਿਣ ਮੁਤਾਬਕ, ਰੱਬ ਦੀ ਨਸਲ ਦੇ ਲੋਕਾਂ ਦੀ ਗੱਲ ਕੀਤੀ ਹੈ। ਸੱਚਮੁੱਚ ਅਜਿਹੇ ਇਨਸਾਨਾਂ (ਖੁਸਰਿਆਂ) ਦੇ ਜੀਵਨ ਦੀ ਬਾਤ ਪਾਉਂਦਿਆਂ ਮਾਰੂਥਲ ਦੀ ਤਪਸ਼, ਕੰਡਿਆਲੇ ਰਾਹਾਂ ਦੀ ਪੀੜ ਅਤੇ ਝੱਖੜ ਭਰੀਆਂ ਕਾਲੀਆਂ-ਬੋਲੀਆਂ ਰਾਤਾਂ ਦਾ ਅਹਿਸਾਸ ਜਾਗਦਾ ਹੈ। ਹਰਕੀਰਤ ਕੌਰ ਚਹਿਲ ਇਸ ਤੋਂ ਪਹਿਲਾਂ ਤਿੰਨ ਪੁਸਤਕਾਂ- 'ਪਰੀਆਂ ਸੰਗ ਪਰਵਾਜ਼' (ਕਹਾਣੀ ਸੰਗ੍ਰਹਿ-2016), 'ਤੇਰੇ ਬਾਝੋਂ' (ਨਾਵਲ-2017) ਅਤੇ 'ਥੋਹਰਾਂ ਦੇ ਫੁੱਲ' (ਨਾਵਲ-2018) ਦੀ ਰਚਨਾ ਕਰ ਚੁੱਕੀ ਹੈ। 'ਆਦਮ-ਗ੍ਰਹਿਣ' ਦੇ ਰੂਪ ਵਿਚ ਉਸ ਨੇ ਸਾਹਿਤ ਦੇ ਪਿੜ ਅੰਦਰ ਵੱਡੀ ਛਾਲ ਲਗਾਈ ਹੈ; ਇਸ ਨਾਵਲ ਨੇ ਆਪਣੇ ਵੱਖਰੇ ਵਿਸ਼ੇ ਅਤੇ ਇਸ ਦੇ ਉਮਦਾ ਨਿਭਾਅ ਕਰਕੇ ਪਾਠਕਾਂ/ਆਲੋਚਕਾਂ ਦਾ ਧਿਆਨ ਵੀ ਖ਼ੂਬ ਖਿੱਚਿਆ ਹੈ।

ਨਾਵਲ ਦੀ ਕਹਾਣੀ ਅਮੀਰਾਂ ਉਰਫ ਮੀਰਾ ਦੁਆਲੇ ਘੁੰਮਦੀ ਹੈ ਅਤੇ ਲੇਖਕਾ ਨੇ ਇਸ ਪਾਤਰ ਦੇ ਆਲੇ-ਦੁਆਲੇ ਜਿਸ ਤਰ੍ਹਾਂ ਦਾ ਮਾਹੌਲ ਸਿਰਜਿਆ ਹੈ, ਉਹ ਆਪਣੀ ਕਹਾਣੀ ਆਪ ਕਹਿੰਦਾ ਹੈ। ਨਾਵਲ ਦਾ ਪੰਨਾ-ਦਰ-ਪੰਨਾ ਪਲਟਦਿਆਂ ਪਰਤਾਂ ਖੁੱਲ੍ਹਦੀਆਂ ਜਾਂਦੀਆਂ ਹਨ ਅਤੇ ਸਮਾਜ ਵਿਚੋਂ ਛੇਕੇ ਜਿਊੜਿਆਂ ਦਾ ਇਕਲਾਪਾ ਪਾਠਕ ਦੇ ਜ਼ਿਹਨ ਉੱਤੇ ਵਜ਼ਨ ਛੱਡਣਾ ਸ਼ੁਰੂ ਕਰ ਦਿੰਦਾ ਹੈ। ਸਮੁੱਚੀ ਰਚਨਾ ਦੀ ਪਰਿਕਰਮਾ ਕਰਦਿਆਂ ਪਾਠਕ ਇਸ ਵਜ਼ਨ ਨਾਲ ਜੁੜਦਾ ਹੈ ਅਤੇ ਇਹ ਵਜ਼ਨ ਜਿਸਮ ਤੇ ਜ਼ਿਹਨ ਅੰਦਰ ਲਗਾਤਾਰ ਧੁੜਧੁੜੀ ਛੇੜਦਾ ਹੈ। ਇਹੀ ਨੁਕਤਾ ਇਸ ਨਾਵਲ ਦੀ ਤਾਕਤ ਬਣਦਾ ਹੈ।

ਅਜਿਹੀ ਧੁੜਧੁੜੀ ਬੀਤੇ ਅੰਦਰ ਸਮਾਜ ਦੇ ਦਲਿਤ ਵਰਗ ਨਾਲ ਜੁੜੇ ਲੇਖਕਾਂ ਦੀਆਂ ਜੀਵਨੀਆਂ/ਰਚਨਾਵਾਂ ਅਕਸਰ ਛੇੜਦੀਆਂ ਰਹੀਆਂ ਹਨ ਪਰ ਖੁਸਰਿਆਂ ਨਾਲ ਜੁੜ ਕੇ ਇਹ ਧੁੜਧੁੜੀ ਬਹੁਤ ਵੱਡੇ ਸਵਾਲ ਦਾ ਰੂਪ ਅਖ਼ਤਿਆਰ ਲੈਂਦੀ ਹੈ: ਸਾਡੇ ਸਮਾਜ ਦਾ ਇਹ ਕਿਹੜਾ ਪੱਖ ਹੈ ਜਾਂ ਜਹਾਨ ਦਾ ਉਹ ਕਿਹੜਾ ਕੋਨਾ ਹੈ ਜਿੱਥੇ ਬੰਦੇ ਦੀ ਹੋਂਦ ਇਕ ਵਾਢਿਓਂ ਹੀ ਨਦਾਰਦ ਹੈ? ਭਾਰਤੀ ਸਮਾਜ ਦੀਆਂ ਕਥਿਤ ਬਸਤੀਆਂ ਜੋ ਪੱਛਮੀ ਸਮਾਜਾਂ ਅੰਦਰ ਵੀ 'ਗੇਟੋ' ਦੇ ਰੂਪ ਵਿਚ ਮੌਜੂਦ ਹਨ, ਤਾਂ ਫਿਰ ਵੀ ਕਿਸੇ ਨਾ ਕਿਸੇ ਰੂਪ ਵਿਚ ਸਮਾਜ ਦਾ ਅੰਗ ਹਨ ਪਰ ਖੁਸਰੇ ਸਾਡੇ ਸਮਾਜ ਦਾ ਅੰਗ ਹੀ ਨਹੀਂ ਬਣ ਸਕੇ। ਹਉਕਿਆਂ ਲੱਦੀ ਇਸ ਹਕੀਕਤ ਨੂੰ ਬਿਆਨ ਕਰਨ ਲਈ

ਹਰਕੀਰਤ ਕੌਰ ਚਹਿਲ ਨੇ ਜਿਹੜੀ ਕਹਾਣੀ ਜੋੜੀ ਹੈ, ਉਹ ਸੱਚਮੁੱਚ ਧਰਤੀ ਤੋਂ ਅੰਬਰ ਤਕ ਫੈਲਿਆ ਹਉਕਾ ਹੀ ਹੈ। ਇਹ ਅਸਲ ਵਿਚ ਰੱਬ ਨੂੰ ਉਲਾਂਭਾ ਹੈ ਜੋ ਨਾਵਲ ਦਾ ਇਕ ਪਾਤਰ ਇਉਂ ਦਿੰਦਾ ਹੈ: *"ਸਾਡਾ ਕੋਈ ਧਰਮ ਨਾ ਜਾਤ ਹੁੰਦੀ ਏ। ਜਿਹੜੇ ਰੱਬ ਤੋਂ ਸਾਨੂੰ ਔਰਤ ਮਰਦ ਦੇ ਨਾਂ 'ਤੇ ਵੰਡ ਨਾ ਹੋਇਆ, ਅਸੀਂ ਉਹਦੀਆਂ ਧਰਮ ਦੀਆਂ ਵੰਡੀਆਂ ਤੋਂ ਕੀ ਲੈਣਾ।"* ਇਸ ਉਲਾਂਭੇ ਅੰਦਰ ਬਗ਼ਾਵਤ ਦੇ ਅਹਿਸਾਸ ਵੀ ਪੁੜੇ ਹੋਏ ਹਨ।

ਨਾਵਲ ਦੀ ਕਥਾ ਮੁੱਖ ਪਾਤਰ ਅਮੀਰਾਂ ਦੇ ਜਨਮ ਨਾਲ ਆਰੰਭ ਹੁੰਦੀ ਹੈ। ਇਸ ਜਨਮ ਨਾਲ ਉਹਦੇ ਮਾਪਿਆਂ ਦੀ ਹਾਲਤ ਟੁੱਟੇ ਤਾਰੇ ਵਰਗੀ ਹੋ ਜਾਂਦੀ ਹੈ। ਉਹ ਆਪਣੇ ਬੱਚੇ ਦਾ ਭੇਤ ਛੁਪਾਉਣ ਲਈ ਜੂਝਦੇ ਦਿਸਦੇ ਹਨ। ਨਾਵਲ ਦੀ ਕਹਾਣੀ ਅਮੀਰਾਂ ਦੇ ਨਾਲ ਹੀ ਮੁੱਕ ਜਾਂਦੀ ਹੈ ਪਰ ਐਤਕੀਂ ਟੁੱਟੇ ਤਾਰੇ ਵਰਗੀ ਹਾਲਤ ਖ਼ੁਦ ਪਾਠਕ ਮਹਿਸੂਸ ਕਰਦਾ ਹੈ; ਕਿਉਂਕਿ ਇਹ ਕਹਾਣੀ ਮੁੱਕਣ ਤਕ ਲੇਖਕਾ ਨੇ ਪਾਠਕਾਂ ਨੂੰ ਖੁਸਰਿਆਂ ਦੀਆਂ ਹਨੇਰੀਆਂ ਗ਼ਲੀਆਂ ਵਿਚ ਇੰਨੀ ਸ਼ਿੱਦਤ ਅਤੇ ਤੜਫਾਹਟ ਨਾਲ ਘੁਮਾਇਆ ਹੈ ਕਿ ਲੂੰ-ਲੂੰ ਵਿਨ੍ਹਿਆ ਪਾਠਕ ਖ਼ੁਦ ਰਾਹ ਲੱਭਣ ਲਈ ਤੜਫਣ ਲਗਦਾ ਹੈ। ਦਲਿਤਾਂ ਦੇ ਦਰਦ ਕੱਟਣ ਲਈ ਹਰ ਵਿਦਵਾਨ ਨੇ ਸਿੱਖਿਆ ਦੇ ਬੂਹੇ ਖੋਲ੍ਹਣ ਨੂੰ ਆਧਾਰ ਮੰਨਿਆ ਹੈ; ਨਾਵਲ ਵਿਚ ਮੁੱਖ ਪਾਤਰ ਅਮੀਰਾਂ ਵੀ ਚਿਰਾਗ਼ ਰਾਹੀਂ ਸਿੱਖਿਆ ਦਾ ਦੀਵਾ ਬਾਲਦੀ ਹੈ ਅਤੇ ਚਿਰਾਗ਼ ਨੂੰ ਪੜ੍ਹਨ ਲਈ ਉਸੇ ਸਮਾਜ ਵਿਚ ਪਰਵਾਜ਼ ਭਰਨ ਲਈ ਭੇਜਦੀ ਹੈ ਜਿਹੜਾ ਉਨ੍ਹਾਂ (ਖੁਸਰਿਆਂ) ਦੇ ਪਰਾਂ ਨਾਲ ਸਦਾ ਹੀ ਪਹਾੜ ਬੰਨ੍ਹਦਾ ਰਿਹਾ ਹੈ। ਹਕੀਕੀ ਜੀਵਨ ਵਿਚ ਅਜਿਹੀਆਂ ਵਿਕੋਲਿਤਰੀਆਂ ਕਹਾਣੀਆਂ ਸਾਡੇ ਸਾਹਮਣੇ ਆਈਆਂ ਵੀ ਹਨ ਜਿਨ੍ਹਾਂ ਵਿਚ ਇਹ ਲੋਕ ਪੈਰੀਂ ਬੰਨ੍ਹੇ ਪਹਾੜ ਸਣੇ ਉਡਦੇ ਨਜ਼ਰੀਂ ਪੈਂਦੇ ਹਨ। ਕੁੱਝ ਸਾਲ ਪਹਿਲਾਂ ਹੀ ਮਹਾਰਾਸ਼ਟਰ ਦੇ ਖੁਸਰੇ ਲਕਸ਼ਮੀ ਨਾਇਣ ਤ੍ਰਿਪਾਠੀ ਦੀ ਸਵੈਜੀਵਨੀ ਨਸ਼ਰ ਹੋਈ ਹੈ ਜਿਸ ਵਿਚ ਉਹ ਖੁੱਲ੍ਹੇ ਅੰਬਰ ਵਿਚ ਪਰਵਾਜ਼ ਭਰਦਾ ਹੈ ਪਰ ਨਾਵਲ ਵਿਚਲਾ ਚਿਰਾਗ਼ ਲਕਸ਼ਮੀ ਜਿੰਨਾ ਭਾਗਾਂਵਾਲਾ ਨਹੀਂ, ਉਹ ਆਪ ਕੀਤੀ ਰੌਸ਼ਨੀ ਵਿਚ ਹੀ ਫਨਾਹ ਹੋ ਜਾਂਦਾ ਹੈ। ਇਹੀ ਇਸ ਨਾਵਲ ਦਾ ਅੰਤ ਹੈ। ਦੁਖਾਂਤਕ ਅੰਤ। ਇਹ ਅਸਲ ਵਿਚ ਬੰਦ ਅਤੇ ਹਨੇਰੀਆਂ ਗ਼ਲੀਆਂ ਦਾ ਸੱਚ ਵੀ ਹੈ ਜਿਸ ਨੂੰ ਬਹੁਤ ਉੱਚੀ ਉਡਾਣ ਭਰਨ ਦੇ ਦਾਅਵੇ ਕਰਨ ਵਾਲਾ ਸਾਡਾ ਸਮਾਜ ਅਜੇ ਸਵੀਕਾਰ ਨਹੀਂ ਕਰ ਰਿਹਾ।

ਦੂਰ ਕਿਤੇ ਕੀ ਜਾਣਾਂ, ਅਜੇ ਤਾਂ ਰਸਮਾਂ ਅਤੇ ਰਵਾਇਤਾਂ ਵਿਚ ਬੱਝਿਆ/ਧਸਿਆ ਇਹ ਸਮਾਜ ਸੰਪੂਰਨ ਮਨੁੱਖਾਂ ਦੇ ਹਾਣ ਦਾ ਵੀ ਨਹੀਂ ਹੋ ਸਕਿਆ, ਇਨ੍ਹਾਂ ਊਣੇ ਭਾਂਡਿਆਂ ਦੀ ਤਾਂ ਗੱਲ ਹੀ ਕੀ ਹੈ! ਨਾਵਲ ਵਿਚ ਆਈ ਇਕ ਸੰਪੂਰਨ ਪਾਤਰ ਲਾਲੀ ਦੀ ਕਹਾਣੀ ਇਨ੍ਹਾਂ ਰਸਮਾਂ-ਰਵਾਇਤਾਂ ਦੇ ਬੰਧੇਜ ਦੀ ਗੱਲ ਹੀ ਤਾਂ ਛੇੜਦੀ ਹੈ। ਇਹ ਸਿਰੇ ਦਾ ਸਮਾਜਕ ਕਹਿਰ ਹੀ ਗਿਣਿਆ ਜਾਣਾ ਚਾਹੀਦਾ ਹੈ ਕਿ ਮਨੁੱਖ ਵਜੋਂ 'ਸੰਪੂਰਨ' ਲਾਲੀ ਦੋ ਵਾਰ ਵਿਆਹ ਕਰਵਾ ਕੇ ਵੀ ਊਣੀ ਰਹਿ ਜਾਂਦੀ ਹੈ। ਵਾਰੀ-ਵਾਰੀ ਦੋ ਪਤੀਆਂ ਦੀ ਮੌਤ ਉਸ ਦੇ ਊਣਾ ਹੋਣ ਦਾ ਕੋਈ ਐਲਾਨ ਹੈ ਅਤੇ ਉਹ ਖੁਸਰਿਆਂ ਵਾਂਗ ਹੀ ਕਥਿਤ ਸੱਭਿਅਕ ਸਮਾਜ ਵਿਚੋਂ ਖ਼ੁਦ-ਬ-ਖ਼ੁਦ ਛੇਕੀ ਜਾਂਦੀ ਹੈ। ਆਲੇ-ਦੁਆਲੇ ਵੱਸਦੇ 'ਸੱਭਿਅਕ' ਲੋਕ ਉਸ ਦੇ ਪ੍ਰਛਾਵੇਂ ਤੋਂ ਵੀ ਡਰਦੇ ਹਨ। ਲੇਖਕਾ ਨੇ ਆਪਣੀ ਰਚਨਾ ਵਿਚ ਇਸ ਕਥਾ ਨੂੰ ਪੂਰੇ ਤਾਣ ਨਾਲ ਪੇਸ਼ ਕੀਤਾ ਹੈ। ਨਾਵਲ ਵਿਚ ਲਾਲੀ ਦੀ ਸੰਖੇਪ ਜਿਹੀ ਕਥਾ ਸਮਾਜ ਦੇ ਖੋਖਲੇਪਣ ਨੂੰ ਐਨ ਰੂਹ ਨਾਲ ਬੇਨਕਾਬ ਕਰਦੀ ਹੈ। ਜਿਹੜਾ ਸਮਾਜ ਆਪਣੀ ਰਸਮਾਂ-ਰਵਾਇਤਾਂ ਨਾਲ ਸੰਪੂਰਨ ਜਿਊੜਿਆਂ ਨੂੰ ਬੁਰੀ ਤਰ੍ਹਾਂ ਭੰਨਦਾ-ਤੋੜਦਾ ਅਤੇ ਜ਼ਖ਼ਮੀ ਕਰਦਾ ਹੈ, ਲੇਖਕਾ ਉਨ੍ਹਾਂ ਜਿਊੜਿਆਂ ਅੰਦਰ ਮੋਹ ਦੇ ਚਿਰਾਗ਼ ਬਾਲ ਕੇ ਜ਼ਖ਼ਮਾਂ ਉੱਤੇ ਫਹੇ ਰੱਖਦੀ ਹੈ।

ਨਾਵਲ ਦੀ ਸ਼ੈਲੀ, ਗੋਂਦ ਅਤੇ ਹੋਂਦ ਜਿੰਨੀ ਪੁਖਤਾ, ਪੀਡੀ ਤੇ ਰਵਾਨੀ ਵਾਲੀ ਹੈ, ਛਪਾਈ ਓਨੀ ਹੀ ਢਿੱਲੀ ਰਹਿ ਗਈ ਹੈ। ਸ਼ਬਦ-ਜੋੜਾਂ ਦੀਆਂ ਗ਼ਲਤੀਆਂ ਤੰਗ ਕਰਦੀਆਂ ਹਨ। ਇਹ ਵੱਖਰੀ ਗੱਲ ਹੈ ਕਿ ਨਾਵਲ ਦੀ ਕਹਾਣੀ ਦੀਆਂ ਵੱਖ-ਵੱਖ ਲੜੀਆਂ ਸੰਜੀਦਗੀ ਭੰਗ ਹੋਣ ਤੋਂ ਬਚਾ



ਲੈਂਦੀਆਂ ਹਨ। ਅਮੀਰਾਂ ਦਾ ਆਪਣੀ ਮਾਂ ਨਾਲ ਅਚਾਨਕ ਮੇਲ, ਲਾਲੀ ਤੇ ਕੌੜਾ ਮੱਲ ਦਾ ਸੁਮੇਲ ਅਤੇ ਅਜਿਹੀਆਂ ਹੋਰ ਘਟਨਾਵਾਂ ਨਾਵਲ ਦਾ ਤੁੱਕ ਬੰਨ੍ਹਦੀਆਂ ਹਨ। ਬਹੁਤ ਥਾਈਂ ਜਿਸ ਢੰਗ ਨਾਲ ਦ੍ਰਿਸ਼ ਚਿਤਰਨ ਹੋਇਆ ਹੈ, ਉਹ ਆਪਣੀ ਮਿਸਾਲ ਆਪ ਹੀ ਹੈ:

*... ਖੇਤਾਂ ਵਿਚ ਖੜ੍ਹੀ ਮੱਕੀ ਦੀ ਫ਼ਸਲ ਦੀਆਂ ਛੱਲੀਆਂ ਵਿਚ ਭਰਿਆ ਦੁੱਧ ਉਬਾਸੀਆਂ ਮਾਰਦਾ... ਮਰੀ ਜਿਹੀ ਧੁੱਪ ਬਨੇਰਿਆਂ ਤੋਂ ਉੱਤਰ ਕੇ ਵਿਹੜੇ ਵਿਚ ਮੱਠਾ-ਮੱਠਾ ਨਿੱਘ ਦੇਣ ਦੀ ਕੋਸ਼ਿਸ਼ ਕਰ ਰਹੀ ਸੀ... ਮਹੰਤ ਲੈਚੀ ਅਤੇ ਉਸ ਦੇ ਸਾਰੇ ਸਾਥੀ ਤਾਂ ਵਿਹੜੇ ਵਿਚ ਕਾਲ਼ੀ ਘਟਾ ਵਾਂਗੂੰ ਛਾ ਗਏ... ਪੁਰਾਣੇ ਬਹੁਮੰਜ਼ਲੀ ਘਰਾਂ ਦੇ ਵੱਡੇ-ਵੱਡੇ ਰੋਸ਼ਨਦਾਨ ਭੀੜੀਆਂ-ਭੀੜੀਆਂ ਗ਼ਲੀਆਂ ਦੇ ਬਾਹਰ ਵਧੇ ਛੱਜੇ ਤੇ ਬਾਰੀਆਂ ਚਾਨਣ ਸੁੜ੍ਹਾਕਦੇ ਲਗਦੇ ... ਗੱਡੀ ਦੇ ਵਾਈਪਰ ਸ਼ੀਸ਼ੇ ਉੱਤੇ ਕਿਸੇ ਅੱਲੜ੍ਹ ਮੁਟਿਆਰ ਵਾਂਗੂੰ ਨੱਚਦੇ ਨਜ਼ਰ ਆ ਰਹੇ ਸੀ... ਚੰਨ ਪੂਰੀ ਚਾਨਣੀ ਦਾ ਦੁਸ਼ਾਲਾ ਲੈ ਕੇ ਅੰਬਰ ਵਿਚ ਰੌਣਕ ਲਾਉਣ ਉੱਤਰਿਆ...।*

ਉਂਝ ਕਿਤੇ-ਕਿਤੇ ਕਾਂਗਿਆਰੀ ਵੀ ਨਜ਼ਰੀਂ ਪੈਂਦੀ ਹੈ। ਨਾਵਲ ਸਿਖਰ ਵੱਲ ਵਧਦਾ ਹੈ ਅਤੇ ਕੌੜਾ ਮੱਲ ਤੇ ਲਾਲੀ ਦਾ ਮਿਲਾਪ ਹੁੰਦਾ ਹੈ ਤਾਂ ਵਰਨਣ ਹੋਇਆ ਮਿਲਦਾ ਹੈ: ਭਾਵਨਾਵਾਂ ਦੇ ਵਹਿਣ ਵਿਚ ਵਹਿੰਦੀ ਲਾਲੀ ਨੇ ਆਪਣਾ ਬਦਨ ਪਤਾ ਨਹੀਂ ਕਦੋਂ ਤੇ ਕਿਵੇਂ ਕੌੜਾ ਮੱਲ ਦੇ ਸਪੁਰਦ ਕਰ ਦਿੱਤਾ।... ਇਹ ਅਸਲ ਵਿਚ ਸਾਡੇ ਧੁਰ ਅੰਦਰ ਕਿਤੇ ਬਚੀ ਪਈ ਉਹ ਜਗੀਰੂ ਰਹਿੰਦ-ਖੂੰਹਦ ਹੈ ਜਿਸ ਨੇ ਔਰਤ ਨੂੰ ਸਦਾ ਦੋਇਮ ਦਰਜੇ ਉੱਤੇ ਰੱਖਿਆ ਹੈ। ਜ਼ਿਹਨ ਅੰਦਰ ਪੁੜੀ ਇਹ ਸੋਚ ਉਨ੍ਹਾਂ ਰਸਮਾਂ-ਰਵਾਇਤਾਂ ਦਾ ਹੀ ਵਿਸਥਾਰ ਹੈ ਜਿਹੜੀਆਂ ਲਾਲੀ ਦੇ ਜੀਵਨ ਨੂੰ ਗ੍ਰਹਿਣ ਵਾਂਗ ਚਿੰਬੜੀਆਂ ਹੋਈਆਂ ਹਨ। ਸਿੱਟੇ ਵਜੋਂ ਰਸਮਾਂ-ਰਵਾਇਤਾਂ ਦੇ ਪਰਖਚੇ ਉਡਾਉਂਦੀ ਇਸ ਰਚਨਾ ਵਿਚ ਵੀ ਅਜਿਹੇ ਵਾਕ ਅਛੋਪਲੇ ਅਤੇ ਅਚੇਤ ਹੀ ਆਣ ਬੈਠਦੇ ਹਨ।

ਹਰਕੀਰਤ ਕੌਰ ਚਹਿਲ ਵੱਲੋਂ ਨਾਵਲ ਜੋੜਨ ਲਈ ਕੀਤੀ ਮਿਹਨਤ ਅਤੇ ਲਗਨ ਨਾਵਲ ਵਿਚ ਖੁਸਰਿਆਂ ਬਾਰੇ ਆਏ ਅਣਗਿਣਤ ਵੇਰਵਿਆਂ ਅਤੇ ਮਹੀਨ ਚਿਤਰਨ ਤੋਂ ਸਾਫ਼ ਝਲਕਦੀ ਹੈ। ਕਿਤੇ-ਕਿਤੇ ਗ਼ੈਰ ਹਕੀਕੀ ਵਰਨਣ ਦਾ ਝਉਲਾ ਜਿਹਾ ਵੀ ਪੈਂਦਾ ਹੈ ਪਰ ਇਹ ਝਉਲਾ ਅਸਲ ਵਿਚ ਖੁਸਰਿਆਂ ਬਾਰੇ ਪਾਠਕ ਦੀ ਆਪਣੀ ਪੇਤਲੀ ਜਾਣਕਾਰੀ ਕਰਕੇ ਹੈ; ਅਗਲੇ ਪੰਨੇ ਪਰਤਦਿਆਂ ਪਾਠਕ ਫਿਰ ਰਵਾਂ ਹੋ ਜਾਂਦਾ ਹੈ।

ਪੰਜਾਬੀ ਸਾਹਿਤ ਵਿਚ ਖੁਸਰਿਆਂ ਬਾਰੇ ਪਹਿਲਾਂ ਵੀ ਨਾਵਲ, ਕਹਾਣੀਆਂ, ਨਾਟਕ, ਕਵਿਤਾਵਾਂ ਆਦਿ ਲਿਖੇ ਗਏ ਹਨ। 'ਆਦਮ-ਗ੍ਰਹਿਣ' ਅਜਿਹੇ ਸਾਹਿਤ ਵਿਚ ਵਾਧਾ ਤਾਂ ਹੈ ਹੀ; ਬਿਰਤਾਂਤ, ਸ਼ੈਲੀ ਅਤੇ ਨਿਭਾਅ ਪੱਖੋਂ ਇਹ ਨਾਵਲ ਸੋਨੇ ਉੱਤੇ ਸੁਹਾਗੇ ਤੋਂ ਕਿਸੇ ਵੀ ਲਿਹਾਜ਼ ਘੱਟ ਨਹੀਂ। ਹਰਕੀਰਤ ਨੇ ਤਕਰੀਬਨ ਸਵਾ ਕੁ ਸੌ ਸਫ਼ਿਆਂ ਉੱਤੇ ਸਾਡੇ ਸਮਾਜ ਦੇ ਉਸ ਕੱਟੇ-ਵੱਢੇ ਅੰਗ ਦਾ ਭਰਪੂਰ ਜ਼ਿਕਰ ਛੇੜਿਆ ਹੈ ਜਿਹੜਾ ਆਪਣੀ ਹੋਂਦ ਅਤੇ ਹਕੀਕਤ ਲਈ ਵਕਤ ਦੇ ਥਪੇੜਿਆਂ ਨਾਲ ਜੂਝ ਰਿਹਾ ਹੈ।

**-ਜਸਬੀਰ**

## ਨੂਰੀ (ਕਹਾਣੀ ਸੰਗ੍ਰਹਿ) ਅਨੇਮਨ ਸਿੰਘ

ਅਨੇਮਨ ਸਿੰਘ ਪੰਜਾਬੀ ਕਹਾਣੀ ਜਗਤ ਵਿਚ ਨਵੇਂ ਵਿਸ਼ਿਆਂ ਨੂੰ ਛੂਹਣ ਵਾਲੇ ਕਹਾਣੀਕਾਰ ਵਜੋਂ ਜਾਣਿਆ ਜਾਂਦਾ ਹੈ। ਆਪਣੇ ਪਹਿਲੇ ਕਹਾਣੀ ਸੰਗ੍ਰਹਿ 'ਗਲੀ ਨੰਬਰ ਕੋਈ ਨਹੀਂ' ਵਿਚ ਹੀ ਉਸ ਨੇ ਇਹ ਤੈਅ ਕਰ ਦਿੱਤਾ ਸੀ ਕਿ ਅਨੇਮਨ ਸਿੰਘ ਪੰਜਾਬੀ ਕਹਾਣੀ ਵਿਚ ਅਜਿਹੇ ਵਿਸ਼ਿਆਂ ਨੂੰ ਲੈ ਕੇ ਆਵੇਗਾ ਜਿਹੜੇ ਅਜੇ ਤਕ ਆਪਣੇ ਅਸਲ ਰੂਪ ਵਿਚ ਪੇਸ਼ ਨਹੀਂ ਹੋਏ। ਉਸ ਦੀਆਂ ਕਹਾਣੀਆਂ ਦੇ ਵਿਸ਼ੇ ਅਸਲੋਂ ਨਵੇਂ ਅਤੇ ਅਣਗੌਲੇ ਰਹਿ ਗਏ ਪਾਤਰਾਂ ਦੇ ਜੀਵਨ ਬਿਰਤਾਂਤ ਹਨ। ਇਹ ਨਾ ਸਿਰਫ਼ ਜੀਵਨ ਬਿਰਤਾਂਤ ਹਨ ਬਲਕਿ ਉਸ ਜੀਵਨ ਵਿਚਲੇ ਦਵੰਦਾਂ, ਮਾਨਸਿਕ ਅਤੇ

ਜ਼ਿਹਨੀ ਟੁੱਟ-ਭੱਜ ਦੇ ਯਥਾਰਥਕ ਪ੍ਰਗਟਾਅ ਹਨ। ਅਨੇਮਨ ਦੀਆਂ ਕਹਾਣੀਆਂ ਦੇ ਪਾਤਰ ਗ਼ੈਰ-ਜ਼ਰੂਰੀ ਪਾਤਰ ਹਨ ਜਿਹੜੇ ਸਮਾਜ ਦੇ ਤਥਾਕਥਿਤ ਢਾਂਚੇ ਵਿਚ ਉਵੇਂ ਸੂਤ ਨਹੀਂ ਬੈਠਦੇ ਜਿਵੇਂ ਦੀ ਉਮੀਦ ਉਹਨਾਂ ਤੋਂ ਇਹ ਅਖੌਤੀ ਸੱਭਿਅਕ ਸਮਾਜ ਕਰਦਾ ਹੈ। ਇਹ ਪਾਤਰ ਸਿਰਫ਼ ਹਾਸ਼ੀਆਕ੍ਰਿਤ ਨਹੀਂ ਬਲਕਿ ਸਮਾਜ ਨੇ ਆਪਣੀਆਂ ਨਜ਼ਰਾਂ ਵਿਚੋਂ ਛੇਕੇ ਹੋਏ ਹਨ। ਸੱਭਿਅਕ ਸਮਾਜ ਦੇ ਅਲੰਬਰਦਾਰਾਂ ਨੂੰ ਇਹ ਪਾਤਰ ਦਿਸਦੇ ਹੀ ਨਹੀਂ। ਅਨੇਮਨ ਸਿੰਘ ਦੀਆਂ ਕਹਾਣੀਆਂ ਇਹਨਾਂ ਪਾਤਰਾਂ ਨੂੰ ਉਹਨਾਂ ਦੇ ਸਮੱਗਰ ਰੂਪ ਵਿਚ ਦ੍ਰਿਸ਼ਪਟ 'ਤੇ ਲੈ ਕੇ ਆਉਣ ਦਾ ਯਤਨ ਮਾਤਰ ਹਨ।

ਅਨੇਮਨ ਸਿੰਘ ਦੇ ਨਵੇਂ ਕਹਾਣੀ ਸੰਗ੍ਰਹਿ 'ਨੂਰੀ' (ਪੰਨੇ 122, ਮੁੱਲ 225 ਰੁਪਏ, ਨਵਯੁਗ ਪਬਲਿਸ਼ਰਜ਼ ਦਿੱਲੀ) ਦੀਆਂ ਕਹਾਣੀਆਂ ਵੀ ਅਜਿਹੇ ਹੀ ਪਾਤਰਾਂ ਦੁਆਲੇ ਕੇਂਦਰਤ ਹਨ। 'ਨੂਰੀ' ਨਾਂ ਦੀ ਕਹਾਣੀ ਕਿੰਨਰ ਸਮਾਜ ਦੇ ਜੀਵਨ ਨੂੰ ਯਥਾਰਥਕ ਰੂਪ ਵਿਚ ਪੇਸ਼ ਕਰਦੀ ਹੈ। ਕਿੰਨਰਾਂ ਨੂੰ ਸਮਾਜ ਹਮੇਸ਼ਾ ਮਜ਼ਾਕ ਦੇ ਰੂਪ ਵਿਚ ਹੀ ਸੰਬੋਧਨ ਹੁੰਦਾ ਹੈ। ਭਾਵੇਂ ਸਮਕਾਲ ਤਕ ਪਹੁੰਚਦੇ-ਪਹੁੰਚਦੇ ਸਾਡਾ ਕਾਨੂੰਨ ਥਰਡ ਜੈਂਡਰ ਨੂੰ ਕਾਨੂੰਨੀ ਮਾਨਤਾ ਅਤੇ ਮਨੁੱਖੀ ਅਧਿਕਾਰਾਂ ਦੇ ਸਾਰੇ ਹੱਕ ਦਿੰਦਾ ਹੈ ਪਰ ਕਿੰਨਰਾਂ ਦੀ ਸਮਾਜਕ ਹਾਲਤ ਵਿਚ ਕੋਈ ਫ਼ਰਕ ਨਹੀਂ ਪਿਆ। ਇਸ ਦਾ ਇਕ ਕਾਰਨ ਕਿੰਨਰਾਂ ਦਾ ਅਨਪੜ੍ਹ ਹੋਣਾ ਹੈ ਪਰ ਨਾਲ਼ ਹੀ ਸਮਾਜ ਦਾ ਇਹਨਾਂ ਪ੍ਰਤੀ ਵਤੀਰਾ ਵੀ ਦ੍ਰਿਸ਼ ਨੂੰ ਬਦਲਣ ਨਹੀਂ ਦੇ ਰਿਹਾ। ਕਹਾਣੀ ਵਿਚ ਨੂਰੀ ਅਤੇ ਬੀਬੀ ਪਾਸ਼ੀ ਦੋ ਕਿੰਨਰ ਮਹੰਤ ਹਨ ਪਰ ਦੋਵਾਂ ਦੇ ਵਿਹਾਰ ਦਾ ਅੰਤਰ ਹੀ ਇਸ ਕਹਾਣੀ ਦਾ ਧੁਰਾ ਹੈ। ਬੀਬੀ ਪਾਸ਼ੀ ਉਸ ਕਿਸਮ ਦੀ ਮਹੰਤ ਹੈ ਜਿਸ ਬਾਰੇ ਸਮਾਜ ਵਿਚ ਆਮ ਪ੍ਰਚਲਤ ਰਾਇ ਇਹ ਹੁੰਦੀ ਹੈ ਕਿ ਕਿੰਨਰ ਹਮੇਸ਼ਾ ਬੁਰੇ ਹੁੰਦੇ ਹਨ। ਬੀਬੀ ਪਾਸ਼ੀ ਦਾ ਰੂਪ ਵੀ ਅਜਿਹਾ ਹੀ ਹੈ। ਉਹ ਵਧਾਈ ਲੈਣ ਲਈ ਲੜਦੀ ਹੈ, ਤਰ੍ਹਾਂ-ਤਰ੍ਹਾਂ ਦੇ ਅੰਧ-ਵਿਸ਼ਵਾਸ ਕਰਦੀ ਹੈ। ਆਪਣੇ ਗਰੁੱਪ ਵਿਚ ਕੰਮ ਕਰਦੇ ਰਾਜ਼ੀ ਨੂੰ ਬਲੀ ਦੇਣ ਲਈ ਮਨਾ ਲੈਂਦੀ ਹੈ। ਬਲੀ ਦਾ ਮਤਲਬ ਹੈ, ਰਾਜ਼ੀ ਦਾ ਲਿੰਗ ਕੱਟ ਕੇ ਉਸ ਨੂੰ ਕਿੰਨਰ ਬਣਾ ਦੇਣਾ। ਰਾਜ਼ੀ ਅਤੇ ਜੀਤਾ ਦੋਵੇਂ ਇਸ ਗਰੁੱਪ ਦੇ ਮੈਂਬਰ ਹਨ ਪਰ ਦੋਵੇਂ ਕਿੰਨਰ ਨਹੀਂ ਹਨ। ਬੀਬੀ ਪਾਸ਼ੀ ਦੋਵਾਂ ਨੂੰ ਕਿੰਨਰ ਬਣਾਉਣ ਦਾ ਯਤਨ ਕਰਦੀ ਹੈ। ਰਾਜ਼ੀ ਇਸ ਲਈ ਤਿਆਰ ਹੋ ਜਾਂਦਾ ਹੈ ਪਰ ਜੀਤਾ ਨਹੀਂ। ਰਾਹ ਤੇ ਦੋਵਾਂ ਕੋਲ਼ ਕਿਤੇ ਵੀ ਜਾਣ ਦਾ ਨਹੀਂ ਪਰ ਜੀਤਾ ਨਹੀਂ ਮੰਨਦਾ। ਬੀਬੀ ਪਾਸ਼ੀ ਦੀ ਮੌਤ ਤੋਂ ਬਾਅਦ ਨੂਰੀ ਡੇਰੇ ਦੀ ਮਹੰਤ ਬਣਦੀ ਹੈ। ਨੂਰੀ ਬੀਬੀ ਪਾਸ਼ੀ ਦਾ ਉਲਟ ਰੂਪ ਹੈ। ਉਹ ਕਿਸੇ ਨਾਲ ਵਧਾਈ ਦੇ ਲੈਣ ਦੇਣ ਪਿੱਛੇ ਲੜਾਈ ਨਹੀਂ ਕਰਦੀ। ਜੀਤੇ ਨਾਲ ਉਹ ਭਾਵਨਾਤਮਕ ਰੂਪ ਵਿਚ ਜੁੜ ਜਾਂਦੀ ਹੈ ਪਰ ਇਸ ਗੱਲ ਨੂੰ ਉਹ ਭਲੀਭਾਂਤ ਜਾਣਦੀ ਹੈ ਕਿ ਉਹ ਔਰਤ ਵਾਲੀ ਖੁਸ਼ੀ ਜੀਤੇ ਨੂੰ ਕਦੇ ਨਹੀਂ ਦੇ ਸਕਦੀ, ਇਸ ਲਈ ਉਹ ਜੀਤੇ ਨੂੰ ਵਿਆਹ ਕਰਵਾਉਣ ਲਈ ਮਨਾ ਲੈਂਦੀ ਹੈ। ਜੀਤੇ ਨੂੰ ਘਰ ਪਾ ਕੇ ਦਿੰਦੀ ਹੈ ਅਤੇ ਉਸ ਦਾ ਵਿਆਹ ਕਰਦੀ ਹੈ। ਕਹਾਣੀ ਵਿਚ ਦੋ ਹੋਰ ਕਿੰਨਰ ਪਾਤਰ ਕਾਲੋ ਅਤੇ ਚੰਦੋ ਵੀ ਹਨ। ਉਹ ਦੋਵੇਂ ਵੀ ਨੂਰੀ ਵਾਂਙ ਹੀ ਵਿਹਾਰ ਕਰਦੀਆਂ ਹਨ। ਕਹਾਣੀ ਦੀ ਚੂਲ ਇਸ ਗੱਲ ਵਿਚ ਪਈ ਹੈ ਕਿ ਬੀਬੀ ਪਾਸ਼ੀ ਦਾ ਜਿਹੜਾ ਰੂਪ ਹੈ, ਸਮਾਜ ਵਿਚ ਕਿੰਨਰਾਂ ਦਾ ਏਹੀ ਰੂਪ ਲੋਕ ਮਨਾਂ ਵਿਚ ਵਸਿਆ ਹੋਇਆ ਹੈ ਜਦਕਿ ਤਸਵੀਰ ਦਾ ਦੂਜਾ ਪਾਸਾ ਨੂਰੀ ਵੀ ਹੈ। ਕਿਸੇ ਇਕ ਵਿਅਕਤੀ ਦੇ ਵਿਹਾਰ ਦੇ ਅਧਾਰ ਉੱਤੇ ਸਮੁੱਚੇ ਸਮੂਹ ਦਾ ਵਿਹਾਰ ਨਿਰਧਾਰਤ ਕਰਨਾ ਗ਼ੈਰ-ਵਾਜਬ ਹੈ।

'ਬੁਝਾਰਤ' ਕਹਾਣੀ ਦਾ ਪਰਵੀਨ ਲੜਕਾ ਨਹੀਂ, ਲੜਕੀ ਹੈ। ਇਹ ਬੁਝਾਰਤ ਕਹਾਣੀ ਦੇ ਅਖ਼ੀਰ 'ਤੇ ਖੁੱਲ੍ਹਦੀ ਹੈ ਪਰ ਬੁਝਾਰਤ ਉਹ ਨਹੀਂ ਜੋ ਦਿਸਦੀ ਹੈ। ਬੁਝਾਰਤ ਤਾਂ ਉਹ ਹੈ ਜੋ ਕਹਾਣੀ ਨੇ ਪਾਈ ਹੈ ਅਤੇ ਜਿਸ ਨੇ ਅਜੇ ਖੁੱਲ੍ਹਣਾ ਹੈ। ਪਰਵੀਨ ਦਾ ਜਨਮ ਕੁੜੀ ਦੇ ਰੂਪ ਵਿਚ ਹੋਇਆ ਪਰ ਉਸ ਦੇ ਪਿਤਾ ਨੂੰ ਕੁੜੀ ਨਹੀਂ, ਮੁੰਡਾ ਚਾਹੀਦਾ ਸੀ। ਉਸ ਨੇ ਆਪਣੀਆਂ ਭਾਵਨਾਵਾਂ ਦੀ ਪੂਰਤੀ ਪਰਵੀਨ ਵਿਚੋਂ ਕਰਨੀ ਚਾਹੀ। ਪਰਵੀਨ ਨੂੰ ਮੁੰਡਿਆਂ ਵਾਂਙ ਪਾਲ਼ਿਆ ਗਿਆ। ਮੁੰਡਿਆਂ ਵਰਗੇ



ਉਸ ਦੇ ਵਿਹਾਰ ਕਾਰਨ ਉਸ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਵੀ ਮੁੰਡਿਆਂ ਵਾਂਙ ਹੀ ਹੋਇਆ। ਪਰਵੀਨ ਨਾ ਹੁਣ ਮੁੰਡਾ ਬਣ ਸਕੀ ਅਤੇ ਨਾ ਹੀ ਕੁੜੀ ਰਹਿ ਸਕੀ। ਜਦੋਂ ਪਰਵੀਨ ਨੂੰ ਰਾਬੀਆ ਮਿਲਦੀ ਹੈ ਅਤੇ ਪਰਵੀਨ ਤੋਂ ਮੁੰਡਿਆਂ ਵਾਲਾ ਪਿਆਰ ਚਾਹੁੰਦੀ ਹੈ ਤਾਂ ਪਰਵੀਨ ਕੋਲ਼ ਉਸ ਨੂੰ ਦੇਣ ਲਈ ਕੁਝ ਨਹੀਂ। ਰਾਬੀਆ ਦਾ ਖ਼ੁਦਕੁਸ਼ੀ ਕਰ ਜਾਣਾ ਪਰਵੀਨ ਦੇ ਖ਼ੁਦਕੁਸ਼ੀ ਕਰਨ ਤੋਂ ਵੱਡਾ ਸਵਾਲ ਹੈ ਜਿਹੜਾ ਕਹਾਣੀ ਦੀ ਬੁਝਾਰਤ ਨੂੰ ਹੋਰ ਸੰਘਣਾ ਕਰ ਜਾਂਦਾ ਹੈ।

'ਪਿਲ-ਟਕਾ' ਕਹਾਣੀ ਦਾ ਮੁੱਖ ਪਾਤਰ ਗੁਪਤ ਅੰਗ 'ਤੇ ਸੱਟ ਲੱਗਣ ਕਾਰਨ ਵੱਜ ਦਾ ਸ਼ਿਕਾਰ ਹੈ। ਹੁਣ ਉਹ ਸਾਬਤ ਹੋਣ ਦੇ ਬਾਵਜੂਦ ਸਾਬਤ ਨਹੀਂ ਹੈ; ਹਾਲਾਂਕਿ ਅਜਿਹਾ ਵੀ ਨਹੀਂ ਕਿ ਉਸ ਵਿਚ ਕਿਸੇ ਕਿਸਮ ਦੀ ਮਰਦਾਵੀਂ ਘਾਟ ਆ ਗਈ ਹੋਵੇ ਪਰ ਉਸ ਦਾ ਜੋ ਗੁਆਚ ਗਿਆ ਹੈ, ਉਹ ਲੱਭ ਨਹੀਂ ਰਿਹਾ। ਅਪੂਰਨਤਾ ਦਾ ਅਹਿਸਾਸ ਉਸ ਨੂੰ ਜਿਊਣ ਨਹੀਂ ਦਿੰਦਾ। ਅਸਲ ਵਿਚ ਇਸ ਦੇ ਪਿੱਛੇ ਅਦਿਸਦਾ ਡਰ ਪਿਆ ਹੈ ਜਿਹੜਾ ਇਸ ਕਹਾਣੀ ਵਿਚ ਕਿਹਾ ਨਹੀਂ ਪਰ ਦਿਸ ਰਿਹਾ ਹੈ।

'ਅਜੇ ਆਪਾਂ ਇੰਨੇ ਨਹੀਂ ਮਾੜੇ' ਕਹਾਣੀ ਦਾ ਪਾਤਰ ਮਾੜੇ ਸਮਾਜ ਦੀ ਉਸ ਸ਼੍ਰੇਣੀ ਦਾ ਪ੍ਰਤੀਨਿਧ ਪਾਤਰ ਹੈ ਜਿਸ ਕੋਲ ਦੋ ਹੱਥਾਂ ਤੋਂ ਬਿਨਾਂ ਹੋਰ ਕੁਝ ਨਹੀਂ। ਇਹ ਦੋਵੇਂ ਹੱਥ ਵੀ ਜੇਕਰ ਕਰਜ਼ੇ ਵਿਚ ਜਕੜੇ ਜਾਣ ਤਾਂ ਉਸ ਲਈ ਰੋਟੀ ਖਾਣੀ ਵੀ ਦੁੱਭਰ ਹੋ ਜਾਂਦੀ ਹੈ। ਇਸ ਕਹਾਣੀ ਦਾ ਕੈਨਵਸ ਵਿਸ਼ਾਲ ਹੈ ਅਤੇ ਸਮਾਜ ਦੇ ਕਈ ਪੱਖਾਂ-ਵਿਪੱਖਾਂ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਸਿਹਤ ਸਹੂਲਤਾਂ ਦੀ ਘਾਟ, ਅਨਪੜ੍ਹਤਾ, ਨਸ਼ਾ, ਭ੍ਰਿਸ਼ਟਾਚਾਰ ਅਤੇ ਹੋਰ ਕਈ ਅਲਾਮਤਾਂ ਇਸ ਕਹਾਣੀ ਰਾਹੀਂ ਪੇਸ਼ ਹੁੰਦੀਆਂ ਹਨ ਪਰ ਖ਼ੂਬਸੂਰਤੀ ਕਹਾਣੀ ਦੀ ਇਹ ਹੈ ਕਿ ਅਖ਼ੀਰ ਤੇ ਕਹਾਣੀ ਦਾ ਪਾਤਰ ਆਸ ਦਾ ਪੱਲਾ ਫੜ ਕੇ ਜੀਣ ਲਈ ਤਿਆਰ ਹੋ ਜਾਂਦਾ ਹੈ।

'ਅੱਕ ਦਾ ਸੁਆਦ' ਕਹਾਣੀ ਦੇ ਪਾਤਰ ਭਜਨ ਨੂੰ ਆਪਣੇ ਪੁੱਤਰ ਤਰਜੀਤ ਨੂੰ ਵਿਆਹੁਣ ਤੋਂ ਬਾਅਦ ਪਤਾ ਲੱਗਦਾ ਹੈ ਕਿ ਉਸ ਦਾ ਪੁੱਤਰ ਵਿਆਹ ਦੇ ਲਾਇਕ ਨਹੀਂ ਹੈ। ਤਰਜੀਤ ਦੀ ਪਤਨੀ ਮਨਜੀਤ ਨਾਲ ਭਜਨ ਸਿੰਘ ਸੰਬੰਧ ਬਣਾ ਲੈਂਦਾ ਹੈ। ਉਹ ਆਪਣਾ ਵੰਸ਼ ਅੱਗੇ ਤੋਰਨਾ ਚਾਹੁੰਦਾ ਹੈ, ਇਸੇ ਦਰਮਿਆਨ ਇਕ ਬੱਚਾ ਵੀ ਜਨਮ ਲੈਂਦਾ ਹੈ। ਜਦ ਇਸ ਗੱਲ ਦੀ ਭਿਣਕ ਉਸ ਦੀ ਪਤਨੀ ਨੂੰ ਪੈਂਦੀ ਹੈ ਤਾਂ ਉਹ ਸਲਫ਼ਾਸ ਖਾ ਜਾਂਦੀ ਹੈ। ਭਜਨ ਸਿੰਘ ਇਸ ਤੋਂ ਬਾਅਦ ਅਜਿਹਾ ਮੰਜਾ ਫੜਦਾ ਹੈ ਕਿ ਉੱਠ ਹੀ ਨਹੀਂ ਸਕਦਾ। ਮਨਜੀਤ ਦਾ ਵਤੀਰਾ ਵੀ ਉਸ ਪ੍ਰਤੀ ਉਹ ਨਹੀਂ ਰਹਿੰਦਾ। ਕਹਾਣੀ ਵਿਚਲੇ ਸਾਰੇ ਪਾਤਰ ਸੰਤਾਪ ਭੋਗ ਰਹੇ ਹਨ।

'ਵੇਲ੍ਹ' ਕਹਾਣੀ ਪੰਜਾਬ ਵਿਚ ਡੂੰਘੇ ਹੁੰਦੇ ਜਾ ਰਹੇ ਕਿਸਾਨੀ ਸੰਕਟ ਦੀਆਂ ਤਹਿਆਂ ਫਰੋਲਦੀ ਹੈ। ਕਿਸਾਨੀ ਕਰਜ਼ੇ ਅਤੇ ਕਰਜ਼ਿਆਂ ਪਿਛਲਾ ਕਰੂਰ ਸੱਚ ਇਸ ਕਹਾਣੀ ਰਾਹੀਂ ਸਾਹਮਣੇ ਆਉਂਦਾ ਹੈ। ਤੰਤਰ ਸਿੰਘ ਵਰਗੇ ਕਿਸਾਨ ਯੂਨੀਅਨਾਂ ਦੇ ਆਗੂ ਕਿਵੇਂ ਕਿਸਾਨਾਂ ਨੂੰ ਮਿਲਣ ਵਾਲੇ ਮੁਆਵਜ਼ਿਆਂ ਨੂੰ ਹੜੱਪ ਰਹੇ ਹਨ, ਇਹ ਕਹਾਣੀ ਇਸ ਭ੍ਰਿਸ਼ਟਾਚਾਰ ਨੂੰ ਜਿੱਥੇ ਨੰਗਾ ਕਰਦੀ ਹੈ, ਓਥੇ ਹੀ ਦਾਜ-ਦਹੇਜ ਵਰਗੀਆਂ ਅਲਾਮਤਾਂ ਨੂੰ ਵੀ ਸਾਹਮਣੇ ਲੈ ਕੇ ਆਉਂਦੀ ਹੈ ਜੋ ਛੋਟੀ ਕਿਸਾਨੀ ਦਾ ਲੱਕ ਤੋੜਨ ਲਈ ਜ਼ਿੰਮੇਵਾਰ ਹਨ। 'ਜਾਨਵਰ' ਕਹਾਣੀ ਜਿੱਥੇ ਮਨੁੱਖ ਅੰਦਰਲੇ ਜਾਨਵਰ ਨੂੰ ਸਾਹਮਣੇ ਲਿਆਉਂਦੀ ਹੈ, ਉੱਥੇ ਹੀ ਜਾਨਵਰ ਦਾ ਮਨੁੱਖ ਪ੍ਰਤੀ ਵਿਸ਼ਵਾਸ ਅਤੇ ਸਨੇਹ ਵਾਲਾ ਵਤੀਰਾ ਵੀ ਦਿਖਾਉਂਦੀ ਹੈ। ਕਹਾਣੀ ਦਾ ਪਾਤਰ ਘਰ ਵਿਚ ਰੱਖੀ ਕੁੱਤੀ ਨਾਲ ਗ਼ੈਰ-ਕੁਦਰਤੀ ਸੰਬੰਧ ਸਥਾਪਤ ਕਰਦਾ ਹੈ ਅਤੇ ਫਿਰ ਇਸ ਗੱਲ ਦਾ ਹੋਰਾਂ ਨੂੰ ਪਤਾ ਲੱਗਣ ਤੋਂ ਬਾਅਦ ਖ਼ੁਦਕੁਸ਼ੀ ਕਰ ਲੈਂਦਾ ਹੈ। ਕਹਾਣੀ ਆਪਣੇ ਪਿੱਛੇ ਇਹ ਸਵਾਲ ਛੱਡਦੀ ਕਿ ਅਜਿਹੇ ਕਿਹੜੇ ਹਾਲਾਤ ਸਨ ਕਿ ਉਸ ਨੂੰ ਇਹ ਸਭ ਕਰਨਾ ਪਿਆ।

'ਉਹ ਔਰਤ' ਕਹਾਣੀ ਅਜਿਹੀ ਜਿਊਂਦੀ ਜਾਗਦੀ ਔਰਤ ਬਾਰੇ ਹੈ ਜਿਸ ਅੰਦਰ ਮਾਨਵਤਾ ਅਤੇ ਮਾਨਵਤਾ ਪ੍ਰਤੀ ਸਨੇਹ ਮੌਜੂਦ ਹੈ। ਉਹ ਹਸਪਤਾਲ ਵਿਚ ਸਫ਼ਾਈ ਦਾ ਕੰਮ ਕਰਦੀ ਹੈ ਅਤੇ ਆਪਣੇ ਵਿਸ਼ੇਸ਼ ਸੁਭਾਅ ਕਾਰਨ ਸਭ ਦੀ ਚਹੇਤੀ ਬਣ ਜਾਂਦੀ ਹੈ ਅਤੇ ਹਰ ਇਕ ਦੇ ਕੰਮ ਆਉਂਦੀ

ਹੈ। ਉਸ ਦਾ ਇਹੋ ਸੁਭਾਅ ਹੀ ਕਹਾਣੀ ਦਾ ਮੁੱਖ ਵਿਸ਼ਾ ਹੈ ਕਿ ਕਿਵੇਂ ਉਸ ਦੇ ਨਾ ਆਉਣ ਤੋਂ ਬਾਅਦ ਹਸਪਤਾਲ ਸੁੰਞਾ-ਸੁੰਞਾ ਲੱਗਦਾ ਹੈ।

ਅਨੇਮਨ ਸਿੰਘ ਦੇ ਇਸ ਕਹਾਣੀ ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਹੀ ਮਨੁੱਖ ਅੰਦਰਲੇ ਮਨੁੱਖ ਅਤੇ ਸਮਾਜ ਵਿਚ ਗ਼ੈਰ-ਜ਼ਰੂਰੀ ਸਮਝੇ ਜਾਂਦੇ ਪਾਤਰਾਂ ਅਤੇ ਜੀਵਨ-ਸਥਿਤੀਆਂ ਦੀ ਬਾਤ ਪਾਉਂਦੀਆਂ ਹਨ। ਇਹਨਾਂ ਕਹਾਣੀਆਂ ਦੇ ਪਾਤਰ ਅਤੇ ਘਟਨਾਵਾਂ ਉਹ ਹਨ ਜਿਹਨਾਂ ਨੂੰ ਅਸੀਂ ਨਜ਼ਰ-ਅੰਦਾਜ਼ ਕਰ ਜਾਂਦੇ ਹਾਂ। ਇਹਨਾਂ ਵਿਸ਼ਿਆਂ ਦੀ ਪੇਸ਼ਕਾਰੀ ਹੀ ਇਹਨਾਂ ਕਹਾਣੀਆਂ ਦਾ ਹਾਸਲ ਹੈ।

**-ਹਰਵਿੰਦਰ ਸਿੰਘ**

## ਵਿਰਲਾਂ ਵਿਚੋਂ ਝਾਕਦੀ ਜ਼ਿੰਦਗੀ (ਨਾਵਲ) ਬਲਦੇਵ ਸਿੰਘ

ਬਲਦੇਵ ਸਿੰਘ ਦੇ ਹੱਥਲੇ ਨਾਵਲ 'ਵਿਰਲਾਂ ਵਿਚੋਂ ਝਾਕਦੀ ਜ਼ਿੰਦਗੀ'(ਲੋਕ ਗੀਤ ਪ੍ਰਕਾਸ਼ਨ, ਮੁਹਾਲੀ- ਚੰਡੀਗੜ੍ਹ, ਪੰਨੇ 202, ਮੁੱਲ 150 ਰੁਪਏ) ਨਾਲ ਉਸਦੇ ਨਾਵਲਾਂ ਦੀ ਗਿਣਤੀ ਸੋਲਾਂ ਹੋ ਗਈ ਹੈ। ਇਸ ਤੋਂ ਇਲਾਵਾ ਚੌਦਾਂ ਕਹਾਣੀ ਸੰਗ੍ਰਹਿ, ਦਸ ਨਾਟਕ ਤੇ ਇਕਾਂਗੀ ਸੰਗ੍ਰਹਿ, ਸੱਤ ਬਾਲ ਸਾਹਿਤ ਸੰਗ੍ਰਹਿ, ਅਨੁਵਾਦ, ਸੰਪਾਦਨ, ਜੀਵਨੀ, ਸਫਰਨਾਮਾ ਤੇ ਸੜਕਨਾਮਾ ਉਸਦਾ ਸਾਹਿਤਕ ਹਾਸਿਲ ਹਨ। ਉਸਦੇ ਨਵੇਂ ਨਾਵਲ ਦੀ ਪਿੱਠਭੂਮੀ ਬਣਿਆ ਵਿਸ਼ਾਲ ਸਾਹਿਤਕ ਤਜਰਬਾ ਨਾਵਲ ਦੇ ਵਿਸ਼ੇ ਤੇ ਕਲਾਤਮਕ ਸੰਗਠਨ ਵਿਚੋਂ ਝਲਕਦਾ ਹੈ। ਸਮਕਾਲੀ ਦੌਰ ਸਮਾਜਕ ਗਿਰਾਵਟ ਦੇ ਉਚਤਮ ਪੜਾਅ 'ਤੇ ਪੁੱਜ ਗਿਆ ਹੈ। ਅਜਿਹੇ ਦੌਰ ਦੇ ਜੀਵ ਨੂੰ ਦੋਹਰੀ ਲੜਾਈ ਲੜਨੀ ਪੈ ਰਹੀ ਹੈ। ਇਕ ਆਪਣੇ ਅਸਤਿਤਵ ਦੀ ਕਾਇਮੀ ਲਈ ਤੇ ਦੂਜੀ ਸਮਾਜ ਦੀ ਬਿਹਤਰੀ ਲਈ। ਦੋਨੋ ਪੱਖ ਇਕ ਦੂਜੇ ਨਾਲ ਜੁੜੇ ਹੋਏ ਹਨ। ਇਕ ਵਿਚ ਗੜਬੜ ਦੂਸਰੇ ਨੂੰ ਪ੍ਰਭਾਵਤ ਕਰਦੀ ਹੈ। ਹੱਥਲਾ ਨਾਵਲ ਦੋਨੇ ਪੱਖਾਂ 'ਤੇ ਲੜਦੇ ਮਨੁੱਖ ਦੀ ਗਾਥਾ ਹੈ। ਸੱਤੀ ਤੇ ਕੌਰਾ ਜਾਤੀ ਤੌਰ 'ਤੇ ਵੱਖ-ਵੱਖ ਹੋਣ ਦੇ ਬਾਵਜੂਦ ਜਮਾਤੀ ਤੌਰ 'ਤੇ ਇਕੋ ਜਿਹੇ ਹਨ। ਦੋਨਾਂ ਨੂੰ ਜਿੱਥੇ ਆਪਣੀ ਨਿਰਾਰਥਕ ਜਾਪਦੀ ਹੋਂਦ ਨੂੰ ਸਾਰਥਿਕ ਬਣਾਉਣ ਦਾ ਫ਼ਿਕਰ ਹੈ ਉੱਥੇ ਸਮਾਜਕ ਸੰਕਟਾਂ ਨਾਲ ਜੂਝਣ ਵਾਲੀ ਧਿਰ ਨਾਲ ਖੜ੍ਹਦੇ ਹੋਏ ਉਹ ਆਪਣੀ ਬਣਦੀ ਸਮਾਜਕ ਜ਼ਿੰਮੇਵਾਰੀ ਨਿਭਾਉਂਦੇ ਨਜ਼ਰ ਆਉਂਦੇ ਹਨ। ਚਾਹੇ ਉਹ ਵੀਰੋ ਦੀ ਜ਼ਮੀਨ ਹੜੱਪਣ ਵਾਲੇ ਬਘੇਲ ਸਿੰਘ ਹੋਰਾਂ ਨਾਲ ਦਸਤਪੰਜਾ ਲੈਣ ਦੀ ਗੱਲ ਹੋਵੇ ਤੇ ਚਾਹੇ ਮਾਸਟਰ ਜਗਦੇਵ ਦੀ ਪਾਰਟੀ ਨਾਲ ਕੰਮ ਕਰਨ ਦੀ ਗੱਲ, ਉਹ ਹੱਕ-ਸੱਚ ਲਈ ਲੜਨ ਵਾਲੀ ਧਿਰ ਨਾਲ ਖੜ੍ਹਦੇ ਹਨ।

ਨਾਵਲ ਵਿਚ ਜ਼ਰ, ਜ਼ੋਰੂ ਤੇ ਜ਼ਮੀਨ ਲਈ ਪੈਦਾ ਹੋਣ ਵਾਲੇ ਟਕਰਾਓ ਮੁੱਖ ਸੰਕਟ ਬਣ ਕੇ ਪੇਸ਼ ਹੋਏ ਹਨ। ਕੌਰਾ ਭਾਵੇਂ ਜ਼ਮੀਨ ਤੋਂ ਸੱਖਣਾ ਹੈ ਪਰ ਉਹ ਜ਼ੋਰੂ ਦੀ ਪ੍ਰਾਪਤੀ ਲਈ ਪੂਰਾ ਜ਼ੋਰ ਲਗਾ ਦਿੰਦਾ ਹੈ। ਬਿਹਾਰ ਵਿਚੋਂ ਲਿਆਂਦੀ ਮੁੱਲ ਦੀ ਤੀਵੀਂ ਪਦਮਾ ਅੰਤ ਵਿਚ ਸਭ ਕੁਝ ਲੈ ਕੇ ਉਸਨੂੰ ਛੱਡ ਕੇ, ਉਸਦੀ ਜ਼ਰ ਨੂੰ ਜ਼ਖਮੀ ਕਰਕੇ ਜ਼ੋਰੂ ਤੋਂ ਵੀ ਸੱਖਣਾ ਕਰ ਦਿੰਦੀ ਹੈ। ਇਸੇ ਤਰ੍ਹਾਂ ਇਕ ਕਿੱਲੇ ਦਾ ਮਾਲਕ ਸੱਤੀ ਜ਼ਮੀਨ ਵਾਲਾ ਹੁੰਦਾ ਹੋਇਆ ਵੀ ਵਿਆਹ ਨਾ ਹੋਣ ਕਾਰਨ ਬੇ-ਜ਼ਮੀਨਾ ਹੈ। ਪਰ ਉਹ ਜ਼ਰ ਰੱਖਦਾ ਹੈ। ਕਾਲਿਜ ਵਿਚ ਪੜ੍ਹਦਿਆਂ ਅਮੀਰ ਬਾਪ ਦੀ ਬੇਟੀ ਹੁਸਨਪ੍ਰੀਤ ਨਾਲ ਜੁੜਕੇ ਉਸਤੋਂ ਦੂਰ ਹੋ ਜਾਂਦਾ ਹੈ ਕਿਉਂਕਿ ਉਸਨੂੰ ਜਮਾਤੀ ਵਿਤਕਰੇ ਦਾ ਅਹਿਸਾਸ ਹੈ। ਇਹ ਅਹਿਸਾਸ ਉਸ ਅੰਦਰ ਇਕ ਕਿਸਮ ਦੀ ਹੀਣ ਭਾਵਨਾ ਭਰ ਦਿੰਦਾ ਹੈ। ਹਾਲਾਂਕਿ ਬਾਅਦ ਵਿਚ ਉਸਦੀ ਚੇਤਨਾ ਵਿਕਾਸ ਕਰਦੀ ਹੈ ਤੇ ਉਹ ਇਸ ਜਮਾਤੀ ਵਿਤਕਰੇ ਨੂੰ ਹੀਣ ਭਾਵਨਾ ਵਜੋਂ ਦੇਖਣ ਦੀ ਥਾਂ ਇਸ 'ਤੇ ਮਾਣ ਕਰਦਾ ਹੈ। ਮਾਲ ਵਿਚ ਨੌਕਰੀ ਕਰਦਿਆਂ, ਉੱਥੋਂ ਦੇ ਕਰਮਚਾਰੀਆਂ ਨਾਲ ਮੇਲ-ਮਿਲਾਪ ਦੌਰਾਨ ਉਹ ਆਪਣੇ ਜਮਾਤੀ ਪਿਛੋਕੜ ਨੂੰ ਲੁਕਾ ਕੇ ਨਹੀਂ ਰੱਖਦਾ। ਪਰ ਹੁਸਨਪ੍ਰੀਤ ਨਾਲ ਮਿਲਾਪ ਸਮੇਂ ਉਸ ਅੰਦਰਲੀ ਝਿਜਕ ਬਣੀ ਰਹਿੰਦੀ ਹੈ।



ਸੱਤੀ ਦੀ ਚੇਤਨਾ ਕਾਰਨ ਉਸਦਾ ਟਕਰਾਓ ਭ੍ਰਿਸ਼ਟਾਚਾਰੀ ਧਿਰ ਜੁਆਲੇ ਤੇ ਉਸਦੇ ਮੁੰਡਿਆਂ ਨਾਲ ਹੁੰਦਾ ਹੈ। ਇਸ ਟਕਰਾਓ ਦਾ ਮੁੱਖ ਕਾਰਨ ਵੀ ਜ਼ਮੀਨ ਹੈ। ਸਰਕਾਰੀ ਤੰਤਰ ਨੂੰ ਆਪਣਾ ਹਮਾਇਤੀ ਬਣਾ ਕੇ ਜੁਆਲਾ ਆਪਣੀ ਸ਼ਰੀਕਣੀ ਵੀਰੋ ਨੂੰ ਮਰ ਚੁੱਕੀ ਦਿਖਾ ਕੇ ਉਸਦੀ ਜ਼ਮੀਨ ਆਪ ਹੜੱਪਣਾ ਚਾਹੁੰਦਾ ਹੈ। ਸੱਤੀ ਆਪਣੀ ਚੇਤਨਾ ਅਨੁਸਾਰ ਇਸਦਾ ਬਣਦਾ ਵਿਰੋਧ ਕਰਦਾ ਹੈ ਤੇ ਆਪਣੇ ਭਰਾ ਬਲੰਤੇ ਦਾ ਸਰੀਰਕ ਨੁਕਸਾਨ ਕਰਵਾ ਕੇ ਵੀਰੋ ਨੂੰ ਉਸਦਾ ਬਣਦਾ ਹੱਕ ਦਿਵਾ ਦਿੰਦਾ ਹੈ। ਇਸ ਕੰਮ ਵਿਚ ਸੱਤੀ ਦੀ ਮੱਦਦ ਮਾਲ ਦਾ ਮਾਲਕ ਸਿੰਗਲਾ ਕਰਦਾ ਹੈ। ਮਾਲ ਦੇ ਮਾਲਕ ਸਿੰਗਲਾ ਸਾਹਿਬ ਦਾ ਵਿਵਹਾਰ ਜਮਾਤੀ ਪੱਖ ਤੋਂ ਯਥਾਰਥਕ ਨਹੀਂ ਜਾਪਦਾ। ਭਾਵੇਂ ਕਿ ਸੱਤੀ ਨੇ ਆਪਣੇ ਵਿਵਹਾਰ ਨਾਲ ਸਭ ਦਾ ਦਿਲ ਜਿੱਤ ਲਿਆ ਸੀ ਪਰ ਸਿੰਗਲਾ ਸਾਹਿਬ ਦਾ ਸੱਤੀ ਦੇ ਕੇਸ ਵਿਚ ਨਿੱਜੀ ਰੁਚੀ ਲੈ ਕੇ ਜੁਆਲਾ ਸਿੰਘ ਤੇ ਉਸਦੇ ਪੁੱਤਰਾਂ ਨੂੰ ਸਬਕ ਸਿਖਾਉਣ ਵਿਚ ਸੱਤੀ ਦੀ ਮੱਦਦ ਕਰਨ ਲਈ ਸਰਕਾਰੇ-ਦਰਬਾਰੇ ਸਿਫ਼ਾਰਸ਼ ਕਰਨਾ ਇੱਛਾ ਮੂਲਕ ਯਥਾਰਥ ਵਧੇਰੇ ਜਾਪਦਾ ਹੈ। ਆਪਣੇ ਮਾਲ ਵਿਚ ਘੱਟ ਤਨਖਾਹ 'ਤੇ ਕਰਮਚਾਰੀਆਂ ਤੋਂ ਕੰਮ ਕਰਵਾਉਣ ਵਾਲਾ ਮਾਲਕ ਐਨਾ ਉਦਾਰ ਨਹੀਂ ਹੋ ਸਕਦਾ।

ਨਾਵਲ ਵਿਚ ਸਮਕਾਲੀ ਸਿਆਸਤ ਦਾ ਯਥਾਰਥਕ ਚਿਤਰ ਪੇਸ਼ ਹੋਇਆ ਹੈ। ਸਮਕਾਲੀ ਸਿਆਸੀ ਧਿਰਾਂ ਲੋਕਾਂ ਨੂੰ ਭ੍ਰਾਂਤੀ ਮੂਲਕ ਚੇਤਨਾ ਵਿਚ ਉਲਝਾ ਕੇ ਸਮੱਸਿਆਵਾਂ ਤੋਂ ਉਹਨਾਂ ਦਾ ਧਿਆਨ ਭਟਕਾਈ ਰੱਖਦੀਆਂ ਹਨ। ਸਿਆਸੀ ਪਾਰਟੀਆਂ ਆਪਣੀ ਸੱਤਾ ਸਥਾਪਤੀ ਤੇ ਉਸਦੀ ਚਿਰਕਾਲਤਾ ਲਈ ਗੁੰਡਾ ਸ਼ਕਤੀ ਨੂੰ ਪੈਦਾ ਕਰਨ ਤੇ ਆਪਣੇ ਨਿੱਜੀ ਹਿੱਤਾਂ ਲਈ ਵਰਤਦੀਆਂ ਹਨ। ਕਰਨੈਲ, ਜਰਨੈਲ ਤੇ ਉਸਦੇ ਦੋਸਤ ਜੰਟੇ ਵਰਗਿਆਂ ਨੂੰ ਸਿਆਸੀ ਲੋਕ ਆਪਣੇ ਗੁੰਡੇ ਬਣਾ ਕੇ ਆਪਣੇ ਮਨੋਰਥ ਦੀ ਸਿੱਧੀ ਲਈ ਕਿਸ ਤਰ੍ਹਾਂ ਵਰਤਦੇ ਹਨ, ਨਾਵਲ ਵਿਚ ਇਸਦੇ ਅਨੇਕਾਂ ਪ੍ਰਗਟਾਵੇ ਮਿਲਦੇ ਹਨ। ਨਾਵਲਕਾਰ ਨੇ ਕਮਿਊਨਿਸਟ ਪਾਰਟੀਆਂ ਦੇ ਕਮਜ਼ੋਰ ਆਧਾਰ ਪਿੱਛੇ ਕੰਮ ਕਰਦੇ ਕਾਰਨਾਂ ਨੂੰ ਸੰਕੇਤਕ ਰੂਪ ਵਿਚ ਵਿਚਾਰਦੇ ਹੋਏ ਰਵਾਇਤੀ ਪਾਰਟੀਆਂ ਤੋਂ ਵੱਖ ਪੰਜਾਬ ਵਿਚ ਨਵੇਂ ਸਿਆਸੀ ਬਦਲ ਦੀ ਗੱਲ ਕੀਤੀ ਹੈ। ਮਾਸਟਰ ਬਲਦੇਵ, ਸੱਤੀ ਤੇ ਉਸ ਨਾਲ ਕਾਲਿਜ ਪੜ੍ਹਦੇ ਪੁਰਾਣੇ ਸਾਥੀ ਇਸ ਬਦਲ ਲਈ ਆਧਾਰ ਤਿਆਰ ਕਰਦੀ ਪਾਰਟੀ ਦੀ ਪ੍ਰਤੀਨਿਧਤਾ ਕਰਦੇ ਹਨ। ਉਹ ਵੱਖ-ਵੱਖ ਮੀਟਿੰਗਾਂ ਤੇ ਪ੍ਰੋਗਰਾਮਾਂ ਰਾਹੀਂ ਲੋਕਾਂ ਵਿਚ ਆਪਣਾ ਆਧਾਰ ਤਿਆਰ ਕਰਦੇ ਨਜ਼ਰ ਆਉਂਦੇ ਹਨ। ਮਾਸਟਰ ਜਗਦੇਵ ਦੀ ਚੇਤਨਾ ਦਾ ਕਾਰਨ ਉਹਨਾਂ ਦਾ ਪਰਿਵਾਰਕ ਪਿਛੋਕੜ ਹੈ। ਉਸਦਾ ਪਰਿਵਾਰ ਅੱਤਵਾਦ ਅਤੇ ਪੁਲਿਸ ਤਸ਼ੱਦਦ ਦੀ ਭੇਂਟ ਚੜ੍ਹ ਗਿਆ ਪਰ ਜਗਦੇਵ ਨੇ ਆਪਣੀ ਚੇਤਨਾ ਨੂੰ ਕਾਇਮ ਰੱਖਿਆ ਹੈ। ਪੰਜਾਬ ਦੀ ਸਿਆਸਤ ਤੋਂ ਇਲਾਵਾ ਦੇਸ਼ ਭਰ ਵਿਚ ਹਿੰਦੂ ਰਾਸ਼ਟਰਵਾਦ ਦੀ ਗੱਲ ਕਰਦੀ ਸਿਆਸੀ ਧਿਰ ਦੁਆਰਾ ਦਿੱਤੇ ਜਾਂਦੇ ਫਤਵਿਆਂ ਪ੍ਰਤੀ ਲੋਕਾਂ ਦੀ ਚੁੱਪ ਹਾਲਾਤ ਨੂੰ ਹੋਰ ਭਿਆਨਕ ਬਣਾ ਰਹੀ ਹੈ। ਨਾਵਲ ਦੇ ਚੇਤਨ ਪਾਤਰਾਂ ਦੁਆਰਾ ਆਪਣੇ ਵਿਚਾਰਾਂ ਰਾਹੀਂ ਇਸ ਨੁਕਤਾ ਨੂੰ ਜ਼ੁਬਾਨ ਦੇਣ ਦਾ ਯਤਨ ਕੀਤਾ ਗਿਆ ਹੈ: *"ਹਾਲਾਤ ਬਹੁਤ ਖ਼ਤਰਨਾਕ ਬਣ ਰਹੇ ਨੇ- ਸਹਿਣਸ਼ੀਲਤਾ ਖਤਮ ਹੁੰਦੀ ਜਾ ਰਹੀ ਹੈ। ਕੀ ਖਾਣਾ ਹੈ ? ਕੀ ਬੋਲਣਾ ਹੈ ? ਕੀ ਪਹਿਨਣਾ ਹੈ ? ਉਹ ਤਾਂ ਚਾਹੁੰਦੇ ਨੇ ਅਸੀਂ ਸਾਹ ਵੀ ਉਹਨਾਂ ਨੂੰ ਪੁੱਛ ਕੇ ਲਈਏ। ਦੱਸੋ ਇਹ ਕਿਹੜਾ ਲੋਕ ਤੰਤਰ ਹੈ ?.... ਦੁੱਖ ਇਸ ਗੱਲ ਦਾ ਹੈ, ਅਸੀਂ ਇਹ ਸਾਰਾ ਕੁਝ ਦੇਖ ਰਹੇ ਹਾਂ ਤੇ ਸਹੀ ਵੀ ਜਾ ਰਹੇ ਆਂ...।"*

ਨਾਵਲ ਦੇ ਪਾਠ ਵਿਚੋਂ ਸਪੱਸ਼ਟ ਹੁੰਦਾ ਹੈ ਕਿ ਜੇਕਰ ਮਨੁੱਖ ਅੰਦਰ ਜਜ਼ਬਾ ਹੋਵੇ ਤਾਂ ਮੁਸ਼ਕਲਾਂ ਤੇ ਔਕੜਾਂ ਮਨੁੱਖ ਨੂੰ ਚਾਹ ਕੇ ਵੀ ਨਹੀਂ ਹਰਾ ਸਕਦੀਆਂ। ਔਰਤ ਦਾ ਸਾਥ ਭੋਗਣਾ, ਜ਼ਮੀਨ ਜਾਂ ਹੋਰ ਆਰਥਿਕ ਸਾਧਨਾਂ ਦੀ ਮਾਲਕੀ ਸਮੁੱਚੀ ਜ਼ਿੰਦਗੀ ਨਹੀਂ ਹੋ ਸਕਦੀ। ਇਹ ਤਾਂ ਜ਼ਿੰਦਗੀ ਦਾ ਮਹਿਜ਼ ਇਕ ਛੋਟਾ ਜਿਹਾ ਹਿੱਸਾ ਹੈ। ਪਦਮਾ ਦੇ ਚਲੀ ਜਾਣ 'ਤੇ ਕੌਰੇ ਦਾ ਘਰ ਉੱਜੜ ਜਾਂਦਾ ਹੈ, ਕੌਰੇ ਨਾਲ ਪਦਮਾ ਨੂੰ ਲੱਭਦਿਆਂ ਸੱਤੀ ਆਪਣਾ ਵਸਣ ਜਾ ਰਿਹਾ ਘਰ ਆਪਣੇ ਹੱਥੀਂ ਉਜਾੜ ਕੇ

ਉਹ ਦੋਵੇਂ ਪਹਿਲਾਂ ਵਰਗੀ ਸਥਿਤੀ ਵਿਚ ਪੁਹੰਚ ਜਾਂਦੇ ਹਨ। ਪਰ ਇੱਥੇ ਪਹੁੰਚਦਿਆਂ ਉਹਨਾਂ ਦੀ ਚੇਤਨਾ ਵੀ ਸਹਿਜ ਵਿਕਾਸ ਕਰ ਜਾਂਦੀ ਹੈ ਤੇ ਇਹ ਸਥਿਤੀ ਉਹਨਾਂ ਨੂੰ ਨਿਰਾਸ਼ਾਮਈ ਜਾਪਣ ਦੀ ਥਾਂ ਉਸ ਵਿਚੋਂ ਨਵੀਂ ਆਸ ਦੀ ਕਿਰਨ ਨਿਕਲਦੀ ਦਿਖਾਈ ਦਿੰਦੀ ਹੈ। ਕੌਰੇ ਨੂੰ ਜੱਫੀ ਪਾ ਕੇ ਸੱਤੀ ਦਾ ਇਹ ਕਹਿਣਾ: *"ਕੌਰਿਆ, ਜ਼ਿੰਦਗੀ ਸਿਰਫ ਪਦਮਾ ਨਹੀਂ ਹੈ, ਨਾ ਹੀ ਮੇਰਾ ਘਰ ਵਸ ਜਾਣਾ, ਉਨੀ ਕੁ ਜ਼ਿੰਦਗੀ ਹੈ।... ਅਸੀਂ ਜ਼ਿੰਦਗੀ ਜੀਆਂਗੇ, ਜ਼ਿੰਦਗੀ ਮਾਣਾਂਗੇ..."* ਨਾਵਲ ਦਾ ਹਾਸਿਲ ਹੈ। ਜ਼ਿੰਦਗੀ ਪ੍ਰਤੀ ਅਜਿਹੀ ਜ਼ਿੰਦਾਦਿਲੀ ਦੀ ਅੱਜੋਕੇ ਸਮੇਂ ਵਿਚ ਵੱਡੀ ਲੋੜ ਹੈ। ਇਸ ਪੱਖ ਤੋਂ ਇਸ ਨਾਵਲ ਦਾ ਪਾਠ ਸਾਨੂੰ ਭਰਪੂਰ ਸ਼ਕਤੀ ਦਿੰਦਾ ਹੈ।

ਜਿੱਥੋਂ ਤਕ ਨਾਵਲ ਦੇ ਕਲਾ ਪੱਖ ਦੀ ਗੱਲ ਹੈ ਤਾਂ ਬਲਦੇਵ ਸਿੰਘ ਕੋਲ ਵਿਸ਼ਾਲ ਤਜਰਬਾ ਹੋਣ ਕਾਰਨ ਉਸਦੀ ਸ਼ੈਲੀ ਰੌਚਕ ਹੈ। ਉਸਨੂੰ ਕਥਾਨਕ ਉਸਾਰਨਾ ਵੀ ਆਉਂਦਾ ਹੈ ਤੇ ਪੂਰੀ ਸਫਾਈ ਨਾਲ ਸਮੇਟਣਾ ਵੀ ਆਉਂਦਾ ਹੈ। ਨਾਵਲ ਦੇ ਮੁੱਢ ਵਿਚ ਸੱਪ ਆਉਣ ਦੇ ਸਿਰਜੇ ਰੌਚਕ ਪ੍ਰਸੰਗ ਨਾਲ ਪਾਠਕ ਦੀ ਨਬਜ਼ ਫੜ ਕੇ ਬਲਦੇਵ ਸਿੰਘ ਆਪਣੇ ਪਾਤਰਾਂ ਦੇ ਹੱਥ ਫੜਾ ਦਿੰਦਾ ਹੈ। ਮੁੱਢ ਵਿਚ ਬਣੀ ਉਤਸੁਕਤਾ ਅੰਤ ਤਕ ਕਾਇਮ ਰਹਿੰਦੀ ਹੈ। ਨਾਵਲ ਦੇ ਅੰਤ ਵਿਚ ਸੱਤੀ ਤੇ ਹੁਸਨਪ੍ਰੀਤ ਦੇ ਮਿਲਾਪ ਨੂੰ ਵਧੇਰੇ ਦਿਲਚਸਪ ਬਣਾਉਣ ਲਈ ਮੀਂਹ ਪਵਾਉਣਾ ਫਿਲਮੀ ਜਾਪਦਾ ਹੈ ਪਰ ਬਾਕੀ ਦੇ ਦ੍ਰਿਸ਼ ਚਿਤਰਨ ਢੁਕਵੇਂ ਹਨ। ਮਾਲ ਦੇ ਮਾਲਕ ਸਿੰਗਲਾ ਸਾਹਿਬ ਨੂੰ ਛੱਡ ਕੇ ਬਾਕੀ ਦੇ ਸਾਰੇ ਪਾਤਰ ਆਪੋ-ਆਪਣੇ ਜਮਾਤੀ ਖ਼ਾਸੇ ਦੀ ਪ੍ਰਤੀਨਿਧਤਾ ਕਰਦੇ ਹਨ। ਸਮੁੱਚੇ ਰੂਪ ਵਿਚ ਨਾਵਲ ਮਨੁੱਖ ਨੂੰ ਨਿਰਾਸ਼ਾ ਵਿਚੋਂ ਬਾਹਰ ਕੱਢ ਕੇ ਆਸ਼ਾਵਾਦੀ ਰਾਹ ਦਿਖਾਉਂਦਾ ਹੈ। ਇਸ ਪੱਖ ਤੋਂ ਇਸਦਾ ਸਵਾਗਤ ਕਰਨਾ ਬਣਦਾ ਹੈ।

**–ਹਰਿੰਦਰ ਸਿੰਘ**

## ਸੰਤਾਪ 1947 (ਕਹਾਣੀਆਂ) ਸੰਪਾਦਕ: ਪਰਗਟ ਸਿੰਘ ਸਤੌਜ

ਦੇਸ਼ ਦੀ ਵੰਡ ਭਾਰਤ ਤੇ ਪਾਕਿਸਤਾਨ ਦੇ ਇਤਿਹਾਸ ਉੱਤੇ ਅਜਿਹਾ ਧੱਬਾ ਹੈ ਜਿਸ ਬਾਰੇ ਸਾਹਿਤ ਵਿਚ ਬਹੁਤ ਕੁਝ ਲਿਖਿਆ ਗਿਆ ਹੋਣ ਦੇ ਬਾਵਜੂਦ ਓਸ ਪੀੜ੍ਹੀ ਦੇ ਮਨ ਵਿਚੋਂ ਇਸਦਾ ਦਰਦ ਨਹੀਂ ਨਿਕਲ .ਕਿਆ। ਮੈਂ ਹੁਣ ਤਕ ਦੋ ਵਾਰ ਵਾਹਘਾ ਬਾਰਡਰ 'ਤੇ ਪਰੇਡ ਦੇਖੀ ਹੈ ਤੇ ਦੋਨੋਂ ਵਾਰ ਨਿਰਾਸ਼ ਹੋ ਕੇ ਮੁੜਿਆ ਹਾਂ। ਐਨੇ ਸਾਲਾਂ ਬਾਅਦ ਵੀ ਉੱਥੇ ਉਹ ਭਾਵਨਾਵਾਂ ਦੇਖਣ ਨੂੰ ਨਹੀਂ ਮਿਲਦੀਆਂ ਜਿਨ੍ਹਾਂ ਦੀ ਪੇਸ਼ਕਾਰੀ ਸਾਹਿਤ ਵਿਚ ਹੋਈ ਹੈ। ਪਰਗਟ ਸਿੰਘ ਸਤੌਜ ਨੇ ਵੰਡ ਦੇ ਦੁਖਾਂਤ ਨਾਲ ਸੰਬੰਧਤ ਕਹਾਣੀਆਂ ਦੀ ਕਿਤਾਬ 'ਸੰਤਾਪ 1947' (ਨਵਰੰਗ ਪਬਲੀਕੇਸ਼ਨਜ਼, ਸਮਾਣਾ,ਪੰਨੇ 271, ਮੁੱਲ 220 ਰੁਪਏ) ਸੰਪਾਦਤ ਕਰਕੇ ਇਸ ਦੁਖਾਂਤ ਦੀ ਸਾਂਝ ਅਗਲੀਆਂ ਪੀੜ੍ਹੀਆਂ ਨਾਲ ਪਵਾਉਣ ਦੀ ਕੋਸ਼ਿਸ਼ ਕੀਤੀ ਹੈ। ਵੰਡ ਦਾ ਦੁਖਾਂਤ ਵਸਣ ਦੇ ਨਾਲ ਜੁੜਿਆ ਹੋਇਆ ਹੈ। ਵਸਦਿਆਂ ਲਈ ਹੀ ਇਹ ਪੀੜ ਅਸਹਿ ਹੁੰਦੀ ਹੈ, ਜਿਸਦੀ ਕੋਈ ਮਲ੍ਹਮ ਨਹੀਂ ਮਿਲਦੀ। ਕਿਸੇ ਇਕ ਘਰ, ਪਿੰਡ, ਇਲਾਕੇ ਜਾਂ ਦੇਸ਼ ਵਿਚ ਰਹਿੰਦੇ ਮਨੁੱਖ ਨੂੰ ਜਦੋਂ ਕਿਤੇ ਦੂਜੇ ਥਾਂ ਵਸਣਾ ਪੈ ਜਾਵੇ ਤਾਂ ਉਹ ਆਪਣੀ ਮਿੱਟੀ ਤੋਂ ਪੱਟੇ ਜਾਣ ਦਾ ਵਿਯੋਗ ਸਹਿ ਨਹੀਂ ਸਕਦਾ। ਜਿਸ ਤਰ੍ਹਾਂ ਕਿਸੇ ਦਰੱਖਤ ਨੂੰ ਇਕ ਜਗ੍ਹਾ ਤੋਂ ਪੁੱਟ ਕੇ ਦੂਜੀ ਜਗ੍ਹਾ ਲਾਉਂਦਿਆਂ ਉਸਦੀਆਂ ਜੜ੍ਹਾਂ ਨੰਗੀਆਂ ਹੋ ਜਾਣ ਤਾਂ ਉਹ ਸੁੱਕ ਜਾਂਦਾ ਹੈ ਉਸੇ ਤਰ੍ਹਾਂ ਮਨੁੱਖ ਆਪਣੀ ਧਰਤੀ ਤੋਂ ਪੱਟੇ ਜਾਣ, ਵਿਯੋਗੇ ਜਾਣ'ਤੇ ਪਹਿਲਾਂ ਵਰਗੇ ਨਹੀਂ ਰਹਿ ਸਕਦੇ। ਕਹਾਣੀਆਂ ਵਿਚ ਅਜਿਹਾ ਵਿਯੋਗ ਥਾਂ-ਥਾਂ ਸੰਜੋਇਆ ਮਿਲਦਾ ਹੈ। ਫੱਤੂ ਮਰਾਸੀ (ਗੁਰਬਚਨ ਸਿੰਘ ਭੁੱਲਰ) ਕਹਾਣੀ ਦੇ ਫੱਤੂ ਦਾ ਪਾਕਿਸਤਾਨ ਤੋਂ ਵਾਪਸ ਆ ਕੇ ਆਪਣੇ ਪਿੰਡ ਵਸਣਾ ਤੇ ਮਿੱਟੀ ਨੂੰ ਮੁੱਠੀ ਵਿਚ ਲੈ ਕੇ ਮੱਥੇ ਨੂੰ ਲਾ ਕੇ ਇਹ ਆਖਣਾ *"ਪ੍ਰਭਾ, ਮੈਨੂੰ ਇਹਦੀ ਖਿੱਚ ਨੇ ਮਾਰਿਆ। ਉਥੇ ਇਹ ਨ੍ਹੀਂ ਸੀ,"* ਉਸਦੇ ਉਦਰੇਵੇਂ ਵਿਚੋਂ ਨਿਕਲਿਆ ਹੋਇਆ ਹੈ। ਇਹੀ ਖਿੱਚ 'ਕੋਈ ਜਗਰਾਵਾਂ ਤੋਂ ਆਇਆ ਜੇ' (ਬਲਦੇਵ ਸਿੰਘ)



ਕਹਾਣੀ ਦੇ ਅਖਤਰ ਵਿਚ ਦੇਖਣ ਨੂੰ ਮਿਲਦੀ ਹੈ ਜਿਹੜਾ ਆਪਣੀ ਮਿੱਟੀ ਨੂੰ ਮਿਲਣ ਸਮੇਂ ਮੀਂਹ ਪੈਂਦੇ ਵਿਚ ਧਰਤੀ 'ਤੇ ਲੰਮਾਂ ਪੈ ਕੇ ਧਰਤੀ ਨਮਸਕਾਰਦਾ ਹੈ ਤੇ ਵਾਪਸ ਜਾਣ ਸਮੇਂ ਆਪਣੇ ਘਰ ਦੇ ਵਿਹੜੇ ਵਿਚੋਂ ਮਿੱਟੀ ਦੀ ਪੀਪੀ ਭਰ ਕੇ ਨਾਲ ਲੈ ਜਾਂਦਾ ਹੈ। ਇਸੇ ਖਿੱਚ ਕਾਰਨ 'ਧੂੜ ਤੇਰੇ ਚਰਨਾਂ ਦੀ' (ਲੋਚਨ ਸਿੰਘ ਬਖਸ਼ੀ) ਦਾ ਪਾਲਾ ਸਿੰਘ ਵੀ ਪਾਕਿਸਤਾਨ ਨਨਕਾਣਾ ਸਾਹਿਬ ਗਿਆ ਆਪਣੇ ਪਿੰਡ ਦੀ ਮਿੱਟੀ ਨਾਲ ਲੈ ਕੇ ਆਉਂਦਾ ਹੈ।'ਬਲ਼ਦੇ ਚਿਰਾਗ', 'ਮੁੜ ਗਵਾਚੀ ਸ਼ੈਅ', 'ਮੇਰਾ ਉਜੜਿਆ ਗਵਾਂਢੀ', 'ਆਪਣੇ ਘੜੇ ਦਾ ਪਾਣੀ', 'ਹਵੇਲੀ', 'ਮੱਲ੍ਹਮ', 'ਮਾੜੇ ਦਿਨ ਚੰਗੇ ਦਿਨ' ਆਦਿ ਕਹਾਣੀਆਂ ਵਿਚ ਆਪਣੀ ਮਿੱਟੀ ਦੇ ਮੋਹ ਦੀ ਪੇਸ਼ਕਾਰੀ ਇਸੇ ਉਦਰੇਵੇਂ ਅਤੇ ਤਰਸੇਵੇਂ ਵਜੋਂ ਹੋਈ ਹੈ।

ਵੰਡ ਦਾ ਦੁਖਾਂਤ ਪੇਸ਼ ਕਰਦੀਆਂ ਇਹ ਕਹਾਣੀਆਂ ਭਾਵੁਕ ਸਾਂਝ ਦੀ ਪੁਨਰ ਸੁਰਜੀਤੀ ਕਰਦੀਆਂ ਹਨ। ਕਤਲੋ-ਗਾਰਤ ਦੇ ਦਾਗ ਨੂੰ ਰਿਸ਼ਤਿਆਂ ਵਿਚ ਮੋਹ ਸਤਿਕਾਰ ਦੀ ਕਾਇਮੀ ਨਾਲ ਧੋਣ ਦਾ ਯਤਨ ਕਰਦੀਆਂ ਹਨ। ਸਮੁੱਚੀਆਂ ਅਠਾਈ ਕਹਾਣੀਆਂ ਵਿਚੋਂ ਸਤਾਈ ਕਹਾਣੀਆਂ ਵਿਚ ਮਨੁੱਖੀ ਹਮਦਰਦੀ, ਰਿਸ਼ਤਿਆਂ ਦੀ ਸਾਂਝ, ਆਪਸੀ ਪਿਆਰ, ਮੁੜ ਵਸੇਬੇ ਦੀ ਇੱਛਾ, ਫ਼ਿਰਕੂ ਨਫ਼ਰਤ ਨੂੰ ਘੱਟ ਕਰਨ, ਪੁਰਾਣੇ ਜ਼ਖਮਾਂ 'ਤੇ ਮੱਲ੍ਹਮ ਲਾਉਣ ਦਾ ਯਤਨ ਹੈ। ਇਕ ਕਹਾਣੀ 'ਪੁੰਨ' (ਹਰਮਹਿੰਦਰ ਚਹਿਲ) ਅਜਿਹੀ ਹੈ ਜਿਹੜੀ ਵੱਖਰੀ ਸੁਰ ਵਾਲੀ ਹੈ। ਉਸ ਵਿਚ ਮੁੱਖ ਪਾਤਰ ਕਿਸੇ ਜ਼ਖਮੀ ਮੁਸਲਮਾਨ ਨੂੰ ਆਪਣੇ ਖੇਤ ਵਿਚ ਲੁਕੋ ਕੇ ਠੀਕ ਕਰਨ ਦੇ ਯਤਨ ਵਿਚ ਅਸਫਲ ਹੋਇਆ ਉਸਦੀ ਇੱਛਾ ਅਨੁਸਾਰ ਉਸਨੂੰ ਮਾਰ ਕੇ 'ਪੁੰਨ ਦਾ ਕੰਮ' (ਲੇਖਕ ਦੇ ਕਹਿਣ ਅਨੁਸਾਰ) ਕਰਦਾ ਹੈ। ਸੰਗ੍ਰਹਿ ਵਿਚ ਵਧੇਰੇ ਕਹਾਣੀਆਂ ਆਪਣੀ ਜਾਨ 'ਤੇ ਖੇਡ ਕੇ ਮਨੁੱਖੀ ਜੀਵਨ ਨੂੰ ਬਚਾਉਣ ਦੀ ਗੱਲ ਕਰਨ ਵਾਲੀਆਂ ਹੋਣ ਕਰਕੇ ਅਜਿਹੀ ਗੱਲ ਅੱਖਰਦੀ ਹੈ।

ਲਗਪਗ ਹਰ ਕਹਾਣੀ ਵਿਚ ਆਰਥਿਕ, ਮਾਨਸਿਕ ਤੇ ਸਰੀਰਕ ਕਸ਼ਟਾਂ ਦੀ ਪੇਸ਼ਕਾਰੀ ਹੋਈ ਮਿਲਦੀ ਹੈ। ਕਹਾਣੀਆਂ ਦੇ ਪਲਾਟ ਵਿਚ ਦੁਖਾਂਤਕ ਪਿਆਰ ਕਹਾਣੀਆਂ ਨੂੰ ਆਧਾਰ ਬਣਾ ਕੇ ਵੰਡ ਦੀ ਭਿਆਨਕਤਾ ਨੂੰ ਸਿਰਜਿਆ ਗਿਆ ਹੈ। 'ਬਲ਼ਦੇ ਚਿਰਾਗ', 'ਪਾਕਿਸਤਾਨ ਹਮਾਰਾ ਹੈ', 'ਆਪਣੇ ਘੜੇ ਦਾ ਪਾਣੀ', 'ਲਕੀਰ', 'ਧੁੱਪ ਦੇ ਪੈਰਾਂ ਹੇਠ', 'ਹਵੇਲੀ', 'ਇਕ ਸ਼ਹਿਰ ਆਪਣਾ ਪਰਾਇਆ', ਆਦਿ ਕਹਾਣੀਆਂ ਵਿਚ ਹਿੰਦੂ, ਸਿੱਖ ਅਤੇ ਮੁਸਲਮਾਨ ਪਿਆਰ ਕਹਾਣੀਆਂ ਦੇ ਦੁਖਾਂਤ ਨੂੰ ਉਭਾਰਿਆ ਹੈ। ਇਸ ਪਿਆਰ ਵਿਚ ਤਿਆਗ ਤੇ ਬਲੀਦਾਨ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। 'ਧੁੱਪ ਦੇ ਪੈਰਾਂ ਹੇਠ' (ਹਰਜੀਤ ਅਟਵਾਲ) ਕਹਾਣੀ ਦਾ ਬਿੱਕਰ ਸਿੰਘ ਆਲੀਆ ਨੂੰ ਪਿਆਰ ਕਰਦਾ ਹੋਣ ਦੇ ਬਾਵਜੂਦ ਉਸਨੂੰ ਮੁਸਲਿਮ ਕੈਂਪ ਵਿਚ ਛੱਡ ਆਉਂਦਾ ਹੈ।

ਬਹੁਤ ਘੱਟ ਕਹਾਣੀਆਂ ਹਨ ਜਿਨ੍ਹਾਂ ਵਿਚ ਦੇਸ਼-ਵੰਡ ਦੇ ਕਾਰਨਾਂ ਨੂੰ ਸਿਆਸੀ ਨੁਕਤਾ ਨਿਗਾਹ ਤੋਂ ਪੇਸ਼ ਕੀਤਾ ਗਿਆ ਹੈ। 'ਮੇਰਾ ਉਜੜਿਆ ਗਵਾਂਢੀ' (ਸੰਤੋਖ ਸਿੰਘ ਧੀਰ), 'ਪਾਂਡੀ' (ਤਲਵਿੰਦਰ ਸਿੰਘ), 'ਕਬਰਾਂ ਤੋਂ ਸਿਵਿਆਂ ਨੂੰ' (ਰਘੁਬੀਰ ਢੰਡ) ਆਦਿ ਕਹਾਣੀਆਂ ਵਿਚ ਅੰਗਰੇਜ਼ਾਂ ਦੀ ਪਾੜੋ ਤੇ ਰਾਜ ਕਰੋ ਨੀਤੀ ਅਤੇ ਭਾਰਤੀ ਸਟੇਟ ਦੇ ਖਾਸੇ ਨੂੰ ਨੰਗਾ ਕੀਤਾ ਗਿਆ ਹੈ। ਵੰਡ ਸਮੇਂ ਦੇ ਫ਼ਿਰਕੂ ਜਨੂੰਨ ਵਿਚ ਜਿੱਥੇ ਸੱਤਾ ਦੀ ਚਲਾਕ ਭੂਮਿਕਾ ਸੀ ਉੱਥੇ ਆਮ ਲੋਕਾਂ ਦੁਆਰਾ ਇਸ ਭ੍ਰਾਂਤੀ ਦਾ ਸ਼ਿਕਾਰ ਹੋਣ ਦੇ ਕਾਰਨਾਂ ਨੂੰ 'ਮੱਲ੍ਹਮ' ਕਹਾਣੀ ਵਿਚ ਆਮ ਲੋਕਾਂ ਦੀ ਧਾਰਨਾਂ ਤੋਂ ਪੇਸ਼ ਕੀਤਾ ਹੈ। ਇਸ ਭ੍ਰਾਂਤੀ ਦਾ ਸ਼ਿਕਾਰ ਸੱਤਾ ਫਜ਼ਲੇ ਨੂੰ ਦੱਸਦਾ ਹੈ, *"ਲੈ ਕੇ ਤਾਂ ਉਹ ਹੋਰ ਬਹਾਨੇ ਗਏ ਸੀ। ਗੁਰੂਆਂ ਤੇ ਸਿੰਘਾਂ 'ਤੇ ਮੁਸਲਮਾਨਾਂ ਦੇ ਜ਼ੁਲਮਾਂ ਤੇ ਜ਼ਿਆਦਤੀਆਂ ਦੇ ਕਿੱਸੇ ਸੁਣਾ ਕੇ ਜਜ਼ਬਾਤੀ ਜਿਹੇ ਕਰ ਲਿਆ। ਬਸ ਮੈਂ ਅੰਨ੍ਹਾਂ ਜਿਹਾ ਹੋ ਗਿਆ ਸੀ ਐਵੇਂ।"*

ਇਸ ਦੁਖਾਂਤ ਵਿਚ ਸਭ ਤੋਂ ਵੱਡੀ ਗੱਲ ਜ਼ਿੰਦਗੀ ਪ੍ਰਤੀ ਸਕਾਰਤਾਮਕ ਰਵੱਈਆ ਹੈ। ਇਸਦਾ ਸਭ ਤੋਂ ਗੂੜ੍ਹਾ ਰੰਗ 'ਖੱਬਲ' (ਕੁਲਵੰਤ ਸਿੰਘ ਵਿਰਕ) ਕਹਾਣੀ ਵਿਚੋਂ ਉੱਭਰਦਾ ਹੈ। ਦੁੱਖ

ਤਕਲੀਫ਼ਾਂ ਦਾ ਸਾਹਮਣਾ ਕਰਦੇ ਹੋਏ ਜ਼ਿੰਦਗੀ ਨੂੰ ਨਵੇਂ ਸਿਰੇ ਤੋਂ ਜਿਉਣ ਦੀ ਤਾਂਘ ਮਨੁੱਖ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ। ਕਹਾਣੀ ਦੀ ਨਾਇਕਾ ਪਾਕਿਸਤਾਨ ਤੋਂ ਵਾਪਸ ਆਉਣ ਦੀ ਥਾਂ ਉੱਥੇ ਰਹਿ ਕੇ ਆਪਣਾ ਸ਼ਰੀਕਾ-ਕਬੀਲਾ ਉਸਾਰਨ ਦੀ ਤਾਂਘ ਰੱਖਦੀ ਹੈ। ਤੋਂ ਵੱਡੀ ਵਿਸ਼ੇਸ਼ਤਾ ਹੈ। ਕਹਾਣੀ ਦੀ ਨਾਇਕਾ ਪਾਕਿਸਤਾਨ ਤੋਂ ਵਾਪਸ ਆਉਣ ਦੀ ਥਾਂ ਉੱਥੇ ਰਹਿ ਕੇ ਆਪਣਾ ਸ਼ਰੀਕਾ-ਕਬੀਲਾ ਉਸਾਰਨ ਦੀ ਤਾਂਘ ਰੱਖਦੀ ਹੈ।

ਵਧੇਰੇ ਕਹਾਣੀਆਂ ਸਿੱਖਾਂ ਤੇ ਮੁਸਲਮਾਨਾਂ ਦੀ ਆਪਸੀ ਸਾਂਝ ਦੁਆਲੇ ਕੇਂਦਰਤ ਹਨ। 'ਮੱਲ੍ਹਮ' (ਸਾਂਵਲ ਧਾਮੀ) ਕਹਾਣੀ ਦਾ ਹੰਸਾ ਬ੍ਰਾਹਮਣ, 'ਪਾਂਡੀ' ਕਹਾਣੀ ਦਾ ਤੇਲੂ ਰਾਮ ਅਤੇ 'ਇਕ ਸ਼ਹਿਰ ਆਪਣਾ ਪਰਾਇਆ' ਕਹਾਣੀ ਵਿਚ ਮੈਂ ਪਾਤਰ ਤੋਂ ਇਲਾਵਾ ਉਸਦੇ ਦੋਸਤ ਮੁਸਲਮਾਨਾਂ ਪ੍ਰਤੀ ਨਫ਼ਰਤੀ ਰਵੱਈਆ ਰੱਖਣ ਕਰਕੇ ਹਿੰਦੂ ਰਾਸ਼ਟਰਵਾਦ ਦੇ ਹਮਾਇਤੀ ਵਜੋਂ ਪੇਸ਼ ਹੋਏ ਹਨ। 'ਭੂਤਾਂ ਦੀ ਖੇਡ' (ਸੰਤ ਸਿੰਘ ਸੇਖੋਂ) ਦੇ ਸਿੱਖ ਪਾਤਰ, 'ਛਵ੍ਹੀਆਂ ਦੀ ਰੁੱਤ' (ਮਹਿੰਦਰ ਸਿੰਘ ਸਰਨਾ) ਦਾ ਬਸ਼ੀਰਾ ਫ਼ਿਰਕੂ ਰੰਗ ਵਿਚ ਪੂਰੀ ਤਰ੍ਹਾਂ ਰੰਗੇ ਹੋਏ ਹਨ ਜਦਕਿ 'ਜੱਥੇਦਾਰ ਮੁਕੰਦ ਸਿੰਘ' ਕਹਾਣੀ ਦਾ ਮੁਕੰਦ ਸਿੰਘ ਕਾਇਆ ਕਲਪ ਹੋਣ ਕਾਰਨ ਬੁਰੇ ਤੋਂ ਚੰਗੇ ਵਿਚ ਪਰਿਵਰਤਤ ਹੋ ਜਾਂਦਾ ਹੈ। 'ਮੱਲ੍ਹਮ' ਦਾ ਧੰਨਾ ਸਿੰਘ, 'ਮੁਆਫੀ' (ਹਰਭਜਨ ਸਿੰਘ ਬਰਾੜ) ਕਹਾਣੀ ਦਾ ਸ਼ੇਰ ਸਿੰਘ ਆਪਣੇ ਗੁਨਾਹਾਂ ਦੇ ਬੋਝ ਤੋਂ ਮੁਕਤ ਹੋਣ ਲਈ ਕਤਲ ਕੀਤੇ ਗਏ ਮੁਸਲਮਾਨਾਂ ਦੇ ਵਾਰਿਸਾਂ ਤੋਂ ਮੁਆਫੀ ਮੰਗ ਕੇ ਪਸ਼ਚਾਤਾਪ ਕਰਦੇ ਹਨ।

ਸਮੁੱਚੀਆਂ ਕਹਾਣੀਆਂ ਵਿਚ ਜਿਆਦਾਤਰ ਇਸ ਵੰਡ ਦਾ ਦੁਖਾਂਤ ਹੰਢਾਉਣ ਵਾਲੇ ਵਿਅਕਤੀਆਂ ਦਾ ਬਿਰਤਾਂਤ ਹੈ। ਨਵੀਂ ਪੀੜ੍ਹੀ ਤਕ ਇਸਦੀ ਕਿੰਨੀ ਤੇ ਕਿਹੋ ਜਿਹੀ ਸਾਂਝ ਹੈ ਇਸਦਾ ਨਿਰਣਾ ਕਰਨਾ ਔਖਾ ਹੈ। ਕਹਾਣੀਆਂ ਵਿਚ ਆਪਣੀ ਜੰਮਣ ਭੋਇੰ ਨੂੰ ਮੁੜ ਵੇਖਣ ਆਏ ਪਾਤਰਾਂ ਨੂੰ ਮਿਲਕੇ, ਦੇਖਕੇ ਨਵੀਂ ਪੀੜ੍ਹੀ ਦਾ ਕੋਈ ਪ੍ਰਤੀਕਰਮ ਨਹੀਂ ਮਿਲਦਾ। ਜ਼ਿਆਦਾਤਰ ਫੋਕਸ ਦੁਖਾਂਤ ਸਿਰਜਣ 'ਤੇ ਹੀ ਹੈ। 'ਲਕੀਰ', 'ਧੁੱਪ ਦੇ ਪੈਰਾਂ ਹੇਠ', 'ਹਵੇਲੀ', ਆਦਿ ਕਹਾਣੀਆਂ ਵਿਚ ਨਵੀਂ ਪੀੜ੍ਹੀ ਦਾ ਪ੍ਰਤੀਕਰਮ ਸਾਧਾਰਨ ਰੂਪ ਵਿਚ ਸਿਰਜਿਆ ਗਿਆ ਹੈ। 'ਮੱਲ੍ਹਮ' ਕਹਾਣੀ ਦਾ ਅਮੋਲਕ ਇਸ ਪੱਖ ਤੋਂ ਨਵੀਂ ਪੀੜ੍ਹੀ ਦੀ ਚੇਤਨਾ ਦਾ ਪ੍ਰਮਾਣ ਹੈ। 'ਬਰਫ਼ ਬਣ ਜੰਮੇ ਦਰਿਆ', 'ਹਨੇਰੇ ਦਾ ਸਫਰ' ਆਦਿ ਕਹਾਣੀਆਂ ਵਿਚ ਨਵੀਂ ਪੀੜ੍ਹੀ ਦੇ ਪਾਤਰ ਇਸ ਦੁਖਾਂਤ ਨੂੰ ਚੰਗੀ ਤਰ੍ਹਾਂ ਸਮਝਦੇ ਹਨ।

ਕਈ ਕਹਾਣੀਆਂ ਵਿਚ ਉਧਾਲ਼ਾ, ਬਲਾਤਕਾਰ, ਕਤਲ ਦੇ ਰੂਪ ਵਿਚ ਇਸਤਰੀ ਦੀ ਬੇਪਤੀ ਦਾ ਵਰਨਣ ਮਿਲਦਾ ਹੈ। 'ਮੱਲ੍ਹਮ' ਕਹਾਣੀ ਦੀ ਨਫੀਸਾ ਜੋ ਧਰਮ ਬਦਲੀ ਉਪਰੰਤ ਜੋਗਿੰਦਰ ਕੌਰ ਬਣ ਜਾਂਦੀ ਹੈ, 'ਫੁੱਲਾਂ ਦੇ ਪ੍ਰਛਾਵੇਂ' ਕਹਾਣੀ ਦੀ ਕਾਂਤਾ ਜੋ ਸਈਦਾ ਖਾਤੂਨ ਬਣ ਜਾਂਦੀ ਹੈ, 'ਲਕੀਰ' ਦੀ ਸਾਬਰੀ, 'ਮਾੜੇ ਦਿਨ ਚੰਗੇ ਦਿਨ' ਦੀ ਨਸੀਬ ਅਤੇ 'ਹਨੇਰੇ ਦਾ ਸਫਰ' ਦੀ ਵੀਰਾਂ ਆਦਿ ਪਾਤਰਾਂ ਦੇ ਬਿਰਤਾਂਤ ਨਾਰੀ ਵੇਦਨਾ ਨੂੰ ਉਭਾਰਦੇ ਹਨ।

ਕੁਝ ਕਹਾਣੀਆਂ ਵਿਚ ਵਿਸ਼ੇ ਦੀ ਸਾਰਥਿਕਤਾ ਨੂੰ ਵਧਾਉਣ ਲਈ ਖ਼ੂਬਸੂਰਤ ਤੇ ਢੁਕਵੇਂ ਚਿਹਨ ਵਰਤੇ ਗਏ ਹਨ। 'ਬਲ਼ਦੇ ਚਿਰਾਗ' ਵਿਚ ਖ਼ਤ ਪਹੁੰਚਾਉਣ ਲਈ ਵਰਤੀ ਜਾਣ ਵਾਲੀ ਮਾਚਿਸ ਦੀ ਡੱਬੀ ਇਕ ਪਾਸੇ ਪਿਆਰ ਤੇ ਦੂਜੇ ਪਾਸੇ ਫ਼ਿਰਕੂ ਅੱਗ ਦਾ ਚਿਹਨ ਹੈ। 'ਛਵ੍ਹੀਆਂ ਦੀ ਰੁੱਤ' ਵਿਚ ਬੱਕਰੀ ਦੇ ਗਵਾਚਣ ਨੂੰ ਭੋਲ਼ੇ-ਭਾਲ਼ੇ ਲੋਕਾਂ ਦੀ ਜਾਨ ਅਤੇ ਸੰਗਲੀ ਦੇ ਕੁੰਡੇ ਦੇ ਟੁੱਟਣ ਨੂੰ ਲੋਕਾਂ ਦੀ ਆਪਸੀ ਸਾਂਝ ਤਿੜਕਣ ਦੇ ਪ੍ਰਤੀਕ ਵਜੋਂ ਵਰਤਿਆ ਹੈ।

ਸਮੁੱਚੇ ਤੌਰ 'ਤੇ ਇਹ ਕਹਾਣੀਆਂ ਜਿੱਥੇ ਇਸ ਦੁਖਾਂਤਕ ਹੋਣੀ ਨਾਲ ਨਵੀਂ ਪੀੜ੍ਹੀ ਦੀ ਸਾਂਝ ਪਵਾਉਂਦੀਆਂ ਹਨ, ਉੱਥੇ ਨਾਲ ਦੀ ਨਾਲ ਇਹਨਾਂ ਦਾ ਉਦੇਸ਼ ਮਨੁੱਖ ਨੂੰ ਭਵਿੱਖ ਵਿਚ ਅਜਿਹੀ ਫ਼ਿਰਕੂ ਨਫ਼ਰਤ ਦਾ ਸ਼ਿਕਾਰ ਹੋਣ ਤੋਂ ਬਚਾਉਣਾ ਹੈ। ਇਹ ਨਵੀਂ ਪੀੜ੍ਹੀ ਦੇ ਪਾਠਕਾਂ ਦੀ ਚੇਤਨਾ 'ਤੇ ਨਿਰਭਰ ਕਰਦਾ ਹੈ ਕਿ ਉਹ ਇਸਤੋਂ ਕੀ ਸਬਕ ਲੈਂਦੇ ਹਨ? **–ਹਰਿੰਦਰ ਸਿੰਘ**



## ਕਾਲ਼ੀ ਮਿੱਟੀ ਲਾਲ ਲਹੂ (ਕਹਾਣੀ ਸੰਗ੍ਰਹਿ) ਤੇਜਿੰਦਰ ਸਿੰਘ ਫਰਵਾਹੀ

'ਕਾਲ਼ੀ ਮਿੱਟੀ ਲਾਲ ਲਹੂ' ਨਵੇਂ ਲੇਖਕ ਤੇਜਿੰਦਰ ਸਿੰਘ ਫਰਵਾਹੀ ਦਾ ਪਹਿਲਾ ਕਹਾਣੀ ਸੰਗ੍ਰਹਿ ਹੈ। ਉਸਦੀਆਂ ਇਹ ਕਹਾਣੀਆਂ ਵੱਖ-ਵੱਖ ਰਸਾਲਿਆਂ ਅਤੇ ਅਖ਼ਬਾਰਾਂ ਵਿਚ ਛਪ ਚੁੱਕੀਆਂ ਹਨ। ਕਹਾਣੀ ਭਾਵੇਂ ਆਕਾਰ ਪੱਖੋਂ ਛੋਟੀ ਹੁੰਦੀ ਹੈ ਪਰ ਇਸਦੀ ਵਿਸ਼ੈਗਤ ਤੇ ਵਿਚਾਰਕ ਗਹਿਰਾਈ ਵੱਡੀ ਹੁੰਦੀ ਹੈ। ਸਮਕਾਲ ਵਿਚ ਵਿਸ਼ਵੀਕਰਨ ਦੇ ਪ੍ਰਵਚਨ ਨੇ ਆਪਣਾ ਗਲਬਾ ਸਥਾਪਤ ਕਰ ਲਿਆ ਹੈ। ਮਨੁੱਖ ਕੋਲ਼ ਇਸਤੋਂ ਉਪਜੀਆਂ ਸਮੱਸਿਆਵਾਂ ਤੋਂ ਨਿਜਾਤ ਪਾਉਣ ਦਾ ਕੋਈ ਵੀ ਸਾਧਨ ਨਜ਼ਰ ਨਹੀਂ ਆ ਰਿਹਾ। ਭਟਕਣਾ ਦਾ ਸ਼ਿਕਾਰ ਮਨੁੱਖ ਪੂੰਜੀਵਾਦ ਦੇ ਭੁਲਾਂਦਰੇ ਨੂੰ ਅੰਤਮ ਸੱਚ ਮੰਨੀ ਬੈਠਾ ਹੈ। ਇਸਨੂੰ ਤੋੜਨ ਲਈ ਬਦਲਾਵ ਆਉਣਾ ਜ਼ਰੂਰੀ ਹੈ। ਇਹ ਬਦਲਾਵ ਚਾਹੇ ਮਨੁੱਖਾਂ ਵਿਚ ਆਵੇ ਤੇ ਭਾਵੇਂ ਸਮਾਜਕ ਯਥਾਰਥ ਵਿਚ, ਸਹਿਜ ਢੰਗ ਨਾਲ ਹੋਇਆ ਜਾਪਣਾ ਚਾਹੀਦਾ। ਸਮਾਜਕ ਪਰਿਸਥਿਤੀਆਂ, ਚੇਤਨਾ ਦਾ ਪੱਧਰ, ਪਦਾਰਥਕ ਹਾਲਤਾਂ ਰਾਹੀਂ ਆਇਆ ਬਦਲਾਵ ਸਹਿਜ ਤੇ ਯਥਾਰਥਕ ਹੁੰਦਾ ਹੈ।

ਤੇਜਿੰਦਰ ਸਿੰਘ ਫਰਵਾਹੀ ਵੀ ਇਸ ਬਦਲਾਵ ਦਾ ਇੱਛੁਕ ਹੈ ਪਰ ਉਸਦੀਆਂ ਕਹਾਣੀਆਂ ਵਿਚ ਪੇਸ਼ ਹੋਇਆ ਸਮਾਜਕ ਬਦਲਾਵ ਉਕਤ ਢੰਗ ਨਾਲ ਆਉਣ ਦੀ ਥਾਂ ਮਕਾਨਕੀ ਅਤੇ ਮਨੋ ਇੱਛਤ ਢੰਗ ਨਾਲ ਹੋਇਆ ਨਜ਼ਰ ਆਉਂਦਾ ਹੈ। ਕੁਝ ਕਹਾਣੀਆਂ 'ਕੂਕਦੀ ਲਾਚਾਰੀ', 'ਬੇਗਾਨੀ ਧਰਤ ਦਾ ਦਰਦ', 'ਬੇਵੱਸ ਮਿੱਟੀ ਦੀ ਹੂਕ', 'ਰੈਗਿੰਗ', 'ਆਡੀਸ਼ਨ' ਆਦਿ ਵਿਚ ਪੇਸ਼ ਯਥਾਰਥ ਨੂੰ ਇੱਛਾ ਮੂਲਕ ਕਹਿਣਾ ਵਧੇਰੇ ਠੀਕ ਹੋਵੇਗਾ। ਕਿਉਂਕਿ ਇਸ ਯਥਾਰਥ ਰਾਹੀਂ ਲੇਖਕ ਇੱਛਾ ਕਰਦਾ ਹੈ ਕਿ ਸਮਾਜ ਇਸ ਤਰ੍ਹਾਂ ਦਾ ਹੋ ਜਾਵੇ। ਮਿਸਾਲ ਵਜੋਂ 'ਕੂਕਦੀ ਲਾਚਾਰੀ' ਵਿਚ ਦਿਖਾਇਆ ਗਿਆ ਹੈ ਕਿ ਨੂੰਹ ਨੂੰ ਦਾਜ ਲਈ ਤੰਗ ਕਰਨ ਵਾਲੇ ਸਹੁਰਾ ਪਰਿਵਾਰ ਦੀਆਂ ਧੀਆਂ ਨੂੰ ਬਦਲੇ ਵਜੋਂ ਤੰਗ ਕਰਨ ਨਾਲ ਉਹਨਾਂ ਦੀ ਸੋਚ ਤੇ ਵਿਹਾਰ ਵਿਚ ਤਬਦੀਲੀ ਆ ਜਾਂਦੀ ਹੈ। ਜਦਕਿ ਅਸਲੀਅਤ ਵਿਚ ਅਜਿਹਾ ਨਹੀਂ ਵਾਪਰਦਾ। ਪਰੰਤੂ ਲੇਖਕ ਇੱਛਾ ਕਰਦਾ ਹੈ ਕਿ ਅਜਿਹਾ ਵਾਪਰੇ। 'ਬੇਗਾਨੀ ਧਰਤ ਦਾ ਦਰਦ' ਕਹਾਣੀ ਦੀ ਨਾਇਕਾ ਜੈਸਮੀਨ ਪਰਵਾਸੀ ਜੀਵਨ ਦੇ ਨਾਲ-ਨਾਲ ਆਪਣੇ ਪਤੀ ਦੇ ਤਸ਼ੱਦਦ ਦਾ ਦੁਖਾਂਤ ਵੀ ਹੰਢਾਉਂਦੀ ਹੈ। ਅੰਤ ਵਿਚ ਉਹ ਕੋੜਿਆਂ ਨਾਲ ਕੁੱਟ-ਕੁੱਟ ਕੇ ਆਪਣੇ ਪਤੀ ਨੂੰ ਮਾਰ ਦਿੰਦੀ ਹੈ। ਆਪਣੇ ਪੁੱਤਰ ਦੀ ਮੌਤ ਅਤੇ ਜੈਸਮੀਨ ਦੇ ਦੁਖਾਂਤ ਵਿਚ ਬਾਕੀ ਦੇ ਪਰਿਵਾਰਕ ਮੈਂਬਰਾਂ ਦਾ ਕੋਈ ਪ੍ਰਤੀਕਰਮ ਨਾ ਆਉਣਾ ਜ਼ਰੂਰ ਅੱਖੜਦਾ ਹੈ। 'ਬੇਵੱਸ ਮਿੱਟੀ ਦੀ ਹੂਕ' ਕਹਾਣੀ ਵਿਚ ਇਹ ਯਥਾਰਥ ਕਿਸਾਨੀ ਦੁਖਾਂਤ ਦਾ ਕਰੂਰ ਯਥਾਰਥ ਬਣ ਕੇ ਪੇਸ਼ ਹੋਇਆ ਹੈ। ਜੱਗਾ ਸੰਕਟ-ਗ੍ਰਸਤ ਕਿਸਾਨੀ ਦੇ ਖੁਦਕੁਸ਼ੀਆਂ ਵੱਲ ਜਾਣ ਦਾ ਪ੍ਰਤੀਕ ਹੈ। ਕਹਾਣੀਕਾਰ ਨੇ ਇਸਦੇ ਕਾਰਨਾਂ ਵਿਚ ਜਿੱਥੇ ਕਿਸਾਨੀ ਵਿਚ ਦਿਖਾਵੇ ਦੀ ਰੁਚੀ ਅਤੇ ਕਿਰਤ ਤੋਂ ਬੇਮੁੱਖ ਹੋਣ ਨੂੰ ਮੰਨਿਆ ਹੈ, ਉੱਥੇ ਉਸਨੂੰ ਸਰਕਾਰਾਂ ਦੀਆਂ ਨੀਤੀਆਂ ਅਤੇ ਕਿਸਾਨਾਂ ਦੀ ਹਾਲਤ ਪ੍ਰਤੀ ਬੇਰੁਖੀ ਨੂੰ ਵੀ ਉਭਾਰਨਾ ਚਾਹੀਦਾ ਸੀ। 'ਹਨੇਰਾ ਕਦੋਂ ਤਕ' ਕਹਾਣੀ ਵਿਚ ਮਨੁੱਖੀ ਸੋਚ ਤੇ ਸਮਾਜਕ ਕਰਮਾਂ ਵਿਚ ਆਇਆ ਬਦਲਾਵ ਵਿਰਸੇ ਦਾ ਵਾਰਿਸ ਪ੍ਰਾਪਤ ਕਰਨ ਦੀ ਰੀਝ ਨਾਲ ਜੁੜਿਆ ਹੋਇਆ ਹੈ। ਕਹਾਣੀ ਵਿਚੋਂ ਸਪੱਸ਼ਟ ਹੁੰਦਾ ਹੈ ਕਿ ਕੁੜੀ ਹੋਣ ਨਾਲ ਪਰਿਵਾਰ ਦੇ ਸੁਪਨੇ, ਇੱਛਾਵਾਂ, ਸ਼ਖਸੀਅਤ, ਵਰਤ ਵਿਹਾਰ ਅਤੇ ਸਮਾਜਕ ਦਰਜਾਬੰਦੀ ਵਿਚ ਕਿਸ ਤਰ੍ਹਾਂ ਨਕਾਰਾਤਮਕ ਬਦਲਾਵ ਆਉਂਦਾ ਹੈ ਜੋ ਕਿ ਮੁੰਡਾ ਹੋਣ ਉਪਰੰਤ ਇਕਦਮ ਸਕਾਰਾਤਮਕ ਹੋ ਜਾਂਦਾ ਹੈ।

'ਪਰੀਆਂ ਵਾਲਾ ਖੂਹ' ਕਹਾਣੀ ਵਿਚ ਲੇਖਕ ਪੂੰਜੀਵਾਦ ਦੇ ਭੁਲਾਂਦਰੇ ਦਾ ਸ਼ਿਕਾਰ ਮਨੁੱਖ ਦੀ ਭਟਕਣਾ ਨੂੰ ਫੈਂਟੇਸੀ ਰਾਹੀਂ ਉਭਾਰਦਾ ਹੈ। ਖੂਹਾਂ ਦੇ ਅਲੋਪ ਹੋਣ ਉਪਰੰਤ ਸਬਮਰਸੀਬਲ ਮੋਟਰਾਂ ਦੇ ਦੌਰ ਤੇ ਵਿਕਾਸ ਦੀ ਕਹਾਣੀ ਨੂੰ ਲੇਖਕ ਨੇ ਪਿਛਲਖੁਰੀ ਤੋਰਿਆ ਹੈ। 'ਪਰੀਆਂ ਵਾਲਾ ਖੂਹ' ਸਾਂਝੇ ਪੰਜਾਬ ਦੀ ਖੁਸ਼ਹਾਲੀ ਦਾ ਪ੍ਰਤੀਕ ਹੈ। ਕੁਦਰਤੀ ਵਰਤਾਰਿਆਂ ਨੂੰ ਆਪਣੇ ਮੁਨਾਫ਼ੇ ਲਈ ਵਰਤਦੇ

ਮਨੁੱਖ ਨੇ ਆਪਣੇ ਲਈ ਸੰਕਟ ਸਹੇੜ ਲਿਆ ਹੈ। ਇਸ ਸੰਕਟ ਦਾ ਇਕ ਕਾਰਨ ਕਿਰਤ ਨਾਲੋਂ ਟੁੱਟ ਕੇ ਤਕਨਾਲੋਜੀ ਨਾਲ ਜੁੜ ਜਾਣਾ ਵੀ ਹੈ। ਕਹਾਣੀ ਵਿਚ ਇਸਦਾ ਵੇਰਵਾ ਬੜੇ ਵਿਅੰਗਮਈ ਢੰਗ ਨਾਲ ਪੇਸ਼ ਹੋਇਆ ਹੈ। ਸਪੱਸ਼ਟ ਹੁੰਦਾ ਹੈ ਕਿ ਮੀਡੀਆ ਤੇ ਤਕਨਾਲੋਜੀ ਦੇ ਚੁੰਗਲ ਵਿਚ ਫਸਿਆ ਮਨੁੱਖ ਰਿਸ਼ਤਿਆਂ ਤੋਂ ਦੂਰ ਹੋ ਕੇ ਨਿੱਜਤਾ ਦੇ ਖੋਲ ਵਿਚ ਸੁੰਗੜ ਰਿਹਾ ਹੈ।

'ਕਾਲੀ ਮਿੱਟੀ ਲਾਲ ਲਹੂ' ਕਹਾਣੀ ਅਮਰੀਕਨ ਕੰਪਨੀ ਵਿਚ ਕੰਮ ਕਰਨ ਵਾਲੇ ਵੱਖ-ਵੱਖ ਦੇਸ਼ਾਂ ਦੇ ਕਾਮਿਆਂ ਦੇ ਆਪਸੀ ਰਿਸ਼ਤਿਆਂ ਦੀ ਗੱਲ ਕਰਦੀ ਹੈ। ਵੱਖਰੀ-ਵੱਖਰੀ ਮਿੱਟੀ ਨਾਲ ਜੁੜੇ ਹੋਣ ਦੇ ਬਾਵਜੂਦ ਉਹਨਾਂ ਦੇ ਖ਼ੂਨ ਦਾ ਰੰਗ ਇਕ ਹੈ। ਅਫਰੀਕਨ ਕੁੜੀ ਮੈਰੀ ਕਹਾਣੀ ਦੇ ਬਿਰਤਾਂਤਕਾਰ ਨੂੰ ਪਸੰਦ ਕਰਦੀ ਹੈ ਪਰ ਇਸ ਨਸਲੀ ਵਖਰੇਵੇਂ ਕਾਰਨ ਮਿਲਾਪ ਸੰਭਵ ਨਾ ਹੋਣ ਕਰਕੇ ਉਦਾਸ ਹੋ ਕੇ ਹੀ ਰਹਿ ਸਕਦੀ ਹੈ। ਕਹਾਣੀਕਾਰ ਸਪੱਸ਼ਟ ਕਰਦਾ ਹੈ ਕਿ ਰੰਗ, ਨਸਲ ਤੇ ਜਾਤ ਦੇ ਵਖਰੇਵੇਂ ਕਾਰਨ ਬਹੁਤੇ ਲੋਕ ਇਕ ਨਹੀਂ ਹੋ ਸਕਦੇ। 'ਬੱਦਲਾਂ ਨਾਲ ਇਸ਼ਕ' ਕਹਾਣੀ ਦਾ ਬਿਰਤਾਂਤ ਕਹਾਣੀ ਦੀ ਥਾਂ ਸਫਰਨਾਮਾ ਨਾਲ ਵਧੇਰੇ ਮਿਲਦਾ ਹੈ। ਕਹਾਣੀ ਵਿਚ ਇਕ ਮਿਸ਼ਨ ਨੂੰ ਪੂਰਾ ਕਰਨ ਲਈ ਇਕ ਜਗ੍ਹਾ 'ਤੇ ਜਾ ਕੇ ਵਾਪਸ ਆਉਣ ਦਾ ਬਿਰਤਾਂਤ ਸਿਰਜਿਆ ਗਿਆ ਹੈ। 'ਮਲਕਾ' ਕਹਾਣੀ ਵਿਚ ਲੇਖਕ ਨੇ ਮੁਹੱਬਤੀ ਅਹਿਸਾਸਾਂ ਦੇ ਸੰਪੂਰਨ ਨਾ ਹੋਣ ਦਾ ਰੁਦਨ ਸਿਰਜਿਆ ਹੈ ਪਰੰਤੂ ਨਾਇਕ ਇਹਨਾਂ ਅਹਿਸਾਸਾਂ ਨੂੰ ਪੂਰਾ ਕਰਨ ਲਈ ਕੋਈ ਤਰੱਦਦ ਕਰਦਾ ਨਜ਼ਰ ਨਹੀਂ ਆਉਂਦਾ।

ਤੇਜਿੰਦਰ ਦੀਆਂ ਕਹਾਣੀਆਂ ਦੇ ਬਿਰਤਾਂਤ ਸਧਾਰਨ ਤੇ ਸਰਲ ਹਨ। 'ਪਰੀਆਂ ਵਾਲਾ ਖ਼ੂਹ', 'ਕਾਲੀ ਮਿੱਟੀ ਲਾਲ ਲਹੂ', 'ਬੱਦਲਾਂ ਨਾਲ ਇਸ਼ਕ' ਕਹਾਣੀਆਂ ਦੇ ਬਿਰਤਾਂਤ ਵਿਚ ਫੈਂਟੇਸੀ ਅਤੇ ਪੰਜਾਬ ਤੋਂ ਬਾਹਰੀ ਯਥਾਰਥ ਹੋਣ ਕਾਰਨ ਰੌਚਿਕਤਾ ਨਜ਼ਰ ਆਉਂਦੀ ਹੈ। ਪਰ ਸਮੁੱਚੇ ਤੌਰ 'ਤੇ ਕਹਾਣੀ ਦੀ ਗੋਂਦ ਵਿਚ ਢਿੱਲਾਪਣ ਹੈ। ਜ਼ਿਆਦਾਤਰ ਕਹਾਣੀਆਂ ਦਾ ਅੰਤ ਆਪਣੀ ਇੱਛਾ ਮੁਤਾਬਕ ਸੁਖਾਂਤਮਈ ਕੀਤਾ ਗਿਆ ਹੈ। ਤੇਜਿੰਦਰ ਫਰਵਾਹੀ ਦੇ ਇਸ ਪਹਿਲੇ ਯਤਨ ਦੀ ਹਲਾਸ਼ੇਰੀ ਦੀ ਭਾਵਨਾ ਨਾਲ ਪ੍ਰਸ਼ੰਸਾ ਕਰਦਿਆਂ ਆਸ ਕਰਨੀ ਬਣਦੀ ਹੈ ਕਿ ਉਹ ਅਗਲੇ ਯਤਨਾਂ ਵਿਚ ਘਾਟਾਂ ਨੂੰ ਦੂਰ ਕਰਕੇ ਹੋਰ ਨਿਖਰਵੇਂ ਰੂਪ ਵਿਚ ਹਾਜ਼ਰੀ ਲਗਾਵੇਗਾ। **–ਹਰਿੰਦਰ ਸਿੰਘ**

## ਪਾਰਲੇ ਪੁ.ਲ (ਕਹਾਣੀ ਸੰਗ੍ਰਹਿ) ਸੁਰਜੀਤ

ਕਨੇਡਾ ਨਿਵਾਸੀ ਲੇਖਿਕਾ ਸੁਰਜੀਤ 'ਸ਼ਿਕਸਤ ਰੰਗ', 'ਹੇ ਸਖੀ' ਅਤੇ 'ਵਿਸਮਾਦ' ਨਾਂ ਦੀਆਂ ਪੁਸਤਕਾਂ ਰਾਹੀਂ ਆਪਣੇ ਮਨ ਦੇ ਕਾਵਿਕ ਪ੍ਰਗਟਾਅ ਉਪਰੰਤ ਹੁਣ ਆਪਣੇ ਪਲੇਠੇ ਕਹਾਣੀ ਸੰਗ੍ਰਹਿ 'ਪਾਰਲੇ ਪੁਲ਼'(ਪਰਵਾਜ਼ ਪ੍ਰਕਾਸ਼ਨ, ਜਲੰਧਰ, ਪੰਨੇ 128, ਮੁੱਲ 200 ਰੁਪਏ) ਨਾਲ ਸਾਹਮਣੇ ਆਈ ਹੈ। ਇਸ ਕਹਾਣੀ ਸੰਗ੍ਰਹਿ ਵਿਚ ਸ਼ਾਮਲ ਦਸ ਕਹਾਣੀਆਂ ਉਸਦੇ ਪਰਵਾਸੀ ਜੀਵਨ ਅਨੁਭਵ ਅਤੇ ਸਰੋਕਾਰਾਂ ਦੀਆਂ ਵੱਖ ਵੱਖ ਪਰਤਾਂ ਨੂੰ ਪੇਸ਼ ਕਰਦੀਆਂ ਹਨ, ਜੋ ਭੂਮਿਕਾ ਵਿਚਲੇ ਉਸਦੇ ਆਪਣੇ ਸ਼ਬਦਾਂ ਅਨੁਸਾਰ 'ਹਕੀਕਤਾਂ ਨੂੰ ਕਲਾਤਮਕ ਬੁਣਤ ਰਾਹੀਂ ਪੇਸ਼ ਕਾਰਨ ਦੀ ਉਸਦੀ ਕੋਸ਼ਿਸ਼ ਮਾਤਰ' ਹੈ।

ਪੁਸਤਕ ਦੇ ਸਿਰਲੇਖ ਵਾਲੀ ਪਹਿਲੀ ਹੀ ਕਹਾਣੀ 'ਪਾਰਲੇ ਪੁਲ਼' ਵਿਚ ਲੇਖਿਕਾ ਅਮਰੀਕਨ ਰਹਿਤਲ ਵਾਲੇ ਜੀਵਨ ਨੂੰ ਚਿਤਰਦੀ ਹੈ। ਕਹਾਣੀ ਦੀ ਨਾਇਕਾ ਨੂੰ ਪੁਲ਼ 'ਤੇ ਠੰਢ ਵਿਚ ਸੁਕੜ ਰਿਹਾ ਇਕ ਕਤੂਰਾ ਦਿਸਦਾ ਹੈ। ਉਸ ਕਤੂਰੇ ਨੂੰ ਬਚਾਉਣ ਜਾਂ ਛੱਡਣ ਦੀ ਕਸ਼ਮਕਸ਼ ਵਿਚ ਉਲਝੀ ਉਹ ਘਰ ਪਰਤਦੀ ਹੈ। ਜਦੋਂ ਲਾਡ ਪਿਆਰ ਨਾਲ ਪਾਲੀ ਔਲਾਦ ਬਾਤ ਨਹੀਂ ਪੁੱਛਦੀ ਤਾਂ ਪਾਲਤੂ ਜਾਨਵਰ ਇਕੱਲਤਾ ਹੰਢਾ ਰਹੇ ਅਮਰੀਕਨ ਲੋਕਾਂ ਲਈ ਜ਼ਿੰਦਗੀ ਜਿਉਣ ਦਾ ਪੁਲ਼ ਬਣਦੇ ਹਨ। ਇਹ ਪਾਲਤੂ ਜਾਨਵਰ ਅੱਜ ਦੇ ਦੌਰ ਵਿਚ ਇਨਸਾਨਾਂ ਨਾਲੋਂ ਵੱਧ ਸੰਵੇਦਨਾਤਮਕ ਸਾਥ ਦਿੰਦੇ ਹਨ। ਕਹਾਣੀ ਦੀ ਨਾਇਕਾ ਇਸ ਤਰ੍ਹਾਂ ਦੇ ਅਹਿਸਾਸ ਵਿਚੋਂ ਲੰਘਦੀ ਹੈ। 'ਆਇਲਨ ਤੇ ਐਵਿਨ'



ਨਾਂ ਦੀ ਕਹਾਣੀ ਸੀਰੀਆ ਦੀ ਘਰੋਗੀ ਜੰਗ ਦੀ ਤਬਾਹੀ ਦੇ ਪਿਛੋਕੜ ਵਿਚ ਉਸਰੀ ਹੈ। ਸੀਰੀਆ ਦੁਖਾਂਤ ਦੇ ਪੀੜਤ ਆਇਲਨ ਦੇ ਮਾਪੇ ਯੂਰਪ ਵਿਚ ਸ਼ਰਨ ਲੈਣ ਲਈ ਕਿਸ਼ਤੀ ਰਾਹੀਂ ਸਾਗਰ ਪਾਰ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਤੁਰਕੀ ਦੇ ਤਟ ਉੱਤੇ ਆਇਲਨ ਸਾਗਰ ਦੀ ਭੇਟ ਚੜ੍ਹ ਜਾਂਦਾ ਹੈ। ਕਨੇਡੀਅਨ ਨਾਗਰਿਕ ਆਇਲਨ ਦੀ ਭੂਆ ਨੂੰ ਦੁੱਖ ਹੈ ਕਿ ਕਨੇਡਾ ਵਿਚ ਸ਼ਰਨ ਨਾ ਮਿਲਣ ਕਰਕੇ ਉਸਦੇ ਭਰਾ ਦੇ ਪਰਿਵਾਰ ਨੂੰ ਆਇਲਨ ਦੀ ਮੌਤ ਦੇ ਰੂਪ ਵਿਚ ਇਸ ਭਿਆਨਕ ਤ੍ਰਾਸਦੀ ਦਾ ਸਾਹਮਣਾ ਕਰਨਾ ਪਿਆ ਹੈ। 'ਐਮਰਜੈਂਸੀ ਰੂਮ' ਨਾਂ ਦੀ ਕਹਾਣੀ ਦੀ ਬਿਮਾਰ ਪਾਤਰ ਦੇ ਬੱਚਿਆਂ ਜਾਂ ਪਤੀ ਕੋਲ਼ ਏਨੀ ਵਿਹਲ ਨਹੀਂ ਕਿ ਉਹ ਉਸਨੂੰ ਹਸਪਤਾਲ ਲੈ ਕੇ ਜਾਣ। ਇਸ ਲਈ ਉਹ ਖੁਦ-ਬ-ਖੁਦ ਇਕੱਲੀ ਹੀ ਹਸਪਤਾਲ ਪਹੁੰਚਦੀ ਹੈ। ਕਨੇਡਾ ਦੇ ਸਿਹਤ ਵਿਭਾਗ ਦੀ ਕਾਰਗੁਜ਼ਾਰੀ ਦੇ ਲੇਖ ਜੋਖਾ ਕਰਨ ਦੇ ਨਾਲ ਨਾਲ ਇਹ ਕਹਾਣੀ ਪਰਵਾਸੀ ਪੰਜਾਬੀਆਂ ਦੇ ਵਿਹਾਰ ਨੂੰ ਵੀ ਨਿਸ਼ਾਨਾ ਬਣਾਉਂਦੀ ਹੈ ਜੋ ਆਪਣੇ ਨੇੜਲਿਆਂ ਨੂੰ ਇੰਮੀਗਰੇਸ਼ਨ ਦੁਆਉਣ ਲਈ ਹਰ ਤਰ੍ਹਾਂ ਦੇ ਉਲਟੇ ਸਿੱਧੇ ਢੰਗ ਵਰਤਦੇ, ਡਰੱਗਾਂ ਆਦਿ ਦੇ ਧੰਦੇ ਵਿਚ ਪਏ ਚੰਗੇ ਭਲੇ ਸਿਸਟਮ ਨੂੰ ਖਰਾਬ ਕਰ ਰਹੇ ਹਨ।

ਪਾਰਕਿਨਸਨ ਦੀ ਬਿਮਾਰੀ ਦਾ ਟਾਕਰਾ ਕਰ ਰਹੀ ਸਿਮਰਨਜੀਤ ਕੌਰ ਦੇ ਹਵਾਲੇ ਨਾਲ ਪਰਵਾਸੀਆਂ ਦੇ ਸੰਘਰਸ਼ਮਈ ਜੀਵਨ ਦੀ ਬਾਤ ਪਾਉਣ ਦੇ ਨਾਲ ਪੁਰਾਣੀ ਤੇ ਨਵੀਂ ਪੀੜ੍ਹੀ ਵਿਚਲੇ ਸੰਬੰਧਾਂ ਉੱਤੇ ਝਾਤ ਪੁਆਉਂਦੀ ਹੈ ਕਹਾਣੀ 'ਸੁਰਖ ਸਵੇਰ'। ਪਿੱਛੇ ਦੇਸ਼ ਵਿਚ ਪ੍ਰਿੰਸੀਪਲ ਦੇ ਅਹੁਦੇ 'ਤੇ ਰਹਿ ਚੁੱਕੀ ਸਿਮਰਨ ਅਮਰੀਕਾ ਪਹੁੰਚਕੇ ਆਪਣੀ ਸਾਰੀ ਪਹਿਚਾਣ ਖੋ ਬੈਠਦੀ ਹੈ। ਆਪਣੇ ਪੁੱਤਰ ਦੀ ਯੂਨੀਵਰਸਿਟੀ ਦੀ ਪੜ੍ਹਾਈ ਤੇ ਉਸਦੇ ਚੰਗੇ ਭਵਿੱਖ ਲਈ ਭਾਰੀ ਜੋਖਮ ਉਠਾਉਂਦੀ ਰਹੀ ਸਿਮਰਨ ਵੱਲ ਉਸਦਾ ਪੁੱਤਰ ਬੇਰੁਖੀ ਨਾਲ ਵਰਤਦਾ ਹੈ ਅਤੇ ਉਸਦੀ ਨੂੰਹ ਕਹਿੰਦੀ ਹੈ ਕਿ 'ਤੁਸੀਂ ਮੇਰੇ ਮਾਮ ਥੋੜ੍ਹਾ ਹੋ'। ਲੇਖਿਕਾ ਦੱਸਦੀ ਹੈ ਕਿ ਇਸ ਤਰ੍ਹਾਂ ਦੀ ਹਾਲਤ ਵਿਚ ਹੀ ਸ਼ਾਇਦ ਬਿਰਧ ਮਾਪੇ ਤਣਾਉ ਭਰਪੂਰ ਜ਼ਿੰਦਗੀ ਵਿਚ ਰਾਹਤ ਲਈ ਮੈਡੀਟੇਸ਼ਨ ਤੇ ਪ੍ਰਵਚਨਾਂ ਦਾ ਸਹਾਰਾ ਲੈਂਦੇ ਹਨ। 'ਵੈਲਨਟਾਈਨ ਡੇ' ਕਹਾਣੀ ਵੀ ਰਿਸ਼ਤਿਆਂ ਦੀ ਬਾਤ ਪਾਉਂਦੀ ਹੈ ਜਿਸ ਵਿਚ ਰੋਜ਼ੀ ਤੇ ਬੇਅੰਤ ਦੀ ਵਿਆਹੁਤਾ ਜ਼ਿੰਦਗੀ ਦਾ ਵਰਨਣ ਹੈ। ਸੁਆਰਥੀ ਬਿਰਤੀ, ਮਰਦ ਹਉਂ ਦਾ ਪ੍ਰਤੀਕ, ਮਹਿਫਲਾਂ ਦਾ ਸ਼ੌਕੀਨ ਬੇਅੰਤ ਰੋਜ਼ੀ ਤੇ ਬੱਚਿਆਂ ਨੂੰ ਅਮਰੀਕਾ ਰਹਿੰਦੇ ਰਿਸ਼ਤੇਦਾਰਾਂ ਕੋਲ ਸੈੱਟ ਕਰਨ ਲਈ ਲਿਜਾ ਕੇ ਆਪ ਵਾਪਸ ਆ ਜਾਂਦਾ ਹੈ। ਬੱਚਿਆਂ ਦੇ ਨਾਲ ਜੀਣ ਲਈ ਸੰਘਰਸ਼ ਕਰਦੀ ਹੋਈ ਰੋਜ਼ੀ ਬੇਅੰਤ ਦੀ ਵਾਪਸੀ ਦੀ ਉਡੀਕ ਕਰਦੀ ਹੈ , ਜੋ ਉਸਦੇ ਗਰੀਨ ਕਾਰਡ ਪਾੜਨ ਨਾਲ ਖਤਮ ਹੋ ਜਾਂਦੀ ਹੈ ਤੇ ਇੰਝ ਨਾਲ ਹੀ ਅੰਤ ਹੋ ਜਾਂਦਾ ਹੈ ਉਸਦੀ ਵਿਆਹੁਤਾ ਜ਼ਿੰਦਗੀ ਦਾ। ਬੱਚੇ ਵੀ ਆਪਣੀ ਤਰ੍ਹਾਂ ਦੀ ਜ਼ਿੰਦਗੀ ਜਿਉਂਦੇ ਹਨ। ਇਸ ਹਾਲਤ ਵਿਚ ਰੋਜ਼ੀ ਵੀ ਬਦਲਦੀ ਹੈ ਅਤੇ ਆਪਣੇ ਗਾਉਣ ਦੇ ਸ਼ੌਕ, ਜਿਸਨੂੰ ਮਾਂ-ਬਾਪ ਨਚਾਰਾਂ ਦਾ ਕੰਮ ਦੱਸਦੇ ਸੀ, ਨੂੰ ਕਮਾਈ ਦੇ ਸਾਧਨ ਵਜੋਂ ਜਗਾਉਂਦੀ ਹੋਈ ਵੈਲਨਟਾਈਨ ਸ਼ੋਅ ਵਿਚ ਜਾਂਦੀ ਹੈ। 'ਲੋਕ ਕੀ ਕਹਿਣਗੇ' ਦੀ ਸੋਚ ਤੋਂ ਪਾਸਾ ਵੱਟਕੇ ਉਹ ਜ਼ਿੰਦਗੀ ਨੂੰ ਆਪਣੇ ਹਿਸਾਬ ਨਾਲ ਜਿਉਣ ਦੀ ਕੋਸ਼ਿਸ਼ ਕਰਦੀ ਹੈ।

ਸੰਚਾਰ ਮਾਧਿਅਮਾਂ ਦੇ ਵਿਕਾਸ ਦੇ ਇਸ ਦੌਰ ਵਿਚ ਸੋਸ਼ਲ ਮੀਡੀਆ ਕਿਵੇਂ ਸਾਡੀਆਂ ਭਾਵਨਾਵਾਂ ਨਾਲ ਖੇਡਦਾ ਹੈ, ਕਹਾਣੀ 'ਜੁਗਨੂੰ' ਵਿਚ ਇਸਦਾ ਵਰਨਣ ਹੈ। ਇਸ ਕਹਾਣੀ ਦੀ ਪਾਤਰ ਫੇਸ ਬੁੱਕ 'ਤੇ ਜੁਗਨੂੰ ਨਾਂ ਨਾਲ ਜਾਅਲੀ ਖਾਤਾ ਖੋਲ੍ਹਦੀ ਹੈ ਜੋ ਮੁਖ ਪਾਤਰ ਨੂੰ ਦੂਰ ਵਿਆਹੀ ਧੀ ਜਾਪਦੀ ਹੈ। ਗੱਲ ਕਰਨ ਤੋਂ ਇਨਕਾਰ ਕਰਦੀ ਹੈ ਤੇ ਇਸਦਾ ਕਾਰਨ ਗਲ਼ੇ ਦਾ ਕੈਂਸਰ ਦੱਸਦੀ ਹੋਈ ਹਮਦਰਦੀ ਬਟੋਰਦੀ ਹੈ। ਪਾਜ ਖੁਲ੍ਹਣ ਦੇ ਡਰੋਂ ਕੀਤੇ ਮੌਤ ਦੇ ਐਲਾਨ ਨਾਲ ਸਗੋਂ ਸੋਗੀ ਸੁਨੇਹਿਆਂ ਵਾਲੀਆਂ ਟਿੱਪਣੀਆਂ ਆਉਣ ਲੱਗਦੀਆ ਹਨ। ਇੰਝ ਹੀ ਲੋਕਾਂ ਵੱਲੋਂ ਸੋਸ਼ਲ ਮੀਡੀਆ 'ਤੇ ਕੱਚ ਘਰੜ ਰਚਨਾਵਾਂ ਪਾ ਕੇ ਪ੍ਰਸ਼ੰਸਾ ਵਾਲੇ ਕੁਮੈਂਟਸ ਲੈਣ ਦੀ ਚਾਹਤ ਨੂੰ ਵੀ ਲੇਖਿਕਾ ਨੇ ਆੜੇ ਹੱਥੀਂ ਲਿਆ ਹੈ। 'ਜਾਗਦੀਆਂ ਅੱਖਾਂ

ਦਾ ਤਲਿਸਮ' ਕਹਾਣੀ ਨਵੀਂ ਪੀੜ੍ਹੀ ਦੀ ਜਾਗਰੂਕਤਾ ਨੂੰ ਦਰਸਾਉਂਦੀ ਹੈ। ਇਸ ਕਹਾਣੀ ਵਿਚ ਇਕ ਛੋਟੀ ਬੱਚੀ ਨੂੰ ਦਿਲ ਟਰਾਂਸਪਲਾਂਟ ਨਾਲ ਨਵੀਂ ਜ਼ਿੰਦਗੀ ਮਿਲਦੀ ਹੈ। ਪ੍ਰਕਿਰਤੀ ਪ੍ਰਤੀ ਪਿਆਰ ਤੇ ਸੰਵੇਦਨਾ ਦੇ ਭਾਵ 'ਤੂੰ ਭਰੀਂ ਹੁੰਗਾਰਾ' ਵਿਚ ਪੇਸ਼ ਹੋਏ ਹਨ, ਜਿੱਥੇ ਪੰਜਾਬ ਦੀ ਧਰਤੀ ਦੇ ਬੰਜਰ ਹੋਣ ਤੇ ਕੁੜੀਆਂ ਦੀ ਭਰੂਣ ਹੱਤਿਆ ਬਾਰੇ ਚਿੰਤਾ ਦਾ ਪ੍ਰਗਟਾਵਾ ਹੋਇਆ ਹੈ। 'ਲੋਹ ਪੁਰਸ਼' ਵਿਚ ਲੇਖਿਕ ਨੇ ਰੇਖਾ ਚਿਤਰ ਰਾਹੀਂ ਆਪਣੇ ਪਿਤਾ ਜੀ ਦੀ ਸੰਘਰਸ਼ਮਈ ਸ਼ਖਸੀਅਤ ਨੂੰ ਲੋਹ ਪੁਰਸ਼ ਨਾਲ ਤੁਲਨਾਇਆ ਹੈ, ਜਿਸਨੇ ਕਾਲੇ ਦਿਨਾਂ ਦੀ ਭੇਟ ਚੜ੍ਹੇ ਨੌਜਵਾਨ ਪੁੱਤ ਦੀ ਮੌਤ ਦਾ ਦਰਦ ਹੰਢਾਇਆ ਸੀ। 'ਐਮਰਜੈਂਸੀ ਰੂਮ' ਵਾਂਗ ਹੀ ਪੁਸਤਕ ਦੀ ਆਖਰੀ ਕਹਾਣੀ 'ਡਿਸਏਬਲ' ਕੈਨੇਡਾ ਵਿਚ ਮਿਲਦੀਆਂ ਸਿਹਤ ਸਹੂਲਤਾਂ ਦੇ ਸੁਆਰਥੀ ਪ੍ਰਯੋਗ ਦੀ ਬਾਤ ਪਾਉਂਦੀ ਹੈ। ਮੀਰਾ ਤੇ ਮਾਨਵ ਦੇ ਦੰਪਤੀ ਜੀਵਨ ਦੇ ਵੇਰਵੇ ਰਾਹੀਂ ਖੁਦਗਰਜ਼ੀ, ਲਾਲਚ ਤੇ ਨਿਰੋਲ ਸੁਆਰਥ 'ਤੇ ਟਿਕੇ ਰਿਸ਼ਤਿਆਂ ਦਾ ਵੀ ਕਹਾਣੀ ਵਿਚ ਵਰਨਣ ਹੈ।

ਸਮੁੱਚੇ ਪਾਠ ਉਪਰੰਤ ਕਿਹਾ ਜਾ ਸਕਦਾ ਹੈ ਕਿ ਸੁਰਜੀਤ ਨੂੰ ਕਹਾਣੀ ਕਹਿਣ ਦੀ ਜਾਚ ਹੈ। ਸੁਰਜੀਤ ਦੀਆਂ ਕਹਾਣੀਆਂ ਪਰਵਾਸੀ ਜੀਵਨ ਦੇ ਵਿਭਿੰਨ ਪਾਸਾਰਾਂ ਬਾਰੇ ਉਸਦੇ ਨਿਵੇਕਲੇ ਅਨੁਭਵ ਦੀ ਪੇਸ਼ਕਾਰੀ ਹੋ ਨਿਬੜਦੀਆਂ ਹਨ। ਹਰ ਕਹਾਣੀ ਆਸ਼ਾਵਾਦੀ ਸੁਨੇਹਾ ਦਿੰਦੀ ਹੈ ਅਤੇ ਲੇਖਿਕਾ ਇਸ ਸੁਨੇਹੇ ਦਾ ਸੰਚਾਰ ਬਹੁਤ ਸਹਿਜਤਾ ਨਾਲ ਕਰਦੀ ਹੈ। **-ਪੁਸ਼ਵਿੰਦਰ ਕੌਰ**

## ਅੰਬਰ ਪਰੀਆਂ (ਨਾਵਲ) ਬਲਜਿੰਦਰ ਨਸਰਾਲੀ

'ਅੰਬਰ ਪਰੀਆਂ' (ਗਰੇਸ਼ੀਅਸ ਬੁਕਸ, ਅਰਬਨ ਐਸਟੇਟ-1, ਪਟਿਆਲਾ, ਪੰਨੇ 277, ਮੁੱਲ 500 ਰੁਪਏ) ਨਵੀਂ ਪੀੜ੍ਹੀ ਦੇ ਸਮਰੱਥ ਕਥਾਕਾਰ ਬਲਜਿੰਦਰ ਨਸਰਾਲੀ ਦੀ ਸੱਜਰੀ ਨਾਵਲ-ਰਚਨਾ ਹੈ। ਇਸ ਨਾਵਲ ਦੇ ਮੂਲ ਬਿਰਤਾਂਤ ਵਿਚ ਔਰਤ ਮਰਦ ਦੇ ਪਿਆਰ-ਸੰਬੰਧ ਅਤੇ ਵਿਆਹ ਸੰਸਥਾ ਦੇ ਤਣਾਉ ਦਾ ਮੁੱਦਾ ਅਵੱਸ਼ ਕੇਂਦਰ ਵਿਚ ਰਹਿੰਦਾ ਹੈ ਅਤੇ ਇੰਝ ਬਲਜਿੰਦਰ ਪੰਜਾਬੀ ਨਾਵਲ ਦੀ ਰੂੜ੍ਹੀ ਦਾ ਅਨੁਸਰਣ ਕਰਦਾ ਹੀ ਜਾਪਦਾ ਹੈ। ਪਰ ਇਸ ਨਾਵਲ ਦੇ ਕਥਾਨਕ ਵਿਚ ਸਮੇਂ ਸਥਾਨ ਦੀ ਸੀਮਾ ਤੋਂ ਪਾਰ ਯਥਾਰਥ, ਮਿਥ, ਵਿਗਿਆਨ, ਮਨੋਵਿਗਿਆਨ ਨੂੰ ਛੋਂਹਦੇ, ਸਮਾਜਕ-ਸਭਿਆਚਾਰਕ ਸਰੋਕਾਰਾਂ ਨਾਲ ਜੁੜੇ, ਅਨੇਕਾਂ ਪਾਸਾਰ ਹਨ ਜੋ ਪੰਜਾਬੀ ਨਾਵਲ ਲਈ ਨਵੇਂ ਦਿਸਹੱਦੇ ਸਿਰਜਦੇ ਹਨ। ਲਕੀਰੀ ਬਿਰਤਾਂਤ ਤੋਂ ਹਟ ਕੇ ਨਸਰਾਲੀ ਨੇ ਇਹ ਸਾਰਾ ਕੁਝ ਅਜਿਹੀ ਨਿਵੇਕਲੀ ਜੁਗਤ ਨਾਲ ਕਥਾਨਕ ਵਿਚ ਗੁੰਦਿਆ ਹੈ ਕਿ ਭੂਤ ਤੇ ਭਵਿੱਖ ਸਮਕਾਲ ਵਿਚ ਸਮਾ ਗਏ ਹਨ, ਜਿਸ ਵਿਚੋਂ ਨਵੇਂ ਚਿੰਤਨ ਤੇ ਚੇਤਨਾ ਦਾ ਆਭਾਸ ਹੋਣੋਂ ਨਹੀਂ ਰਹਿੰਦਾ। ਅਤੇ ਖੂਬਸੂਰਤੀ ਵਾਲੀ ਗੱਲ ਇਹ ਕਿ ਸੰਘਣੀ ਬੁਣਤੀ ਵਾਲੀ ਇਹ ਗਲਪੀ ਲਿਖਤ ਕਥਾ-ਰਸ ਅਤੇ ਰੌਚਿਕਤਾ ਦੇ ਪੱਖ ਤੋਂ ਵੀ ਕਿਤੇ ਝੋਲ ਨਹੀਂ ਖਾਂਦੀ।

ਨਾਵਲ ਦੇ ਕੇਂਦਰ ਵਿਚ ਸਾਧਾਰਨ ਪੇਂਡੂ ਕਿਸਾਨੀ ਪਰਿਵਾਰ ਦਾ ਜੰਮਪਲ ਅੰਬਰਦੀਪ ਨਾਂ ਦਾ ਪਾਤਰ ਹੈ ਜੋ ਇਕ ਪ੍ਰਬੁੱਧ ਤੇ ਜ਼ਿੰਮੇਵਾਰ ਯੂਨੀਵਰਸਟੀ ਅਧਿਆਪਕ ਵਜੋਂ ਸਾਹਮਣੇ ਆਉਂਦਾ ਹੈ। ਨਵੀਂ ਚੇਤਨਾ ਨਾਲ ਵਰੋਸਾਇਆ ਅੰਬਰ ਮਾਨਵੀ ਰਿਸ਼ਤਿਆਂ, ਪ੍ਰਕਿਰਤਕ ਤੇ ਸਮਾਜਕ ਵਰਤਾਰਿਆਂ ਨੂੰ ਤਾਰਕਿਕ ਤੇ ਵਿਗਿਆਨਕ ਨਜ਼ਰੀਏ ਨਾਲ ਵੇਖਣ ਦੇ ਸਮਰੱਥ ਹੈ। ਪਰ ਆਪਣੀ ਸਾਰੀ ਸਿਆਣਪ ਦੇ ਬਾਵਜੂਦ ਉਹ ਸਮੇਂ ਸਮੇਂ ਉਪਭਾਵੁਕਤਾ ਵੀ ਵਿਖਾਉਂਦਾ ਹੈ ਤੇ ਗ਼ਲਤੀਆਂ ਵੀ ਕਰਦਾ ਹੈ। ਵਿਰੋਧੀ ਲਿੰਗ ਪ੍ਰਤੀ ਸਾਧਾਰਨ ਨਾਲੋਂ ਸ਼ਾਇਦ ਕੁਝ ਵਧੇਰੇ ਖਿੱਚ ਮਹਿਸੂਸ ਕਰਨ ਕਰਕੇ ਉਹ ਛੋਟੀ ਉਮਰ ਤੋਂ ਹੀ ਪਰੀਆਂ ਦੀ ਪਰਿਕਲਪਨਾ ਕਰਦਾ ਰਿਹਾ ਹੈ। ਸੁੰਦਰ ਸ਼ਕਲ ਵਾਲੀਆਂ ਗੋਰੀਆਂ ਚਿੱਟੀਆਂ ਸਭ ਕੁੜੀਆਂ, ਮਟਿਆਰਾਂ ਜਿਵੇਂ ਉਸ ਲਈ ਪਰੀਆਂ ਹਨ ਜਿਨ੍ਹਾਂ ਦੇ ਨਾਂ ਹੋ ਸਕਦੇ ਹਨ- ਚਰਨੀ, ਨਾਦਿਰਾ ਖਾਨਮ, ਰਾਬੀਆ, ਮੈਡਮ ਅਵਨੀਤ ਜਾਂ ਜ਼ੋਇਆ। ਵੈਸੇ ਸਭ ਤੋ ਨੇੜੇ ਪਹਿਲੀ ਪਰੀ ਜੋ ਅੰਬਰ ਨੇ ਦੇਖੀ, ਉਹ ਹੈ ਗੋਰੀ ਚਿੱਟੀ ਉਸਦੀ ਆਪਣੀ ਹੀ ਮਾਂ,



ਸ਼ਿੰਦਰ ਕੌਰ, ਜਿਸਦੇ ਆਪਣੇ ਛੜੇ ਜੇਠ, ਅਰਜਣ, ਨਾਲ ਸਰੀਰਕ ਸੰਬੰਧਾਂ 'ਚੋਂ ਅੰਬਰ ਦਾ ਜਨਮ ਹੋਇਆ ਸੀ। ਅਮਰ ਸਿਹੁੰ ਤਾਂ ਅੰਬਰ ਦਾ ਨਾਂ ਦਾ ਹੀ ਬਾਪੂ ਸੀ। ਇਸ ਹਕੀਕਤ ਦੇ ਸਨਮੁਖ ਬਚਪਨ ਵਿਚ 'ਅਰਜਣ ਦਾ' ਦੇ ਚੋਭਵੇਂ ਬੋਲ ਸੁਣਨ 'ਤੇ ਲੜਾਈ ਝਗੜਾ ਕਰਦਾ, ਸਰੀਰੋਂ ਮਾੜਾ ਹੋਣ ਕਰਕੇ, ਉਹ ਹਾਣੀ ਮੁੰਡਿਆਂ ਤੋਂ ਕੁੱਟ ਵੀ ਖਾਂਦਾ ਰਿਹਾ ਹੈ।

ਸਕੂਲ 'ਚ ਪੜ੍ਹਨ ਸਮੇਂ ਚਰਨੀ ਨਾਂ ਦੀ ਸੋਹਣੀ ਕੁੜੀ ਅੰਬਰ ਨੂੰ ਪਰੀ ਪ੍ਰਤੀਤ ਹੋਈ ਸੀ, ਜਿਸ ਨਾਲ ਵਿਆਹ ਦੇ ਸਾਥ ਦੀ ਮੰਗ ਕਰਨ ਲਈ ਸਕੂਲ ਵਿਚ ਦਸਵੀਂ ਜਮਾਤ ਦੀ ਪੜ੍ਹਾਈ ਸਮੇਂ ਹੀ ਉਹ ਸਿੱਧਾ ਬਗਾਨੇ ਪਿੰਡ ਚਰਨੀ ਦੇ ਜੀਜੇ ਕੋਲ ਪਹੁੰਚ ਗਿਆ ਸੀ। ਟਰੈਕਟਰ 'ਤੇ ਬੈਠੇ ਗੁਰਤੇਗ ਸਿੰਘ ਨੇ ਭਾਵੇਂ ਸ਼ਿਸ਼ਟਤਾ ਵਿਖਾਉਂਦਿਆਂ ਕਿਹਾ ਤਾਂ ਕੁਝ ਨਹੀਂ ਸੀ, ਪਰ ਸਮਝ ਉਸਦੀ ਇਹ ਸੀ ਕਿ ਏਨੀ ਸੋਹਣੀ ਕੁੜੀ ਅੰਬਰ ਵਰਗੇ ਕਾਲ਼ੇ ਤੇ ਮਰੇ ਜਿਹੇ ਦੇ ਪੱਲੇ ਪਾ ਕੇ ਉਨ੍ਹਾਂ ਉਮਰ ਭਰ ਦੀਆਂ ਦੁਰਸੀਸਾਂ ਲੈਣੀਆਂ ਨੇ ਭਲਾ। ਇਕ ਹੋਰ ਪਰੀ ਸੀ ਸ਼ਹਿਰ ਤੋਂ ਅੰਬਰ ਦੇ ਪਿੰਡ ਦੇ ਸਕੂਲ ਵਿਚ ਪੜ੍ਹਾਉਣ ਆਉਂਦੀ ਸਮਾਜਕ ਸਿੱਖਿਆ ਦੀ ਟੀਚਰ ਨਾਦਿਰਾ ਖਾਨਮ। ਚਰਨੀ ਦੀਆਂ ਸਹੇਲੀਆਂ 'ਨਾਦਰਾ ਭੈਣ ਜੀ ਅਤੇ ਅੰਬਰ ਵਿਚ ਕੁਝ ਚਲਦਾ ਹੋਣ ਦੀ ਸ਼ੱਕ ਕਰਦੀਆਂ ਸਨ'। ਪਰ ਆਪਣੇ ਤੋਂ ਕਈ ਸਾਲ ਵੱਡੀ ਨਾਦਰਾ ਬਾਰੇ ਅੰਬਰ ਅਗਾਂਹ ਨਹੀਂ ਸੀ ਸੋਚ ਸਕਦਾ। ਬਾਰ੍ਹਵੀਂ ਵਿਚ ਪੜ੍ਹਨ ਸਮੇਂ ਜਸਵੀਰ ਵੀ ਪਰੀ ਉਸਨੂੰ ਜਾਪੀ ਸੀ ਜਿਸ ਵੱਲ ਉਹ ਪ੍ਰੇਮ ਪੱਤਰ ਲਿਖਣ ਲੱਗਾ ਸੀ ਪਰ ਵਾਈਸ ਪ੍ਰਿੰਸੀਪਲ ਦੀ ਸਿਆਣੀ ਝਿੜਕ ਨੇ ਰੋਕ ਦਿੱਤਾ ਸੀ। ਕਾਲਿਜ ਵਿਚ ਅਧਿਆਪਕ ਲੱਗਣ ਸਮੇਂ ਆਪਣੀ ਸ਼ਕਲ ਸੂਰਤ ਤੇ ਪੁਸ਼ਾਕ ਨਾਲ 'ਇਕ ਨਵੇਂ ਯੁਗ ਦਾ ਐਲਾਨ' ਕਰਦੀ ਜਾਪਦੀ ਉਸਦੀ ਵਿਦਿਆਰਥਣ ਰਾਬੀਆ ਦੇ ਪਰੀ ਹੋਣ ਬਾਰੇ ਵੀ ਉਸਨੂੰ ਕੋਈ ਸੰਦੇਹ ਨਹੀਂ ਸੀ, ਪਰ ਉਸ ਬਾਰੇ ਸੋਚਣ ਤੋਂ ਅੰਬਰ ਨੂੰ ਉਸਦੀ ਨੌਕਰੀ ਰੋਕਦੀ ਸੀ। ਇਸ ਸਾਰੇ ਪਿਛੋਕੜ ਵਿਚ ਅੰਬਰ ਦੇ ਕਾਲਿਜ ਵਿਚ ਮਿਊਜ਼ਕ ਦੀ ਪ੍ਰੋਫੈਸਰ ਬਣਕੇ ਆਈ ਆਪਣੀ ਸਹਿਕਰਮਣ ਅਵਨੀਤ ਬਾਰੇ ਸੋਚਣ ਤੋਂ ਉਹ ਆਪਣੇ ਆਪ ਨੂੰ ਰੋਕ ਨਹੀਂ ਸੀ ਸਕਿਆ। ਪਰੀ ਰੂਪ ਅਵਨੀਤ ਨਾਲ ਬੰਗਲੌਰ ਤਕ ਇਕੱਠਾ ਸਫਰ ਕਰ ਕੇ ਅਤੇ ਉੱਥੇ ਦੋ ਰਾਤਾਂ ਹੋਟਲ ਵਿਚ ਉਸ ਨਾਲ ਇਕੱਲਿਆਂ ਬਿਤਾ ਕੇ ਉਹ ਖੁਦ ਹੈਰਾਨ ਸੀ ਕਿ ਕਿਵੇਂ ਸਰੀਰਕ ਮਿਲਣ ਦੇ ਰੂਪ ਵਿਚ ਕੁਝ ਵੀ ਹੋਇਆ ਕਰਿਆ ਨਹੀਂ ਸੀ। ਸ਼ਾਇਦ ਇਸ ਲਈ ਕਿ ਛੇਵੇਂ ਆਸਮਾਨ ਦੀਆਂ ਪਰੀਆਂ ਨੂੰ ਛੂਹ ਲੈਣ ਤੋਂ ਪਿੱਛੋਂ ਵਾਪਸ ਨਹੀਂ ਆਇਆ ਜਾ ਸਕਦਾ। ਜੇ ਕੋਈ ਔਰਤ ਉਸਨੂੰ ਪਰੀ ਨਹੀਂ ਜਾਪਦੀ ਤਾਂ ਉਹ ਹੈ ਸਾਧਾਰਨ ਜਿਹੀ ਦਿੱਖ ਵਾਲੀ ਉਸਦੀ ਪਤਨੀ ਕਿਰਨਜੀਤ, ਜੋ ਉਸਦੇ ਦੋ ਬੱਚਿਆਂ ਦੀ ਮਾਂ ਹੁੰਦੀ ਹੋਈ ਕੁਝ ਪੜ੍ਹੀ-ਲਿਖੀ ਹੋਣ ਦੇ ਬਾਵਜੂਦ ਸਿਰਫ ਘਰ ਸੁਆਣੀ ਵਜੋਂ ਹੀ ਵਿਚਰਦੀ ਨਜ਼ਰ ਆਉਂਦੀ ਹੈ।

ਅਖੀਰ 'ਤੇ ਪ੍ਰਗਟ ਹੋਣ ਵਾਲੀ ਪਰੀਆਂ ਦੀ ਪਰੀ ਹੈ ਕਸ਼ਮੀਰਨ ਸੁੰਦਰੀ ਜ਼ੋਇਆ, ਜਿਸ ਨਾਲ ਅੰਬਰ ਦਾ ਮੇਲ ਉਸਨੂੰ ਸੱਤਵੇਂ ਆਸਮਾਨ ਤਕ ਲੈ ਜਾਂਦਾ ਹੈ। ਅੰਬਰ ਵਾਂਗ ਹੀ ਜ਼ਹੀਨ,ਪੜ੍ਹੀ-ਲਿਖੀ, ਹੱਸਾਸ ਜ਼ੋਇਆ ਉਸਨੂੰ ਜੰਮੂ ਯੂਨੀਵਰਸਿਟੀ ਵਿਚ ਮਿਲੀ ਸੀ। ਮੁਖ ਤੌਰ 'ਤੇ ਅੰਬਰ ਦੀ ਪੜ੍ਹਾਕੂ ਤੇ ਬੌਧਿਕ ਭਾਂਤ ਦੀ ਸ਼ਖਸੀਅਤ ਤੋਂ ਪ੍ਰਭਾਵਤ ਪਰੀਆਂ ਵਰਗੀ ਇਸ ਕਸ਼ਮੀਰਨ ਗੋਰੀ ਦਾ ਵਿਆਹੇ-ਵਰੇ ਅਤੇ ਦੋ ਬੱਚਿਆਂ ਦੇ ਬਾਪ ਅੰਬਰ ਨਾਲ ਪਿਆਰ-ਸੰਬੰਧ ਇਕ ਤਿਕੋਣ ਨੂੰ ਜਨਮ ਦਿੰਦਾ ਹੈ, ਜੋ ਤਿਕੋਣ ਏਨੀ ਰਵਾਇਤੀ ਨਹੀਂ। ਜ਼ੋਇਆ ਹਰ ਤਰ੍ਹਾਂ ਨਾਲ ਨਵੇਂ ਜ਼ਮਾਨੇ ਦੀ ਪ੍ਰਤੀਕ ਕੁੜੀ ਤਾਂ ਹੈ ਪਰ ਉਹ ਪਿਆਰ ਤੋਂ ਬਿਨਾਂ ਕਿਸੇ ਨਾਲ ਸਰੀਰਕ ਸੰਬੰਧਾਂ ਦੀ ਕਲਪਨਾ ਵੀ ਨਹੀਂ ਕਰ ਸਕਦੀ। ਉਹ ਦ੍ਰਿੜ ਹੈ ਕਿ ਜਿਸ ਆਦਮੀ ਨੂੰ ਉਹ ਪਿਆਰ ਕਰੇਗੀ, ਉਸ ਨਾਲ ਹੀ ਵਿਆਹ ਦਾ ਰਿਸ਼ਤਾ ਜੋੜੇਗੀ। ਅੰਬਰ ਆਪਣੇ ਪਰਿਵਾਰ ਨੂੰ ਵੀ ਨਹੀਂ ਛੱਡ ਸਕਦਾ ਅਤੇ ਜ਼ੋਇਆ ਦੇ ਪਿਆਰ ਵਿਚ ਵੀ ਏਨਾ ਗ੍ਰੱਸਿਆ ਗਿਆ ਹੈ ਕਿ ਉਸ ਤੋਂ ਬਿਨਾਂ ਰਹਿ ਸਕਣਾ ਵੀ ਮੁਮਕਿਨ ਨਹੀਂ। ਆਪਣੀ ਪਤਨੀ ਦੀ ਉਚੇਰੀ ਪੜ੍ਹਾਈ

ਪਰੀਆਂ ਨਾਲ ਵਾਸਤਵ ਵਿਚ ਬਣੇ ਜਾਂ ਬਣਨ ਤੋਂ ਰਹਿ ਗਏ ਰਿਸ਼ਤਿਆਂ ਦੀ ਬਾਤ ਦੇ ਅੰਤਰਗਤ ਅੰਬਰ ਦੇ ਬਹੁ-ਪਾਸਾਰੀ ਜੀਵਨ-ਯਥਾਰਥ ਵਿਚੋਂ ਉਭਰਦਾ ਵਡੇਰੇ ਸਮਾਜਕ-ਸਭਿਆਚਾਰਕ ਅਰਥਾਂ ਵਾਲਾ ਬਹੁਤ ਕੁਝ ਨਾਵਲ ਦੇ ਬਿਰਤਾਂਤ ਵਿਚ ਗੁੰਦਿਆ ਮਿਲਦਾ ਹੈ। ਕਿਸਾਨੀ ਪਰਿਵਾਰਾਂ ਦੀ ਆਰਥਿਕਤਾ ਨਾਲ ਜੁੜੇ ਰਿਸ਼ਤਿਆਂ ਦੇ ਸੱਚ ਦਾ ਹੀ ਇਕ ਪਾਸਾਰ ਹੈ ਬੀਬੀ ਸ਼ਿੰਦਰ ਕੌਰ ਤੇ ਤਾਏ ਅਰਜਨ ਦਾ ਰਿਸ਼ਤਾ ਜਿਸ ਬਾਰੇ ਅਮਰ ਸਿਹੁੰ ਸਭ ਕੁਝ ਜਾਣਦਾ ਹੋਇਆ ਵੀ ਘੋਕਲ਼ਕੰਨਾ ਬਣਿਆ ਰਹਿੰਦਾ ਹੈ। ਸ਼ਹਿਰ ਵਿਚ ਰਹਿ ਰਹੇ ਅੰਬਰ ਤੇ ਪਿੰਡ ਵਿਚਲੇ ਵੱਡੇ ਭਰਾ ਮਨਜੀਤ ਵਿਚਲੇ ਤਣਾਉ ਦੇ ਪਿੱਛੇ ਪਰਿਵਾਰਕ ਜ਼ਮੀਨ ਦੀ ਮਾਲਕੀ ਦਾ ਸਵਾਲ ਹੈ। ਅੰਬਰ ਨੂੰ ਹਿਰਖ ਹੈ ਕਿ ਵੱਡੇ ਭਰਾ ਨੇ ਉਸਨੂੰ ਪੁੱਛੇ ਬਿਨਾਂ ਹੀ ਜੱਦੀ ਜ਼ਮੀਨ ਦਾ ਕੁਝ ਹਿੱਸਾ ਵੇਚ ਦਿੱਤਾ। ਸਿੱਖਿਆ ਦੇ ਖੇਤਰ ਵਿਚ 'ਸਭ ਅੱਛਾ' ਵਾਲੀ ਕੋਈ ਗੱਲ ਨਹੀਂ। ਸਕੂਲਾਂ ਕਾਲਿਜਾਂ ਅਤੇ ਯੂਨੀਵਰਸਿਟੀਆਂ ਵਿਚ ਹਰ ਤਰ੍ਹਾਂ ਦੇ ਵਿਅਕਤੀ ਮੌਜੂਦ ਹਨ, ਇਮਾਨਦਾਰੀ ਨਾਲ ਕੰਮ ਕਰਨ ਵਾਲੇ ਵੀ ਤੇ ਵੇਲ਼ਾ ਟਪਾਉਣ ਵਾਲੇ ਵੀ। ਅਧਿਆਪਨ ਦੇ ਕਿੱਤੇ ਨਾਲ ਜੁੜੇ ਲੋਕ ਵੀ, ਚੰਗੇ ਮਾੜੇ ਮਾਨਵੀ ਲੱਛਣਾਂ ਸਹਿਤ, ਆਮ ਲੋਕਾਂ ਵਰਗੇ ਹੀ ਹਨ। ਇਹੀ ਗੱਲ਼ ਸਿੱਖਿਆ ਸੰਸਥਾਵਾਂ ਦੇ ਪ੍ਰਬੰਧਕਾਂ ਉੱਤੇ ਲਾਗੂ ਹੋ ਸਕਦੀ ਹੈ। ਦੇਸ਼ ਦੇ ਲੋਕਾਂ ਵਿਚ ਇਲਾਕਾਈ ਤੇ ਨਸਲੀ ਵਖੇਵੇਂ ਦਾ ਭੇਦ-ਭਾਵ ਘੱਟ ਜਾਂ ਵੱਧ ਗੂੜ੍ਹੇ ਰੰਗ ਵਿਚ ਹਰ ਥਾਂ ਮੌਜੂਦ ਹੈ। ਜ਼ੋਇਆ ਨੇ ਕਲਕੱਤੇ ਵਿਚ ਉਚੇਰੀ ਪੜ੍ਹਾਈ ਕਰਨ ਸਮੇਂ ਬੰਗਾਲੀਆਂ ਦੇ ਆਪਣੀ ਸਾਂਸਕ੍ਰਿਤਕ ਉੱਤਮਤਾ ਦੇ ਗੁਮਾਨ ਦਾ ਅਨੁਭਵ ਕੀਤਾ ਸੀ। ਜੰਮੂ ਦੇ ਸਿੱਖ ਪਰਿਵਾਰ ਵਿਚੋਂ ਹੁੰਦੀ ਹੋਈ ਜ਼ੋਇਆ ਨੇ ਸੁਣਿਆ ਹੋਇਆ ਹੈ ਕਿ ਪੱਛਮੀ ਪੰਜਾਬ ਜਾਂ ਜੰਮੂ ਦੇ 'ਭਾਪਿਆਂ' ਨੂੰ ਆਮ ਪੰਜਾਬੀ ਪਸੰਦ ਨਹੀਂ ਕਰਦੇ। ਅਤੇ ਜੰਮੂ ਦੇ ਆਮ ਵਸਨੀਕਾਂ ਦੀ ਸਮਝ ਅਨੁਸਾਰ ਪੰਜਾਬ ਦੇ ਉਹ ਲੋਕ 'ਸਿੱਖ' ਨਹੀਂ 'ਜੱਟ'ਹੁੰਦੇ ਹਨ। ਜੰਮੂ ਵਿਚ ਅਗਾਂਹ ਪੁਣਛੀ, ਮੁਜ਼ੱਫਰਾਵਾਦੀ ਤੇ ਕਸ਼ਮੀਰੀ ਦਾ ਵਖਰੇਵਾਂ ਬਣਿਆ ਹੋਇਆ ਹੈ ਅਤੇ ਉਹ ਖ਼ੁਦ ਰਿਆਸਤ ਤੋਂ ਬਾਹਰਲਿਆਂ ਨਾਲ ਵਿਤਕਰਾ ਕਰਦੇ ਹਨ। ਜੰਮੂ ਯੂਨੀਵਰਸਿਟੀ ਵਿਚ ਅੰਬਰ ਨੂੰ ਵੀ ਅਜਿਹੇ ਵਿਤਕਰੇ ਦਾ ਸਾਹਮਣਾ ਕਰਨਾ ਪਿਆ ਹੈ। ਕਸ਼ਮੀਰੀ ਮੁਸਲਮਾਨਾਂ ਵਿਚ ਹਿੰਦੁਸਤਾਨ ਨਾਲੋਂ ਅਲਹਿਦਗੀ ਦਾ ਭਾਵ ਮੌਜੂਦ ਹੈ। ਕਸ਼ਮੀਰੀ ਅਤਿਵਾਦੀ ਆਮ ਲੋਕਾਂ ਨੂੰ ਨਿਸ਼ਾਨਾ ਘੱਟ ਹੀ ਬਣਾਉਂਦੇ ਹਨ ਜਦਕਿ ਭਾਰਤੀ ਫੌਜ ਦੇ ਜਵਾਨਾਂ ਵੱਲੋਂ ਕਸ਼ਮੀਰੀ ਔਰਤਾਂ ਦੇ ਬਲਾਤਕਾਰ ਵੀ ਹੁੰਦੇ ਹਨ। ਪੁਲਸ ਦੇ ਡੀ.ਐੱਸ.ਪੀ. ਵਜੋਂ ਜ਼ੋਇਆ ਦੇ ਪਾਪਾ ਨੇ ਝੂਠੇ ਮੁਕਾਬਲਿਆਂ ਵਿਚ ਕਈਆਂ ਦਾ ਕਤਲ ਕੀਤਾ ਹੈ।

ਨਾਵਲ ਦੇ ਕਥਾਨਕ ਵਿਚ ਕਲਾਤਮਕਤਾ ਨਾਲ ਗੁੰਦੇ ਗਏ ਇਸ ਤਰ੍ਹਾਂ ਦੇ ਵੇਰਵਿਆਂ ਦੇ ਨਾਲ ਬਿਰਤਾਂਤਕ ਜੁਗਤ ਵਜੋਂ ਯਥਾਰਥ ਵਿਚ ਫੈਂਟਸੀ ਦਾ ਰੰਗ ਭਰਨ ਰਾਹੀਂ ਬਲਜਿੰਦਰ ਨਸਰਾਲੀ ਨੇ ਆਪਣੇ ਇਸ ਨਾਵਲ ਨੂੰ ਸੱਚਮੁੱਚ ਵਿਲੱਖਣ ਰਚਨਾ ਬਣਾ ਦਿੱਤਾ ਹੈ। **–ਰਘਬੀਰ ਸਿੰਘ**

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ: **ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ: 1 ਜਨਵਰੀ, 2020



**ਗਲਪਕਾਰ ਬਲਜਿੰਦਰ ਨਸਰਾਲੀ ਦਾ ਨਵਾਂ ਨਾਵਲ 'ਅੰਬਰ ਪਰੀਆਂ'**




**'ਅੰਬਰ ਪਰੀਆਂ'** ਲਕੀਰੀ ਬਿਰਤਾਂਤ ਤੋਂ ਹਟ ਕੇ ਲਿਖਿਆ ਨਾਵਲ ਹੈ। ਬਲਜਿੰਦਰ ਨਸਰਾਲੀ ਨੇ ਇਹ ਬਿਰਤਾਂਤ ਕੁਝ ਅਜਿਹੀ ਨਿਵੇਕਲੀ ਜੁਗਤ ਨਾਲ ਕਥਾਨਕ ਵਿਚ ਗੁੰਦਿਆ ਹੈ ਕਿ ਭੂਤ ਅਤੇ ਭਵਿੱਖ ਸਮਕਾਲ ਵਿਚ ਸਮਾ ਗਏ ਹਨ ਜਿਸ ਵਿਚੋਂ ਨਵੇਂ ਚਿੰਤਨ ਤੇ ਚੇਤਨਾ ਦਾ ਆਭਾਸ ਹੋਣੋਂ ਨਹੀਂ ਰਹਿੰਦਾ।

**ਪੰਨੇ 277** **ਸੁੰਦਰ ਦਿੱਖ** **ਮੁੱਲ 500 ਰੁਪਏ**

**ਗਰੇਸ਼ੀਅਸ ਬੁਕਸ**, ਅਰਬਨ ਐਸਟੇਟ-1, ਪਟਿਆਲਾ

**SIRJANA** Literary Punjabi Quarterly Chandigarh
No. 195 ISSN 2455-1058 January-March 2020
Registered with the Registrar of Newspapers for India vide R.N. 10215/65

ਪਰਵਾਸ ਅਤੇ ਵਸੇਬੇ ਦੀ ਬਾਤ ਪਾਉਂਦਾ
ਅਵਤਾਰ ਸਿੰਘ ਬਿਲਿੰਗ ਦਾ ਨਾਵਲ 'ਰਿਜ਼ਕ'




ਅਵਤਾਰ ਸਿੰਘ ਬਿਲਿੰਗ ਦੇ ਨਵੇਂ ਨਾਵਲ 'ਰਿਜ਼ਕ' ਵਿਚ ਬੰਦੇ ਦੀ ਤਲਾਸ਼ ਬਹੁਪਰਤੀ ਹੈ। ਇਸ ਅੰਦਰ ਪਰਵਾਸ ਉਡਾਰੀ ਅਤੇ ਵਸੇਬੇ ਨਾਲ ਜੁੜੇ ਬਿਰਤਾਂਤ ਭਰਪੂਰ ਰੂਪ ਵਿਚ ਪੇਸ਼ ਹੋਏ ਹਨ। ਇਹ ਅਸਲ ਵਿਚ ਬਿਖੜੇ ਪੈਂਡਿਆਂ ਦੀ ਬਾਤ ਹੈ ਜਿਸ ਨੂੰ ਲੇਖਕ ਨੇ ਵਿਰਾਟ ਪ੍ਰਸੰਗ ਵਿਚ ਪਾਠਕਾਂ ਦੇ ਸਨਮੁਖ ਕੀਤਾ ਹੈ।

ਪੰਨੇ 445 ਸੁੰਦਰ ਦਿੱਖ ਮੁੱਲ 595 ਰੁਪਏ

**ਐਵਿਸ ਪਬਲੀਕੇਸ਼ਨਜ਼,** ਚਾਂਦਨੀ ਚੌਕ, ਦਿੱਲੀ-110006
ਫੋਨ 98732-37223, 86998-44844